ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 165
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ ***

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Tuesday, 16 June, 2026) ਮੰਗਲਵਾਰ, 16 ਜੂਨ, 2026, 2 ਹਾੜ , ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ

## ਪਾਕਿ ਨੇ ਮੁੜ ਤੋੜੀ ਜੰਗਬੰਦੀ, ਭਾਰਤੀ ਫ਼ੌਜ ਨੇ ਦਿੱਤਾ ਮੂੰਹ-ਤੋੜ ਜਵਾਬ

ਨਵੀਂ ਦਿੱਲੀ, 15 ਜੂਨ (ਚ.ਨ.ਸ.):ਰਾਜੌਰੀ-ਪੁੰਛ ਦੇ ਡੋਰੀਮਲ-ਗੰਭੀਰ ਮੁਗਲਾ ਸਥਿਤ ਕੰਟਰੋਲ ਰੇਖਾ (ਐਲ.ਓ.ਸੀ.) 'ਤੇ ਐਤਵਾਰ ਸ਼ਾਮ ਨੂੰ ਪਾਕਿਸਤਾਨੀ ਫੌਜ ਵੱਲੋਂ ਜੰਗਬੰਦੀ ਦੀ ਉਲੰਘਣਾ ਕਰਦੇ ਹੋਏ ਇਕ ਹੀ ਦਿਨ 'ਚ 3 ਵਾਰ ਬਿਨਾਂ ਵਜ੍ਹਾ ਗੋਲੀਬਾਰੀ ਕੀਤੇ ਜਾਣ ਦੀ ਸੂਚਨਾ ਹੈ। ਇਹ ਘਟਨਾ ਡੋਰੀਮਲ-ਗੰਭੀਰ ਮੁਗਲਾ 'ਚ ਭਾਰਤੀ ਫੌਜ ਅਤੇ ਬੀ.ਐੱਸ.ਐੱਫ. ਦੀ ਜ਼ਿੰਮੇਵਾਰੀ ਵਾਲੇ ਖੇਤਰ 'ਚ ਸਾਹਮਣੇ ਆਈ।

ਜਾਣਕਾਰੀ ਮੁਤਾਬਕ, ਗੋਲੀਬਾਰੀ ਸੀਮਤ ਖੇਤਰ ਤੱਕ ਰਹੀ ਅਤੇ ਭਾਰਤੀ ਫੌਜ ਨੇ ਸਥਿਤੀ 'ਤੇ ਪੂਰੀ ਤਰ੍ਹਾਂ ਕਾਬੂ ਬਣਾਈ ਰੱਖਿਆ। (ਬਾਕੀ ਸਫ਼ਾ 2 'ਤੇ)

ਵਿਸ਼ੇਸ਼ ਮਹਿਮਾਨ ਸੰਪਾਦਕੀ

### ਸ੍ਰੀ ਅਕਾਲ ਤਖ਼ਤ ਸਾਹਿਬ ਦਾ ਫ਼ੈਸਲਾ

# ਪੰਜਾਬ ਲਈ ਇੱਕ ਨਵੀਂ ਆਸ ਤੇ ਇਤਿਹਾਸ ਦਾ ਨਵਾਂ ਮੋੜ ?

## ਧਰਮ, ਸਿਆਸਤ ਤੇ ਪੰਜਾਬ ਅਤੇ ਨਵੇਂ ਨੈਰੇਟਿਵ ਦੀ ਤਲਾਸ਼

ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਗੁਰੂਆਂ, ਪੀਰਾਂ, ਫ਼ਕੀਰਾਂ ਤੇ ਪੰਜ ਪਾਣੀਆਂ ਦੀ ਇਸ ਖ਼ੂਬਸੂਰਤ ਧਰਤੀ, ਪੰਜਾਬ ਦਾ ਇਤਿਹਾਸ ਕੇਵਲ ਜੰਗਾਂ, ਸ਼ਹਾਦਤਾਂ ਅਤੇ ਸੰਘਰਸ਼ਾਂ ਦਾ ਇਤਿਹਾਸ ਨਹੀਂ, ਸਗੋਂ ਆਤਮ-ਚਿੰਤਨ, ਸਮਾਜਿਕ ਨਿਆਂ ਅਤੇ ਰੂਹਾਨੀ ਮਾਰਗਦਰਸ਼ਨ ਦਾ ਵੀ ਇਤਿਹਾਸ ਹੈ। ਜਦੋਂ-ਜਦੋਂ ਪੰਜਾਬ ਕਿਸੇ ਵੱਡੇ ਸੰਕਟ, ਦੁਵਿਧਾ ਜਾਂ ਵੰਡ ਦੇ ਦੌਰ ਵਿੱਚੋਂ ਲੰਘਿਆ ਹੈ, ਉਦੋਂ-ਉਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਇੱਕ ਨੈਤਿਕ ਅਤੇ ਆਤਮਿਕ ਕੇਂਦਰ ਵਜੋਂ ਸੰਗਤ ਨੂੰ ਦਿਸ਼ਾ ਦਿੱਤੀ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਏ ਫ਼ੈਸਲੇ ਨੇ ਨਾ ਸਿਰਫ਼ ਸਿੱਖ ਪੰਥ ਵਿੱਚ, ਸਗੋਂ ਸਮੁੱਚੇ ਪੰਜਾਬੀ ਸਮਾਜ ਵਿੱਚ ਇੱਕ ਨਵੀਂ ਉਮੀਦ ਜਗਾਈ ਹੈ। ਇਹ ਉਮੀਦ ਇਸ ਗੱਲ ਦੀ ਹੈ ਕਿ ਪੰਥਕ ਮਰਯਾਦਾ, ਸਾਂਝੀ ਜ਼ਿੰਮੇਵਾਰੀ ਅਤੇ ਸਮੂਹਕ ਅਨੁਸ਼ਾਸਨ ਅਜੇ ਵੀ ਪੰਜਾਬ ਦੀ ਚੇਤਨਾ ਵਿੱਚ ਜੀਵੰਤ ਹਨ। ਇਸ ਫ਼ੈਸਲੇ ਨੇ ਇਹ ਸੰਦੇਸ਼ ਵੀ ਦਿੱਤਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਕੇਵਲ ਇੱਕ ਧਾਰਮਿਕ ਧਾਰਨਾ ਨਹੀਂ, ਸਗੋਂ ਸਿੱਖ ਇਤਿਹਾਸ ਅਤੇ ਸਾਂਝੀ ਯਾਦ ਦਾ ਅਹਿਮ ਅਧਾਰ ਹੈ।

ਅੱਜ ਇਸ ਘਟਨਾ ਦਾ ਇੱਕ ਹੋਰ ਪੱਖ ਵੀ ਹੈ। ਇਹ ਸਾਨੂੰ ਧਰਮ ਅਤੇ ਰਾਜਨੀਤੀ ਦੇ ਉਸ ਜਟਿਲ ਰਿਸ਼ਤੇ ਵੱਲ ਮੁੜ ਦੇਖਣ ਲਈ ਮਜਬੂਰ ਕਰਦਾ ਹੈ, ਜਿਸ ਨੇ ਪਿਛਲੇ ਇੱਕ ਸਦੀ ਤੋਂ ਪੰਜਾਬ ਦੀ ਕਿਸਮਤ ਨੂੰ ਪ੍ਰਭਾਵਿਤ ਕੀਤਾ ਹੈ। ਜਦੋਂ ਧਰਮ ਸਮਾਜ ਨੂੰ ਨੈਤਿਕਤਾ ਅਤੇ ਸੇਵਾ ਦੀ ਦਿਸ਼ਾ ਦਿੰਦਾ ਹੈ ਤਾਂ ਉਹ ਲੋਕ-ਭਲਾਈ ਦਾ ਸਾਧਨ ਬਣਦਾ ਹੈ ਪਰ ਜਦੋਂ ਧਰਮ ਨੂੰ ਰਾਜਨੀਤਿਕ ਲਾਭ ਲਈ ਵਰਤਿਆ ਜਾਂਦਾ ਹੈ ਤਾਂ ਵੰਡ, ਟਕਰਾਅ ਅਤੇ ਅਵਿਸ਼ਵਾਸ਼ ਪੈਦਾ ਹੁੰਦਾ ਹੈ।

ਵੀਹਵੀਂ ਸਦੀ ਦੇ ਸ਼ੁਰੂ ਤੋਂ ਲੈ ਕੇ ਅੱਜ ਤੱਕ ਪੰਜਾਬ ਨੇ ਧਰਮ ਅਤੇ ਰਾਜਨੀਤੀ ਦੇ ਇਸ ਸੰਘਰਸ਼ ਨੂੰ ਵਾਰ-ਵਾਰ ਮਹਿਸੂਸ ਕੀਤਾ ਹੈ। ਗੁਰਦੁਆਰਾ ਸੁਧਾਰ ਲਹਿਰ ਤੋਂ ਲੈ ਕੇ ਵੰਡ ਦੇ ਦੁਖਾਂਤ, ਪੰਜਾਬੀ ਸੂਬਾ ਅੰਦੋਲਨ, ਅੱਸੀ ਦੇ ਦਹਾਕੇ ਦੀ ਹਿੰਸਾ ਅਤੇ ਮੌਜੂਦਾ ਰਾਜਨੀਤਿਕ ਧਰੁਵੀਕਰਨ ਤੱਕ, ਅਸੀਂ ਵੇਖਿਆ ਹੈ ਕਿ ਜਦੋਂ ਧਾਰਮਿਕ ਸੰਸਥਾਵਾਂ ਅਤੇ ਰਾਜਨੀਤਿਕ ਸ਼ਕਤੀਆਂ ਦੇ ਵਿਚਕਾਰ ਸੰਤੁਲਨ ਟੁੱਟਦਾ ਹੈ ਤਾਂ ਸਭ ਤੋਂ ਵੱਡੀ ਕੀਮਤ ਆਮ ਲੋਕਾਂ ਨੂੰ ਚੁਕਾਉਣੀ ਪੈਂਦੀ ਹੈ।ਅੱਜ ਵੀ ਪੰਜਾਬ ਇੱਕ ਨਾਜ਼ੁਕ ਦੌਰ ਵਿੱਚੋਂ ਲੰਘ ਰਿਹਾ ਹੈ। ਨੌਜਵਾਨਾਂ ਦਾ ਪਰਵਾਸ, ਨਸ਼ਿਆਂ ਦੀ ਸਮੱਸਿਆ, ਕਿਸਾਨੀ ਸੰਕਟ, ਬੇਰੁਜ਼ਗਾਰੀ ਅਤੇ ਸਮਾਜਿਕ ਧਰੁਵੀਕਰਨ ਵਰਗੇ ਮੁੱਦੇ ਸਾਡੇ ਸਾਹਮਣੇ ਖੜ੍ਹੇ ਹਨ।ਗੁਰਬਾਣੀ ਸਾਨੂੰ ਸਪੱਸ਼ਟ ਤੌਰ 'ਤੇ ਸਾਂਝ, ਨਿਮਰਤਾ ਅਤੇ ਮਨੁੱਖੀ ਏਕਤਾ ਦਾ ਸੰਦੇਸ਼ ਦਿੰਦੀ ਹੈ:

**'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।'**
**ਅਤੇ 'ਨ ਕੋ ਬੈਰੀ ਨਹੀ ਬਿਗਾਨਾ, ਸਗਲ ਸੰਗ ਹਮ ਕਉ ਬਨਿ ਆਈ।'**

ਇਹ ਸਾਨੂੰ ਯਾਦ ਦਿਵਾਉਂਦੀਆਂ ਹਨ ਕਿ ਕਿਸੇ ਵੀ ਫ਼ੈਸਲੇ ਦੀ ਅਸਲ ਕਸੌਟੀ ਇਹ ਹੈ ਕਿ ਉਹ ਮਨੁੱਖਾਂ ਵਿਚਕਾਰ ਦੂਰੀਆਂ ਘਟਾਉਂਦਾ ਹੈ ਜਾਂ ਵਧਾਉਂਦਾ ਹੈ। ਅੱਜ ਸਮਾਜ ਦੀ ਤਾਕਤ ਡਰ ਵਿੱਚ ਨਹੀਂ, ਸਗੋਂ ਸੰਵਾਦ ਅਤੇ ਸਨਮਾਨ ਵਿੱਚ ਹੁੰਦੀ ਹੈ।

ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਤਾਜ਼ਾ ਫ਼ੈਸਲੇ ਨੂੰ ਵੀ ਇਸੇ ਵਿਆਪਕ ਸੰਦਰਭ ਵਿੱਚ ਦੇਖਣ ਦੀ ਲੋੜ ਹੈ। ਇਹ ਕੇਵਲ ਕਿਸੇ ਵਿਅਕਤੀ, ਧੜੇ ਜਾਂ ਸੰਸਥਾ ਬਾਰੇ ਫ਼ੈਸਲਾ ਨਹੀਂ, ਸਗੋਂ ਇੱਕ ਸੰਦੇਸ਼ ਹੈ ਕਿ ਸੰਸਥਾਵਾਂ ਦੀ ਮਰਯਾਦਾ ਅਤੇ ਸਾਂਝੀ ਜ਼ਿੰਮੇਵਾਰੀ ਨੂੰ ਕਾਇਮ ਰੱਖਣਾ ਲਾਜ਼ਮੀ ਹੈ ਪਰ ਨਾਲ ਹੀ ਇਹ ਵੀ ਯਾਦ ਰੱਖਣਾ ਹੋਵੇਗਾ ਕਿ ਮਰਿਯਾਦਾ ਦਾ ਅਰਥ ਸੰਵਾਦ ਦੇ ਦਰਵਾਜ਼ੇ ਬੰਦ ਕਰਨਾ ਨਹੀਂ ਹੁੰਦਾ। ਗੁਰੂ ਸਾਹਿਬਾਨ ਦੀ ਪਰੰਪਰਾ ਵਿਚਾਰ-ਵਟਾਂਦਰੇ, ਸੇਵਾ ਅਤੇ ਸਹਿਣਸ਼ੀਲਤਾ ਦੀ ਰਵਾਇਤ ਰਹੀ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਤਾਜ਼ਾ ਫ਼ੈਸਲੇ ਉਸ ਵੱਡੇ ਪ੍ਰਸ਼ਨ ਦੀ ਗੱਲ ਹੈ ਜੋ ਸਦੀਆਂ ਤੋਂ ਮਨੁੱਖੀ ਸਮਾਜ ਦੇ ਸਾਹਮਣੇ ਖੜ੍ਹਾ ਹੈ—ਧਰਮ ਅਤੇ ਰਾਜਨੀਤੀ ਦਾ ਆਪਸੀ ਰਿਸ਼ਤਾ ਕੀ ਹੋਵੇ ਅਤੇ ਇਸ ਦਾ ਮਕਸਦ ਕੀ ਹੋਵੇ?

ਪੰਜਾਬ ਦੀ ਧਰਤੀ ਲਈ ਇਹ ਪ੍ਰਸ਼ਨ ਨਵਾਂ ਨਹੀਂ ਹੈ। ਇੱਥੇ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਦੀ ਪਰੰਪਰਾ ਨੇ ਧਰਮ ਨੂੰ ਸੱਤਾ ਪ੍ਰਾਪਤੀ ਦਾ ਨਹੀਂ, ਸਗੋਂ ਮਨੁੱਖੀ ਮੁਕਤੀ ਅਤੇ ਸਮਾਜਿਕ ਨਿਆਂ ਦਾ ਸਾਧਨ ਬਣਾਇਆ। ਸਿੱਖ ਇਤਿਹਾਸ ਵਿੱਚ 'ਮੀਰੀ-ਪੀਰੀ' ਦਾ ਸਿਧਾਂਤ ਇਸ ਗੱਲ ਦਾ ਪ੍ਰਤੀਕ ਹੈ ਕਿ ਆਤਮਿਕਤਾ ਅਤੇ ਲੋਕ-ਭਲਾਈ ਇੱਕ ਦੂਜੇ ਤੋਂ ਵੱਖ ਨਹੀਂ ਹੋ ਸਕਦੇ। ਅਤੇ ਇਤਿਹਾਸ ਇਹ ਵੀ ਦੱਸਦਾ ਹੈ ਕਿ ਜਦੋਂ ਧਰਮ ਸੱਤਾ ਦਾ ਸਾਧਨ ਬਣ ਜਾਂਦਾ ਹੈ ਤਾਂ ਉਹ ਆਪਣੀ ਰੂਹ ਗੁਆ ਬੈਠਦਾ ਹੈ ਅਤੇ ਜਦੋਂ ਰਾਜਨੀਤੀ ਨੈਤਿਕਤਾ ਤੋਂ ਖਾਲੀ ਹੋ ਜਾਂਦੀ ਹੈ ਤਾਂ ਉਹ ਲੋਕਾਂ ਦਾ ਭਰੋਸਾ ਗੁਆ ਬੈਠਦੀ ਹੈ। ਇਸ ਲਈ ਧਰਮ ਅਤੇ ਰਾਜਨੀਤੀ ਦਾ ਸੰਬੰਧ ਹਮੇਸ਼ਾ ਲੋਕ-ਭਲਾਈ ਦੀ ਕਸੌਟੀ 'ਤੇ ਪਰਖਿਆ ਜਾਣਾ ਚਾਹੀਦਾ ਹੈ।

ਇਸ ਸੰਦਰਭ ਵਿਚ ਜਰਮਨ ਦਾਰਸ਼ਨਿਕ Immanuel Kant ਦਾ ਮੰਨਣਾ ਹੈ ਕਿ ਮਨੁੱਖ ਨੂੰ ਕਦੇ ਵੀ ਸਿਰਫ਼ ਸਾਧਨ ਵਜੋਂ ਨਹੀਂ, ਸਗੋਂ ਮਕਸਦ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਜੇਕਰ ਧਰਮ ਅਤੇ ਰਾਜਨੀਤੀ ਦੋਵੇਂ ਮਨੁੱਖ ਦੀ ਇੱਜ਼ਤ ਅਤੇ ਉਸ ਦੀ ਭਲਾਈ ਨੂੰ ਕੇਂਦਰ ਵਿੱਚ ਰੱਖਣ ਤਾਂ ਸਮਾਜ ਵਿੱਚ ਸੰਤੁਲਨ ਪੈਦਾ ਹੁੰਦਾ ਹੈ।ਅੱਜ ਸਿੱਖ ਦਰਸ਼ਨ ਇਸ ਤੋਂ ਵੀ ਅੱਗੇ ਜਾਂਦਾ ਹੈ। ਗੁਰਬਾਣੀ ਦਾ ਸੰਦੇਸ਼ ਹੈ - 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।'

ਇੱਥੇ ਸਿਰਫ਼ ਮਨੁੱਖ ਨਹੀਂ, ਸਗੋਂ ਕੁਦਰਤ ਅਤੇ ਸਮੁੱਚੀ ਸ੍ਰਿਸ਼ਟੀ ਦੀ ਭਲਾਈ ਦਾ ਵਿਚਾਰ ਹੈ। ਇਸੇ ਲਈ 'ਸਰਬੱਤ ਦਾ ਭਲਾ' ਦੁਨੀਆਂ ਦੇ ਸਭ ਤੋਂ ਪ੍ਰਗਤੀਸ਼ੀਲ ਸਮਾਜਿਕ ਅਤੇ ਰਾਜਨੀਤਿਕ ਸਿਧਾਂਤਾਂ ਵਿੱਚੋਂ ਇੱਕ ਮੰਨਿਆ ਜਾ ਸਕਦਾ ਹੈ।
ਅੱਜ ਪੰਜਾਬ ਨੂੰ ਇਹੀ ਨੈਰੇਟਿਵ ਮੁੜ ਸਥਾਪਿਤ ਕਰਨ ਦੀ ਲੋੜ ਹੈ। ਬਦਕਿਸਮਤੀ ਨਾਲ ਪਿਛਲੇ ਕਈ ਦਹਾਕਿਆਂ ਵਿੱਚ ਪੰਜਾਬ ਦਾ ਨੈਰੇਟਿਵ ਅਕਸਰ ਸੰਘਰਸ਼, ਵੰਡ, ਧਾਰਮਿਕ ਧਰੁਵੀਕਰਨ ਅਤੇ ਰਾਜਨੀਤਿਕ ਟਕਰਾਅ ਦੇ ਆਲੇ-ਦੁਆਲੇ ਘੁੰਮਦਾ ਰਿਹਾ ਹੈ। ਇਸ ਕਾਰਨ ਪੰਜਾਬ ਦੇ ਅਸਲ ਮੁੱਦੇ—ਨੌਜਵਾਨਾਂ ਦਾ ਪਰਵਾਸ, ਕਿਸਾਨੀ ਸੰਕਟ, ਨਸ਼ਿਆਂ ਦਾ ਫੈਲਾਅ, ਸਿੱਖਿਆ ਅਤੇ ਰੋਜ਼ਗਾਰ—ਪਿੱਛੇ ਰਹਿ ਗਏ।

ਇਸ ਮੌਕੇ 'ਤੇ ਮੈਨੂੰ ਦੱਖਣੀ ਅਫ਼ਰੀਕਾ ਦੇ ਮਹਾਨ ਮਨੁੱਖੀ ਅਧਿਕਾਰ ਚਿੰਤਕ ਅਤੇ ਧਰਮ ਗੁਰੂ Desmond Tutu ਨੇ ਕਿਹਾ ਸੀ: 'Religion is meant to transform society, not dominate it.' ਧਰਮ ਦਾ ਮਕਸਦ ਸਮਾਜ ਨੂੰ ਬਦਲਣਾ ਹੈ, ਉਸ ਉੱਤੇ ਹਕੂਮਤ ਕਰਨਾ ਨਹੀਂ।

ਅੱਜ ਪੰਜਾਬ ਦੇ ਸੰਦਰਭ ਵਿੱਚ ਇਹ ਵਿਚਾਰ ਬਹੁਤ ਮਹੱਤਵਪੂਰਨ ਹੈ। ਇੱਥੇ ਧਰਮ ਦੀ ਸੱਤਾ ਦਾ ਅਰਥ ਲੋਕਾਂ ਉੱਤੇ ਨਿਯੰਤਰਣ ਨਹੀਂ, ਸਗੋਂ ਲੋਕਾਂ ਦੇ ਦੁੱਖ-ਦਰਦ ਨੂੰ ਸਮਝਣਾ ਅਤੇ ਉਹਨਾਂ ਦੀ ਆਵਾਜ਼ ਬਣਨਾ ਹੈ। ਜੇਕਰ ਧਰਮ ਗਰੀਬ ਦੇ ਹੱਕ, ਕਿਸਾਨ ਦੀ ਪੀੜ, ਮਜ਼ਦੂਰ ਦੀ ਇੱਜ਼ਤ ਅਤੇ ਨੌਜਵਾਨ ਦੀ ਆਸ ਨਾਲ ਜੁੜਦਾ ਹੈ ਤਾਂ ਉਹ ਲੋਕ-ਭਲਾਈ ਦਾ ਸਾਧਨ ਬਣਦਾ ਹੈ।
ਅੱਜ ਪੰਜਾਬ ਨੂੰ ਨਵੇਂ ਨੈਰੇਟਿਵ ਦੀ ਲੋੜ ਹੈ—ਇੱਕ ਅਜਿਹਾ ਨੈਰੇਟਿਵ ਜੋ ਸਿੱਖੀ ਦੀਆਂ ਮੂਲ ਕਦਰਾਂ, ਗੁਰਬਾਣੀ ਦੀ ਮਨੁੱਖਤਾ, ਲੋਕਤੰਤਰ ਦੀ ਮਰਯਾਦਾ ਅਤੇ ਸਮਾਜਿਕ ਨਿਆਂ ਨੂੰ ਇਕੱਠਿਆਂ ਜੋੜ ਸਕੇ। ਇਹ ਨੈਰੇਟਿਵ ਨਾ ਕਿਸੇ ਧਿਰ ਦੀ ਜਿੱਤ ਦਾ ਹੋਵੇ ਅਤੇ ਨਾ ਕਿਸੇ ਦੀ ਹਾਰ ਦਾ । ਇਹ ਪੰਜਾਬ ਦੀ ਸਾਂਝੀ ਚੇਤਨਾ ਦੀ ਪੁਨਰ-ਸਥਾਪਨਾ ਦਾ ਨੈਰੇਟਿਵ ਹੋਵੇ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਤਾਜ਼ਾ ਫ਼ੈਸਲੇ ਨੂੰ ਵੀ ਇਸੇ ਪ੍ਰਸੰਗ ਵਿੱਚ ਸਮਝਣ ਦੀ ਲੋੜ ਹੈ। ਜੇਕਰ ਇਹ ਫ਼ੈਸਲਾ ਸਾਨੂੰ ਵਧੇਰੇ ਜ਼ਿੰਮੇਵਾਰ, ਵਧੇਰੇ ਸੰਵੇਦਨਸ਼ੀਲ ਅਤੇ ਵਧੇਰੇ ਲੋਕ-ਕੇਂਦਰਿਤ ਬਣਾਉਂਦਾ ਹੈ ਤਾਂ ਇਹ ਸਿਰਫ਼ ਇੱਕ ਫ਼ੈਸਲਾ ਨਹੀਂ, ਸਗੋਂ ਪੰਜਾਬ ਦੇ ਭਵਿੱਖ ਲਈ ਇੱਕ ਨਵਾਂ ਦਿਸ਼ਾ-ਨਿਰਦੇਸ਼ ਸਾਬਤ ਹੋ ਸਕਦਾ ਹੈ।

ਅੱਜ ਪੰਜਾਬ ਨੂੰ ਟਕਰਾਅ ਦੀ ਨਹੀਂ, ਸਗੋਂ ਤਾਲਮੇਲ ਦੀ ਲੋੜ ਹੈ। ਉਸ ਨੂੰ ਨਾਅਰਿਆਂ ਦੀ ਨਹੀਂ, ਸਗੋਂ ਨੀਤੀਆਂ ਦੀ ਲੋੜ ਹੈ। ਉਸ ਨੂੰ ਅਤੀਤ ਦੀਆਂ ਕੜਵੀਆਂ ਯਾਦਾਂ ਵਿੱਚ ਫਸੇ ਰਹਿਣ ਦੀ ਬਜਾਏ ਭਵਿੱਖ ਦੀਆਂ ਸੰਭਾਵਨਾਵਾਂ ਵੱਲ ਵਧਣ ਦੀ ਲੋੜ ਹੈ।ਜੇਕਰ ਇਸ ਫ਼ੈਸਲੇ ਤੋਂ ਬਾਅਦ ਧਾਰਮਿਕ ਸੰਸਥਾਵਾਂ ਆਪਣੀ ਨੈਤਿਕ ਭੂਮਿਕਾ ਨੂੰ ਹੋਰ ਮਜ਼ਬੂਤ ਕਰਨ ਅਤੇ ਰਾਜਨੀਤਿਕ ਤਾਕਤਾਂ ਪੰਜਾਬ ਦੇ ਅਸਲ ਮੁੱਦਿਆਂ ਵੱਲ ਧਿਆਨ ਦੇਣ, ਤਾਂ ਇਹ ਇੱਕ ਨਵੇਂ ਅਧਿਆਇ ਦੀ ਸ਼ੁਰੂਆਤ ਹੋ ਸਕਦੀ ਹੈ। ਨਹੀਂ ਤਾਂ ਇਤਿਹਾਸ ਗਵਾਹ ਹੈ ਕਿ ਧਰਮ ਅਤੇ ਰਾਜਨੀਤੀ ਦੇ ਅਸੰਤੁਲਿਤ ਮਿਲਾਪ ਨੇ ਕਈ ਵਾਰ ਸਮਾਜਾਂ ਨੂੰ ਅਜਿਹੇ ਰਾਹਾਂ 'ਤੇ ਧੱਕਿਆ ਹੈ ਜਿੱਥੋਂ ਵਾਪਸੀ ਬਹੁਤ ਮੁਸ਼ਕਲ ਹੋ ਜਾਂਦੀ ਹੈ।
ਅੰਤ ਵਿੱਚ ਗੁਰਬਾਣੀ ਦਾ ਇਹ ਸੰਦੇਸ਼ ਹੀ ਸਾਡੀ ਰਹਿਨੁਮਾਈ ਕਰ ਸਕਦਾ ਹੈ। ਅੱਜ ਇਹ ਕੇਵਲ ਇੱਕ ਅਰਦਾਸ ਨਹੀਂ, ਸਗੋਂ ਪੰਜਾਬ ਦੇ ਭਵਿੱਖ ਲਈ ਇੱਕ ਰਾਜਨੀਤਿਕ, ਸਮਾਜਿਕ ਅਤੇ ਨੈਤਿਕ ਦਰਸ਼ਨ ਵੀ ਹੈ। ਜੇਕਰ ਅਸੀਂ ਇਸ ਦੀ ਰੂਹ ਨੂੰ ਸਮਝ ਲਈਏ ਤਾਂ ਸ਼ਾਇਦ ਪੰਜਾਬ ਇੱਕ ਵਾਰ ਫਿਰ ਵੰਡਾਂ ਤੋਂ ਉੱਪਰ ਉੱਠ ਕੇ ਏਕਤਾ, ਇਨਸਾਫ਼ ਅਤੇ ਤਰੱਕੀ ਦੇ ਰਾਹ 'ਤੇ ਤੁਰ ਸਕੇ

### ਪ੍ਰਧਾਨ ਮੰਤਰੀ ਦਾ ਸਲੋਵਾਕੀਆ 'ਚ ਖਾਸ ਸਵਾਗਤ

# ਮੋਦੀ ਨੂੰ ਵੱਖਰੇ ਅੰਦਾਜ਼ 'ਚ ਸੁਣਾਇਆ 'ਵੰਦੇ ਮਾਤਰਮ', ਬ੍ਰੈਡ-ਨਮਕ ਕੀਤਾ ਭੇਟ

ਚੜ੍ਹਦੀਕਲਾ ਬਿਊਰੋ



ਬ੍ਰਾਤਿਸਲਾਵਾ (ਸਲੋਵਾਕੀਆ), 15 ਜੂਨ:'ਵੰਦੇ ਮਾਤਰਮ' ਦੀ ਗੂੰਜ ਭਾਰਤੀ ਪ੍ਰਵਾਸੀਆਂ ਦਾ ਜ਼ੋਰਦਾਰ ਸਵਾਗਤ ਤੇ ਸਲੋਵਾਕੀਆ ਦੀ 'ਬ੍ਰੈੱਡ ਐਂਡ ਸਾਲਟ' ਵਾਲੀ ਖਾਸ ਪ੍ਰੰਪਰਾ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸਲੋਵਾਕੀਆ ਦੌਰਾ ਯਾਦਗਾਰ ਬਣ ਗਿਆ ਹੈ। ਬ੍ਰਾਤਿਸਲਾਵਾ ਪਹੁੰਚਦੇ ਹੀ ਉਨ੍ਹਾਂ ਨੂੰ ਸ਼ਾਨਦਾਰ ਸਵਾਗਤ ਮਿਲਿਆ ਜਿਥੇ ਭਾਰਤੀ ਸੰਸਕ੍ਰਿਤੀ ਤੇ ਸਲੋਵਾਕ ਪ੍ਰੰਪਰਾਵਾਂ ਦਾ ਅਨੋਖਾ ਮੇਲ ਦੇਖਣ ਨੂੰ ਮਿਲਿਆ। ਇਸ ਦੌਰਾਨ ਫੇਮਸ ਗਰੁੱਪ ਲੁਸਿਨਕਾ ਏਨਸੇਂਬਲ ਨੇ ਰਾਸ਼ਟਰੀ ਗੀਤ 'ਵੰਦੇ ਮਾਤਰਾ' ਦੀ ਆਪਣੇ ਹੀ ਅੰਦਾਜ਼ ਵਿਚ ਸ਼ਾਨਦਾਰ ਪੇਸ਼ਕਸ਼ ਦਿੱਤੀ। ਮੋਦੀ ਦਾ ਸਦੀਆਂ ਪੁਰਾਣੀ ਪ੍ਰੰਪਰਾ 'ਬ੍ਰੈੱਡ ਤੇ ਸਾਲਟ' ਨਾਲ ਵੀ ਸਵਾਗਤ ਕੀਤਾ ਗਿਆ। ਮੋਦੀ ਨੇ ਏਅਰਪੋਰਟ 'ਤੇ ਸਲੋਵਾਕੀਆ ਵਿਚ ਮੌਜੂਦ ਭਾਰਤੀਆਂ ਨਾਲ ਵੀ ਮੁਲਾਕਾਤ ਕੀਤੀ।ਸਲੋਵਾਕੀਆ 1993 ਵਿਚ ਆਜ਼ਾਦ ਹੋਇਆ ਸੀ। ਉਸ ਦੇ 33 ਸਾਲ ਦੇ ਇਤਿਹਾਸ ਵਿਚ ਕਿਸੇ ਭਾਰਤੀ ਪ੍ਰਧਾਨ ਮੰਤਰੀ ਦੀ ਇਹ ਪਹਿਲੀ ਯਾਤਰਾ ਹੈ। ਮੋਦੀ ਅੱਜ ਸਲੋਵਾਕੀਆ ਦੇ ਰਾਸ਼ਟਰਪਤੀ ਪੀਟਰ ਪੇਲੇਗ੍ਰਿਨੀ ਤੇ ਪ੍ਰਧਾਨ ਮੰਤਰੀ ਰਾਬਰਟ ਫਿਕੋ ਨਾਲ ਮੁਲਾਕਾਤ ਕਰਨਗੇ। ਮੋਦੀ ਫਰਾਂਸ ਦੇ ਨੀਸ ਸ਼ਹਿਰ ਤੋਂ ਸਲੋਵਾਕੀਆ ਪਹੁੰਚੇ ਹਨ। ਇਸ ਤੋਂ ਪਹਿਲਾਂ ਐਤਵਾਰ ਨੂੰ ਉਨ੍ਹਾਂ ਨੇ (ਬਾਕੀ ਸਫ਼ਾ 2

### ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ 'ਚ ਅਹਿਮ ਫ਼ੈਸਲੇ

# ਸਾਰੇ ਸਿੱਖ ਵਿਧਾਇਕ ਤੇ ਪੰਜਾਬ ਕੈਬਨਿਟ 29 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ

## ਮੁੱਖ ਮੰਤਰੀ ਨੂੰ 'ਗੁਰੂ ਦੋਖੀ' ਅਤੇ 'ਖ਼ਾਲਸਾ ਪੰਥ ਵਿਰੋਧੀ' ਐਲਾਨਿਆ

ਗੁਰਦਿਆਲ ਸਿੰਘ



ਅੰਮ੍ਰਿਤਸਰ, 15 ਜੂਨ : ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸੋਮਵਾਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਈ, ਜਿਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਅਤੇ ਪੰਜਾਬ ਸਰਕਾਰ ਵੱਲੋਂ ਸਿੱਖ ਧਾਰਮਿਕ ਮਾਮਲਿਆਂ ਵਿੱਚ ਦਖ਼ਲ ਸਬੰਧੀ ਦੋ ਮਹੱਤਵਪੂਰਨ ਮਤੇ ਸਰਬਸੰਮਤੀ ਨਾਲ ਪਾਸ ਕੀਤੇ ਗਏ।

ਪਹਿਲੇ ਮਤੇ ਵਿੱਚ, ਸਿੰਘ ਸਾਹਿਬਾਨ ਨੇ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026 'ਤੇ ਵਿਚਾਰ-ਵਟਾਂਦਰਾ ਕੀਤਾ, ਜਿਸਨੂੰ ਪੰਜਾਬ ਸਰਕਾਰ ਨੇ ਕੇਂਦਰੀ ਸਿੱਖ ਸੰਸਥਾਵਾਂ ਨਾਲ ਸਹਿਮਤੀ ਤੋਂ ਬਿਨਾਂ ਪਾਸ ਕੀਤਾ ਸੀ। ਮੀਟਿੰਗ ਵਿੱਚ ਦੱਸਿਆ ਗਿਆ ਕਿ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ 8 ਮਈ ਨੂੰ ਸੱਦ ਕੇ ਕਾਨੂੰਨ ਵਿੱਚ ਸਿੱਖ ਭਾਵਨਾਵਾਂ ਅਨੁਸਾਰ ਸੋਧਾਂ ਕਰਨ ਲਈ 15 ਦਿਨਾਂ ਦਾ ਸਮਾਂ ਦਿੱਤਾ ਗਿਆ ਸੀ ਅਤੇ ਉਨ੍ਹਾਂ ਰਾਹੀਂ ਪੰਜਾਬ ਸਰਕਾਰ ਪਾਸ ਮਿਤੀ 11 ਮਈ 2026 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤਰਫ਼ੋਂ ਲਿਖਤੀ ਰੂਪ ਵਿੱਚ ਇਤਰਾਜ਼ ਵੀ ਦਰਜ ਕਰਵਾਏ ਗਏ ਸਨ। ਪਰੰਤੂ ਸੂਬਾ ਸਰਕਾਰ ਨੇ ਅੜੀਅਲ ਅਤੇ ਹੈਂਕੜ ਭਰਿਆ ਰਵੱਈਆ ਅਖ਼ਤਿਆਰ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਿੱਖ ਭਾਵਨਾਵਾਂ ਨੂੰ ਪੂਰੀ ਤਰ੍ਹਾਂ ਨਜ਼ਰ ਅੰਦਾਜ਼ ਕੀਤਾ ਹੈ। ਪੰਜਾਬ ਦੀ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਨੇ ਮੀਡੀਆ ਬਿਆਨਾਂ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਚੁਣੌਤੀ ਦਿੱਤੀ, ਜਿਸ ਨਾਲ ਸਿੱਖ ਸੰਗਤਾਂ ਅੰਦਰ ਭਾਰੀ ਰੋਸ ਪੈਦਾ ਹੋਇਆ ਹੈ। ਇਸ ਨਾਲ ਪੰਜਾਬ ਅੰਦਰ ਸਿੱਖਾਂ ਵਿਚਕਾਰ ਆਪਸੀ ਖਾਨਾਜੰਗੀ ਵਾਲਾ ਮਾਹੌਲ ਪੈਦਾ ਹੋਇਆ ਹੈ। ਪੰਜਾਬ ਸਰਕਾਰ ਦੀ ਕੈਬਨਿਟ ਨੇ ਇਸ ਕਾਨੂੰਨ ਨੂੰ ਪ੍ਰਵਾਨਗੀ ਦਿੱਤੀ ਹੈ ਅਤੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਪੰਜਾਬ ਵਿਧਾਨ ਸਭਾ ਮੈਂਬਰਾਂ ਨੇ ਇਸ ਨੂੰ ਸਹਿਮਤੀ ਦਿੱਤੀ ਹੈ।

ਪੰਜ ਸਿੰਘ ਸਾਹਿਬਾਨ ਨੇ ਅੱਜ ਦੀ ਇਕੱਤਰਤਾ ਵਿੱਚ ਫ਼ੈਸਲਾ ਕੀਤਾ ਹੈ ਕਿ ਇਸ ਮਾਮਲੇ (ਬਾਕੀ ਸਫ਼ਾ 2

### ਮਜੀਠਾ ਪੁਲਿਸ ਥਾਣੇ 'ਚ ਦਾਖਲ ਹੋਣ ਦਾ ਮਾਮਲਾ

## ਕੋਰਟ ਨੇ ਮਜੀਠੀਆ ਨੂੰ ਦਿੱਤੀ ਅੰਤ੍ਰਿਮ ਜ਼ਮਾਨਤ

ਅੰਮ੍ਰਿਤਸਰ, 15 ਜੂਨ (ਚ.ਨ.ਸ.):ਸ਼੍ਰੋਮਣੀ ਅਕਾਲੀ ਦਲ ਦੇ



ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਅੰਮ੍ਰਿਤਸਰ ਅਦਾਲਤ ਨੇ ਰਾਹਤ ਦਿੱਤੀ ਹੈ। ਜ਼ਿਲ੍ਹਾ ਅਦਾਲਤ ਨੇ ਸੁਣਵਾਈ ਦੌਰਾਨ ਐਫ.ਆਈ.ਆਰ. ਨੰਬਰ 91 ਦੇ ਮਾਮਲੇ ਵਿੱਚ ਅਹਿਮ ਫੈਸਲਾ ਸੁਣਾਉਂਦਿਆਂ ਮਜੀਠੀਆ ਨੂੰ ਅਗਾਊਂ ਜ਼ਮਾਨਤ ਦੇ ਦਿੱਤੀ ਹੈ।ਬਿਕਰਮ ਸਿੰਘ ਮਜੀਠੀਆ 'ਤੇ ਪੁਲਿਸ ਥਾਣੇ ਵਿੱਚ ਦਾਖਲ ਹੋਣ ਅਤੇ ਸਰਕਾਰੀ ਡਿਊਟੀ 'ਚ ਵਿਘਨ (ਬਾਕੀ ਸਫ਼ਾ 2

# ਅਮਰੀਕਾ-ਈਰਾਨ 'ਚ ਹੋਇਆ ਜੰਗਬੰਦੀ ਸਮਝੌਤਾ

## ਟਰੰਪ, ਜੇਡੀ ਵੈਂਸ ਅਤੇ ਈਰਾਨੀ ਸਪੀਕਰ ਵੱਲੋਂ ਐਮ.ਓ.ਯੂ. 'ਤੇ ਦਸਤਖ਼ਤ

ਚੜ੍ਹਦੀਕਲਾ ਬਿਊਰੋ



ਵਾਸ਼ਿੰਗਟਨ,15 ਜੂਨ: ਅਮਰੀਕਾ ਅਤੇ ਈਰਾਨ ਦੇ ਰਿਸ਼ਤਿਆਂ ਵਿੱਚ ਅੱਜ ਵੱਡਾ ਉਲਟਫੇਰ ਦੇਖਣ ਨੂੰ ਮਿਲਿਆ ਜਿੱਥੇ ਦੋਵਾਂ ਦੇਸ਼ਾਂ ਨੇ ਆਪਸੀ ਸਹਿਮਤੀ ਦੇ ਇੱਕ ਸਮਝੌਤੇ (ਐਮ.ਓ.ਯੂ.) 'ਤੇ ਦਸਤਖਤ ਕੀਤੇ ਹਨ। ਇੱਕ ਏਜੰਸੀ ਦੀ ਖ਼ਬਰ ਮੁਤਾਬਕ ਅਮਰੀਕਾ ਦੇ ਇੱਕ ਸੀਨੀਅਰ ਅਧਿਕਾਰੀ ਨੇ ਸੋਮਵਾਰ ਨੂੰ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਇਸ ਮਹੱਤਵਪੂਰਨ ਦਸਤਾਵੇਜ਼ 'ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ, ਉਪ-ਰਾਸ਼ਟਰਪਤੀ ਜੇਡੀ ਵੈਂਸ ਅਤੇ ਈਰਾਨੀ ਸੰਸਦ ਦੇ ਸਪੀਕਰ ਮੋਹੰਮਦ ਬਾਕਿਰ ਕਾਲੀਬਾਫ ਵੱਲੋਂ ਹਸਤਾਖਰ ਕੀਤੇ ਜਾ ਚੁੱਕੇ ਹਨ।

ਇਸ ਸਮਝੌਤੇ ਨੂੰ ਲੈ ਕੇ ਵਾਸ਼ਿੰਗਟਨ ਤੋਂ ਲੈ ਕੇ ਤਹਿਰਾਨ ਤੱਕ ਸਿਆਸੀ ਗਲਿਆਰਿਆਂ ਵਿੱਚ ਚਰਚਾ ਤੇਜ਼ ਹੋ ਗਈ ਹੈ। ਦੋਵਾਂ ਦੇਸ਼ਾਂ ਵਿਚਾਲੇ ਲੰਬੇ ਸਮੇਂ ਤੋਂ ਚੱਲ ਰਹੇ ਤਣਾਅਪੂਰਨ ਸਬੰਧਾਂ ਦਰਮਿਆਨ ਅਮਰੀਕਾ ਦੇ ਸਿਖਰਲੇ ਲੀਡਰਾਂ ਅਤੇ ਈਰਾਨੀ ਸੰਸਦ ਦੇ ਸਪੀਕਰ ਵੱਲੋਂ ਇਸ ਐਮ.ਓ.ਯੂ. 'ਤੇ ਸਹਿਮਤੀ ਜਤਾਉਣਾ ਇੱਕ ਬਹੁਤ ਹੀ ਅਹਿਮ ਕਦਮ ਮੰਨਿਆ ਜਾ ਰਿਹਾ ਹੈ। ਅਮਰੀਕੀ ਅਧਿਕਾਰੀ ਵੱਲੋਂ ਸੋਮਵਾਰ ਨੂੰ ਸਾਂਝੀ ਕੀਤੀ ਗਈ ਇਸ ਜਾਣਕਾਰੀ ਤੋਂ ਬਾਅਦ ਹੁਣ ਦੁਨੀਆਂ ਭਰ ਦੀਆਂ ਨਜ਼ਰਾਂ ਇਸ ਗੱਲ 'ਤੇ ਟਿਕੀਆਂ ਹੋਈਆਂ ਹਨ ਕਿ ਇਸ ਸਮਝੌਤੇ ਦੇ ਦੋਵਾਂ ਦੇਸ਼ਾਂ ਅਤੇ ਵਿਸ਼ਵ ਸਿਆਸਤ 'ਤੇ ਕੀ ਅਸਰ ਪੈਣਗੇ।ਹਾਲਾਂਕਿ ਇਸ ਮੈਮੋਰੰਡਮ ਆਫ ਅੰਡਰਸਟੈਂਡਿੰਗ (ਐਮ.ਓ.ਯੂ.) ਦੀਆਂ ਬਾਰੀਕੀਆਂ ਅਤੇ ਸ਼ਰਤਾਂ ਬਾਰੇ ਅਜੇ ਪੂਰੀ ਜਾਣਕਾਰੀ ਵਿਸਥਾਰ ਵਿੱਚ ਸਾਹਮਣੇ ਨਹੀਂ ਆਈ ਹੈ ਪਰ ਦੋਵਾਂ ਦੇਸ਼ਾਂ ਦੇ ਮੁਖੀਆਂ ਦੀ ਸ਼ਮੂਲੀਅਤ ਨੇ ਇਸ ਦੀ ਅਹਿਮੀਅਤ ਨੂੰ ਬਹੁਤ ਵਧਾ ਦਿੱਤਾ ਹੈ। ਆਉਣ ਵਾਲੇ ਦਿਨਾਂ ਵਿੱਚ ਅਮਰੀਕਾ ਅਤੇ ਈਰਾਨ ਦੇ ਅਧਿਕਾਰੀਆਂ ਵੱਲੋਂ ਇਸ ਸਮਝੌਤੇ ਦੇ ਮੁੱਖ ਬਿੰਦੂਆਂ ਦਾ ਖੁਲਾਸਾ ਕੀਤੇ ਜਾਣ ਦੀ ਉਮੀਦ ਹੈ, ਜਿਸ ਨਾਲ ਇਹ ਸਾਫ਼ ਹੋਵੇਗਾ ਕਿ ਇਹ ਸਮਝੌਤਾ ਆਪਸੀ ਵਪਾਰ, ਸੁਰੱਖਿਆ ਜਾਂ ਪਰਮਾਣੂ ਮੁੱਦਿਆਂ ਵਿੱਚੋਂ ਕਿਸ ਖੇਤਰ ਨਾਲ ਸਬੰਧਤ ਹੈ।

# ਗ਼ਰੀਬ ਬੱਚਿਆਂ ਨੂੰ ਨਿੱਜੀ ਸਕੂਲਾਂ 'ਚ ਕੋਟਾ ਨਾ ਦੇਣ 'ਤੇ ਸੁਪਰੀਮ ਕੋਰਟ ਵੱਲੋਂ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ

ਚੜ੍ਹਦੀਕਲਾ ਬਿਊਰੋ



ਨਵੀਂ ਦਿਲੀ, 15 ਜੂਨ: ਸੁਪਰੀਮ ਕੋਰਟ ਨੇ ਸੋਮਵਾਰ ਨੂੰ ਸੂਬੇ ਵਿੱਚ 'ਬੱਚਿਆਂ ਲਈ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ (ਆਰ.ਟੀ.ਈ.) ਐਕਟ, 2009' ਨੂੰ ਲਾਗੂ ਨਾ ਕੀਤੇ ਜਾਣ ਦੇ ਦੋਸ਼ ਵਾਲੀ ਇੱਕ ਪਟੀਸ਼ਨ 'ਤੇ ਕੇਂਦਰ ਅਤੇ ਪੰਜਾਬ ਸਰਕਾਰ ਤੋਂ ਜਵਾਬ ਮੰਗਿਆ ਹੈ। ਪਟੀਸ਼ਨ ਵਿੱਚ ਕੇਂਦਰ ਸਰਕਾਰ ਨੂੰ ਇਹ ਹੁਕਮ ਦੇਣ ਦੀ ਮੰਗ ਕੀਤੀ ਗਈ ਹੈ ਕਿ ਉਹ ਪੰਜਾਬ ਸਰਕਾਰ ਵੱਲੋਂ ਇਸ ਐਕਟ ਦੇ ਉਪਬੰਧਾਂ ਦੀ ਪ੍ਰਭਾਵਸ਼ਾਲੀ ਅਤੇ ਲਗਾਤਾਰ ਪਾਲਣਾ ਨੂੰ ਯਕੀਨੀ ਬਣਾਏ। ਇਸ ਵਿੱਚ ਪ੍ਰਾਈਵੇਟ ਸਕੂਲਾਂ ਦੀ ਪਹਿਲੀ ਜਮਾਤ ਵਿੱਚ ਕਮਜ਼ੋਰ ਵਰਗਾਂ ਅਤੇ ਪਛੜੇ ਸਮੂਹਾਂ ਨਾਲ ਸਬੰਧਤ ਘੱਟੋ-ਘੱਟ 25 ਫ਼ੀਸਦੀ ਬੱਚਿਆਂ ਨੂੰ ਦਾਖਲ ਕਰਨ ਬਾਰੇ ਉਪਬੰਧ ਵੀ ਸ਼ਾਮਲ ਹੈ। ਚੀਫ਼ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਵੀ. ਮੋਹਨਾ ਦੇ ਬੈਂਚ ਨੇ ਖ਼ੁਦ ਪੇਸ਼ ਹੋਏ ਪਟੀਸ਼ਨਕਰਤਾ ਨੂੰ ਪੁੱਛਿਆ, 'ਕੀ ਤੁਸੀਂ ਅਜਿਹੇ ਕੁਝ ਸਕੂਲਾਂ ਦੀ ਪਛਾਣ ਕਰਨ ਦੇ ਯੋਗ ਹੋਏ ਹੋ ਜੋ ਅਜਿਹਾ ਨਹੀਂ ਕਰ ਰਹੇ?' ਪਟੀਸ਼ਨਕਰਤਾ ਨੇ ਦਾਅਵਾ ਕੀਤਾ ਕਿ ਪੰਜਾਬ ਵਿੱਚ ਪਿਛਲੇ 15 ਸਾਲਾਂ ਤੋਂ ਇਸ ਐਕਟ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ ਹੈ। ਉਸਨੇ ਸੁਪਰੀਮ ਕੋਰਟ ਦੇ 2012 ਦੇ (ਬਾਕੀ ਸਫ਼ਾ 2 'ਤੇ)

# ਕਾਕਰੋਚ ਜਨਤਾ ਪਾਰਟੀ ਵੱਲੋਂ ਜੈਪੁਰ ਦੀ ਸ਼ਹੀਦੀ ਯਾਦਗਾਰ 'ਤੇ ਰੈਲੀ

## ਸੀਜੇਪੀ ਦੇ ਸੰਸਥਾਪਕ ਅਭਿਜੀਤ ਦੀਪਕੇ ਨੂੰ ਨੌਜਵਾਨ ਨੇ ਮਾਰਿਆ ਥੱਪੜ



ਚੜ੍ਹਦੀਕਲਾ ਬਿਊਰੋ

ਜੈਪੁਰ, 15 ਜੂਨ : ਜੈਪੁਰ ਵਿੱਚ ਕਾਕਰੋਚ ਜਨਤਾ ਪਾਰਟੀ (ਸੀਜੇਪੀ) ਦੇ ਸੰਸਥਾਪਕ ਅਭਿਜੀਤ ਦੀਪਕੇ ਨੂੰ ਦੋ ਨੌਜਵਾਨਾਂ ਨੇ ਥੱਪੜ ਮਾਰ ਦਿੱਤੇ। ਇਸ 'ਤੇ ਪਾਰਟੀ ਸਮਰਥਕ ਭੜਕ ਗਏ ਤੇ ਬਾਅਦ ਵਿੱਚ ਦੋਵਾਂ ਨੂੰ ਫੜ ਲਿਆ ਅਤੇ ਉਨ੍ਹਾਂ ਦੀ ਕੁੱਟ-ਮਾਰ ਕੀਤੀ।ਸੋਮਵਾਰ ਨੂੰ ਅਭਿਜੀਤ ਨੀਟ ਪੇਪਰ ਲੀਕ, ਸਿੱਖਿਆ ਪ੍ਰਣਾਲੀ, ਬੇਰੁਜ਼ਗਾਰੀ ਅਤੇ ਹੋਰ ਨੌਜਵਾਨਾਂ ਨਾਲ ਜੁੜੇ ਮੁੱਦਿਆਂ ਨੂੰ ਲੈ ਕੇ ਇੱਕ ਵਿਰੋਧ ਪ੍ਰਦਰਸ਼ਨ ਵਿੱਚ ਸ਼ਾਮਲ ਹੋਣ ਲਈ ਆਇਆ ਸੀ। ਅਭਿਜੀਤ ਦੀ ਅਗਵਾਈ ਵਿੱਚ ਸੈਂਕੜੇ ਪ੍ਰਦਰਸ਼ਨਕਾਰੀ ਸ਼ਹੀਦ ਸਮਾਰਕ 'ਤੇ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਅਸਤੀਫ਼ੇ ਦੀ ਮੰਗ ਕਰ ਰਹੇ ਸਨ।ਥੱਪੜ ਮਾਰਨ ਦੀ ਘਟਨਾ ਤੋਂ ਬਾਅਦ ਅਭਿਜੀਤ ਦੀਪਕੇ ਨੇ ਪ੍ਰਦਰਸ਼ਨਕਾਰੀਆਂ ਨੂੰ ਸੰਬੋਧਨ ਕੀਤਾ। ਉਸ ਨੇ ਨਾਅਰਾ ਮਾਰਿਆ, (ਬਾਕੀ ਸਫ਼ਾ 2 'ਤੇ)

### ਨੀਟ ਪ੍ਰਸ਼ਨ ਪੱਤਰ ਲੀਕ ਮਾਮਲਾ

## ਅਦਾਲਤ ਵੱਲੋਂ ਸੀ.ਬੀ.ਆਈ. ਨੂੰ ਜੇਲ੍ਹ 'ਚ 3 ਮੁਲਜ਼ਮਾਂ ਤੋਂ ਪੁੱਛ-ਗਿੱਛ ਦੀ ਇਜਾਜ਼ਤ

ਨਵੀਂ ਦਿੱਲੀ, 15 ਜੂਨ (ਚ.ਨ.ਸ.): ਦਿੱਲੀ ਦੀ ਇਕ ਅਦਾਲਤ ਨੇ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਦੀ ਰਾਸ਼ਟਰੀ ਯੋਗਤਾ ਕਮ ਪ੍ਰਵੇਸ਼ ਪ੍ਰੀਖਿਆ (ਨੀਟ) ਦਾ ਪ੍ਰਸ਼ਨ ਪੱਤਰ ਲੀਕ ਹੋਣ ਦੇ ਮਾਮਲੇ ਵਿਚ ਜੇਲ ਵਿਚ ਬੰਦ 3 ਮੁਲਜ਼ਮਾਂ ਤੋਂ ਪੁੱਛ-ਗਿੱਛ ਕਰਨ ਸਬੰਧੀ ਅਰਜ਼ੀ ਸੋਮਵਾਰ ਨੂੰ ਮਨਜ਼ੂਰ ਕਰ ਲਈ ਹੈ। ਜੱਜ ਸੁਰਿੰਦਰ ਮੋਹਿਤ ਸਿੰਘ ਸੀ.ਬੀ.ਆਈ. ਦੀ ਉਸ ਪਟੀਸ਼ਨ 'ਤੇ ਸੁਣਵਾਈ ਕਰ ਰਹੇ ਸਨ, ਜਿਸ ਵਿਚ ਨਿਆਇਕ ਹਿਰਾਸਤ ਵਿਚ ਬੰਦ 3 ਮੁਲਜ਼ਮਾਂ- ਮਨੀਸ਼ਾ ਸੰਜੇ ਵਾਘਮਾਰੇ, ਧਨੰਜੇ ਨਿਵਿਰਤੀ ਲੋਖੰਡੇ ਅਤੇ ਸ਼ੁਭਮ ਮਧੂਕਰ ਖੈਰਨਾਰ ਤੋਂ ਪੁੱਛ-ਗਿੱਛ ਦੀ ਇਜਾਜ਼ਤ ਮੰਗੀ ਗਈ ਸੀ। ਪਟੀਸ਼ਨ ਵਿਚ ਕਿਹਾ ਗਿਆ ਕਿ ਇਹ ਖ਼ੁਲਾਸਾ ਹੋਇਆ ਹੈ ਕਿ (ਬਾਕੀ ਸਫ਼ਾ 2 'ਤੇ)

### ਮੁੱਖ ਮੰਤਰੀ ਵੱਲੋਂ ਪੰਜਾਬ ਦੇ ਯੂ.ਪੀ.ਐਸ.ਸੀ.-2025 ਪਾਸ ਕਰਨ ਵਾਲੇ ਉਮੀਦਵਾਰਾਂ ਦਾ ਸਨਮਾਨ

# ਆਮ ਪਰਿਵਾਰਾਂ ਦੇ ਬੱਚੇ ਲਗਾਤਾਰ ਵਧਾ ਰਹੇ ਨੇ ਸੂਬੇ ਦਾ ਮਾਣ: ਮਾਨ



ਅੰਮ੍ਰਿਤਪਾਲ ਸਿੰਘ

ਚੰਡੀਗੜ੍ਹ, 15 ਜੂਨ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਯੂ.ਪੀ.ਐਸ.ਸੀ. (ਯੂਨੀਅਨ ਪਬਲਿਕ ਸਰਵਿਸ ਕਮਿਸ਼ਨ)-2025 ਦੀ ਵੱਕਾਰੀ ਪ੍ਰੀਖਿਆ ਪਾਸ ਕਰਨ ਵਾਲੇ ਉਮੀਦਵਾਰਾਂ ਦਾ ਸਨਮਾਨ ਕੀਤਾ। ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਇਹ ਅਹਿਮ ਸਫ਼ਲਤਾ ਪੰਜਾਬ ਦੀ ਸਿੱਖਿਆ ਪ੍ਰਣਾਲੀ ਦੀ ਵਧ ਰਹੀ ਗੁਣਵੱਤਾ ਅਤੇ ਸੂਬੇ ਦੇ ਨੌਜਵਾਨਾਂ ਦੀਆਂ ਅਥਾਹ ਸੰਭਾਵਨਾਵਾਂ ਨੂੰ ਦਰਸਾਉਂਦੀ ਹੈ। ਭਵਿੱਖ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਦੇਖ ਕੇ ਬਹੁਤ ਖ਼ੁਸ਼ੀ ਹੁੰਦੀ ਹੈ ਕਿ ਆਮ ਪਰਿਵਾਰਾਂ ਦੇ ਨੌਜਵਾਨ ਸਖ਼ਤ ਮਿਹਨਤ, ਪ੍ਰਤਿਭਾ ਅਤੇ ਦ੍ਰਿੜ੍ਹ ਇਰਾਦੇ ਨਾਲ ਦੇਸ਼ ਦੇ ਸਭ ਤੋਂ ਮਹੱਤਵਪੂਰਨ ਅਹੁਦਿਆਂ ਨੂੰ ਪ੍ਰਾਪਤ ਕਰ ਰਹੇ ਹਨ। ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਲੜਕੀਆਂ ਦੇ ਸ਼ਾਨਦਾਰ ਪ੍ਰਦਰਸ਼ਨ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਪ੍ਰਾਪਤੀਆਂ ਮਹਿਲਾ ਸਸ਼ਕਤੀਕਰਨ ਦਾ ਪ੍ਰਤੱਖ ਪ੍ਰਮਾਣ ਹੈ ਅਤੇ ਇਸ ਗੱਲ ਦਾ ਵੀ ਪ੍ਰਮਾਣ ਹਨ ਕਿ ਬਰਾਬਰ ਮੌਕੇ ਧੀਆਂ ਨੂੰ ਹਰ ਖੇਤਰ ਵਿੱਚ ਉੱਤਮਤਾ ਪ੍ਰਾਪਤ ਕਰਨ ਯੋਗ ਬਣਾਉਂਦੇ ਹਨ। ਵਿਦਿਅਕ ਸੁਧਾਰਾਂ ਪ੍ਰਤੀ ਪੰਜਾਬ ਸਰਕਾਰ ਦੀ ਵਚਨਬੱਧਤਾ ਦੀ ਪੁਸ਼ਟੀ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਰਕਾਰ ਹਰ ਵਿਦਿਆਰਥੀ ਲਈ ਮਿਆਰੀ ਸਿੱਖਿਆ ਤੇ ਬਰਾਬਰ ਮੌਕੇ ਯਕੀਨੀ (ਬਾਕੀ ਸਫ਼ਾ 2 'ਤੇ)

# ਮਹਿੰਗਾਈ ਦੀ ਮਾਰ: ਥੋਕ ਮਹਿੰਗਾਈ 43 ਮਹੀਨਿਆਂ ਦੇ ਉੱਚਤਮ ਪੱਧਰ 'ਤੇ; ਮਈ 'ਚ 9.68 ਫ਼ੀਸਦੀ 'ਤੇ ਪੁੱਜੀ

## ਅਨਾਜ, ਤੇਲ ਤੇ ਬਾਲਣ ਦੀਆਂ ਕੀਮਤਾਂ ਨੇ ਵਿਗਾੜਿਆ ਰਸੋਈ ਦਾ ਬਜਟ; ਅਮਰੀਕਾ-ਈਰਾਨ ਤਣਾਅ ਕਾਰਨ ਹੋਰ ਭੱਖ ਸਕਦੀ ਹੈ ਮਾਰਕੀਟ

ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 15 ਜੂਨ:: ਆਮ ਜਨਤਾ ਅਤੇ ਕਾਰੋਬਾਰੀਆਂ ਨੂੰ ਵੱਡਾ ਝਟਕਾ ਦਿੰਦਿਆਂ ਦੇਸ਼ ਵਿੱਚ ਥੋਕ ਮਹਿੰਗਾਈ ਦਰ ਮਈ ਮਹੀਨੇ ਵਿੱਚ ਛਾਲ ਮਾਰ ਕੇ 9.68 ਫ਼ੀਸਦੀ 'ਤੇ ਪਹੁੰਚ ਗਈ ਹੈ। ਇਸ ਤੋਂ ਪਹਿਲਾਂ ਅਪਰੈਲ ਵਿੱਚ ਇਹ 8.26 ਫ਼ੀਸਦੀ 'ਤੇ ਸੀ। ਮਈ ਵਿੱਚ ਦਰਜ ਕੀਤੀ ਗਈ ਇਹ ਮਹਿੰਗਾਈ ਪਿਛਲੇ 43 ਮਹੀਨਿਆਂ ਵਿੱਚ ਸਭ ਤੋਂ ਵੱਧ ਹੈ। ਇਸ ਤੋਂ ਪਹਿਲਾਂ ਸਤੰਬਰ 2022 ਵਿੱਚ ਥੋਕ ਮਹਿੰਗਾਈ ਦਾ ਅੰਕੜਾ 10.70 ਫ਼ੀਸਦੀ 'ਤੇ ਪਹੁੰਚਿਆ ਸੀ। ਕੇਂਦਰੀ ਵਣਜ ਮੰਤਰਾਲੇ ਵੱਲੋਂ ਅੱਜ ਜਾਰੀ ਕੀਤੇ ਗਏ ਅੰਕੜਿਆਂ ਨੇ ਸਰਕਾਰ ਅਤੇ ਆਰਥਿਕ ਮਾਹਰਾਂ ਦੀ ਚਿੰਤਾ ਵਧਾ ਦਿੱਤੀ ਹੈ।

ਆਰਥਿਕ ਮਾਹਰਾਂ ਮੁਤਾਬਕ ਮਹਿੰਗਾਈ ਵਧਣ ਦਾ ਮੁੱਖ ਕਾਰਨ ਰੋਜ਼ਾਨਾ ਦੀਆਂ ਲੋੜੀਂਦੀਆਂ ਵਸਤਾਂ ਅਤੇ ਬਾਲਣ (ਫਿਊਲ) ਦੀਆਂ ਕੀਮਤਾਂ ਵਿੱਚ ਹੋਇਆ ਭਾਰੀ ਵਾਧਾ ਹੈ। ਇਸ ਤੋਂ ਇਲਾਵਾ ਅਨਾਜ ਅਤੇ ਖਾਣ ਵਾਲੇ ਤੇਲ ਵੀ ਮਹਿੰਗੇ ਹੋਏ ਹਨ। ਦਰਅਸਲ, ਅਮਰੀਕਾ ਅਤੇ ਈਰਾਨ ਵਿਚਾਲੇ ਪਿਛਲੇ ਸਾਢੇ ਤਿੰਨ ਮਹੀਨਿਆਂ ਤੋਂ ਚੱਲ ਰਹੇ ਖੇਤਰੀ ਤਣਾਅ ਦਾ ਅਸਰ ਸਪਲਾਈ ਚੇਨ 'ਤੇ ਪਿਆ ਹੈ। ਜੇਕਰ ਆਉਣ ਵਾਲੇ ਦਿਨਾਂ ਵਿੱਚ ਸਥਿਤੀ ਆਮ ਵਾਂਗ ਨਾ ਹੋਈ ਤਾਂ ਮਹਿੰਗਾਈ ਦਾ ਇਹ ਗ੍ਰਾਫ਼ ਹੋਰ ਉੱਪਰ ਜਾ ਸਕਦਾ ਹੈ।



**ਰੋਜ਼ਾਨਾ ਦੀਆਂ ਵਸਤਾਂ, ਬਾਲਣ ਅਤੇ ਬਿਜਲੀ ਹੋਈ ਮਹਿੰਗੀ**

**ਪ੍ਰਾਇਮਰੀ ਆਰਟੀਕਲਸ:** ਰੋਜ਼ਾਨਾ ਦੀ ਲੋੜ ਵਾਲੇ ਸਾਮਾਨ ਦੀ ਮਹਿੰਗਾਈ ਦਰ 3.78 ਫ਼ੀਸਦੀ ਤੋਂ ਵਧ ਕੇ 4.99 ਫ਼ੀਸਦੀ ਹੋ ਗਈ ਹੈ।

**ਫੂਡ ਇੰਡੈਕਸ:** ਖਾਣ-ਪੀਣ ਵਾਲੀਆਂ ਚੀਜ਼ਾਂ ਦੀ ਥੋਕ ਮਹਿੰਗਾਈ 3.11 ਫ਼ੀਸਦੀ ਤੋਂ ਸਿੱਧੀ 4.49 ਫ਼ੀਸਦੀ 'ਤੇ ਪਹੁੰਚ ਗਈ ਹੈ।

**ਫਿਊਲ ਤੇ ਪਾਵਰ:** ਬਾਲਣ ਅਤੇ ਬਿਜਲੀ ਦੇ ਖੇਤਰ ਵਿੱਚ ਸਭ ਤੋਂ ਵੱਡਾ ਉਛਾਲ ਦੇਖਣ ਨੂੰ ਮਿਲਿਆ ਹੈ, ਜਿੱਥੇ ਇਹ ਦਰ 24.89 ਫ਼ੀਸਦੀ ਤੋਂ ਵਧ ਕੇ 30.33 (ਬਾਕੀ ਸਫ਼ਾ 2 'ਤੇ)

# ਪੰਜਾਬ ਵਿੱਚ 15 ਤੋਂ 21 ਜੂਨ ਤੱਕ ਮੀਂਹ ਦੇ ਆਸਾਰ; ਤੂਫ਼ਾਨ ਦੀ ਚਿਤਾਵਨੀ

ਚੜ੍ਹਦੀਕਲਾ ਬਿਊਰੋ



ਚੰਡੀਗੜ੍ਹ, 15 ਜੂਨ :ਭਾਰਤੀ ਮੌਸਮ ਵਿਭਾਗ ਵੱਲੋਂ ਜਾਰੀ ਤਾਜ਼ਾ ਰਿਪੋਰਟ ਅਨੁਸਾਰ ਪੰਜਾਬ, ਹਰਿਆਣਾ, ਚੰਡੀਗੜ੍ਹ, ਦਿੱਲੀ ਅਤੇ ਰਾਜਸਥਾਨ ਵਿੱਚ ਵੀ 15 ਤੋਂ 21 ਜੂਨ ਤੱਕ ਮੀਂਹ ਪੈਣ ਦੇ ਆਸਾਰ ਹਨ, ਜਿਸ ਦੇ ਨਾਲ ਕਿਤੇ-ਕਿਤੇ ਗਰਜ-ਚਮਕ ਅਤੇ ਤੇਜ਼ ਹਵਾਵਾਂ ਚੱਲਣ ਦੀ ਸੰਭਾਵਨਾ ਹੈ। ਪੰਜਾਬ ਅਤੇ ਹਰਿਆਣਾ ਵਿੱਚ 15 ਜੂਨ ਨੂੰ 60-70 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਤੂਫ਼ਾਨ ਆ ਸਕਦਾ ਹੈ।

ਦੱਖਣ-ਪੱਛਮੀ ਮਾਨਸੂਨ ਅੱਜ 15 ਜੂਨ, 2026 ਨੂੰ ਆਂਧਰਾ ਪ੍ਰਦੇਸ਼ ਅਤੇ ਪੱਛਮੀ ਬੰਗਾਲ ਦੇ ਬਾਕੀ ਹਿੱਸਿਆਂ ਸਮੇਤ ਤੇਲੰਗਾਨਾ, ਓਡੀਸ਼ਾ, ਝਾਰਖੰਡ ਅਤੇ ਬਿਹਾਰ ਦੇ ਕੁਝ ਹੋਰ ਇਲਾਕਿਆਂ ਵਿੱਚ ਅੱਗੇ ਵਧ ਗਿਆ ਹੈ। ਮੌਸਮ ਵਿਭਾਗ ਨੇ ਅਗਲੇ 6-7 ਦਿਨਾਂ ਦੌਰਾਨ ਉਪ-ਹਿਮਾਲਵੀ ਪੱਛਮੀ ਬੰਗਾਲ, ਸਿੱਕਮ, ਅਰੁਣਾਚਲ ਪ੍ਰਦੇਸ਼, ਅਸਾਮ ਅਤੇ ਮੇਘਾਲਿਆ ਵਿੱਚ ਕੁਝ ਥਾਵਾਂ 'ਤੇ ਭਾਰੀ ਤੋਂ ਬਹੁਤ ਭਾਰੀ ਮੀਂਹ ਪੈਣ ਦੀ ਸੰਭਾਵਨਾ ਜਤਾਈ ਹੈ। ਇਸ ਦੇ ਨਾਲ ਹੀ ਤੇਲੰਗਾਨਾ ਅਤੇ ਵਿਦਰਭ ਦੇ ਕੁਝ ਇਲਾਕਿਆਂ ਵਿੱਚ ਅਗਲੇ 2-3 ਦਿਨਾਂ ਤੱਕ ਗਰਮੀ ਦੀ ਲਹਿਰ (ਹੀਟ ਵੇਵ) ਚੱਲਣ ਦੀ ਚੇਤਾਵਨੀ ਦਿੱਤੀ ਗਈ ਹੈ। ਉੱਤਰੀ ਭਾਰਤ ਵਿੱਚ 15 ਤੋਂ 21 ਜੂਨ ਤੱਕ ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਵਿੱਚ ਹਲਕੀ ਤੋਂ ਦਰਮਿਆਨੀ ਬਾਰਿਸ਼ ਹੋਣ ਦੀ (ਬਾਕੀ ਸਫ਼ਾ 2 'ਤੇ)

# ਕੈਬਨਿਟ ਮੰਤਰੀ ਸੰਜੀਵ ਅਰੋੜਾ ਦੀ ਜ਼ਮਾਨਤ ਅਰਜ਼ੀ ਰੱਦ

## 26 ਜੂਨ ਤੱਕ ਨਿਆਂਇਕ ਹਿਰਾਸਤ ’ਚ ਹੀ ਰਹਿਣਗੇ

ਚੰਡੀਗੜ੍ਹ, 15 ਜੂਨ (ਚ.ਨ.ਸ.): ਗੁਰੂਗ੍ਰਾਮ ਅਦਾਲਤ ਵਿੱਚੋਂ ਅੱਜ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੂੰ ਜ਼ਮਾਨਤ ਨਹੀਂ ਮਿਲੀ, ਜੋ ਇੱਕ ਵੱਡਾ ਝਟਕਾ ਹੈ। ਅਦਾਲਤੀ ਫ਼ੈਸਲੇ ਅਨੁਸਾਰ ਸੰਜੀਵ ਅਰੋੜਾ ਹੁਣ 26 ਜੂਨ ਤੱਕ ਨਿਆਂਇਕ ਹਿਰਾਸਤ ’ਚ ਹੀ ਰਹਿਣਗੇ। ਅਦਾਲਤ ਨੇ ਕੈਬਨਿਟ ਮੰਤਰੀ ਅਰੋੜਾ ਦੀ ਜ਼ਮਾਨਤ ਅਰਜ਼ੀ ’ਤੇ 8 ਜੂਨ ਨੂੰ ਫ਼ੈਸਲਾ ਰਾਖਵਾਂ ਰੱਖ ਲਿਆ ਸੀ। ਐਨਫੋਰਸਮੈਂਟ ਡਾਇਰੈਕਟੋਰੇਟ ਨੇ ਮਨੀ ਲਾਂਡਰਿੰਗ ਕੇਸ ’ਚ ਮੰਤਰੀ ਸੰਜੀਵ ਅਰੋੜਾ ਨੂੰ 9 ਮਈ ਨੂੰ ਗ੍ਰਿਫ਼ਤਾਰ ਕੀਤਾ ਸੀ। ਕਰੀਬ ਸਵਾ ਮਹੀਨੇ ਤੋਂ ਸੰਜੀਵ ਅਰੋੜਾ ਹਿਰਾਸਤ ’ਚ ਹਨ।



ਈ.ਡੀ. ਵੱਲੋਂ ਮਨੀ ਲਾਂਡਰਿੰਗ ਕੇਸ ’ਚ ਸੰਜੀਵ ਅਰੋੜਾ ਤੋਂ ਲੰਮੀ ਪੁੱਛਗਿੱਛ ਵੀ ਕੀਤੀ ਗਈ ਸੀ। ਈ.ਡੀ. ਅਨੁਸਾਰ ਸੰਜੀਵ ਅਰੋੜਾ ਨੂੰ 100 ਕਰੋੜ ਰੁਪਏ ਦੇ ਮਨੀ ਲਾਂਡਰਿੰਗ ਕੇਸ ਅਤੇ ਫ਼ਰਜ਼ੀ ਜੀ.ਐੱਸ.ਟੀ. ਰਿਫੰਡ ਮਾਮਲੇ ’ਚ ਫੜਿਆ ਗਿਆ। ਈ.ਡੀ. ਟੀਮਾਂ ਨੇ ਹਫ਼ਤਾ ਪਹਿਲਾਂ ਸੰਜੀਵ ਅਰੋੜਾ ਦੀ ਕੰਪਨੀ ਦੇ ਅੱਧੀ ਦਰਜਨ ਟਿਕਾਣਿਆਂ ’ਤੇ ਮੁੜ ਛਾਪੇਮਾਰੀ ਕੀਤੀ ਸੀ। ਸੰਜੀਵ ਅਰੋੜਾ ਦੀ ਰਿਹਾਈ ਲਈ ਉਨ੍ਹਾਂ ਦੇ ਸ਼ੁੱਭਚਿੰਤਕਾਂ ਨੇ ਲੰਘੇ ਦਿਨੀਂ ਗੁਰੂ ਘਰਾਂ ’ਚ ਅਰਦਾਸਾਂ ਵੀ ਕੀਤੀਆਂ ਸਨ।

‘ਆਪ’ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੁੱਝ ਸਮਾਂ ਪਹਿਲਾਂ ਸੰਜੀਵ ਅਰੋੜਾ ਨਾਲ ਜੇਲ੍ਹ ’ਚ ਮੁਲਾਕਾਤ ਵੀ ਕੀਤੀ ਸੀ। ਉਸ ਤੋਂ ਪਹਿਲਾਂ ਅਰੋੜਾ ਦੀ ਗ੍ਰਿਫ਼ਤਾਰੀ ਮੌਕੇ ਪਾਰਟੀ ਵਰਕਰਾਂ ਨੇ ਸੂਬੇ ਭਰ ’ਚ ਰੋਸ ਮੁਜ਼ਾਹਰੇ ਵੀ ਕੀਤੇ ਸਨ। ਪੰਜਾਬ ਕੈਬਨਿਟ ’ਚ ਸੰਜੀਵ ਅਰੋੜਾ ਸਭ ਤੋਂ ਵੱਧ ਪਾਵਰਫੁੱਲ ਮੰਤਰੀ ਸਨ। ਇਸ ਮਾਮਲੇ ’ਚ ਪਾਵਰਕੌਮ ਦੇ ਅਧਿਕਾਰੀ ਵੀ ਪੁੱਛ-ਗਿੱਛ ਲਈ ਈ.ਡੀ. ਟੀਮਾਂ ਨੇ ਤਲਬ ਕੀਤੇ ਸਨ। ਪਾਵਰਕੌਮ ਵੱਲੋਂ ਮੰਤਰੀ ਦੀ ਕੰਪਨੀ ਨਾਲ ਸਬੰਧਿਤ ਲਏ ਫ਼ੈਸਲਿਆਂ ਨੂੰ ਲੈ ਕੇ ਈ.ਡੀ. ਜਾਂਚ ਕਰ ਰਹੀ ਹੈ। ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਇਸ ਮਾਮਲੇ ’ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੱਕ ਵੀ ਪਹੁੰਚ ਕੀਤੀ ਸੀ।

ਆਮ ਆਦਮੀ ਪਾਰਟੀ ਸੰਜੀਵ ਅਰੋੜਾ ਦੀ ਜ਼ਮਾਨਤ ਪ੍ਰਤੀ ਆਸਵੰਦ ਸੀ, ਪ੍ਰੰਤੂ ਅੱਜ ਅਦਾਲਤ ਵੱਲੋਂ ਜ਼ਮਾਨਤ ਅਰਜ਼ੀ ਖ਼ਾਰਜ ਕੀਤੇ ਜਾਣ ਨਾਲ ‘ਆਪ’ ਨੂੰ ਵੀ ਧੱਕਾ ਲੱਗਿਆ ਹੈ।

# ਅਰੁਣਾਚਲ ’ਚ 48 ਸਾਲ ਬਾਅਦ ਲਾਗੂ ਹੋਇਆ ‘ਧਾਰਮਿਕ ਆਜ਼ਾਦੀ ਐਕਟ’



ਈਟਾਨਗਰ, 15 ਜੂਨ (ਚ.ਨ.ਸ.): ਉੱਤਰੀ-ਪੂਰਬੀ ਤੇ ਸਰਹੱਦੀ ਸੂਬੇ ਅਰੁਣਾਚਲ ਪ੍ਰਦੇਸ਼ ਵਿਚ ਧਾਰਮਿਕ ਆਜ਼ਾਦੀ ਐਕਟ (ਫ੍ਰੀਡਮ ਆਫ ਰਿਲੀਜਨ ਐਕਟ-ਏਪੀਐੱਫਆਰਏ) ਕਾਨੂੰਨ ਪਾਸ ਹੋਣ ਦੇ 48 ਸਾਲਾਂ ਬਾਅਦ ਹੁਣ ਲਾਗੂ ਕੀਤਾ ਜਾ ਰਿਹਾ ਹੈ। ਇਸ ਕਾਨੂੰਨ ਦਾ ਮਕਸਦ ਲਾਲਚ ਦੇ ਕੇ ਅਤੇ ਜਬਰੀ ਧਰਮ ਤਬਦੀਲੀ ਨੂੰ ਰੋਕਣਾ ਹੈ। ਜਨਤਾ ਪਾਰਟੀ ਦੇ ਸ਼ਾਸਨ ਕਾਲ ਵਿਚ ਲਿਆਂਦਾ ਗਿਆ ਇਹ ਕਾਨੂੰਨ ਸਰਕਾਰ ਡਿੱਗਣ ਤੋਂ ਬਾਅਦ ਲਾਗੂ ਨਹੀਂ ਕੀਤਾ ਜਾ ਸਕਦਾ ਸੀ, ਜਿਹੜਾ ਹੁਣ ਭਾਰਤੀ ਜਨਤਾ ਪਾਰਟੀ ਦੇ ਸ਼ਾਸਨ ਕਾਲ ਵਿਚ ਅਮਲ ਵਿਚ ਲਿਆਂਦਾ ਗਿਆ ਹੈ। ਇਸ ਦੌਰਾਨ ਕਾਂਗਰਸ ਸਰਕਾਰ ਤੇ ਪੀਪਲਜ਼ ਪਾਰਟੀ ਆਫ ਅਰੁਣਾਚਲ (ਪੀਪੀਏ) ਦੇ ਸ਼ਾਸਨ ਕਾਲ ਵਿਚ ਇਸ ਕਾਨੂੰਨ ਨੂੰ ਠੰਢੇ ਬਸਤੇ ਵਿਚ ਪਾ ਦਿੱਤਾ ਗਿਆ ਸੀ। ਇਨ੍ਹਾਂ ਸਾਲਾਂ ਦੌਰਾਨ ਸੂਬੇ ’ਚ ਹਿੰਦੂਆਂ ਦੀ ਪ੍ਰਮੁੱਖ ਆਬਾਦੀ ਦੂਜੇ ਨੰਬਰ ’ਤੇ ਚਲੀ ਗਈ ਹੈ ਅਤੇ ਈਸਾਈ ਮਿਸ਼ਨਰੀਆਂ ਦੇ ਪ੍ਰਭਾਵ ’ਚ ਇੱਥੇ ਈਸਾਈ ਆਬਾਦੀ ਸਭ ਤੋਂ ਵੱਧ ਹੋ ਚੁੱਕੀ ਹੈ।ਸੇਵਾਮੁਕਤ ਜੱਜ ਬੀਪੀ ਕਟਕੇ ਦੀ ਪ੍ਰਧਾਨਗੀ ਵਿਚ ਇਕ ਉੱਚ ਪੱਧਰੀ ਕਮੇਟੀ ਨੇ 8 ਜੂਨ ਨੂੰ ਅਰੁਣਾਚਲ ਸਰਕਾਰ ਨੂੰ ਨਿਯਮਾਂ ਦਾ ਖਰੜਾ ਸੌਂਪਿਆ, ਲੱਗਭੱਗ 48 ਸਾਲਾਂ ਬਾਅਦ ਇਹ ਕਾਨੂੰਨ ਲਾਗੂ ਹੋਇਆ ਸੀ।

ਇਹ ਐਕਟ, ਜਿਹੜਾ 1978 ਵਿਚ ਪਾਸ ਹੋਇਆ ਸੀ, ਜਬਰੀ, ਧੋਖਾਧੜੀ ਜਾਂ ਲਾਲਚ ਜ਼ਰੀਏ ਧਰਮ ਬਦਲੀ ’ਤੇ ਰੋਕ ਲਗਾਉਂਦਾ ਹੈ, ਪਰ ਸੰਚਾਲਨ ਨਿਯਮਾਂ ਦੀ ਗੈਰ-ਹਾਜ਼ਰੀ ਕਾਰਨ ਇਸ ਨੂੰ ਲਾਗੂ ਨਹੀਂ ਕੀਤਾ ਗਿਆ।ਪੀਪੀਏ ਨੇ ਕੀਤਾ ਸਖ਼ਤ ਵਿਰੋਧ : ਪੀਪਲਜ਼ ਪਾਰਟੀ ਆਫ ਅਰੁਣਾਚਲ (ਪੀਪੀਏ) ਨੇ ਅਰੁਣਾਚਲ ਪ੍ਰਦੇਸ਼ ਫ੍ਰੀਡਮ ਆਫ ਰਿਲੀਜਨ ਐਕਟ (ਏਪੀਐੱਫਆਰਏ) ਨੂੰ ਲਾਗੂ ਕਰਨ ਦਾ ਸਖ਼ਤ ਵਿਰੋਧ ਕੀਤਾ ਹੈ ਅਤੇ ਸੂਬਾ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਹ ਇਸ ਕਾਨੂੰਨ ਦੀ ਪ੍ਰਸੰਗਿਕਤਾ ’ਤੇ ਚਰਚਾ ਕਰਨ ਲਈ ਤੁਰੰਤ ਇਕ ਵਿਸ਼ੇਸ਼ ਵਿਧਾਨ ਸਭਾ ਇਜਲਾਸ ਬੁਲਾਏ।

# ਪੱਛਮੀ ਏਸ਼ੀਆ ਤੇ ਭਾਰਤੀ ਨੀਤੀ ’ਚ ਸੰਤੁਲਨ ਰਾਸ਼ਟਰੀ ਹਿੱਤਾਂ ਲਈ ਜ਼ਰੂਰੀ : ਜੈਰਾਮ ਰਮੇਸ਼

ਨਵੀਂ ਦਿੱਲੀ, 15 ਜੂਨ (ਚ.ਨ.ਸ.): ਕਾਂਗਰਸ ਨੇ ਸੋਮਵਾਰ ਨੂੰ ਅਮਰੀਕਾ ਅਤੇ ਈਰਾਨ ਵਿਚਕਾਰ ਹੋਏ ਸਮਝੌਤੇ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਪੱਛਮੀ ਏਸ਼ੀਆ ਪ੍ਰਤੀ ਭਾਰਤ ਦੀ ਨੀਤੀ ’ਚ ਸੰਤੁਲਨ ਬਣਾਈ ਰੱਖਣਾ ਰਾਸ਼ਟਰੀ ਹਿੱਤ ’ਚ ਹੈ, ਪਰ ਨਰਿੰਦਰ ਮੋਦੀ ਸਰਕਾਰ ਹੁਣ ਤੱਕ ਅਜਿਹਾ ਕਰਨ ’ਚ ਅਸਫਲ ਰਹੀ ਹੈ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਵੀ ਵਿਅੰਗ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਉਮੀਦ ਕਰਨੀ ਬਹੁਤ ਜ਼ਿਆਦਾ ਹੋਵੇਗੀ ਕਿ ਇਜ਼ਰਾਈਲ ਪ੍ਰਤੀ ਆਪਣੀ ‘ਅੰਨ੍ਹੀ ਵਫ਼ਾਦਾਰੀ ਅਤੇ ਬਿਨਾਂ ਸ਼ਰਤ ਸਮਰਥਨ’ ’ਤੇ ਮੁੜ ਵਿਚਾਰ ਕਰਨ। ਅਮਰੀਕਾ ਅਤੇ ਈਰਾਨ ਵਿਚਾਲੇ 107 ਦਿਨਾਂ ਤੱਕ ਜਾਰੀ ਰਹੀ ਜੰਗ ਨੂੰ ਖਤਮ ਕਰਨ ਅਤੇ ਸਟ੍ਰੇਟ ਆਫ਼ ਹੋਰਮੁਜ਼ ਨੂੰ ਦੁਬਾਰਾ ਖੋਲ੍ਹਣ ਲਈ ਸਹਿਮਤੀ ਬਣ ਗਈ ਹੈ ਅਤੇ ਦੋਵਾਂ ਪੱਖਾਂ ਵਿਚਾਲੇ ਸਮਝੌਤੇ ’ਤੇ ਸ਼ੁੱਕਰਵਾਰ ਨੂੰ ਸਵਿਟਜ਼ਰਲੈਂਡ ’ਚ ਦਸਤਖ਼ਤ ਕੀਤੇ ਜਾਣਗੇ।



ਰਮੇਸ਼ ਨੇ ਸੋਸ਼ਲ ਮੀਡੀਆ ਮੰਚ ‘ਐਕਸ’ ’ਤੇ ਪੋਸਟ ਕੀਤਾ,’’ਇਹ ਖ਼ਬਰ ਸਵਾਗਤਯੋਗ ਹੈ ਕਿ ਅਮਰੀਕਾ ਅਤੇ ਈਰਾਨ 19 ਜੂਨ ਨੂੰ ਜਿਨੇਵਾ ’ਚ ਪੱਛਮੀ ਏਸ਼ੀਆ ’ਚ ਦੁਸ਼ਮਣੀ ਰੋਕਣ ਲਈ ਇਕ ਸਮਝੌਤੇ ’ਤੇ ਦਸਤਖ਼ਤ ਕਰਨ, ਭਾਵੇਂ ਹੀ ਪੂਰੀ ਜਾਣਕਾਰੀ ਅਜੇ ਅਧਿਕਾਰਤ ਤੌਰ ’ਤੇ ਜਨਤਕ ਨਹੀਂ ਕੀਤੀ ਗਈ ਹੈ।’’ ਉਨ੍ਹਾਂ ਕਿਹਾ ਕਿ ਸਾਰਿਆਂ ਨੂੰ ਉਮੀਦ ਹੈ ਕਿ ਦੋਵੇਂ ਦੇਸ਼ ਅਤੇ ਨਾਲ ਹੀ ਇਜ਼ਰਾਈਲ ਵੀ ਇਸ ਸਮਝੌਤੇ ਦੀ ਪਾਲਣਾ ਕਰਨਗੇ ਅਤੇ ਇਹ ਸਮਝੌਤਾ ਅੱਗੇ ਚੱਲ ਕੇ ਵੱਧ ਸਥਾਈ ਹੱਲ ਦਾ ਰਸਤਾ ਖੋਲ੍ਹੇਗਾ। ਉਨ੍ਹਾਂ ਕਿਹਾ,’’ਸਟ੍ਰੇਟ ਆਫ਼ ਹੋਰਮੁਜ਼ ਦੇ ਬਿਨਾਂ ਕਿਸੇ ਪਾਬੰਦੀ ਦੇ, ਫਿਰ ਤੋਂ ਖੋਲ੍ਹਣ ਨਾਲ ਭਾਰਤ ਨੂੰ ਯਕੀਨੀ ਰੂਪ ਨਾਲ ਵੱਡੀ ਰਾਹਤ ਮਿਲੇਗੀ, ਪਰ ਇਸ ਦਾ ਇਹ ਅਰਥ ਨਹੀਂ ਹੈ ਕਿ ਅਰਥਵਿਵਸਥਾ ਦੇ ਸਾਹਮਣੇ ਮੌਜੂਦ ਢਾਂਚਾਗਤ ਸਮੱਸਿਆਵਾਂ ਜਲਦ ਹੀ ਦੂਰ ਹੋ ਜਾਣਗੀਆਂ। ਇਹ ਚਿੰਤਾਵਾਂ ਪੱਛਮੀ ਏਸ਼ੀਆ ’ਚ ਮੌਜੂਦਾ ਯੁੱਧ ਤੋਂ ਪਹਿਲਾਂ ਦੀ ਹੈ, ਜੋ ਪ੍ਰਧਾਨ ਮੰਤਰੀ ਮੋਦੀ ਦੀ ਇਜ਼ਰਾਈਲ ਯਾਤਰਾ ਦੇ ਸਿਰਫ਼ 2 ਦਿਨ ਬਾਅਦ ਸ਼ੁਰੂ ਹੋਇਆ ਸੀ।’’

ਰਮੇਸ਼ ਨੇ ਦਾਅਵਾ ਕੀਤਾ,’’ਰੁਪਇਆ ਇਕ ਸਾਲ ਤੋਂ ਵੱਧ ਸਮੇਂ ਤੋਂ ਕਾਫ਼ੀ ਦਬਾਅ ’ਚ ਸੀ ਅਤੇ ਡਾਲਰ ਦੀ ਮੰਗ ਅਤੇ ਸਪਲਾਈ ਵਿਚਕਾਰ ਅੰਤਰ ਵਧਦਾ ਜਾ ਰਿਹਾ ਹੈ। ਨਿੱਜੀ ਨਿਵੇਸ਼ ਦਰਾਂ, ਜੋ ਕਿ GDP ਵਿਕਾਸ ਦਾ ਸਭ ਤੋਂ ਮਹੱਤਵਪੂਰਨ ਨਿਰਧਾਰਕ ਹੈ, ਕਈ ਸਾਲਾਂ ਤੋਂ ਸੁਸਤ ਰਹੀ ਹੈ।’ ਉਨ੍ਹਾਂ ਦਾ ਤਰਕ ਹੈ ਕਿ ਇਹ ਮੰਗ ’ਚ ਹੌਲੀ ਵਾਧੇ ਦਾ ਨਤੀਜਾ ਹੈ, ਜੋ ਬਦਲੇ ’ਚ ਵੱਖ-ਵੱਖ ਕਾਰਨਾਂ ਕਰਕੇ ਹੋਈ ਹੈ। ਉਨ੍ਹਾਂ ਕਿਹਾ,’ਪਿਛਲੇ ਇਕ ਦਹਾਕੇ ’ਚ ਅਸਲ ਮਜ਼ਦੂਰੀ ’ਚ ਠਹਿਰਾਅ ਹੈ, ਚੀਨ ਤੋਂ ਆਯਾਤ ਦੀ ‘ਡੰਪਿੰਗ’ ’ਤੇ ਰੋਕ ਲਗਾਉਣ ’ਚ ਮੋਦੀ ਸਰਕਾਰ ਦੀ ਅਸਫ਼ਲਤਾ ਕਾਰਨ ਰਿਕਾਰਡ ਵਪਾਰ ਘਾਟਾ ਹੋਇਆ ਹੈ ਅਤੇ ਖ਼ਾਸ ਕਰ ਕੇ ਰੁਜ਼ਗਾਰ ਪੈਦਾ ਕਰਨ ਵਾਲੇ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ (ਐੱਮਐੱਸਐੱਮਈ) ਦਾ ਵਾਧਾ ਖ਼ਤਰੇ ’ਚ ਪਿਆ ਹੈ।’’ ਕਾਂਗਰਸ ਦੇ ਜਨਰਲ ਸਕੱਤਰ ਨੇ ਦਾਅਵਾ ਕੀਤਾ ਕਿ ਟੈਕਸ ਅਧਿਕਾਰੀਆਂ ਅਤੇ ਜਾਂਚ ਏਜੰਸੀਆਂ ਨੂੰ ਦਿੱਤੀਆਂ ਗਈਆਂ ਬੇਕਾਬੂ ਸ਼ਕਤੀਆਂ ਕਾਰਨ ਕੁੱਲ ਮਿਲਾ ਕੇ ਨਿਵੇਸ਼ ਮਾਹੌਲ ਦਾ ਖ਼ਰਾਬ ਹੋਇਆ ਹੈ।

ਉਨ੍ਹਾਂ ਕਿਹਾ,’’ਪਾਕਿਸਤਾਨ, ਜਿਸ ਨੂੰ ਨਵੰਬਰ 2008 ’ਚ ਮੁੰਬਈ ’ਚ ਅੱਤਵਾਦੀ ਹਮਲਿਆਂ ਤੋਂ ਬਾਅਦ ਭਾਰਤ ਨੇ ਸਫ਼ਲਤਪੂਰਵਕ ਅਲੱਗ-ਥਲੱਗ ਕਰ ਦਿੱਤਾ ਸੀ, ਹੁਣ ਲੱਗਦਾ ਹੈ ਕਿ ਉਸ ਨੇ ਨਵਾਂ ਖੇਤਰੀ ਅਤੇ ਵਿਸ਼ਵਿਆਪੀ ਪ੍ਰਭਾਵ ਹਾਸਲ ਕਰ ਲਿਆ ਹੈ। ਪਾਕਿਸਤਾਨ ਦੇ ਰਣਨੀਤਕ ਢਾਂਚੇ ’ਚ ਚੀਨ ਦੀ ਡੂੰਘੀ ਪੈਠ ਕਾਰਨ ਇਹ ਸਥਿਤੀ ਭਾਰਤ ਦੀ ਵਿਦੇਸ਼ ਨੀਤੀ ਲਈ ਇਕ ਗੰਭੀਰ ਭੂ-ਰਾਜਨੀਤਕ ਚੁਣੌਤੀ ਬਣ ਗਈ ਹੈ।’’ ਰਮੇਸ਼ ਨੇ ਕਿਹਾ,’’ਪ੍ਰਧਾਨ ਮੰਤਰੀ ਤੋਂ ਇਹ ਉਮੀਦ ਕਰਨਾ ਬਹੁਤ ਹੋਵੇਗਾ ਕਿ ਉਹ ਇਜ਼ਰਾਈਲ ਦੇ ਪ੍ਰਤੀ ਆਪਣੀ ਅੰਧਭਗਤੀ ਅਤੇ ਬਿਨਾਂ ਸ਼ਰਤ ਸਮਰਥਨ ’ਤੇ ਮੁੜ ਵਿਚਾਰ ਕਰਨਗੇ ਪਰ ਮਾਨਤਾਵਾਦੀ ਪਹਿਲੂਆਂ ਅਤੇ ਲੰਬੇ ਸਮੇਂ ਤੋਂ ਚੱਲੀਆਂ ਆ ਰਹੀਆਂ ਵਚਨਬੱਧਤਾਵਾਂ ਤੋਂ ਇਲਾਵਾ, ਸਾਡਾ ਰਾਸ਼ਟਰੀ ਹਿੱਤ ਉਸ ਸੰਤੁਲਨ ਦੀ ਮੰਗ ਕਰਦਾ ਹੈ, ਜੋ ਪ੍ਰਧਾਨ ਮੰਤਰੀ ਮੋਦੀ ਨੇ ਨਹੀਂ ਦਿਖਾਇਆ ਹੈ।’’

# ਦੇਸ਼ ਦੀਆਂ ਪ੍ਰਾਪਤੀਆਂ ਨੂੰ ਨਜ਼ਰਅੰਦਾਜ਼ ਕਰ ਰਹੇ ਨੇ ਰਾਹੁਲ: ਸੀਤਾਰਾਮਨ

ਬੰਗਲੁਰੂ, 15 ਜੂਨ (ਚ.ਨ.ਸ.) : ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਕਾਂਗਰਸ ਆਗੂ ਰਾਹੁਲ ਗਾਂਧੀ ਉੱਤੇ ਤਿੱਖਾ ਹਮਲਾ ਕਰਦਿਆਂ ਦੋਸ਼ ਲਗਾਇਆ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰ ਸਰਕਾਰ ਦੀ ਆਲੋਚਨਾ ਕਰਨ ਲਈ ਭਾਰਤ ਅਤੇ ਭਾਰਤੀ ਲੋਕਾਂ ਦੀਆਂ ਪ੍ਰਾਪਤੀਆਂ ਨੂੰ ਨਜ਼ਰਅੰਦਾਜ਼ ਕਰ ਰਹੇ ਹਨ।



ਵਿੱਤ ਮੰਤਰੀ ਨੇ ‘ਵਿਕਸਿਤ ਭਾਰਤ ਸੰਕਲਪ ਸਮਾਵੇਸ਼’ ਪ੍ਰੋਗਰਾਮ ਦੌਰਾਨ ਭਾਜਪਾ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਰਾਹੁਲ ਗਾਂਧੀ ਹਰ ਵਾਰ ਲੋਕ ਸਭਾ ਵਿੱਚ ਇਹ ਦਿਖਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਦੇਸ਼ ਕਿਸੇ ਵੱਡੇ ਸੰਕਟ ਵੱਲ ਵੱਧ ਰਿਹਾ ਹੈ, ਜਦਕਿ ਅਸਲ ਵਿੱਚ ਅਜਿਹਾ ਕੁਝ ਨਹੀਂ ਹੈ। ਭਾਰਤ ਲਗਾਤਾਰ ਦੁਨੀਆਂ ਦਾ ਤੇਜ਼ੀ ਨਾਲ ਵਿਕਸਿਤ ਹੋ ਰਿਹਾ ਅਰਥਚਾਰਾ ਬਣਿਆ ਹੋਇਆ ਹੈ।

ਇਹ ਦਾਅਵਾ ਕੇਵਲ ਸਰਕਾਰ ਨਹੀਂ ਕਰ ਰਹੀ, ਸਗੋਂ ਵਿਕਾਸ ਦਰ ਦੇ ਅੰਕੜੇ ਅਤੇ ਕੌਮਾਂਤਰੀ ਸੰਸਥਾਵਾਂ ਵੀ ਇਸ ਦੀ ਪੁਸ਼ਟੀ ਕਰਦੀਆਂ ਹਨ।

ਉਨ੍ਹਾਂ ਕਿਹਾ ਕਿ ਪੱਛਮੀ ਏਸ਼ੀਆ ਵਿੱਚ ਤਣਾਅ ਅਤੇ ਹੋਰ ਵਿਸ਼ਵ ਪੱਧਰੀ ਚੁਣੌਤੀਆਂ ਦੇ ਬਾਵਜੂਦ ਭਾਰਤ ਨੇ ਈਂਧਣ ਅਤੇ ਜ਼ਰੂਰੀ ਸਪਲਾਈ ਨੂੰ ਬਿਨਾਂ ਰੁਕਾਵਟ ਜਾਰੀ ਰੱਖਿਆ ਹੈ।ਉਨ੍ਹਾਂ ਅਨੁਸਾਰ ਜਹਾਜ਼ਰਾਨੀ ਅਤੇ ਬੀਮਾ ਲਾਗਤਾਂ ਵਧਣ ਦੇ ਬਾਵਜੂਦ ਸਰਕਾਰ ਨੇ ਸਥਿਤੀ ਨੂੰ ਸੰਭਾਲਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪਿਛਲੇ 12 ਸਾਲਾਂ ਵਿੱਚ 25 ਕਰੋੜ ਲੋਕ ਗਰੀਬੀ ’ਚੋਂ ਬਾਹਰ ਆਏ ਹਨ, 12 ਕਰੋੜ ਤੋਂ ਵੱਧ ਪਖਾਨੇ ਬਣਾਏ ਗਏ ਅਤੇ ਜਨ ਧਨ, ਆਧਾਰ ਅਤੇ ਮੋਬਾਈਲ ਕੁਨੈਕਟੀਵਿਟੀ ਰਾਹੀਂ ਡਿਜੀਟਲ ਢਾਂਚਾ ਮਜ਼ਬੂਤ ਹੋਇਆ ਹੈ।

### ਅਧਿਆਪਕ ਭਰਤੀ ਘਪਲਾ

# ਈ. ਡੀ. ਦੇ ਅੱਗੇ ਪੇਸ਼ ਹੋਏ ਤ੍ਰਿਣਮੂਲ ਸਾਂਸਦ ਅਭਿਸ਼ੇਕ ਬੈਨਰਜੀ

ਕੋਲਕਾਤਾ, 15 ਜੂਨ (ਚ.ਨ.ਸ.) : ਇਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਦੇ ਅਧਿਕਾਰੀਆਂ ਨੇ ਸੋਮਵਾਰ ਕਥਿਤ ਪ੍ਰਾਇਮਰੀ ਸਕੂਲ ਭਰਤੀ ਘਪਲੇ ਦੀ ਜਾਂਚ ਸਬੰਧੀ ਤ੍ਰਿਣਮੂਲ ਕਾਂਗਰਸ ਦੇ ਰਾਸ਼ਟਰੀ ਜਨਰਲ ਸਕੱਤਰ ਅਭਿਸ਼ੇਕ ਬੈਨਰਜੀ ਤੋਂ ਪੁੱਛਗਿੱਛ ਕੀਤੀ। ਇਕ ਅਧਿਕਾਰੀ ਨੇ ਕਿਹਾ ਕਿ ਬੈਨਰਜੀ ਤੋਂ ਇਹ ਪੁੱਛਗਿੱਛ ਅਜਿਹੇ ਸਮੇਂ ਹੋਈ ਹੈ ਜਦੋਂ ਅਪਰਾਧਿਕ ਜਾਂਚ ਵਿਭਾਗ (ਸੀ. ਆਈ. ਡੀ.) ਨੇ ਪੱਛਮੀ ਬੰਗਾਲ ਵਿਧਾਨ ਸਭਾ ’ਚ ਵਿਰੋਧੀ ਧਿਰ ਦੇ ਨੇਤਾ ਦੀ ਨਿਯੁਕਤੀ ਲਈ ਵਿਧਾਇਕਾਂ ਦੇ ਦਸਤਖ਼ਤਾਂ ਦੀ ਕਥਿਤ



ਜਾਅਲਸਾਜ਼ੀ ਦੇ ਸਬੰਧ ’ਚ ਤ੍ਰਿਣਮੂਲ ਕਾਂਗਰਸ ਦੇ ਰਾਸ਼ਟਰੀ ਜਨਰਲ ਸਕੱਤਰ ਤੋਂ ਐਤਵਾਰ ਵੀ ਲੱਗਭੱਗ ਸਾਢੇ ਅੱਠ ਘੰਟੇ ਪੁੱਛਗਿੱਛ ਕੀਤੀ ਸੀ।ਅਧਿਕਾਰੀ ਨੇ ਕਿਹਾ ਕਿ ਕੇਂਦਰੀ ਜਾਂਚ ਏਜੰਸੀ ਨੇ ਘਪਲੇ ਸਬੰਧੀ ਡਾਇਮੰਡ ਹਾਰਬਰ ਦੇ ਸੰਸਦ ਮੈਂਬਰ ਬੈਨਰਜੀ ਤੋਂ ਪੁੱਛੇ ਜਾਣ ਵਾਲੇ 2 ਦਰਜਨ ਸਵਾਲਾਂ ਦੀ ਸੂਚੀ ਤਿਆਰ ਕੀਤੀ ਹੈ। ਪੁੱਛਗਿੱਛ ਦੀ ਪੂਰੀ ਪ੍ਰਕਿਰਿਆ ਦੀ ਵੀਡੀਓਗ੍ਰਾਫੀ ਕੀਤੀ ਜਾਵੇਗੀ, ਤਸਦੀਕ ਕੀਤੀ ਜਾਵੇਗੀ ਤੇ ਮਾਮਲੇ ’ਚ ਗ੍ਰਿਫ਼ਤਾਰ ਕੀਤੇ ਗਏ ਹੋਰ ਮੁਲਜ਼ਮਾਂ ਦੇ ਸਬੂਤਾਂ ਤੇ ਬਿਆਨਾਂ ਨਾਲ ਤੁਲਨਾ ਕੀਤੀ ਜਾਵੇਗੀ।

## ਪਾਕਿ ਨੇ ਮੁੜ ਤੋੜੀ ਜੰਗਬੰਦੀ, ਭਾਰਤੀ

ਫੌਜ ਦੇ ਜਵਾਨਾਂ ਨੇ ਚੌਕਸੀ ਦਿਖਾਉਂਦੇ ਹੋਏ ਜਵਾਬੀ ਫਾਇਰਿੰਗ ਕਰ ਕੇ ਪਾਕਿ ਨੂੰ ਕਰਾਰਾ ਜਵਾਬ ਦਿੱਤਾ, ਜਿਸ ਤੋਂ ਬਾਅਦ ਪਾਕਿਸਤਾਨੀ ਪੱਖ ਦੀਆਂ ਸਰਗਰਮੀਆਂ ਸ਼ਾਂਤ ਹੋ ਗਈਆਂ।

ਭਾਰਤੀ ਫੌਜ ਨੇ ਸਥਿਤੀ ਅਨੁਸਾਰ ਜਵਾਬੀ ਕਾਰਵਾਈ ਕਰਦੇ ਹੋਏ ਆਪਣੀਆਂ ਚੌਕੀਆਂ ਦੀ ਸੁਰੱਖਿਆ ਯਕੀਨੀ ਬਣਾਈ ਅਤੇ ਪਾਕਿਸਤਾਨੀ ਫੌਜ ਦੀ ਗੋਲਾਬਾਰੀ ਦਾ ਮੂੰਹ-ਤੋੜ ਜਵਾਬ ਦਿੱਤਾ ਹੈ। ਘਟਨਾ ਦੇ ਬਾਅਦ ਤੋਂ ਫੌਜ ਅਲਰਟ ਮੋਡ ’ਚ ਆ ਗਈ ਹੈ।

## ਸਾਰੇ ਸਿੱਖ ਵਿਧਾਇਕ ਤੇ ਪੰਜਾਬ ਕੈਬਨਿਟ

ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਨੂੰ ਛੱਡ ਕੇ ਸਰਕਾਰ ਦੀ ਕੈਬਨਿਟ ਦੇ ਸਿੱਖ ਮੰਤਰੀਆਂ, ਵੱਖ-ਵੱਖ ਸਿਆਸੀ ਪਾਰਟੀਆਂ ਦੇ ਸਿੱਖ ਵਿਧਾਨ ਸਭਾ ਮੈਂਬਰਾਂ ਨੂੰ ਮਿਤੀ 29 ਜੂਨ 2026 ਨੂੰ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਤਲਬ ਕੀਤਾ ਜਾਵੇ ਅਤੇ ਸਰਕਾਰ ਦੀ ਕੈਬਨਿਟ ਦੇ ਗ਼ੈਰ-ਸਿੱਖ ਮੰਤਰੀਆਂ ਪਾਸੋਂ ਲਿਖਤੀ ਸਪੱਸ਼ਟੀਕਰਨ ਲਿਆ ਜਾਵੇ।

ਦੂਜੇ ਮਤੇ ਵਿੱਚ ਫ਼ੈਸਲਾ ਕੀਤਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਿਰੁੱਧ ਮਿਤੀ 04 ਜਨਵਰੀ 2026 ਨੂੰ ਸ਼ਿਕਾਇਤ ਵਿੱਚ ਪੁੱਜੀ ਅਤਿ ਇਤਰਾਜ਼ਯੋਗ ਵੀਡੀਓ ਦਾ ਮਾਮਲਾ ਗੰਭੀਰਤਾ ਨਾਲ ਵਿਚਾਰਿਆ ਗਿਆ। ਇਸ ਸਬੰਧ ਵਿੱਚ ਜਦੋਂ ਮਿਤੀ 15 ਜਨਵਰੀ 2026 ਨੂੰ ਮੁੱਖ ਮੰਤਰੀ ਭਗਵੰਤ ਸਿੰਘ ਨੂੰ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਸੱਦਿਆ ਗਿਆ ਸੀ, ਉਸ ਸਮੇਂ ਸਿੰਘ ਸਾਹਿਬ ਜੀ ਵੱਲੋਂ ਉਸ ਨੂੰ ਵੀਡੀਓ ਬਾਰੇ ਪੁੱਛਿਆ ਗਿਆ, ਜਿਸ ’ਤੇ ਮੁੱਖ ਮੰਤਰੀ ਨੇ ਵੀਡੀਓ ਨੂੰ ਝੂਠੀ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਨਾਲ ਬਣਾਈ ਕਿਹਾ। ਇਸ ’ਤੇ ਸਿੰਘ ਸਾਹਿਬ ਨੇ ਮੁੱਖ ਮੰਤਰੀ ਨੂੰ ਆਦੇਸ਼ ਕੀਤਾ ਕਿ ਉਹ ਵੀਡੀਓ ਦੀ ਜਾਂਚ ਲਈ ਕੋਈ ਦੋ ਫੋਰੈਂਸਿਕ ਲੈਬੋਰੇਟਰੀਆਂ ਸੁਝਾਉਣ ਅਤੇ ਇਸ ਸਬੰਧੀ ਮਿਤੀ 27 ਜਨਵਰੀ 2026 ਨੂੰ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮੁੱਖ ਮੰਤਰੀ ਨੂੰ ਪੱਤਰ ਵੀ ਭੇਜਿਆ ਗਿਆ। ਲੇਕਿਨ ਮੁੱਖ ਮੰਤਰੀ ਜਾਂ ਇਸ ਦੇ ਦਫ਼ਤਰ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ। ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਵੀਡੀਓ ਨੂੰ ਆਪਣੇ ਪੱਧਰ ’ਤੇ ਦੋ ਫੋਰੈਂਸਿਕ ਲੈਬਾਂ ਜੋ ਭਾਰਤ ਸਰਕਾਰ ਤੋਂ ਮਾਨਤਾ ਪ੍ਰਾਪਤ ਹਨ ਤੋਂ ਜਾਂਚ ਕਰਵਾਈ, ਜਿਨ੍ਹਾਂ ਦੀ ਰਿਪੋਰਟਾਂ (ਮਿਤੀ 27 ਮਈ 2026 ਅਤੇ 13 ਜੂਨ 2026) ਵਿੱਚ ਸਬੰਧਤ ਵੀਡੀਓ ਸਹੀ ਪਾਈ ਗਈ ਹੈ ਅਤੇ ਇਸ ਵਿੱਚ ਕੋਈ ਛੇੜਛਾੜ ਜਾਂ ਏ.ਆਈ. ਦੇ ਤੱਤ ਨਹੀਂ ਹਨ।

ਵੀਡੀਓ ਵਿੱਚ ਭਗਵੰਤ ਸਿੰਘ ਅਤਿ ਸਤਿਕਾਰਤ ਦਸ ਸਿੱਖ ਗੁਰੂ ਸਾਹਿਬਾਨ ਦੀ ਪ੍ਰਤੀਕ ਤੌਰ ’ਤੇ ਪ੍ਰਚਲਿਤ ਤਸਵੀਰ ’ਤੇ ਸ਼ਰਾਬ ਦੇ ਛਿੱਟੇ ਅਤੇ 20ਵੀਂ ਸਦੀ ਦੇ ਮਹਾਨ ਸਿੱਖ ਅਤੇ ਕੌਮੀ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਤਸਵੀਰ ਨਾਲ ਅਤਿ ਇਤਰਾਜ਼ਯੋਗ ਹਰਕਤਾਂ ਕਰਦਾ ਅਤੇ ਸ਼ਰਾਬ ਦੇ ਛਿੱਟੇ ਮਾਰਦਾ ਦਿਖਦਾ ਹੈ। ਗੁਰੂ ਖ਼ਾਲਸਾ ਪੰਥ ਅਜਿਹੀਆਂ ਹਰਕਤਾਂ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦਾ।

ਇਹ ਮਾਮਲਾ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੱਦੀ ਗਈ ਪੰਥਕ ਜਥੇਬੰਦੀਆਂ, ਸੰਪਰਦਾਵਾਂ, ਦਲ ਪੰਥਾਂ, ਵਿਦਵਾਨਾਂ ਤੇ ਕਾਨੂੰਨੀ ਮਾਹਰਾਂ ਦੀ ਇਕੱਤਰਤਾ ਵਿੱਚ ਵਿਚਾਰਿਆ ਗਿਆ, ਜਿੱਥੇ ਸਮੂਹ ਪੰਥਕ ਸ਼ਖ਼ਸ਼ੀਅਤਾਂ ਵੱਲੋਂ ਇਹ ਵਿਚਾਰ ਕੀਤਾ ਗਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਨੂੰ ਗੁਰੂ ਦੋਖੀ ਅਤੇ ਪੰਥ ਵਿਰੋਧੀ ਐਲਾਨਿਆ ਜਾਵੇ। ਇੱਕ ਮੁੱਖ ਮੰਤਰੀ ਦਾ ਅਹੁਦਾ ਬਹੁਤ ਹੀ ਸਤਿਕਾਰਤ ਹੁੰਦਾ ਹੈ, ਜਿਸ ਨੇ ਸੂਬੇ ਦੇ ਹਰ ਨਾਗਰਿਕ ਦੀ ਨੁਮਾਇੰਦਗੀ ਕਰਨੀ ਹੁੰਦੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਨੇ ਵੀਡੀਓ ਦੇ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਆ ਕੇ ਝੂਠ ਬੋਲਿਆ ਹੈ, ਇਸ ਤੋਂ ਇਹ ਆਸ ਨਹੀਂ ਕੀਤੀ ਜਾ ਸਕਦੀ ਕਿ ਇਹ ਮੁੱਖ ਮੰਤਰੀ ਵਜੋਂ ਗੁਰੂ ਅਤੇ ਸਿੱਖ ਹਿਤੈਸ਼ੀ ਫ਼ੈਸਲੇ ਕਰ ਸਕੇ। ਸਿੱਖ ਸੰਗਤ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦਿਆਂ ਅੱਜ ਦੀ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਨੂੰ ਗੁਰੂ ਦੋਖੀ ਅਤੇ ਖ਼ਾਲਸਾ ਪੰਥ ਵਿਰੋਧੀ ਕਰਾਰ ਦਿੰਦੀ ਹੈ। ਗੁਰੂ ਖ਼ਾਲਸਾ ਪੰਥ ਇਸ ਨੂੰ ਮੂੰਹ ਨਾ ਲਗਾਵੇ।

## ਕੋਰਟ ਨੇ ਮਜੀਠੀਆ ਨੂੰ ਦਿੱਤੀ ਅੰਤ੍ਰਿਮ ਜ਼ਮਾਨਤ

ਪਾਉਣ ਦੇ ਇਲਜ਼ਾਮ ਲੱਗੇ ਸੀ। ਇਸ ਮਾਮਲੇ ਵਿੱਚ 10 ਜੂਨ ਨੂੰ ਅਦਾਲਤ ਦੇ ਵਿੱਚ ਸੁਣਵਾਈ ਹੋਈ ਸੀ। ਉਸ ਦੌਰਾਨ ਥਾਣਾ ਮਜੀਠਾ ਵਿੱਚ ਲੱਗੇ ਸੀਸੀਟੀਵੀ ਫੁਟੇਜ ਪੁਲਿਸ ਵੱਲੋਂ ਪੇਸ਼ ਨਹੀਂ ਕੀਤੇ ਗਏ ਸੀ, ਜਿਸ ਕਾਰਨ ਕਾਫੀ ਸਵਾਲ ਖੜੇ ਕੀਤੇ ਜਾ ਰਹੇ ਸਨ। ਜਿਸ ਦੇ ਚਲਦੇ ਉਸ ਸਮੇਂ ਜ਼ਮਾਨਤ ਰੋਕ ਦਿੱਤੀ ਗਈ ਸੀ।

## .ਗਰੀਬ ਬੱਚਿਆਂ ਨੂੰ ਨਿੱਜੀ ਸਕੂਲਾਂ ’ਚ ਕੋਟਾ ਨਾ ਦੇਣ

ਇੱਕ ਫੈਸਲੇ ਦਾ ਹਵਾਲਾ ਦਿੱਤਾ ਜਿਸ ਵਿੱਚ ਆਰ.ਟੀ.ਈ. ਐਕਟ ਦੀ ਮਾਨਤਾ ਨੂੰ ਬਰਕਰਾਰ ਰੱਖਿਆ ਗਿਆ ਸੀ।

ਬੈਂਚ ਨੇ ਰਾਜ ਵੱਲੋਂ ਪਹਿਲਾਂ ਦਾਇਰ ਕੀਤੇ ਗਏ ਇੱਕ ਹਲਫ਼ਨਾਮੇ ਦਾ ਹਵਾਲਾ ਦਿੱਤਾ ਜਿਸ ਵਿੱਚ ਕਿਹਾ ਗਿਆ ਸੀ ਕਿ ਆਰਥਿਕ ਤੌਰ ’ਤੇ ਕਮਜ਼ੋਰ ਵਰਗ ਦੇ 450 ਤੋਂ ਵੱਧ ਵਿਦਿਆਰਥੀਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚ ਦਾਖਲ ਕੀਤਾ ਗਿਆ ਸੀ। ਪਟੀਸ਼ਨਕਰਤਾ ਨੇ ਕਿਹਾ ਕਿ ਇਹ ਸੰਖਿਆ ਲੱਗਭੱਗ 50,000 ਹੋਣੀ ਚਾਹੀਦੀ ਸੀ, ਕਿਉਂਕਿ ਸਰਕਾਰੀ ਅੰਕੜਿਆਂ ਅਨੁਸਾਰ ਹਰ ਸਾਲ ਐਂਟਰੀ ਪੱਧਰ (ਪਹਿਲੀ ਜਮਾਤ) ’ਤੇ ਲਗਭਗ ਦੋ ਲੱਖ ਵਿਦਿਆਰਥੀ ਦਾਖਲ ਹੁੰਦੇ ਹਨ।

ਸਰਵਉੱਚ ਅਦਾਲਤ ਨੇ ਸੁਝਾਅ ਦਿੱਤਾ ਕਿ ਪਟੀਸ਼ਨਕਰਤਾ ਘੱਟੋ-ਘੱਟ ਇੱਕ ਜ਼ਿਲ੍ਹੇ ਵਿੱਚ ਸਰਵੇਖਣ ਕਰੇ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਉੱਥੇ ਕਿੰਨੇ ਪ੍ਰਾਈਵੇਟ ਸਕੂਲ ਹਨ ਅਤੇ ਉਨ੍ਹਾਂ ਵਿੱਚੋਂ ਕਿੰਨੇ ਐਕਟ ਦੇ ਉਪਬੰਧਾਂ ਨੂੰ ਲਾਗੂ ਨਹੀਂ ਕਰ ਰਹੇ ਹਨ। ਜਦੋਂ ਪਟੀਸ਼ਨਕਰਤਾ ਨੇ ਕਿਹਾ ਕਿ ਉਸਨੇ ਪਿਛਲੇ ਸਾਲ ਇਸ ਮੁੱਦੇ ’ਤੇ ਆਰ.ਟੀ.ਆਈ. ਦਾਇਰ ਕੀਤੀ ਸੀ, ਤਾਂ ਬੈਂਚ ਨੇ ਟਿੱਪਣੀ ਕੀਤੀ ਕਿ ਆਰ.ਟੀ.ਆਈ. ਨਾਲ ਸਮੱਸਿਆ ਇਹ ਹੈ ਕਿ ਅਧਿਕਾਰੀ ਪੁੱਛੇ ਗਏ ਸਵਾਲਾਂ ਦੀ ਪ੍ਰਕਿਰਤੀ ਅਨੁਸਾਰ ਹੀ ਜਵਾਬ ਦਿੰਦੇ ਹਨ।

ਪਟੀਸ਼ਨ ਵਿੱਚ ਕੇਂਦਰ ਨੂੰ ਪੰਜਾਬ ਵਿੱਚ ਨਿਰੰਤਰ ਅਧਾਰ ’ਤੇ ਐਕਟ ਦੀ ਧਾਰਾ 12(1)(ਸੀ) ਦੀ ਪਾਲਣਾ ਦੀ ਨਿਗਰਾਨੀ ਅਤੇ ਸੁਰੱਖਿਆ ਲਈ ਜਨਤਾ ਦੀ ਪਹੁੰਚ ਵਾਲੇ ਡੈਸ਼ਬੋਰਡਾਂ ਸਮੇਤ ਇੱਕ ਪਾਰਦਰਸ਼ੀ, ਸਮਾਂਬੱਧ ਅਤੇ ਪੁਸ਼ਟੀਕਰਨ ਯੋਗ ਪ੍ਰਣਾਲੀ ਸਥਾਪਤ ਕਰਨ ਅਤੇ ਯਕੀਨੀ ਬਣਾਉਣ ਲਈ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਹੈ। ਐਕਟ ਦੀ ਧਾਰਾ 12 ਮੁਫ਼ਤ ਅਤੇ ਲਾਜ਼ਮੀ ਸਿੱਖਿਆ ਲਈ ਸਕੂਲ ਦੀ ਜ਼ਿੰਮੇਵਾਰੀ ਦੀ ਹੱਦ ਨਾਲ ਸਬੰਧਤ ਹੈ। ਧਾਰਾ 12(1)(ਸੀ) ਕਹਿੰਦੀ ਹੈ ਕਿ ਇੱਕ ਸਕੂਲ ਪਹਿਲੀ ਜਮਾਤ ਵਿੱਚ, ਉਸ ਜਮਾਤ ਦੀ ਕੁੱਲ ਸਮਰੱਥਾ ਦੇ ਘੱਟੋ-ਘੱਟ 25 ਫ਼ੀਸਦੀ ਤੱਕ, ਆਸ-ਪਾਸ ਦੇ ਕਮਜ਼ੋਰ ਵਰਗਾਂ ਅਤੇ ਪੱਛੜੇ ਸਮੂਹਾਂ ਦੇ ਬੱਚਿਆਂ ਨੂੰ ਦਾਖਲ ਕਰੇਗਾ ਅਤੇ ਇਸ ਦੇ ਪੂਰਾ ਹੋਣ ਤੱਕ ਮੁਫ਼ਤ ਅਤੇ ਲਾਜ਼ਮੀ ਮੁੱਢਲੀ ਸਿੱਖਿਆ ਪ੍ਰਦਾਨ ਕਰੇਗਾ।

ਪਟੀਸ਼ਨ ਵਿੱਚ ਕੇਂਦਰ ਨੂੰ ਪੰਜਾਬ ਵਿੱਚ ਐਕਟ ਦੇ ਉਪਬੰਧਾਂ ਨੂੰ ਲਾਗੂ ਕਰਨ ਲਈ ਇੱਕ ਪਾਰਦਰਸ਼ੀ, ਸਮਾਂਬੱਧ ਅਤੇ ਪ੍ਰਭਾਵਸ਼ਾਲੀ ਪ੍ਰਣਾਲੀ ਸਥਾਪਤ ਕਰਨ ਨੂੰ ਯਕੀਨੀ ਬਣਾਉਣ ਲਈ ਨਿਰਦੇਸ਼ ਦੇਣ ਦੀ ਵੀ ਮੰਗ ਕੀਤੀ ਗਈ ਹੈ, ਜਿਸ ਵਿੱਚ ਉਪਲੱਬਧ ਸੀਟਾਂ ਦਾ ਨਿਰਧਾਰਨ ਅਤੇ ਪ੍ਰਕਾਸ਼ਨ, ਦਾਖਲਾ ਸੂਚੀ (ਸ਼ਡਿਊਲ) ਦਾ ਪ੍ਰਕਾਸ਼ਨ, ਪਹੁੰਚਯੋਗ ਅਪਲਾਈ ਪ੍ਰਕਿਰਿਆ, ਰੀਇੰਬਰਸਮੈਂਟ (ਖਰਚਾ ਵਾਪਸੀ) ਫਰੇਮਵਰਕ ਅਤੇ ਨਿਯਮਾਂ ਦੀ ਪਾਲਣਾ ਨਾ ਕਰਨ ’ਤੇ ਕਾਨੂੰਨੀ ਕਾਰਵਾਈ ਸ਼ਾਮਲ ਹੈ।

## ਆਮ ਪਰਿਵਾਰਾਂ ਦੇ ਬੱਚੇ ਲਗਾਤਾਰ ਵਧਾ ਰਹੇ ਨੇ ਸੂਬੇ ਦਾ ਮਾਣ: ਮਾਨ

ਬਣਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ। ਸੂਬਾ ਸਰਕਾਰ ਦਾ ਸੁਪਨਾ ਪੰਜਾਬ ਦੇ ਹੋਰਨਾਂ ਨੌਜਵਾਨਾਂ ਨੂੰ ਵੀ ਲੋਕ ਸੇਵਾ ਦੇ ਉੱਚ ਤੇ ਵੱਕਾਰੀ ਅਹੁਦਿਆਂ ’ਤੇ ਪਹੁੰਚਦੇ ਦੇਖਣਾ ਹੈ।

ਇਸ ਮੁਲਾਕਾਤ ਦੇ ਕੁਝ ਅੰਸ਼ ਸਾਂਝੇ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ,“ਅੱਜ, ਮੈਨੂੰ ਉਨ੍ਹਾਂ ਹੁਸ਼ਿਆਰ ਉਮੀਦਵਾਰਾਂ ਦਾ ਵਿਸ਼ੇਸ਼ ਤੌਰ ’ਤੇ ਸਨਮਾਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਜਿਨ੍ਹਾਂ ਨੇ ਵੱਕਾਰੀ ਯੂ.ਪੀ.ਐਸ.ਸੀ.-2025 ਪ੍ਰੀਖਿਆ ਪਾਸ ਕਰਕੇ ਪੰਜਾਬ ਦਾ ਮਾਣ ਵਧਾਇਆ ਹੈ।

## ਪਹਿਲੇ ਸਫ਼ੇ ਦੀ ਬਾਕੀ

ਮੇਰੀ ਇਨ੍ਹਾਂ ਨੌਜਵਾਨਾਂ ਨਾਲ ਸਾਰਥਕ ਗੱਲਬਾਤ ਹੋਈ। ਉਨ੍ਹਾਂ ਦੀ ਸਖ਼ਤ ਮਿਹਨਤ, ਸਮਰਪਣ ਅਤੇ ਲਗਨ ਹੋਰ ਨੌਜਵਾਨਾਂ ਲਈ ਵੀ ਪ੍ਰੇਰਨਾ ਦਾ ਇੱਕ ਵੱਡਾ ਸਰੋਤ ਹੈ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਇਹ ਆਉਣ ਵਾਲੇ ਸਾਲਾਂ ਵਿੱਚ ਇਮਾਨਦਾਰੀ, ਵਚਨਬੱਧਤਾ ਅਤੇ ਸਮਰਪਿਤ ਭਾਵਨਾ ਨਾਲ ਦੇਸ ਅਤੇ ਪੰਜਾਬ ਦੀ ਸੇਵਾ ਕਰਨਗੇ। ਸਾਡਾ ਸੁਪਨਾ ਹੈ ਕਿ ਹੋਰ ਨੌਜਵਾਨਾਂ ਨੂੰ ਉੱਚ ਅਤੇ ਵੱਕਾਰੀ ਅਹੁਦਿਆਂ ’ਤੇ ਦੇਖਣਾ ਹੈ ਅਤੇ ‘ਆਪ’ ਸਰਕਾਰ ਇਸ ਸੁਪਨੇ ਨੂੰ ਸਾਕਾਰ ਕਰਨ ਦੀ ਦਿਸ਼ਾ ਵਿੱਚ ਲਗਾਤਾਰ ਕੰਮ ਕਰ ਰਹੀ ਹੈ।”

ਪੰਜਾਬ ਤੋਂ ਯੂ.ਪੀ.ਐਸ.ਸੀ. ਪ੍ਰੀਖਿਆ-2025 ਪਾਸ ਕਰਨ ਵਾਲੇ ਨਵੇਂ ਚੁਣੇ ਗਏ ਆਈ.ਏ.ਐਸ. ਅਧਿਕਾਰੀਆਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, “ਪੰਜਾਬ ਦੇ ਨੌਜਵਾਨ ਆਪਣੀਆਂ ਸ਼ਾਨਦਾਰ ਪ੍ਰਾਪਤੀਆਂ ਰਾਹੀਂ ਸੂਬੇ ਦਾ ਮਾਣ ਵਧਾ ਰਹੇ ਹਨ। ਇਨ੍ਹਾਂ ਅਧਿਕਾਰੀਆਂ ਨੇ ਵੱਕਾਰੀ ਯੂ.ਪੀ.ਐਸ.ਸੀ. ਪ੍ਰੀਖਿਆ ਪਾਸ ਕੀਤੀ ਹੈ ਅਤੇ ਨਾ ਸਿਰਫ਼ ਪੰਜਾਬ ਦਾ ਸਗੋਂ ਆਪਣੇ ਮਾਪਿਆਂ ਦਾ ਵੀ ਮਾਣ ਵਧਾਇਆ ਹੈ। ਇਨ੍ਹਾਂ ਨੌਜਵਾਨਾਂ ਦੀ ਸਫ਼ਲਤਾ ਸਾਡੇ ਵਿਦਿਆਰਥੀਆਂ ਦੀ ਅਥਾਹ ਸਮਰੱਥਾ ਅਤੇ ਸਿੱਖਿਆ ਖੇਤਰ ਵਿੱਚ ਹੋ ਰਹੇ ਸਕਾਰਾਤਮਕ ਬਦਲਾਅ ਨੂੰ ਦਰਸਾਉਂਦੀ ਹੈ।”

ਮੁੱਖ ਮੰਤਰੀ ਨੇ ਕਿਹਾ ਕਿ ਇਹ ਨਾ ਤਾਂ ਪਹਿਲੀ ਅਜਿਹੀ ਪ੍ਰਾਪਤੀ ਹੈ ਅਤੇ ਨਾ ਹੀ ਆਖਰੀ ਹੋਵੇਗੀ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਇਹ ਅਧਿਕਾਰੀ ਆਉਣ ਵਾਲੇ ਸਾਲਾਂ ਵਿੱਚ ਨਵੇਂ ਮੀਲ ਪੱਥਰ ਸਥਾਪਤ ਕਰਦੇ ਰਹਿਣਗੇ ਅਤੇ ਪੰਜਾਬ ਦਾ ਨਾਮ ਰੌਸ਼ਨ ਕਰਨਗੇ। ਉਨ੍ਹਾਂ ਅੱਗੇ ਕਿਹਾ, “ਆਮ ਪਰਿਵਾਰਾਂ ਦੇ ਬੱਚੇ ਸਾਬਤ ਕਰ ਰਹੇ ਹਨ ਕਿ ਸਮਰਪਣ, ਲਗਨ ਅਤੇ ਸਹੀ ਮਾਰਗਦਰਸ਼ਨ ਨਾਲ ਕਿਸੇ ਵੀ ਟੀਚੇ ਨੂੰ ਹਾਸਲ ਕੀਤਾ ਜਾ ਸਕਦਾ ਹੈ। ਉਨ੍ਹਾਂ ਦੀ ਸਫਲਤਾ ਸਮੁੱਚੇ ਸੂਬੇ ਲਈ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ। ਸੂਬੇ ਦੇ ਇਨ੍ਹਾਂ ਪੁੱਤਰਾਂ ਅਤੇ ਧੀਆਂ ਨੇ ਆਪਣੀ ਯੋਗਤਾ ਨੂੰ ਸਾਬਤ ਕੀਤਾ ਹੈ ਅਤੇ ਇਹ ਦਿਖਾਇਆ ਹੈ ਕਿ ਹਰ ਘਰ ਵਿੱਚ ਸਮਰੱਥ ਨੌਜਵਾਨ ਹਨ।”

ਵਿਦਿਆਰਥਣਾਂ ਦੇ ਸ਼ਾਨਦਾਰ ਪ੍ਰਦਰਸ਼ਨ ਨੂੰ ਉਜਾਗਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਧੀਆਂ ਸਿੱਖਿਆ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੇ ਹਰ ਖੇਤਰ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰ ਰਹੀਆਂ ਹਨ ਅਤੇ ਸਮਾਜ ਲਈ ਤੇਜ਼ੀ ਨਾਲ ਰੋਲ ਮਾਡਲ ਵਜੋਂ ਉੱਭਰ ਰਹੀਆਂ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ,“ਲੜਕੀਆਂ ਨੇ ਪੰਜਾਬ ਦੇ ਹਰ ਖੇਤਰ ’ਚ ਲਗਾਤਾਰ ਬਿਹਤਰੀਨ ਪ੍ਰਦਰਸ਼ਨ ਕਰਕੇ ਆਪਣੀਆਂ ਯੋਗਤਾਵਾਂ ਨੂੰ ਸਾਬਤ ਕੀਤਾ ਹੈ। ਇਹ ਧੀਆਂ ਅਸਾਧਾਰਨ ਪ੍ਰਤਿਭਾ ਅਤੇ ਦ੍ਰਿੜ੍ਹਤਾ ਦਾ ਪ੍ਰਦਰਸ਼ਨ ਕਰ ਰਹੀਆਂ ਹਨ। ਇਨ੍ਹਾਂ ਦੀਆਂ ਪ੍ਰਾਪਤੀਆਂ ਸ਼ਕਤੀਸ਼ਾਲੀ ਸੰਦੇਸ ਦਿੰਦੀਆਂ ਹਨ ਕਿ ਬਰਾਬਰ ਮੌਕੇ ਅਤੇ ਉਤਸ਼ਾਹ ਨਾਲ, ਕੁੜੀਆਂ ਆਪਣੀ ਇੱਛਾ ਮੁਤਾਬਕ ਨਤੀਜੇ ਹਾਸਲ ਕਰ ਸਕਦੀਆਂ ਹਨ।”

ਵਿਦਿਆਰਥਣਾਂ ਦੀ ਸਫ਼ਲਤਾ ਨੂੰ ਪੂਰੇ ਸੂਬੇ ਲਈ ਬੇਹੱਦ ਮਾਣ ਤੇ ਸੰਤੁਸ਼ਟੀ ਵਾਲੀ ਗੱਲ ਦੱਸਦਿਆਂ ਮੁੱਖ ਮੰਤਰੀ ਨੇ ਇਸ ਨੂੰ ਮਹਿਲਾ ਸਸ਼ਕਤੀਕਰਨ ਦਾ ਸਪੱਸ਼ਟ ਪ੍ਰਤੀਕ ਦੱਸਿਆ। ਸਿੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਉਨ੍ਹਾਂ ਕਿਹਾ ਕਿ ਮਿਆਰੀ ਸਿੱਖਿਆ ਸਰਕਾਰ ਦੀਆਂ ਪ੍ਰਮੁੱਖ ਤਰਜੀਹਾਂ ਵਿੱਚੋਂ ਇੱਕ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, “ਅਸੀਂ ਬਿਹਤਰ ਬੁਨਿਆਦੀ ਢਾਂਚਾ, ਸਿੱਖਿਆ ਦੀਆਂ ਆਧੁਨਿਕ ਵਿਧੀਆਂ ਅਤੇ ਵਿਦਿਆਰਥੀਆਂ ਲਈ ਸਿੱਖਣ ਦਾ ਅਨੁਕੂਲ ਮਾਹੌਲ ਪ੍ਰਦਾਨ ਕਰਕੇ ਸਰਕਾਰੀ ਸਕੂਲਾਂ ਨੂੰ ਬਿਹਤਰ ਬਣਾਉਣ ਲਈ ਨਿਰੰਤਰ ਕੰਮ ਕਰ ਰਹੇ ਹਾਂ। ਹਰ ਬੱਚਾ ਆਰਥਿਕ ਤੰਗੀਆਂ ਦੀ ਪਰਵਾਹ ਕੀਤੇ ਬਿਨਾਂ ਮਿਆਰੀ ਸਿੱਖਿਆ ਹਾਸਲ ਕਰਨ ਦਾ ਹੱਕਦਾਰ ਹੈ ਅਤੇ ਸਾਡੀ ਸਰਕਾਰ ਹਰ ਇਕ ਬੱਚੇ ਤੱਕ ਇਹ ਮੌਕਾ ਪਹੁੰਚਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।“

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਖੇਤਰ ਨੂੰ ਹੋਰ ਮਜ਼ਬੂਤ ਕਰਨ ਲਈ ਠੋਸ ਯਤਨ ਕਰ ਰਹੀ ਹੈ ਤਾਂ ਜੋ ਆਮ ਪਰਿਵਾਰਾਂ ਦੇ ਬੱਚਿਆਂ ਨੂੰ ਵੀ ਬੁਲੰਦੀਆਂ ਛੂਹਣ ਲਈ ਹੋਰਨਾਂ ਬੱਚਿਆਂ ਵਰਗੇ ਬਿਹਤਰ ਮੌਕੇ ਮਿਲ ਸਕਣ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ,“ਸਿੱਖਿਆ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਮਰੱਥ ਬਣਾਉਣ ਅਤੇ ਖੁਸ਼ਹਾਲ ਪੰਜਾਬ ਸਿਰਜਣ ਲਈ ਸਭ ਤੋਂ ਅਹਿਮ ਜ਼ਰੀਆ ਹੈ। ਪੰਜਾਬ ਸਰਕਾਰ ਸਿੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਅਤੇ ਇਹ ਯਕੀਨੀ ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡੇਗੀ ਕਿ ਹਰ ਬੱਚੇ ਨੂੰ ਸਫਲ ਹੋਣ ਦਾ ਬਰਾਬਰ ਮੌਕਾ ਮਿਲੇ।“

ਮਾਪਿਆਂ ਨੂੰ ਆਪਣੇ ਬੱਚਿਆਂ ’ਤੇ ਭਰੋਸਾ ਕਰਨ ਅਤੇ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਸਹਿਯੋਗ ਦੇਣ ਦੀ ਅਪੀਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਹਰ ਬੱਚੇ ਵਿੱਚ ਵਿਲੱਖਣ ਯੋਗਤਾਵਾਂ ਤੇ ਹੁਨਰ ਹੁੰਦੇ ਹਨ ਜਿਨ੍ਹਾਂ ਨੂੰ ਉਮੀਦਾਂ ਦੇ ਬੋਝ ਹੇਠ ਦੱਬੇ ਜਾਣ ਦੀ ਬਜਾਏ ਨਿਖਾਰਨ ਦੀ ਲੋੜ ਹੁੰਦੀ ਹੈ। ਉਨ੍ਹਾਂ ਕਿਹਾ, “ਮਾਪਿਆਂ ਨੂੰ ਆਪਣੇ ਬੱਚਿਆਂ ਦੀਆਂ ਸਮਰੱਥਾਵਾਂ ਦੀ ਪਛਾਣ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਅਜਿਹੇ ਕਰੀਅਰ ਚੁਣਨ ਲਈ ਮਜਬੂਰ ਨਹੀਂ ਕਰਨਾ ਚਾਹੀਦਾ ਜਿਨ੍ਹਾਂ ਵਿੱਚ ਉਨ੍ਹਾਂ ਦੀ ਰੁਚੀ ਨਾ ਹੋਵੇ। ਜਦੋਂ ਬੱਚਿਆਂ ਨੂੰ ਆਪਣੇ ਪਰਿਵਾਰਾਂ ਤੋਂ ਭਰੋਸਾ ਅਤੇ ਸਮਰਥਨ ਮਿਲਦਾ ਹੈ ਤਾਂ ਉਹ ਬਿਹਤਰ ਪ੍ਰਦਰਸ਼ਨ ਅਤੇ ਆਪਣੀ ਪੂਰੀ ਸਮਰੱਥਾ ਨਾਲ ਮਿਹਨਤ ਕਰਦੇ ਹਨ।“

ਵਿਦਿਅਕ ਸੁਧਾਰਾਂ ਅਤੇ ਵਿਦਿਆਰਥੀ ਦੀ ਭਲਾਈ ਸਬੰਧੀ ਪਹਿਲਕਦਮੀਆਂ ਪ੍ਰਤੀ ਪੰਜਾਬ ਸਰਕਾਰ ਦੀ ਵਚਨਬੱਧਤਾ ਦੁਹਰਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਇੱਕ ਅਜਿਹਾ ਈਕੋਸਿਸਟਮ ਬਣਾਉਣ ਲਈ ਦ੍ਰਿੜ੍ਹ ਹੈ ਜਿੱਥੇ ਹਰ ਬੱਚਾ ਆਪਣੀ ਪੂਰੀ ਸਮਰੱਥਾ ਨੂੰ ਪਛਾਣ ਸਕੇ।

ਸਾਰੇ ਨਵ-ਨਿਯੁਕਤ ਅਧਿਕਾਰੀਆਂ ਨੂੰ ਵਧਾਈ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਉਨ੍ਹਾਂ ਨੂੰ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਆਸ ਪ੍ਰਗਟਾਈ ਕਿ ਉਹ ਸਖ਼ਤ ਮਿਹਨਤ ਕਰਦੇ ਰਹਿਣਗੇ, ਸਮਾਜ ਵਿੱਚ ਸਾਰਥਕ ਯੋਗਦਾਨ ਪਾਉਣਗੇ ਅਤੇ ਪੰਜਾਬ ਦੀ ਤਰੱਕੀ ਅਤੇ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਉਨ੍ਹਾਂ ਕਿਹਾ, “ਪੰਜਾਬ ਦਾ ਭਵਿੱਖ ਰੌਸ਼ਨ ਹੈ ਕਿਉਂਕਿ ਇਨ੍ਹਾਂ ਨੌਜਵਾਨ ਅਧਿਕਾਰੀਆਂ ਦੀਆਂ ਪ੍ਰਾਪਤੀਆਂ ਸਾਡੇ ਲੋਕਾਂ ਦੇ ਹੁਨਰ, ਦ੍ਰਿੜ੍ਹਤਾ ਅਤੇ ਇੱਛਾਵਾਂ ਨੂੰ ਦਰਸਾਉਂਦੀਆਂ ਹਨ। ਮੈਂ ਸਾਰਿਆਂ ਨੂੰ ਜੀਵਨ ਵਿੱਚ ਹੋਰ ਬੁਲੰਦੀਆਂ ਹਾਸਲ ਕਰਨ ਲਈ ਸ਼ੁਭਕਾਮਨਾਵਾਂ ਦਿੰਦਾ ਹਾਂ ਅਤੇ ਉਨ੍ਹਾਂ ਨੂੰ ਵੱਡੇ ਸੁਪਨੇ ਦੇਖਣ ਅਤੇ ਉਨ੍ਹਾਂ ਸੁਪਨਿਆਂ ਨੂੰ ਹਕੀਕਤ ਵਿੱਚ ਬਦਲਣ ਲਈ ਸਖ਼ਤ ਮਿਹਨਤ ਕਰਨ ਦੀ ਤਾਕੀਦ ਕਰਦਾ ਹਾਂ।”

ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਇਹ ਵੀ ਸਲਾਹ ਦਿੱਤੀ ਕਿ ਉਹ ਆਪਣੀ ਸਫਲਤਾ ਦੇ ਬਾਵਜੂਦ ਨਿਮਰ ਰਹਿਣ ਅਤੇ ਹੋਰ ਬੁਲੰਦੀਆਂ ਹਾਸਲ ਕਰਨ ਲਈ ਸਖ਼ਤ ਮਿਹਨਤ ਕਰਦੇ ਰਹਿਣ। ਉਨ੍ਹਾਂ ਕਿਹਾ, “ਆਪਣੀਆਂ ਪ੍ਰਾਪਤੀਆਂ ’ਤੇ ਮਾਣ ਨਾ ਕਰੋ। ਜ਼ਮੀਨ ਨਾਲ ਜੁੜੇ ਰਹੋ, ਨਿਮਰ ਰਹੋ ਅਤੇ ਸਖ਼ਤ ਮਿਹਨਤ ਕਰਦੇ ਰਹੋ। ਇਸ ਮੰਚ ਦੀ ਵਰਤੋਂ ਨਾ ਸਿਰਫ਼ ਸਫਲ ਅਧਿਕਾਰੀ ਬਣਨ ਲਈ ਕਰੋ, ਸਗੋਂ ਸਮਾਜ ਵਿੱਚ ਸਕਾਰਾਤਮਕ ਯੋਗਦਾਨ ਪਾਉਣ ਵਾਲੇ ਚੰਗੇ ਇਨਸਾਨ ਬਣਨ ਲਈ ਵੀ ਕਰੋ।“

ਮੁੱਖ ਮੰਤਰੀ ਨੇ ਆਸ ਪ੍ਰਗਟਾਈ ਕਿ ਨਵੇਂ ਭਰਤੀ ਹੋਏ ਅਧਿਕਾਰੀ ਆਪਣੇ ਅਹੁਦਿਆਂ ਦੀ ਵਰਤੋਂ ਲੋਕਾਂ ਦੀ ਸੇਵਾ ਲਈ ਕਰਨਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਜਨਤਕ ਸੇਵਾ ਨੂੰ ਤਰਜੀਹ ਦੇਣੀ ਚਾਹੀਦੀ ਹੈ। ਅਖੀਰ ਵਿੱਚ ਉਨ੍ਹਾਂ ਕਿਹਾ, “ਆਪਣੀ ਕਲਮ ਦੀ ਵਰਤੋਂ ਸਮਾਜ ਦੇ ਲੋੜਵੰਦ ਅਤੇ ਪੱਛੜੇ ਵਰਗਾਂ ਦੀ ਮੱਦਦ ਲਈ ਕਰੋ। ਲੋਕਾਂ ਦੀ ਵੱਧ ਤੋਂ ਵੱਧ ਭਲਾਈ ਯਕੀਨੀ ਬਣਾਓ ਤਾਂ ਜੋ ਸਮਾਜ ਦੇ ਹਰ ਵਰਗ ਨੂੰ ਤੁਹਾਡੇ ਕੰਮ ਤੋਂ ਲਾਭ ਮਿਲੇ। ਇਹ ਮਨੁੱਖਤਾ ਦੀ ਸੱਚੀ ਸੇਵਾ ਹੈ ਅਤੇ ਹਰ ਅਧਿਕਾਰੀ ਨੂੰ ਇਸ ਨੂੰ ਪ੍ਰਾਪਤ ਕਰਨ ਵਿੱਚ ਸਾਰਥਕ ਭੂਮਿਕਾ ਨਿਭਾਉਣੀ ਚਾਹੀਦੀ ਹੈ।“

ਇਸ ਮੌਕੇ ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਅਤੇ ਕਈ ਹੋਰ ਪਤਵੰਤੇ ਵੀ ਮੌਜੂਦ ਸਨ।

## ਮੋਦੀ ਨੂੰ ਵੱਖਰੇ ਅੰਦਾਜ਼ ’ਚ ਸੁਣਾਇਆ

ਫਰਾਂਸ ਦੇ ਰਾਸ਼ਟਰਪਤੀ ਇਮੈਨੁਐਲ ਮੈਕ੍ਰੋਂ ਦੇ ਨਾਲ ਦੋ-ਪੱਖੀ ਵਾਰਤਾ ਕੀਤੀ ਤੇ ਭਾਰਤ ਇਨੋਵੇਟਸ ਪ੍ਰੋਗਰਾਮ ਦੇ ਉਦਘਾਟਨ ਵਿਚ ਵੀ ਹਿੱਸਾ ਲਿਆ ਸੀ।

ਦਰਅਸਲ ਮੋਦੀ 13 ਜੂਨ ਤੋਂ ਫਰਾਂਸ-ਸਲੋਵਾਕੀਆ ਦੇ 6 ਦਿਨ ਦੇ ਦੌਰੇ ’ਤੇ ਹਨ। ਉਹ 17 ਜੂਨ ਨੂੰ ਫਰਾਂਸ ਦੇ ਏਵੀਯਾਨ ਵਿਚ ਜੀ7 ਸਮਿਟ ਵਿਚ ਸ਼ਾਮਲ ਹੋਣਗੇ। ਇਸ ਦੌਰਾਨ ਉਹ ਅਮਰੀਕੀ ਰਾਸ਼ਟਰਪਤੀ ਟਰੰਪ ਨਾਲ ਮਿਲਣਗੇ। ਜ਼ਿਕਰਯੋਗ ਹੈ ਕਿ 9200 ਤੋਂ ਵੱਧ ਭਾਰਤੀ ਸਲੋਵਾਕੀਆ ਵਿਚ ਰਹਿੰਦੇ ਹਨ। ਸਲੋਵਾਕੀਆ ਵਿਚ ਭਾਰਤੀ ਆਈਟੀ ਸੇਵਾਵਾਂ, ਡਿਵੈਲਪਮੈਂਟ ਸੈਂਟਰਸ ਤੇ ਤਕਨੀਕੀ ਖੇਤਰਾਂ ਵਿਚ ਕੰਮ ਕਰ ਰਹੇ ਹਨ। ਸਲੋਵਾਕੀਆ ਦੇ ਸ਼ੇਂਗੇਨ ਦੇਸ਼ ਹੋਣ ਦੀ ਵਜ੍ਹਾ ਤੋਂ ਭਾਰਤੀਆਂ ਨੂੰ ਇਕ ਹੀ ਵੀਜ਼ੇ ’ਤੇ 26 ਦੇਸ਼ ਘੁੰਮਣ ਦੀ ਸਹੂਲਤ ਮਿਲਦੀ ਹੈ।

## ਅਦਾਲਤ ਵੱਲੋਂ ਸੀ.ਬੀ.ਆਈ. ਨੂੰ ਜੇਲ੍ਹ ’ਚ 3 ਮੁਲਜ਼ਮਾਂ ਤੋਂ

ਮੁਲਜ਼ਮ (ਤਿੰਨੇ) ਮੁੱਖ ਸਾਜ਼ਿਸ਼ਕਰਤਾ ਹਨ, ਜਿਨ੍ਹਾਂ ਨੇ 3 ਮਈ ਨੂੰ ਕਰਵਾਈ ਗਈ ਨੀਟ-ਯੂਜੀ 2026 ਪ੍ਰੀਖਿਆ ਤੋਂ ਪਹਿਲਾਂ ਆਰਥਿਕ ਲਾਭ ਦੇ ਬਦਲੇ ਪ੍ਰਸ਼ਨ ਪੱਤਰਾਂ ਦੇ ਲੀਕ ਹੋਣ ਅਤੇ ਉਨ੍ਹਾਂ ਨੂੰ ਅੱਗੇ ਫੈਲਾਉਣ ਵਿਚ ਮਦਦ ਕੀਤੀ ਸੀ।

ਪਟੀਸ਼ਨ ’ਚ ਅਦਾਲਤ ਤੋਂ ਜਾਂਚ ਦੇ ਸਬੰਧ ਵਿਚ ਲੋੜੀਂਦੇ ਸਪੱਸ਼ਟੀਕਰਨ ਪ੍ਰਾਪਤ ਕਰਨ ਲਈ ਮੁਲਜ਼ਮਾਂ ਤੋਂ ਪੁੱਛ-ਗਿੱਛ ਦੀ ਇਜਾਜ਼ਤ ਮੰਗੀ ਗਈ ਸੀ। ਇਸ ਮਾਮਲੇ ਵਿਚ ਸੀ.ਬੀ.ਆਈ. ਨੇ ਹੁਣ ਤੱਕ 13 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਸਾਲ ਮੈਡੀਕਲ ਕੋਰਸਾਂ ਵਿਚ ਦਾਖਲੇ ਲਈ ਨੀਟ-ਯੂਜੀ ਪ੍ਰੀਖਿਆ ਦੇ ਪ੍ਰਸ਼ਨ ਪੱਤਰ ਲੀਕ ਹੋਣ ਦੇ ਦੋਸ਼ਾਂ ਦਰਮਿਆਨ ਐੱਨ.ਟੀ.ਏ. ਨੇ ਇਸ ਨੂੰ 12 ਮਈ ਨੂੰ ਰੱਦ ਕਰ ਦਿੱਤਾ ਸੀ। ਹੁਣ ਇਹ ਪ੍ਰੀਖਿਆ 21 ਜੂਨ ਨੂੰ ਕਰਵਾਈ ਜਾਵੇਗੀ।

## ਕਾਕਰੋਚ ਜਨਤਾ ਪਾਰਟੀ ਵੱਲੋਂ ਜੈਪੁਰ

ਹਿੰਦੂ-ਮੁਸਲਿਮ ਰਾਜਨੀਤੀ ਨਹੀਂ ਚੱਲੇਗੀ, ਇਹ ਨਹੀਂ ਚੱਲੇਗੀ। ਅਸੀਂ ਇਹ ਆਜ਼ਾਦੀ ਕੁਰਬਾਨੀਆਂ ਤੋਂ ਬਾਅਦ ਪ੍ਰਾਪਤ ਕੀਤੀ ਹੈ। ਅਸੀਂ ਹਿੰਦੂਆਂ ਅਤੇ ਮੁਸਲਮਾਨਾਂ ਦੇ ਆਧਾਰ ’ਤੇ ਜਾਤ ਅਤੇ ਧਰਮ ਦੇ ਆਧਾਰ ’ਤੇ ਵੰਡੇ ਹੋਏ ਹਾਂ ਪਰ ਸਾਨੂੰ ਇਸ ਵਿੱਚ ਨਹੀਂ ਫਸਣਾ ਚਾਹੀਦਾ।

ਸੀਜੇਪੀ ਦੇ ਸੰਸਥਾਪਕ ਅਭਿਜੀਤ ਦੀਪਕੇ ਨੇ ਕਿਹਾ ਕਿ ਅਸੀਂ 20 ਜੂਨ ਨੂੰ ਦੁਬਾਰਾ ਦਿੱਲੀ ਵੱਲ ਮਾਰਚ ਕਰਾਂਗੇ। ਇਸ ਵਾਰ ਜਦੋਂ ਅਸੀਂ ਦਿੱਲੀ ਜਾਵਾਂਗੇ, ਤਾਂ ਅਸਤੀਫ਼ਾ ਦਿੱਤੇ ਬਿਨਾਂ ਵਾਪਸ ਨਹੀਂ ਆਵਾਂਗੇ। ਉਸ ਨੇ ਦਿੱਲੀ ਚਲੋ ਦਾ ਨਾਅਰਾ ਵੀ ਲਗਾਇਆ। ਵਿਰੋਧ ਪ੍ਰਦਰਸ਼ਨ ਰਾਸ਼ਟਰੀ ਗੀਤ ਨਾਲ ਸਮਾਪਤ ਹੋਇਆ।

ਵਿਰੋਧ ਪ੍ਰਦਰਸ਼ਨ ਦੌਰਾਨ ਕੁਝ ਨੌਜਵਾਨਾਂ ਵਿੱਚ ਨਾਅਰੇਬਾਜ਼ੀ ਨੂੰ ਲੈ ਕੇ ਝਗੜਾ ਹੋ ਗਿਆ। ਪੁਲਿਸ ਨੇ ਇੱਕ ਨੌਜਵਾਨ ਨੂੰ ਹਿਰਾਸਤ ਵਿੱਚ ਲੈ ਲਿਆ। ਵਿਰੋਧ ਪ੍ਰਦਰਸ਼ਨ ਵਾਲੀ ਥਾਂ ’ਤੇ ਕਈ ਪ੍ਰਦਰਸ਼ਨਕਾਰੀਆਂ ਦੇ ਮੋਬਾਈਲ ਫੋਨ ਵੀ ਚੋਰੀ ਹੋ ਗਏ। ਇਸ ਤੋਂ ਬਾਅਦ ਸਟੇਜ ਤੋਂ ਆਪਣੇ ਮੋਬਾਈਲ ਫੋਨ ਅਤੇ ਸਮਾਨ ਦੀ ਰੱਖਿਆ ਕਰਨ ਦੀ ਅਪੀਲ ਕੀਤੀ ਗਈ।

ਵਿਰੋਧ ਪ੍ਰਦਰਸ਼ਨ ਵਿੱਚ ਹਿੱਸਾ ਲੈਣ ਵਾਲੇ ਨੌਜਵਾਨਾਂ ਨੇ ਮੈਂ ਆਪਣੇ ਦੇਸ਼ ਨੂੰ ਪਿਆਰ ਕਰਦਾ ਹਾਂ, ਮੈਂ ਭ੍ਰਿਸ਼ਟਾਚਾਰ ਨੂੰ ਰੱਦ ਕਰਦਾ ਹਾਂ ਅਤੇ ਪੇਪਰ ਲੀਕ ਬੰਦ ਕਰੋ ਵਰਗੇ ਨਾਅਰਿਆਂ ਵਾਲੇ ਪੋਸਟਰ ਅਤੇ ਤਿਰੰਗੇ ਫੜੇ ਹੋਏ ਸਨ। ਕੁਝ ਔਰਤਾਂ ਆਪਣੇ ਛੋਟੇ ਬੱਚਿਆਂ ਨਾਲ ਵਿਰੋਧ ਪ੍ਰਦਰਸ਼ਨ ਵਿੱਚ ਸ਼ਾਮਲ ਹੋਈਆਂ। ਕਾਰਕੁੰਨਾਂ ਨੇ ਸ਼ਹੀਦ ਸਮਾਰਕ ਦੇ ਗੇਟ ’ਤੇ ਇੱਕ ਕਾਕਰੋਚ ਦੀ ਤਸਵੀਰ ਖਿੱਚੀ ਅਤੇ ਧਰਮਿੰਦਰ ਪ੍ਰਧਾਨ ਅਸਤੀਫਾ ਦਿਓ! ਦਾ ਨਾਅਰਾ ਲਿਖਿਆ।

ਸੀਜੇਪੀ ਦੇ ਰਾਸ਼ਟਰੀ ਬੁਲਾਰੇ ਆਸ਼ੂਤੋਸ਼ ਰੰਕਾ ਨੇ ਕਿਹਾ,ਇਹ ਕਿਸੇ ਇੱਕ ਸੰਗਠਨ ਦੀ ਲੜਾਈ ਨਹੀਂ ਹੈ, ਸਗੋਂ ਦੇਸ਼ ਦੇ ਵਿਦਿਆਰਥੀਆਂ, ਨੌਜਵਾਨਾਂ ਅਤੇ ਮਾਪਿਆਂ ਦੀ ਲੜਾਈ ਹੈ। ਇਹ ਸਿੱਖਿਆ ਪ੍ਰਣਾਲੀ ਨੂੰ ਬਿਹਤਰ ਬਣਾਉਣ ਦੀ ਲੜਾਈ ਹੈ। ਇਹ ਵਧਦੀ ਬੇਰੁਜ਼ਗਾਰੀ, ਸਿੱਖਿਆ ਪ੍ਰਣਾਲੀ ਵਿੱਚ ਹਫੜਾ-ਦਫੜੀ, ਭਰਤੀ ਪ੍ਰੀਖਿਆਵਾਂ ਵਿੱਚ ਪੇਪਰ ਲੀਕ ਅਤੇ ਨੌਜਵਾਨਾਂ ਨਾਲ ਹੋ ਰਹੇ ਅਨਿਆਂ ਵਿਰੁੱਧ ਵਿਰੋਧ ਹੈ।

## ਮਹਿੰਗਾਈ ਦੀ ਮਾਰ: ਥੋਕ ਮਹਿੰਗਾਈ 43 ਮਹੀਨਿਆਂ

ਫ਼ੀਸਦੀ ਹੋ ਗਈ ਹੈ। ਮੈਨੂਫੈਕਚਰਿੰਗ ਪ੍ਰੋਡਕਟਸ: ਫੈਕਟਰੀਆਂ ਵਿੱਚ ਬਣਨ ਵਾਲੇ ਸਾਮਾਨ ਦੀ ਮਹਿੰਗਾਈ ਦਰ ਵੀ 6.68 ਫ਼ੀਸਦੀ ਤੋਂ ਵਧ ਕੇ 7.48 ਫ਼ੀਸਦੀ ਰਹੀ।

ਮਈ ’ਚ ਪ੍ਰਚੂਨ ਮਹਿੰਗਾਈ ਵੀ 3.93 ਫ਼ੀਸਦੀ ’ਤੇ ਪਹੁੰਚੀ

ਥੋਕ ਬਾਜ਼ਾਰ ਦੇ ਨਾਲ-ਨਾਲ ਆਮ ਗਾਹਕਾਂ ਨਾਲ ਜੁੜੀ ਪ੍ਰਚੂਨ ਮਹਿੰਗਾਈ ਵੀ ਵਧੀ ਹੈ। ਮਈ ਮਹੀਨੇ ਵਿੱਚ ਇਹ ਵਧ ਕੇ 3.93 ਫ਼ੀਸਦੀ ਹੋ ਗਈ, ਜੋ ਅਪਰੈਲ ਵਿੱਚ 3.48 ਫ਼ੀਸਦੀ ਸੀ। ਪਿਛਲੇ 5 ਮਹੀਨਿਆਂ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਖਪਤਕਾਰ ਮਹਿੰਗਾਈ ਦਰ ਭਾਰਤੀ ਰਿਜ਼ਰਵ ਬੈਂਕ ਦੇ 4 ਫ਼ੀਸਦੀ ਦੇ ਤੈਅ ਹੱਦ (ਟਾਰਗੇਟ) ਦੇ ਬੇਹੱਦ ਨਜ਼ਦੀਕ ਪਹੁੰਚ ਗਈ ਹੈ।

ਆਮ ਆਦਮੀ ’ਤੇ ਕੀ ਪਵੇਗਾ ਅਸਰ?

ਜੇਕਰ ਥੋਕ ਮਹਿੰਗਾਈ ਲੰਬੇ ਸਮੇਂ ਤੱਕ ਉੱਚੇ ਪੱਧਰ ’ਤੇ ਰਹਿੰਦੀ ਹੈ, ਤਾਂ ਉਤਪਾਦਕ (ਕੰਪਨੀਆਂ) ਆਪਣਾ ਨੁਕਸਾਨ ਪੂਰਾ ਕਰਨ ਲਈ ਇਸ ਦਾ ਬੋਝ ਆਮ ਗਾਹਕਾਂ ’ਤੇ ਪਾ ਦਿੰਦੇ ਹਨ, ਜਿਸ ਨਾਲ ਆਉਣ ਵਾਲੇ ਦਿਨਾਂ ਵਿੱਚ ਬਾਜ਼ਾਰ ਵਿੱਚ ਹਰ ਚੀਜ਼ ਮਹਿੰਗੀ ਹੋਣ ਦਾ ਖ਼ਦਸ਼ਾ ਹੈ। ਸਰਕਾਰ ਕੋਲ ਇਸ ਨੂੰ ਕੰਟਰੋਲ ਕਰਨ ਲਈ ਟੈਕਸਾਂ (ਜਿਵੇਂ ਐਕਸਾਈਜ਼ ਡਿਊਟੀ) ਵਿੱਚ ਕਟੌਤੀ ਕਰਨ ਦਾ ਹੀ ਰਾਹ ਬਚਦਾ ਹੈ।

ਕਿਵੇਂ ਮਾਪੀ ਜਾਂਦੀ ਹੈ ਮਹਿੰਗਾਈ?

ਦੇਸ਼ ਵਿੱਚ ਮਹਿੰਗਾਈ ਨੂੰ ਦੋ ਪੱਧਰਾਂ ’ਤੇ ਮਾਪਿਆ ਜਾਂਦਾ ਹੈ:

ਥੋਕ ਮਹਿੰਗਾਈ : ਇਹ ਉਨ੍ਹਾਂ ਕੀਮਤਾਂ ’ਤੇ ਆਧਾਰਿਤ ਹੁੰਦੀ ਹੈ, ਜੋ ਥੋਕ ਬਾਜ਼ਾਰ ਵਿੱਚ ਇੱਕ ਵਪਾਰੀ ਦੂਜੇ ਵਪਾਰੀ ਕੋਲੋਂ ਵਸੂਲਦਾ ਹੈ। ਇਸ ਵਿੱਚ ਮੈਨੂਫੈਕਚਰਡ ਪ੍ਰੋਡਕਟਸ ਦਾ ਹਿੱਸਾ ਸਭ ਤੋਂ ਵੱਧ 64.23 ਫ਼ੀਸਦੀ ਹੁੰਦਾ ਹੈ।

ਪ੍ਰਚੂਨ ਮਹਿੰਗਾਈ: ਇਹ ਉਹ ਕੀਮਤਾਂ ਹੁੰਦੀਆਂ ਹਨ ਜੋ ਆਮ ਗਾਹਕ ਦੁਕਾਨਦਾਰ ਨੂੰ ਅਦਾ ਕਰਦਾ ਹੈ। ਇਸ ਵਿੱਚ ਖਾਣ-ਪੀਣ ਦੀਆਂ ਚੀਜ਼ਾਂ ਅਤੇ ਘਰੇਲੂ ਲੋੜਾਂ (ਹਾਊਸਿੰਗ) ਦਾ ਹਿੱਸਾ ਲਗਭਗ 45.86 ਫ਼ੀਸਦੀ ਹੁੰਦਾ ਹੈ।

## ਪੰਜਾਬ ਵਿੱਚ 15 ਤੋਂ 21 ਜੂਨ ਤੱਕ ਮੀਂਹ

ਸੰਭਾਵਨਾ ਹੈ, ਜਦਕਿ ਜੰਮੂ-ਕਸ਼ਮੀਰ-ਲੱਦਾਖ-ਗਿਲਗਿਤ-ਬਾਲਟਿਸਤਾਨ-ਮੁਜ਼ੱਫਰਾਬਾਦ ਵਿੱਚ 18 ਤੋਂ 21 ਜੂਨ ਦੌਰਾਨ ਕਾਫ਼ੀ ਵਿਆਪਕ ਮੀਂਹ ਪੈ ਸਕਦਾ ਹੈ।

ਇਸੇ ਤਰ੍ਹਾਂ ਕੇਂਦਰੀ ਭਾਰਤ ਦੇ ਛੱਤੀਸਗੜ੍ਹ, ਮੱਧ ਪ੍ਰਦੇਸ਼ ਅਤੇ ਵਿਦਰਭ ਵਿੱਚ 15 ਤੋਂ 21 ਜੂਨ ਤੱਕ ਮੀਂਹ ਪਵੇਗਾ। ਪੂਰਬੀ ਭਾਰਤ ਵਿੱਚ ਅੰਡੇਮਾਨ ਅਤੇ ਨਿਕੋਬਾਰ ਟਾਪੂਆਂ, ਪੱਛਮੀ ਬੰਗਾਲ, ਬਿਹਾਰ, ਝਾਰਖੰਡ ਅਤੇ ਓਡੀਸ਼ਾ ਵਿੱਚ ਵੀ ਮੀਂਹ ਦਾ ਦੌਰ ਜਾਰੀ ਰਹੇਗਾ। ਉੱਤਰ-ਪੂਰਬੀ ਭਾਰਤ ਦੇ ਅਰੁਣਾਚਲ ਪ੍ਰਦੇਸ਼, ਅਸਾਮ, ਮੇਘਾਲਿਆ, ਨਾਗਾਲੈਂਡ, ਮਨੀਪੁਰ, ਮਿਜ਼ੋਰਮ ਅਤੇ ਤ੍ਰਿਪੁਰਾ ਵਿੱਚ ਵੀ ਵਿਆਪਕ ਬਾਰਿਸ਼ ਹੋਣ ਦੀ ਪੇਸ਼ੀਨਗੋਈ ਕੀਤੀ ਗਈ ਹੈ।ਦੱਖਣੀ ਪ੍ਰਾਇਦੀਪੀ ਭਾਰਤ ਵਿੱਚ ਕੇਰਲ ਅਤੇ ਮਾਹੇ ਸਮੇਤ ਕਰਨਾਟਕ ਦੇ ਤੱਟਵਰਤੀ ਇਲਾਕਿਆਂ ਵਿੱਚ ਵੀ ਮੀਂਹ ਪੈਣ ਦੀ ਸੰਭਾਵਨਾ ਹੈ। ਤਾਪਮਾਨ ਦੀ ਗੱਲ ਕਰੀਏ ਤਾਂ ਉੱਤਰ-ਪੱਛਮੀ ਭਾਰਤ ਵਿੱਚ ਅਗਲੇ ਤਿੰਨ ਦਿਨਾਂ ਤੱਕ ਵੱਧ ਤੋਂ ਵੱਧ ਤਾਪਮਾਨ ਵਿੱਚ 2-4 ਡਿਗਰੀ ਸੈਲਸੀਅਸ ਦਾ ਵਾਧਾ ਹੋ ਸਕਦਾ ਹੈ, ਜਦਕਿ ਦੇਸ਼ ਦੇ ਬਾਕੀ ਹਿੱਸਿਆਂ ਵਿੱਚ ਤਾਪਮਾਨ ਵਿੱਚ ਕੋਈ ਖਾਸ ਬਦਲਾਅ ਨਹੀਂ ਹੋਵੇਗਾ। ਕੋਂਕਣ, ਗੋਆ, ਮੱਧ ਮਹਾਰਾਸ਼ਟਰ, ਮਰਾਠਵਾੜਾ ਅਤੇ ਓਡੀਸ਼ਾ ਵਿੱਚ 15 ਤੋਂ 17 ਜੂਨ ਤੱਕ ਗਰਮ ਅਤੇ ਨਮੀ ਵਾਲਾ ਮੌਸਮ ਬਣਿਆ ਰਹੇਗਾ।

ਚੜ੍ਹਦੀਕਲਾ
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ ‘ਦਰਦੀ’।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi
PRGI (RNI) Regd. No. 22972/1972





# ਈਥਾਨੌਲ ਨੀਤੀ ਅਤੇ ਪਾਣੀ ਦਾ ਸੰਕਟ: ਪੰਜਾਬ ਦੇ ਕਿਸਾਨਾਂ ਲਈ ਇਕ ਹੋਰ ਚੁਣੌਤੀ

**ਈਥਾਨੌਲ ਉਤਪਾਦਨ ਨੂੰ ਉਤਸਾਹਿਤ ਕਰਨ ਵਾਲੀ ਨੀਤੀ ਜਿੱਥੇ ਊਰਜਾ ਸੁਰੱਖਿਆ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਦਾ ਦਾਅਵਾ ਕਰਦੀ ਹੈ, ਉੱਥੇ ਹੀ ਪੰਜਾਬ ਵਰਗੇ ਪਾਣੀ ਸੰਕਟ ਵਾਲੇ ਸੂਬੇ ਲਈ ਇਹ ਨਵੀ ਚਿੰਤਾ ਦਾ ਕਾਰਨ ਬਣ ਸਕਦੀ ਹੈ।**




### ਪਾਣੀ ਦਾ ਅਸਲੀ ਖਰਚਾ: ਅੰਕੜੇ ਕੀ ਕਹਿੰਦੇ ਹਨ?

ਇਸ ਨੀਤੀ ਦਾ ਸਭ ਤੋਂ ਵੱਡਾ ਲੁਕਿਆ ਖ਼ਤਰਾ ਪਾਣੀ ਦੀ ਅੰਧਾਧੁੰਦ ਖਪਤ ਹੈ:
1 ਕਿਲੋ ਚੌਲ ਉਗਾਉਣ ਲਈ ਲਗਭਗ 4,000 ਲੀਟਰ ਪਾਣੀ ਚਾਹੀਦਾ ਹੈ
1 ਲੀਟਰ ਈਥਾਨੌਲ ਲਈ 2.5 ਤੋਂ 3 ਕਿਲੋ ਚੌਲ ਲੱਗਦੇ ਹਨ
ਇਸ ਤਰ੍ਹਾਂ 1 ਲੀਟਰ ਈਥਾਨੌਲ = 10,000 ਲੀਟਰ ਤੋਂ ਵੱਧ ਪਾਣੀ
ਤੁਲਨਾ ਵਿੱਚ, ਗੰਨੇ ਤੋਂ ਬਣੇ 1 ਲੀਟਰ ਈਥਾਨੌਲ ਲਈ ਸਿਰਫ਼ 3,000 ਲੀਟਰ ਪਾਣੀ ਲੱਗਦਾ ਹੈ
ਮੱਕੀ ਸਭ ਤੋਂ ਘੱਟ ਪਾਣੀ ਵਾਲਾ ਵਿਕਲਪ ਹੈ, ਪਰ ਪੋਲਟਰੀ ਉਦਯੋਗ ਨਾਲ ਮੁਕਾਬਲਾ ਹੈ

### ਪੰਜਾਬ ਵਿੱਚ ਪਾਣੀ ਦੀ ਸਥਿਤੀ

**150+** ਵਿਕਾਸ ਬਲਾਕਾਂ ਵਿੱਚੋਂ ਬਹੁਤੇ "ਓਵਰ-ਐਕਸਪਲਾਇਟਡ" ਸ਼੍ਰੇਣੀ ਵਿੱਚ

ਹਰ ਸਾਲ ਭੂਗਰਭ ਜਲ ਦਾ ਪੱਧਰ ਲਗਭਗ 1 ਮੀਟਰ ਜਾਂ ਇਸ ਤੋਂ ਵੱਧ ਘਟ ਰਿਹਾ

1 ਕਿਲੋ ਝੋਨੇ ਉਗਾਉਣ ਲਈ ਲਗਭਗ 4,000 ਲੀਟਰ ਪਾਣੀ

**ਪਾਣੀ ਉੱਤੇ ਵਧਦਾ ਦਬਾਅ**
ਜੇ ਈਥਾਨੌਲ ਲਈ ਝੋਨਾ ਜਾਂ ਪਾਣੀ-ਖਪਤ ਵਾਲੀਆਂ ਫ਼ਸਲਾਂ ਦੀ ਮੰਗ ਵਧੀ ਤਾਂ ਕਿਸਾਨਾਂ ਉੱਤੇ ਇਨ੍ਹਾਂ ਫ਼ਸਲਾਂ ਨੂੰ ਛੱਡਣਾ ਹੋਰ ਮੁਸ਼ਕਲ ਹੋ ਜਾਵੇਗਾ, ਜਿਸ ਨਾਲ ਪਾਣੀ ਦੀ ਖਪਤ ਤੇ ਸੰਕਟ ਵਿੱਚ ਹੋਰ ਵਾਧਾ ਹੋਵੇਗਾ।

**ਫਸਲੀ ਵਿਭਿੰਨਤਾ ਨੂੰ ਝਟਕਾ**
ਮੱਕੀ, ਦਾਲਾਂ, ਤਿਲਹਨ ਤੇ ਬਾਗਬਾਨੀ ਵੱਲ ਹੋ ਰਹੇ ਰੁਝਾਨ ਨੂੰ ਈਥਾਨੌਲ ਲਈ ਅੱਗੇ ਲਿਆਉਣਾ ਹੈ, ਪਰ ਉਦਯੋਗਿਕ ਮੰਗ ਨੇ ਕਿਸਾਨਾਂ ਨੂੰ ਮੁੜ ਧਾਨ/ਮੱਕੀ ਵੱਲ ਮੋੜਣ ਦਾ ਖਤਰਾ ਵਧਾ ਦਿੱਤਾ ਹੈ।

**ਕਿਸਾਨਾਂ ਲਈ ਮੌਕੇ**
ਮੱਕੀ ਲਈ ਯਕੀਨੀ ਖਰੀਦ ਅਤੇ ਭਾਅ ਨਾਲ ਆਮਦਨ ਵਧ ਸਕਦੀ ਹੈ ਅਤੇ ਪਾਣੀ ਦੀ ਬਚਤ ਵੀ ਸੰਭਵ ਹੈ, ਜੇ ਨੀਤੀ ਸਹੀ ਦਿਸ਼ਾ ਵਿੱਚ ਹੋਵੇ।

> "ਈਥਾਨੌਲ ਬਲੈਂਡਿੰਗ ਨੀਤੀ ਆਪਣੇ ਆਪ ਵਿੱਚ ਗ਼ਲਤ ਨਹੀਂ, ਪਰ ਚੌਲਾਂ ਨੂੰ ਈਥਾਨੌਲ ਵਿੱਚ ਬਦਲਣ ਦੀ ਰਣਨੀਤੀ ਇੱਕ ਗੰਭੀਰ ਭੁੱਲ ਹੈ। ਜਦੋਂ ਅਸੀਂ ਕਾਰਾਂ ਦੀਆਂ ਟੈਂਕੀਆਂ ਭਰਨ ਲਈ ਧਰਤੀ ਹੇਠਲੇ ਪਾਣੀ ਦਾ ਭੰਡਾਰ ਖ਼ਾਲੀ ਕਰਦੇ ਹਾਂ, ਤਾਂ ਅਸੀਂ ਆਪਣੀ ਖ਼ੁਰਾਕ ਸੁਰੱਖਿਆ ਨਾਲ ਜੂਆ ਖੇਡਦੇ ਹਾਂ। ਇਸ ਖੇਡ ਦੀ ਕੀਮਤ ਕਾਰ ਮਾਲਕ ਨਹੀਂ, ਸਗੋਂ ਉਹ ਕਿਸਾਨ, ਉਹ ਪਿੰਡ, ਅਤੇ ਉਹ ਆਉਣ ਵਾਲੀਆਂ ਪੀੜ੍ਹੀਆਂ ਭੁਗਤਣਗੀਆਂ ਜਿਨ੍ਹਾਂ ਕੋਲ ਨਾ ਪਾਣੀ ਹੋਵੇਗਾ, ਨਾ ਖੇਤ, ਨਾ ਭਵਿੱਖ।"

### ਕੀ ਹੋ ਸਕਦੇ ਹਨ ਹੱਲ?

- ਈਥਾਨੌਲ ਲਈ ਮੱਕੀ ਅਤੇ ਹੋਰ ਘੱਟ ਪਾਣੀ ਵਾਲੀਆਂ ਫਸਲਾਂ ਨੂੰ ਤਰਜੀਹ ਦਿੱਤੀ ਜਾਵੇ।
- ਮੱਕੀ ਦੀ ਸਰਕਾਰੀ ਖਰੀਦ ਅਤੇ ਭਾਅ ਦੀ ਗਾਰੰਟੀ ਯਕੀਨੀ ਬਣਾਈ ਜਾਵੇ।
- ਭੂਗਰਭ ਜਲ ਦੀ ਸੁਰੱਖਿਆ ਨੂੰ ਈਥਾਨੌਲ ਨੀਤੀ ਨਾਲ ਜੋੜਿਆ ਜਾਵੇ।
- ਖੇਤੀ ਰਹਿੰਦ-ਖੂੰਹਦ ਤੋਂ 2G ਈਥਾਨੌਲ ਪ੍ਰੋਜੈਕਟਾਂ ਨੂੰ ਉਤਸ਼ਾਹਿਤ ਕੀਤਾ ਜਾਵੇ।
- ਪਾਣੀ ਬਚਾਉਣ ਵਾਲੀਆਂ ਤਕਨੀਕਾਂ ਲਈ ਕਿਸਾਨਾਂ ਨੂੰ ਵਿੱਤੀ ਸਹਾਇਤਾ ਦਿੱਤੀ ਜਾਵੇ।

> "ਨੀਤੀ ਦਾ ਕੇਂਦਰ ਪਾਣੀ ਬਚਾਉਣ 'ਤੇ ਹੋਣਾ ਚਾਹੀਦਾ ਹੈ, ਨਹੀਂ ਤਾਂ ਈਥਾਨੌਲ ਨੀਤੀ ਪੰਜਾਬ ਦੇ ਪਾਣੀ ਸੰਕਟ ਨੂੰ ਹੋਰ ਡੂੰਘਾ ਕਰ ਸਕਦੀ ਹੈ।"



**ਨਤੀਜਾ**
ਈਥਾਨੌਲ ਨੀਤੀ ਉਰਜਾ ਸੁਰੱਖਿਆ ਵੱਲ ਮਹੱਤਵਪੂਰਨ ਕਦਮ ਹੈ, ਪਰ ਜੇ ਇਸ ਦਾ ਕੇਂਦਰ ਪਾਣੀ-ਖਪਤ ਵਾਲੀਆਂ ਫਸਲਾਂ ਰਹਿਆ ਤਾਂ ਪੰਜਾਬ ਦੇ ਭੂਗਰਭ ਜਲ ਸੰਕਟ ਨੂੰ ਹੋਰ ਗਹਿਰਾ ਕਰ ਸਕਦੀ ਹੈ। ਸੰਤੁਲਿਤ ਨੀਤੀ ਨਾਲ ਹੀ ਕਿਸਾਨਾਂ ਦੀ ਆਮਦਨ ਅਤੇ ਕੁਦਰਤੀ ਸਰੋਤਾਂ ਦੀ ਸੁਰੱਖਿਆ ਦੋਵਾਂ ਸੁਰੱਖਿਅਤ ਰਹਿ ਸਕਦੀਆਂ ਹਨ।

ਪੰਜਾਬ ਨੂੰ ਦੇਸ਼ ਦਾ ਅੰਨ ਭੰਡਾਰ ਕਿਹਾ ਜਾਂਦਾ ਹੈ, ਪਰ ਅੱਜ ਇਹ ਰਾਜ ਇੱਕ ਗੰਭੀਰ ਪਾਣੀ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਭੂਗਰਭ ਜਲ ਦਾ ਲਗਾਤਾਰ ਘਟਦਾ ਪੱਧਰ, ਝੋਨਾ-ਕਣਕ ਦੇ ਚੱਕਰ ਉੱਤੇ ਵਧਦੀ ਨਿਰਭਰਤਾ ਅਤੇ ਖੇਤੀਬਾੜੀ ਦੀਆਂ ਮੌਜੂਦਾ ਨੀਤੀਆਂ ਪੰਜਾਬ ਦੇ ਕੁਦਰਤੀ ਸਰੋਤਾਂ ਉੱਤੇ ਭਾਰੀ ਦਬਾਅ ਪਾ ਰਹੀਆਂ ਹਨ। ਇਸ ਦੌਰਾਨ ਕੇਂਦਰ ਸਰਕਾਰ ਵੱਲੋਂ ਜੈਵਿਕ ਇੰਧਨ (Biofuel) ਨੂੰ ਉਤਸ਼ਾਹਿਤ ਕਰਨ ਲਈ ਲਾਗੂ ਕੀਤੀ ਜਾ ਰਹੀ ਈਥਾਨੌਲ ਨੀਤੀ ਇੱਕ ਨਵੀਂ ਚਰਚਾ ਦਾ ਵਿਸ਼ਾ ਬਣ ਗਈ ਹੈ। ਜਿੱਥੇ ਸਰਕਾਰ ਇਸ ਨੂੰ ਊਰਜਾ ਸੁਰੱਖਿਆ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਦਾ ਸਾਧਨ ਦੱਸ ਰਹੀ ਹੈ, ਉੱਥੇ ਮਾਹਿਰਾਂ ਦਾ ਇੱਕ ਵਰਗ ਇਸ ਨੂੰ ਪੰਜਾਬ ਦੇ ਪਾਣੀ ਸੰਕਟ ਲਈ ਨਵਾਂ ਖ਼ਤਰਾ ਮੰਨ ਰਿਹਾ ਹੈ।

ਈਥਾਨੌਲ ਨੀਤੀ ਕੀ ਹੈ?

ਭਾਰਤ ਸਰਕਾਰ ਨੇ ਪੈਟਰੋਲ ਵਿੱਚ ਈਥਾਨੌਲ ਮਿਲਾਉਣ ਦਾ ਟੀਚਾ ਤੈਅ ਕੀਤਾ ਹੈ ਤਾਂ ਜੋ ਕੱਚੇ ਤੇਲ ਦੀ ਦਰਾਮਦ ਉੱਤੇ ਨਿਰਭਰਤਾ ਘਟਾਈ ਜਾ ਸਕੇ। ਈਥਾਨੌਲ ਮੁੱਖ ਤੌਰ 'ਤੇ ਗੰਨੇ, ਮੱਕੀ, ਟੁੱਟੇ ਚਾਵਲ ਅਤੇ ਹੋਰ ਖੇਤੀ ਉਤਪਾਦਾਂ ਤੋਂ ਤਿਆਰ ਕੀਤਾ ਜਾਂਦਾ ਹੈ। ਸਰਕਾਰ ਵੱਲੋਂ ਈਥਾਨੌਲ ਉਤਪਾਦਨ ਲਈ ਵਿਸ਼ੇਸ਼ ਪ੍ਰੋਤਸਾਹਨ ਅਤੇ ਖਰੀਦ ਦੀ ਗਾਰੰਟੀ ਦਿੱਤੀ ਜਾ ਰਹੀ ਹੈ, ਜਿਸ ਕਾਰਨ ਕਈ ਰਾਜਾਂ ਵਿੱਚ ਇਸ ਨਾਲ ਜੁੜੇ ਉਦਯੋਗ ਤੇਜ਼ੀ ਨਾਲ ਵਿਕਸਤ ਹੋ ਰਹੇ ਹਨ।

#### ਪੰਜਾਬ ਲਈ ਕਿਉਂ ਮਹੱਤਵਪੂਰਨ?

ਪੰਜਾਬ ਵਿੱਚ ਪਹਿਲਾਂ ਹੀ ਹਰ ਸਾਲ ਲੱਖਾਂ ਟਨ ਝੋਨੇ ਦੀ ਪੈਦਾਵਾਰ ਹੁੰਦੀ ਹੈ। ਜੇਕਰ ਈਥਾਨੌਲ ਉਦਯੋਗ ਨੂੰ ਹੋਰ ਕੱਚੇ ਮਾਲ ਦੀ ਲੋੜ ਪੈਂਦੀ ਹੈ ਤਾਂ ਮੱਕੀ ਜਾਂ ਝੋਨੇ ਵਰਗੀਆਂ ਫਸਲਾਂ ਦੀ ਮੰਗ ਵਧ ਸਕਦੀ ਹੈ। ਪਹਿਲੀ ਨਜ਼ਰ ਵਿੱਚ ਇਹ ਕਿਸਾਨਾਂ ਲਈ ਇੱਕ ਵਾਧੂ ਬਾਜ਼ਾਰ ਜਾਪਦਾ ਹੈ, ਪਰ ਇਸ ਦੇ ਦੂਰਗਾਮੀ ਪ੍ਰਭਾਵ ਕਾਫ਼ੀ ਗੰਭੀਰ ਹੋ ਸਕਦੇ ਹਨ।

#### ਪਾਣੀ ਉੱਤੇ ਵਧਦਾ ਦਬਾਅ

ਪੰਜਾਬ ਦੇ 150 ਤੋਂ ਵੱਧ ਵਿਕਾਸ ਬਲਾਕਾਂ ਵਿੱਚੋਂ ਬਹੁਤੇ "ਓਵਰ-ਐਕਸਪਲਾਇਟਡ" ਸ਼੍ਰੇਣੀ ਵਿੱਚ ਆ ਚੁੱਕੇ ਹਨ। ਭੂਗਰਭ ਜਲ ਹਰ ਸਾਲ ਲਗਭਗ ਇੱਕ ਮੀਟਰ ਜਾਂ ਇਸ ਤੋਂ ਵੀ ਵੱਧ ਹੇਠਾਂ ਜਾ ਰਿਹਾ ਹੈ। ਝੋਨੇ ਦੀ ਇੱਕ ਕਿਲੋ ਫਸਲ ਪੈਦਾ ਕਰਨ ਲਈ ਹਜ਼ਾਰਾਂ ਲੀਟਰ ਪਾਣੀ ਦੀ ਲੋੜ ਹੁੰਦੀ ਹੈ।

ਜੇ ਈਥਾਨੌਲ ਉਤਪਾਦਨ ਲਈ ਝੋਨੇ ਜਾਂ ਹੋਰ ਪਾਣੀ-ਖਪਤ ਵਾਲੀਆਂ ਫਸਲਾਂ ਦੀ ਮੰਗ ਵਧਦੀ ਹੈ, ਤਾਂ ਕਿਸਾਨਾਂ ਲਈ ਇਨ੍ਹਾਂ ਫਸਲਾਂ ਨੂੰ ਛੱਡਣਾ ਹੋਰ ਮੁਸ਼ਕਲ ਹੋ ਜਾਵੇਗਾ। ਨਤੀਜੇ ਵਜੋਂ ਪਾਣੀ ਦੀ ਖਪਤ ਹੋਰ ਵਧੇਗੀ ਅਤੇ ਭੂਗਰਭ ਜਲ ਦਾ ਸੰਕਟ ਹੋਰ ਗੰਭੀਰ ਬਣ ਸਕਦਾ ਹੈ।

#### ਫਸਲੀ ਵਿਭਿੰਨਤਾ ਨੂੰ ਝਟਕਾ

ਪਿਛਲੇ ਕਈ ਸਾਲਾਂ ਤੋਂ ਮਾਹਿਰ ਪੰਜਾਬ ਵਿੱਚ ਫਸਲੀ ਵਿਭਿੰਨਤਾ (Crop Diversification) ਦੀ ਵਕਾਲਤ ਕਰ ਰਹੇ ਹਨ। ਮੱਕੀ, ਦਾਲਾਂ, ਤਿਲਹਨ ਅਤੇ ਬਾਗਬਾਨੀ ਫਸਲਾਂ ਵੱਲ ਰੁਝਾਨ ਨੂੰ ਪਾਣੀ ਬਚਾਉਣ ਲਈ ਜ਼ਰੂਰੀ ਮੰਨਿਆ ਜਾਂਦਾ ਹੈ। ਪਰ ਜੇ ਈਥਾਨੌਲ ਉਦਯੋਗ ਵੱਡੇ ਪੱਧਰ 'ਤੇ ਮੱਕੀ ਅਤੇ ਚਾਵਲ ਦੀ ਖਰੀਦ ਕਰਦਾ ਹੈ, ਤਾਂ ਕਿਸਾਨ ਮੁੜ ਉਹਨਾਂ ਫਸਲਾਂ ਵੱਲ ਆਕਰਸ਼ਿਤ ਹੋ ਸਕਦੇ ਹਨ ਜਿਨ੍ਹਾਂ ਲਈ ਸਰਕਾਰੀ ਖਰੀਦ ਜਾਂ ਉਦਯੋਗਿਕ ਮੰਗ ਮੌਜੂਦ ਹੈ। ਇਸ ਨਾਲ ਫਸਲੀ ਵਿਭਿੰਨਤਾ ਦੇ ਯਤਨਾਂ ਨੂੰ ਨੁਕਸਾਨ ਪਹੁੰਚ ਸਕਦਾ ਹੈ।

#### ਕਿਸਾਨਾਂ ਲਈ ਆਰਥਿਕ ਮੌਕੇ

ਦੂਜੇ ਪਾਸੇ, ਈਥਾਨੌਲ ਨੀਤੀ ਨੂੰ ਪੂਰੀ ਤਰ੍ਹਾਂ ਨਕਾਰਿਆ ਵੀ ਨਹੀਂ ਜਾ ਸਕਦਾ। ਮੱਕੀ ਉਗਾਉਣ ਵਾਲੇ ਕਿਸਾਨਾਂ ਲਈ ਇਹ ਇੱਕ ਨਵਾਂ ਬਾਜ਼ਾਰ ਖੋਲ੍ਹ ਸਕਦੀ ਹੈ। ਪੰਜਾਬ ਵਿੱਚ ਮੱਕੀ ਦੀ ਖੇਤੀ ਨੂੰ ਧਾਨ ਦਾ ਵਿਕਲਪ ਮੰਨਿਆ ਜਾਂਦਾ ਹੈ ਕਿਉਂਕਿ ਇਸ ਨੂੰ ਘੱਟ ਪਾਣੀ ਦੀ ਲੋੜ ਹੁੰਦੀ ਹੈ। ਜੇ ਸਰਕਾਰ ਈਥਾਨੌਲ ਲਈ ਮੱਕੀ ਦੀ ਖਰੀਦ ਨੂੰ ਤਰਜੀਹ ਦੇਵੇ ਅਤੇ ਯਕੀਨੀ ਕੀਮਤ ਪ੍ਰਦਾਨ ਕਰੇ, ਤਾਂ ਇਹ ਕਿਸਾਨਾਂ ਦੀ ਆਮਦਨ ਵਧਾਉਣ ਦੇ ਨਾਲ ਪਾਣੀ ਬਚਾਉਣ ਵਿੱਚ ਵੀ ਮਦਦਗਾਰ ਹੋ ਸਕਦੀ ਹੈ।

#### ਨੀਤੀ ਵਿੱਚ ਸੰਤੁਲਨ ਦੀ ਲੋੜ

ਮੁੱਦਾ ਈਥਾਨੌਲ ਉਤਪਾਦਨ ਦਾ ਨਹੀਂ, ਸਗੋਂ ਉਸ ਲਈ ਵਰਤੇ ਜਾਣ ਵਾਲੇ ਕੱਚੇ ਮਾਲ ਦਾ ਹੈ। ਜੇ ਨੀਤੀ ਦਾ ਕੇਂਦਰ ਪਾਣੀ-ਖਪਤ ਵਾਲੀਆਂ ਫਸਲਾਂ ਰਹਿੰਦੀਆਂ ਹਨ, ਤਾਂ ਪੰਜਾਬ ਲਈ ਇਸ ਦੇ ਨਤੀਜੇ ਨੁਕਸਾਨਦੇਹ ਹੋ ਸਕਦੇ ਹਨ। ਪਰ ਜੇ ਖੇਤੀਬਾੜੀ ਰਹਿੰਦ-ਖੂੰਹਦ, ਮੱਕੀ, ਬਾਇਓਮਾਸ ਅਤੇ ਹੋਰ ਘੱਟ ਪਾਣੀ ਵਾਲੇ ਸਰੋਤਾਂ ਤੋਂ ਈਥਾਨੌਲ ਤਿਆਰ ਕੀਤਾ ਜਾਵੇ, ਤਾਂ ਇਹ ਇੱਕ ਟਿਕਾਊ ਮਾਡਲ ਸਾਬਤ ਹੋ ਸਕਦਾ ਹੈ।

#### ਸਰਕਾਰ ਅਤੇ ਕਿਸਾਨਾਂ ਲਈ ਸੁਝਾਅ

ਈਥਾਨੌਲ ਉਤਪਾਦਨ ਲਈ ਝੋਨਾ ਦੀ ਥਾਂ ਮੱਕੀ ਅਤੇ ਹੋਰ ਘੱਟ ਪਾਣੀ ਵਾਲੀਆਂ ਫਸਲਾਂ ਨੂੰ ਤਰਜੀਹ ਦਿੱਤੀ ਜਾਵੇ।
ਮੱਕੀ ਦੀ ਸਰਕਾਰੀ ਖਰੀਦ ਅਤੇ ਭਾਅ ਦੀ ਗਾਰੰਟੀ ਦਿੱਤੀ ਜਾਵੇ।
ਭੂਗਰਭ ਜਲ ਦੀ ਸੁਰੱਖਿਆ ਨੂੰ ਈਥਾਨੌਲ ਨੀਤੀ ਨਾਲ ਜੋੜਿਆ ਜਾਵੇ।
ਖੇਤੀ ਰਹਿੰਦ-ਖੂੰਹਦ ਤੋਂ ਦੂਜੀ ਪੀੜ੍ਹੀ (2G) ਦੇ ਈਥਾਨੌਲ ਪ੍ਰੋਜੈਕਟਾਂ ਨੂੰ ਉਤਸ਼ਾਹਿਤ ਕੀਤਾ ਜਾਵੇ।
ਕਿਸਾਨਾਂ ਨੂੰ ਪਾਣੀ ਬਚਾਉਣ ਵਾਲੀਆਂ ਤਕਨੀਕਾਂ ਲਈ ਵਿੱਤੀ ਸਹਾਇਤਾ ਦਿੱਤੀ ਜਾਵੇ।

# ਪੰਜਾਬ 'ਚ ਐਸ.ਆਈ.ਆਰ.-2026 ਲਈ 25 ਤੋਂ ਘਰ-ਘਰ ਗਣਨਾ ਹੋਵੇਗੀ ਸ਼ੁਰੂ

ਚੰਡੀਗੜ੍ਹ, 15 ਜੂਨ (ਚ.ਨ.ਸ.): ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐਸ.




ਆਈ.ਆਰ.) 2026 ਤਹਿਤ ਸੂਬੇ ਭਰ ਵਿੱਚ ਘਰ-ਘਰ ਗਣਨਾ 25 ਜੂਨ ਤੋਂ 24 ਜੁਲਾਈ, 2026 ਤੱਕ ਹੋਵੇਗੀ, ਜਿਸ ਵਿੱਚ ਬੂਥ ਲੈਵਲ ਅਫਸਰ (ਬੀ.ਐਲ.ਓਜ਼) ਵੋਟਰਾਂ ਦੇ ਵੇਰਵਿਆਂ ਦੀ ਪੁਸ਼ਟੀ ਕਰਨ ਤੇ ਗਣਨਾ ਫਾਰਮ ਇਕੱਤਰ ਕਰਨ ਲਈ ਘਰ-ਘਰ ਜਾਣਗੇ। ਇਸ ਸੂਬੇ ਪੱਧਰੀ ਰਿਵੀਜ਼ਨ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਂਦਿਆਂ ਸੀ.ਈ.ਓ. ਪੰਜਾਬ, ਸ੍ਰੀਮਤੀ ਅਨਿੰਦਿਤਾ ਮਿਤਰਾ, ਆਈ.ਏ.ਐਸ. ਵੱਲੋਂ ਭਾਰਤੀ ਚੋਣ ਕਮਿਸ਼ਨ ਦੇ ਡਿਪਟੀ ਚੋਣ ਕਮਿਸ਼ਨਰ ਭਾਨੂ ਪ੍ਰਕਾਸ਼ ਯੇਤੂਰੂ, ਆਈ.ਏ.ਐਸ. ਦੀ ਪ੍ਰਧਾਨਗੀ ਹੇਠ ਇੱਕ ਸਮੀਖਿਆ ਮੀਟਿੰਗ ਕਰਵਾਈ ਗਈ। ਇਹ ਮੀਟਿੰਗ ਐਸ.ਏ.ਐਸ. ਨਗਰ, ਫਤਿਹਗੜ੍ਹ ਸਾਹਿਬ, ਪਟਿਆਲਾ, ਰੋਪੜ ਅਤੇ ਐਸ.ਬੀ.ਐਸ. ਨਗਰ ਦੇ ਜ਼ਿਲ੍ਹਾ ਚੋਣ ਅਧਿਕਾਰੀਆਂ (ਡੀ.ਈ.ਓਜ਼) ਨਾਲ ਕੀਤੀ ਗਈ। ਸੀ.ਈ.ਓ. ਪੰਜਾਬ, ਅਨਿੰਦਿਤਾ ਮਿਤਰਾ, ਆਈ.ਏ.ਐਸ. ਨੇ ਡਿਪਟੀ ਚੋਣ ਕਮਿਸ਼ਨਰ ਨੂੰ ਸੂਬੇ ਦੇ ਚੋਣ ਤੰਤਰ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਵਿੱਚ 5 ਡਿਵੀਜ਼ਨਾਂ, 23 ਜ਼ਿਲ੍ਹੇ ਅਤੇ 117 ਹਲਕੇ ਸ਼ਾਮਲ ਹਨ ਜਿਹਨਾਂ ਵਿੱਚ ਕੁੱਲ 14,664 ਸਥਾਨਾਂ 'ਤੇ 24,453 ਪੋਲਿੰਗ ਸਟੇਸ਼ਨ ਹਨ। ਉਨ੍ਹਾਂ ਅੱਗੇ ਦੱਸਿਆ ਕਿ ਸੂਬੇ ਵਿੱਚ ਕੁੱਲ 85.82 ਫ਼ੀਸਦ ਵੋਟਰ ਮੈਪਿੰਗ ਮੁਕੰਮਲ ਹੋ ਚੁੱਕੀ ਹੈ।

ਸੀ.ਈ.ਓ. ਪੰਜਾਬ ਨੇ ਦੱਸਿਆ ਕਿ ਏ.ਡੀ.ਈ.ਓਜ਼, ਈ.ਆਰ.ਓਜ਼, ਏ.ਈ.ਆਰ.ਓਜ਼, ਚੋਣ ਤਹਿਸੀਲਦਾਰਾਂ ਅਤੇ ਤਕਨੀਕੀ ਸਟਾਫ ਲਈ ਕਰਵਾਇਆ ਗਿਆ ਤਿੰਨ-ਰੋਜ਼ਾ ਸੂਬਾ ਪੱਧਰੀ ਸਿਖਲਾਈ ਪ੍ਰੋਗਰਾਮ ਸਫਲਤਾਪੂਰਵਕ ਮੁਕੰਮਲ ਹੋ ਗਿਆ ਹੈ, ਜਦੋਂ ਕਿ ਬੀ.ਐਲ.ਓਜ਼ ਅਤੇ ਬੀ.ਐਲ.ਓਜ਼ ਸੁਪਰਵਾਈਜ਼ਰਾਂ ਲਈ ਜ਼ਿਲ੍ਹਾ ਪੱਧਰੀ ਸਿਖਲਾਈ ਪ੍ਰਗਤੀ ਅਧੀਨ ਹੈ। ਚੋਣ ਸਮੱਗਰੀ ਦੀ ਛਪਾਈ ਦਾ ਕੰਮ ਜਾਰੀ ਹੈ ਅਤੇ ਘਰ-ਘਰ ਜਾ ਕੇ ਤਸਦੀਕ ਕਰਨ ਸਬੰਧੀ ਪੜਾਅ ਤੋਂ ਪਹਿਲਾਂ ਇਸ ਨੂੰ ਮੁਕੰਮਲ ਕਰ ਲਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਰਿਵੀਜ਼ਨ ਨੂੰ ਨਿਰਵਿਘਨ ਅਤੇ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਸੂਬੇ ਭਰ ਵਿੱਚ ਪੂਰੇ ਤਾਲਮੇਲ ਨਾਲ ਕੰਮ ਕੀਤਾ ਜਾ ਰਿਹਾ ਹੈ। ਸੈਸ਼ਨ ਦੌਰਾਨ, ਡਿਪਟੀ ਚੋਣ ਕਮਿਸ਼ਨਰ ਨੇ ਸਾਰੇ ਡੀ.ਈ.ਓਜ਼ ਨੂੰ ਵੋਟਰ ਸੂਚੀਆਂ ਦੀ ਸਟੀਕਤਾ, ਸੰਪੂਰਨਤਾ ਅਤੇ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਹਰੇਕ ਜ਼ਿਲ੍ਹੇ ਦੀ ਫੀਲਡ ਮਸ਼ੀਨਰੀ ਦੀਆਂ ਤਿਆਰੀਆਂ ਤੇ ਲਾਗੂਕਰਨ ਪ੍ਰੋਟੋਕੋਲ ਦੀ ਸਮੀਖਿਆ ਕੀਤੀ ਜਿਹਨਾਂ ਨੂੰ ਇਹ ਯਕੀਨੀ ਬਣਾਉਣ ਲਈ ਤਿਆਰ ਕੀਤਾ ਗਿਆ ਹੈ ਕਿ ਕਿਸੇ ਵੀ ਯੋਗ ਵੋਟਰ ਦਾ ਨਾਂ ਸੂਚੀ ਵਿੱਚ ਦਰਜ ਕਰਨ ਤੋਂ ਰਹਿ ਨਾ ਜਾਵੇ ਅਤੇ ਕੋਈ ਵੀ ਅਯੋਗ ਐਂਟਰੀ ਸ਼ਾਮਲ ਨਾ ਕੀਤੀ ਜਾਵੇ। ਮੀਟਿੰਗ ਦੌਰਾਨ ਘਰ-ਘਰ ਜਾ ਕੇ ਤਸਦੀਕ ਕਰਨ ਅਤੇ ਵੋਟਰਾਂ ਨੂੰ ਗਣਨਾ ਫਾਰਮ ਭਰਨ ਵਿੱਚ ਸਹਾਇਤਾ ਕਰਨ ਵਿੱਚ ਬੂਥ ਲੈਵਲ ਅਫਸਰਾਂ (ਬੀ.ਐਲ.ਓਜ਼) ਦੀ ਮਹੱਤਵਪੂਰਨ ਭੂਮਿਕਾ 'ਤੇ ਵੀ ਜ਼ੋਰ ਦਿੱਤਾ ਗਿਆ। ਇਸ ਪ੍ਰਕਿਰਿਆ ਨੂੰ ਸਮੇਂ ਸਿਰ ਮੁਕੰਮਲ ਕਰਨ ਅਤੇ ਪ੍ਰਚਾਰ ਮੁਹਿੰਮਾਂ ਰਾਹੀਂ ਵੋਟਰ ਜਾਗਰੂਕਤਾ ਵਧਾਉਣ ਲਈ ਨਿਰਦੇਸ਼ ਜਾਰੀ ਕੀਤੇ ਗਏ। ਭਾਰਤੀ ਚੋਣ ਕਮਿਸ਼ਨ ਦੇ ਡਿਪਟੀ ਚੋਣ ਕਮਿਸ਼ਨਰ ਭਾਨੂ ਪ੍ਰਕਾਸ਼ ਯੇਤੂਰੂ, ਆਈ.ਏ.ਐਸ. ਪੰਜਾਬ ਦੇ ਤਿੰਨ ਰੋਜ਼ਾ ਦੌਰੇ 'ਤੇ ਹਨ ਤੇ ਅਗਲੇ ਦੋ ਦਿਨਾਂ ਵਿੱਚ ਹੋਰ ਜ਼ਿਲ੍ਹਿਆਂ ਨੂੰ ਕਵਰ ਕਰਨਗੇ ਤੇ ਇਸ ਦੌਰੇ ਦੌਰਾਨ ਉਨ੍ਹਾਂ ਦੇ ਨਾਲ ਸੀ.ਈ.ਓ. ਪੰਜਾਬ ਵੀ ਹੋਣਗੇ।

# ਜੇ ਅੱਜ ਇੰਦਰਾ ਗਾਂਧੀ ਹੁੰਦੀ ਤਾਂ ਭਾਜਪਾ ਵਰਗੀ ਪਾਰਟੀ 'ਤੇ ਲਗਾ ਦਿੰਦੀ ਪਾਬੰਦੀ : ਅਸ਼ੋਕ ਗਹਿਲੋਤ

ਜੈਪੁਰ, 15 ਜੂਨ (ਚ.ਨ.ਸ.): ਰਾਜਸਥਾਨ ਦੇ ਸਾਬਕਾ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਸੰਬੋਧਨ ਕਰਦੇ ਹੋਏ ਕਿਹਾ ਹੈ ਕਿ ਜੇਕਰ ਅਸੀਂ ਦੇਸ਼ ਨੂੰ ਬਚਾਉਣਾ ਚਾਹੁੰਦੇ ਹਾਂ, ਦੇਸ਼ ਦੇ ਲੋਕਤੰਤਰ ਨੂੰ ਬਚਾਉਣਾ ਚਾਹੁੰਦੇ ਹਾਂ... ਤਾਂ ਅੱਜ ਦੇਸ਼ ਦੇ ਅੰਦਰ ਜੋ ਖ਼ਤਰਨਾਕ ਮਾਹੌਲ ਹੈ, ਉਹ ਮੈਂ ਆਪਣੇ 50 ਸਾਲਾਂ ਦੇ ਰਾਜਨੀਤਿਕ ਕਰੀਅਰ ਵਿੱਚ ਪਹਿਲਾਂ ਕਦੇ ਨਹੀਂ ਦੇਖਿਆ। ਇੱਥੇ ਬੈਠੇ ਤੁਸੀਂ ਸਾਰੇ ਸੀਨੀਅਰ ਲੋਕ ਇਸ ਨਾਲ ਸਹਿਮਤ ਹੋਵੋਗੇ। ਮੈਂ ਪੂਰੀ ਜ਼ਿੰਮੇਵਾਰੀ ਨਾਲ ਕਹਿੰਦਾ ਹਾਂ ਕਿ ਅੱਜ ਬਹੁਤ ਖ਼ਤਰਨਾਕ ਮਾਹੌਲ ਹੈ। ਜੇਕਰ ਦੇਸ਼ ਹੁਣ ਠੀਕ ਨਹੀਂ ਹੁੰਦਾ, ਤਾਂ ਨਾਗਰਿਕਾਂ ਨੂੰ ਬਾਅਦ ਵਿੱਚ ਇਸ ਦੇ ਨਤੀਜੇ ਭੁਗਤਣੇ ਪੈਣਗੇ। ਸਾਡੀ ਨੌਜਵਾਨ ਪੀੜ੍ਹੀ ਦਾ ਕੋਈ ਭਵਿੱਖ ਨਹੀਂ ਹੋਵੇਗਾ, ਅਤੇ ਸਥਿਤੀ ਬਹੁਤ ਗੰਭੀਰ ਹੋ ਜਾਵੇਗੀ।

ਇਸੇ ਲਈ ਅੱਜ ਦੀ ਨੌਜਵਾਨ ਪੀੜ੍ਹੀ ਦੀ ਜ਼ਿੰਮੇਵਾਰੀ ਸਭ ਤੋਂ ਵੱਡੀ ਹੈ; ਕਿਉਂਕਿ ਇਤਿਹਾਸ ਉਨ੍ਹਾਂ ਨੂੰ ਵੀ ਮੁਆਫ਼ ਨਹੀਂ ਕਰੇਗਾ। ਕੱਲ੍ਹ ਉਨ੍ਹਾਂ ਤੋਂ ਪੁੱਛਿਆ ਜਾਵੇਗਾ ਕਿ ਜਦੋਂ ਇਹ ਸਭ ਦੇਸ਼ ਵਿੱਚ ਹੋ ਰਿਹਾ ਸੀ ਤਾਂ ਉਹ ਨੌਜਵਾਨਾਂ ਵਜੋਂ ਕੀ ਕਰ ਰਹੇ ਸਨ। ਕਾਂਗਰਸ ਮਹਾਤਮਾ ਗਾਂਧੀ, ਪੰਡਿਤ ਨਹਿਰੂ, ਸਰਦਾਰ ਪਟੇਲ, ਮੌਲਾਨਾ ਅਬੁਲ ਕਲਾਮ ਆਜ਼ਾਦ ਅਤੇ ਬਾਬਾ ਸਾਹਿਬ ਅੰਬੇਡਕਰ ਦੇ ਯੁੱਗ ਦੀ ਪਾਰਟੀ ਹੈ। ਦੇਸ਼ ਅੱਜ ਉਨ੍ਹਾਂ ਦੁਆਰਾ ਬਣਾਏ ਗਏ ਸੰਵਿਧਾਨ ਦੀ ਬਦੌਲਤ ਚੱਲ ਰਿਹਾ ਹੈ। ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਨੇ ਆਪਣੀ ਜਾਨ ਕੁਰਬਾਨ ਕਰ ਦਿੱਤੀ, ਫਿਰ ਵੀ ਦੇਸ਼ ਨੂੰ ਇੱਕਜੁੱਟ ਅਤੇ ਅਖੰਡ ਰੱਖਿਆ।

# ਐਸ.ਸੀ. ਕਮਿਸਨ ਵੱਲੋਂ ਰਵਨੀਤ ਸਿੰਘ ਬਿੱਟੂ ਨੂੰ 24 ਨੂੰ ਪੇਸ਼ ਹੋਣ ਦਾ ਇੱਕ ਹੋਰ ਮੌਕਾ

ਚੰਡੀਗੜ੍ਹ, 15 ਜੂਨ (ਚ.ਨ.ਸ.): ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਨੇ ਧੂਰੀ ਮਾਮਲੇ ਵਿਚ ਕੇਂਦਰੀ ਰੇਲ ਰਾਜ ਮੰਤਰੀ ਨੂੰ ਕਮਿਸ਼ਨ ਅੱਗੇ ਪੇਸ਼ ਹੋਣ ਲਈ ਇਕ ਹੋਰ ਮੌਕਾ ਦਿੱਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਧੂਰੀ ਮਾਮਲੇ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਅੱਜ ਕਮਿਸ਼ਨ ਅੱਗੇ ਪੇਸ਼ ਹੋਣ ਲਈ ਹੁਕਮ ਕੀਤਾ ਗਿਆ ਸੀ ਪ੍ਰੰਤੂ ਉਨ੍ਹਾਂ ਦੀ ਤਰਫੋਂ ਐਡ. ਰਮਨਦੀਪ ਸਿੰਘ ਤੇ ਐਡ. ਏ.ਐਸ. ਬਰਨਾਲਾ ਪੇਸ਼ ਹੋਏ ਜਿਨ੍ਹਾਂ ਦੱਸਿਆ ਕਿ ਰਵਨੀਤ ਸਿੰਘ ਬਿੱਟੂ ਦੇ ਨਵੀਂ ਦਿੱਲੀ ਵਿਖੇ ਕੁਝ ਰੁਝੇਵੇਂ ਹਨ ਜਿਸ ਕਾਰਨ ਅੱਜ ਉਹ ਪੇਸ਼ ਨਹੀਂ ਹੋ ਸਕਦੇ।

ਉਨ੍ਹਾਂ ਕਮਿਸ਼ਨ ਤੋਂ ਮੰਗ ਕੀਤੀ ਰਵਨੀਤ ਸਿੰਘ ਬਿੱਟੂ ਨੂੰ ਕਮਿਸ਼ਨ ਅੱਗੇ ਪੇਸ਼ ਹੋਣ ਲਈ ਇਕ ਹੋਰ ਮੌਕਾ ਦਿੱਤਾ ਜਾਵੇ ਜਿਸ ਨੂੰ ਕਮਿਸ਼ਨ ਵਲੋਂ ਪ੍ਰਵਾਨ ਕਰਦਿਆਂ 24 ਜੂਨ ਨੂੰ ਸਵੇਰੇ 11 ਵਜੇ ਦਾ ਸਮਾਂ ਦਿੱਤਾ ਗਿਆ ਤੇ ਨਾਲ ਹੀ ਐਸ.ਐਸ.ਪੀ. ਸੰਗਰੂਰ ਨੂੰ ਤਾਕੀਦ ਕੀਤੀ ਗਈ ਜੇਕਰ ਰਵਨੀਤ ਸਿੰਘ ਬਿੱਟੂ ਅਗਲੀ ਤਰੀਕ ਤੇ ਵੀ ਪੇਸ਼ ਨਹੀਂ ਹੁੰਦੇ ਤਾਂ ਇਸ ਮਾਮਲੇ ਸਬੰਧੀ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਉਂਦਿਆਂ 25 ਜੂਨ ਨੂੰ ਐਸ.ਪੀ ਹੈਡਕੁਆਰਟਰ ਸੰਗਰੂਰ ਰਾਹੀ ਰਿਪੋਰਟ ਕਮਿਸ਼ਨ ਨੂੰ ਪੇਸ਼ ਕੀਤੀ ਜਾਵੇ।

# ਗੈਂਗਸਟਰਾਂ 'ਤੇ ਵਾਰ ਦੇ 146ਵੇਂ ਦਿਨ 515 ਥਾਵਾਂ ਉੱਤੇ ਛਾਪੇਮਾਰੀ ਦੌਰਾਨ 284 ਕਾਬੂ

ਚੰਡੀਗੜ੍ਹ, 15 ਜੂਨ (ਚ.ਨ.ਸ.): ਸੂਬੇ ਵਿੱਚ ਚੱਲ ਰਹੀ ਫੈਸਲਾਕੁੰਨ ਮੁਹਿੰਮ "ਗੈਂਗਸਟਰਾਂ ਤੇ ਵਾਰ" ਦੇ 146ਵੇਂ ਦਿਨ ਪੰਜਾਬ ਪੁਲਿਸ ਨੇ ਅੱਜ ਸੂਬੇ ਭਰ 'ਚ ਗੈਂਗਸਟਰਾਂ ਦੇ ਸਾਥੀਆਂ ਦੇ ਪਛਾਣੇ ਗਏ ਤੇ ਮੈਪ ਕੀਤੇ 515 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਜ਼ਿਕਰਯੋਗ ਹੈ ਕਿ "ਗੈਂਗਸਟਰਾਂ ਤੇ ਵਾਰ" ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਫੈਸਲਾਕੁੰਨ ਜੰਗ ਹੈ, ਜੋ 20 ਜਨਵਰੀ, 2026 ਨੂੰ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਵੱਲੋਂ ਸ਼ੁਰੂ ਕੀਤੀ ਗਈ ਸੀ। ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਸਾਰੇ ਜ਼ਿਲਿਆਂ ਦੀਆਂ ਪੁਲਿਸ ਟੀਮਾਂ ਸੂਬੇ ਭਰ 'ਚ ਵਿਸ਼ੇਸ਼ ਕਾਰਵਾਈਆਂ ਕਰ ਰਹੀਆਂ ਹਨ। 146ਵੇਂ ਦਿਨ ਪੁਲਿਸ ਟੀਮਾਂ ਨੇ ਛੇ ਹਥਿਆਰਾਂ ਸਮੇਤ 284 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ, ਜਿਸ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਬਾਅਦ ਕੁੱਲ ਗ੍ਰਿਫ਼ਤਾਰੀਆਂ 37,216 ਹੋ ਗਈਆਂ। ਇਸ ਤੋਂ ਇਲਾਵਾ 70 ਵਿਅਕਤੀਆਂ ਵਿਰੁੱਧ ਇਹਤਿਆਤੀ ਕਾਰਵਾਈ ਕੀਤੀ ਗਈ ਹੈ, ਜਦੋਂ ਕਿ ਇੱਕ ਵਿਅਕਤੀਆਂ ਨੂੰ ਪੁੱਛਗਿੱਛ ਤੋਂ ਬਾਅਦ ਛੱਡ ਦਿੱਤਾ ਗਿਆ। ਪੁਲਿਸ ਟੀਮਾਂ ਨੇ ਕਾਰਵਾਈ ਦੌਰਾਨ 5 ਭਗੌੜੇ ਅਪਰਾਧੀ (ਪੀਓ) ਨੂੰ ਵੀ ਗ੍ਰਿਫ਼ਤਾਰ ਕੀਤਾ ਹੈ। ਲੋਕ, ਐਂਟੀ ਗੈਂਗਸਟਰ ਹੈਲਪਲਾਈਨ ਨੰਬਰ 93946-93946 ਰਾਹੀਂ ਗੁਪਤ ਰੂਪ ਵਿੱਚ ਲੋੜੀਂਦੇ ਅਪਰਾਧੀਆਂ ਤੇ ਗੈਂਗਸਟਰਾਂ ਬਾਰੇ ਰਿਪੋਰਟ ਕਰ ਸਕਦੇ ਹਨ ਤੇ ਅਪਰਾਧ ਤੇ ਅਪਰਾਧਿਕ ਗਤੀਵਿਧੀਆਂ ਬਾਰੇ ਸੂਹ ਵੀ ਦਿੱਤੀ ਜਾ ਸਕਦੀ ਹੈ।

ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਨੂੰ 471ਵੇਂ ਦਿਨ ਵੀ ਜਾਰੀ ਰੱਖਦਿਆਂ ਅੱਜ 83 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 3.7 ਕਿਲੋ ਹੈਰੋਇਨ, 70 ਕਿਲੋ ਭੁੱਕੀ, 446 ਨਸ਼ੀਲੀਆਂ ਗੋਲੀਆਂ ਤੇ 2500 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਇਸ ਨਾਲ ਸਿਰਫ 471 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 68,401 ਹੋ ਗਈ ਹੈ। ਨਸ਼ਾ ਛੁਡਾਊ ਮੁਹਿੰਮ ਦੇ ਹਿੱਸੇ ਵਜੋਂ, ਪੰਜਾਬ ਪੁਲਿਸ ਨੇ ਅੱਜ 10 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬੇ ਦਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਰਾਜ ਸਭਾ 'ਚ ਦੋ-ਤਿਹਾਈ ਬਹੁਮਤ ਦੇ ਨੇੜੇ ਪੁੱਜਾ ਰਾਸ਼ਟਰੀ ਜਨਤੰਤਰਿਕ ਗੱਠਜੋੜ

ਨਵੀਂ ਦਿੱਲੀ, 15 ਜੂਨ (ਚ.ਨ.ਸ.): ਤ੍ਰਿਣਮੂਲ ਕਾਂਗਰਸ 'ਚ ਬਗਾਵਤ ਨਾਲ ਸੰਸਦ 'ਚ ਰਾਸ਼ਟਰੀ ਜਨਤੰਤਰਿਕ ਗੱਠਜੋੜ (ਰਾਜਗ) ਦੀ ਤਾਕਤ ਵਧਣ ਦੀ ਉਮੀਦ ਹੈ ਕਿਉਂਕਿ ਉਹ ਅਹਿਮ ਸੰਵਿਧਾਨਕ ਸੋਧ ਬਿੱਲ ਪਾਸ ਕਰਵਾਉਣ ਲਈ ਦੋਵਾਂ ਸਦਨਾਂ 'ਚ ਦੋ-ਤਿਹਾਈ ਬਹੁਮਤ ਹਾਸਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਹਾਲਾਂਕਿ ਰਾਜ ਸਭਾ ਚੋਣਾਂ ਦਾ ਮੌਜੂਦਾ ਦੌਰ ਰਾਜਗ ਨੂੰ ਦੋ-ਤਿਹਾਈ ਬਹੁਮਤ ਦੇ ਅੰਕੜੇ ਦੇ ਨੇੜੇ ਪਹੁੰਚਣ 'ਚ ਮਦਦ ਕਰੇਗਾ ਪਰ ਲੋਕ ਸਭਾ 'ਚ ਤ੍ਰਿਣਮੂਲ ਸੰਸਦ ਮੈਂਬਰਾਂ ਵੱਲੋਂ ਪਾਸਾ ਬਦਲਣ ਦੇ ਬਾਵਜੂਦ ਉਹ ਹਾਲੇ ਵੀ 363 ਦੇ ਇਸ ਜਾਦੂਈ ਅੰਕੜੇ ਤੋਂ ਕਾਫ਼ੀ ਦੂਰ ਹੈ। ਸੂਤਰਾਂ ਮੁਤਾਬਕ ਰਾਜ ਸਭਾ 'ਚ ਰਾਜਗ ਦੇ ਮੌਜੂਦਾ 148 ਸੰਸਦ ਮੈਂਬਰਾਂ ਦੀ ਗਿਣਤੀ 'ਚ ਤਿੰਨ ਹੋਰ ਸੀਟਾਂ ਜੁੜਨ ਦੀ ਉਮੀਦ ਹੈ। ਇਹ ਵਾਧਾ ਝਾਰਖੰਡ ਅਤੇ ਮਿਜ਼ੋਰਮ 'ਚ ਹੋ ਰਹੀਆਂ ਰਾਜ ਸਭਾ ਚੋਣਾਂ 'ਚ ਆਜ਼ਾਦ ਉਮੀਦਵਾਰਾਂ ਦੇ ਸੀਟਾਂ ਜਿੱਤਣ ਨਾਲ ਹੋ ਸਕਦਾ ਹੈ। ਤ੍ਰਿਣਮੂਲ ਦੇ ਤਿੰਨ ਰਾਜ ਸਭਾ ਮੈਂਬਰਾਂ ਦੇ ਅਸਤੀਫ਼ੇ ਤੋਂ ਬਾਅਦ ਜ਼ਿਮਨੀ ਚੋਣਾਂ 'ਚ ਰਾਜਗ ਪੱਛਮੀ ਬੰਗਾਲ ਦੀਆਂ ਤਿੰਨੋਂ ਸੀਟਾਂ ਜਿੱਤ ਸਕਦਾ ਹੈ। ਇਸ ਨਾਲ ਉਸ ਦੀ ਕੁੱਲ ਗਿਣਤੀ 154 ਹੋ ਜਾਵੇਗੀ, ਜੋ ਉੱਚ ਸਦਨ 'ਚ ਦੋ-ਤਿਹਾਈ ਬਹੁਮਤ ਤੋਂ 9 ਘੱਟ ਹੈ ਕਿਉਂਕਿ ਉੱਚ ਸਦਨ 'ਚ ਤ੍ਰਿਣਮੂਲ ਦੇ ਹੋਰ ਸੰਸਦ ਮੈਂਬਰਾਂ ਦੇ ਅਸਤੀਫ਼ਾ ਦੇਣ ਦੀਆਂ ਅਟਕਲਾਂ ਲਗਾਈਆਂ ਜਾ ਰਹੀਆਂ ਹਨ, ਅਜਿਹੇ 'ਚ ਰਾਜਗ 163 ਦਾ ਅੰਕੜਾ ਛੂਹ ਸਕਦਾ ਹੈ, ਜਿਸ ਨਾਲ ਉਸ ਨੂੰ ਸਾਰੇ ਸੰਵਿਧਾਨਕ ਸੋਧ ਬਿੱਲ ਪਾਸ ਕਰਨ ਲਈ ਜ਼ਰੂਰੀ ਗਿਣਤੀ ਮਿਲ ਜਾਵੇਗੀ। ਨਵੰਬਰ ਤੱਕ ਸੱਤਾਧਾਰੀ ਗੱਠਜੋੜ ਦੀ ਤਾਕਤ ਘੱਟ ਹੋ ਸਕਦੀ ਹੈ ਕਿਉਂਕਿ ਉੱਤਰ ਪ੍ਰਦੇਸ਼ ਤੋਂ 10 ਸੰਸਦ ਮੈਂਬਰਾਂ ਦਾ ਕਾਰਜਕਾਲ ਖ਼ਤਮ ਹੋ ਰਿਹਾ ਹੈ। ਉੱਥੇ ਹੀ ਰਾਜ ਵਿਧਾਨ ਸਭਾ 'ਚ ਆਪਣੀ ਬਿਹਤਰ ਗਿਣਤੀ ਕਾਰਨ ਸਮਾਜਵਾਦੀ ਪਾਰਟੀ ਨੂੰ ਰਾਜ ਸਭਾ 'ਚ ਕੁਝ ਸੀਟਾਂ ਮਿਲ ਸਕਦੀਆਂ ਹਨ।

ਵਿਰੋਧੀ ਧਿਰ 'ਇੰਡੀਆ' ਕੋਲ ਹਾਲੇ 64 ਸੰਸਦ ਮੈਂਬਰ ਹਨ; ਡੀ.ਐਮ.ਕੇ. ਦੇ 8 ਸੰਸਦ ਮੈਂਬਰਾਂ ਦੇ ਵੱਖ ਹੋਣ ਤੇ 'ਆਪ' ਦੇ 3 ਸੰਸਦ ਮੈਂਬਰਾਂ ਦੇ ਗੱਠਜੋੜ ਤੋਂ ਦੂਰੀ ਬਣਾ ਲੈਣ ਤੋਂ ਬਾਅਦ ਇਹ ਸਥਿਤੀ ਬਣੀ ਹੈ। ਵਾਈ.ਐਸ. ਆਰ. ਕਾਂਗਰਸ ਤੇ ਬੀਜਦ ਵਰਗੇ ਦਲ ਜਿਨ੍ਹਾਂ ਕੋਲ ਕ੍ਰਮਵਾਰ 7 ਅਤੇ 6 ਸੀਟਾਂ ਹਨ, ਰਾਜ ਸਭਾ 'ਚ ਕਿਸੇ ਵੀ ਪਾਸੇ ਜਾ ਸਕਦੇ ਹਨ। ਇਹ ਦਲ ਕਿਸੇ ਗੱਠਜੋੜ ਦਾ ਹਿੱਸਾ ਨਹੀਂ ਹਨ।

# ਐਸ.ਸੀ. ਕਮਿਸ਼ਨ ਵੱਲੋਂ ਰਾਜਾ ਵੜਿੰਗ ਮਾਮਲੇ 'ਚ ਪੰਜਾਬ ਪੁਲਿਸ ਤੋਂ 2 ਜੁਲਾਈ ਨੂੰ ਰਿਪੋਰਟ ਤਲਬ

ਚੰਡੀਗੜ੍ਹ, 15 ਜੂਨ (ਚ.ਨ.ਸ.): ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਵੱਲੋਂ ਪੰਜਾਬ ਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਵੱਲੋਂ ਦਿੱਤੀ ਗਈ ਸ਼ਿਕਾਇਤ ਉਤੇ ਕਾਰਵਾਈ ਕਰਦਿਆਂ ਅੰਮ੍ਰਿਤਸਰ ਦਿਹਾਤੀ ਪੁਲਿਸ ਤੋਂ 2 ਜੁਲਾਈ ਨੂੰ ਰਿਪੋਰਟ ਤਲਬ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਕੈਬਨਿਟ ਮੰਤਰੀ ਹਰਭਜਨ ਸਿੰਘ ਈ. ਟੀ. ਓ. ਵਲੋਂ ਲਿਖਤੀ ਸ਼ਿਕਾਇਤ ਦਿੱਤੀ ਗਈ ਕਿ ਕਾਂਗਰਸ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਲੁਧਿਆਣਾ ਤੋਂ ਲੋਕ ਸਭਾ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਫਰਵਰੀ 2026 ਦੌਰਾਨ ਤਰਨਤਾਰਨ ਚੋਣਾਂ ਦੌਰਾਨ ਮੇਰੇ ਖ਼ਿਲਾਫ਼ ਲੋਕਾਂ ਨੂੰ ਭੜਕਾਉਣ ਲਈ ਬਿਆਨਬਾਜੀ ਕੀਤੀ ਅਤੇ ਕਿਹਾ ਕਿ ਇਸ ਦੀ ਗਰਦਨ ਮਰੋੜਨ ਵਿਚ ਤਿੰਨ ਮਿੰਟ ਲੱਗਣੇ ਹਨ। ਗੜ੍ਹੀ ਨੇ ਦੱਸਿਆ ਕਿ ਇਸ ਸਬੰਧੀ ਅੰਮ੍ਰਿਤਸਰ ਦਿਹਾਤੀ ਪੁਲਿਸ ਤੋਂ ਰਿਪੋਰਟ ਮੰਗੀ ਗਈ ਸੀ ਜਿਸ 'ਤੇ ਪੁਲਿਸ ਵੱਲੋਂ ਰਿਪੋਰਟ ਪੇਸ਼ ਕਰਨ ਲਈ ਹੋਰ ਸਮੇਂ ਦੀ ਮੰਗ ਕੀਤੀ ਗਈ।

ਉਨ੍ਹਾਂ ਕਿਹਾ ਇਸ ਮੰਗ ਧਿਆਨ ਵਿਚ ਰੱਖਦਿਆਂ ਅੰਮ੍ਰਿਤਸਰ ਦਿਹਾਤੀ ਪੁਲਿਸ ਨੂੰ ਸੂਬਾ ਪ੍ਰਧਾਨ ਤੇ ਲੁਧਿਆਣਾ ਤੋਂ ਲੋਕ ਸਭਾ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਆਵਾਜ਼ ਦੇ ਨਮੂਨੇ ਲੈ ਕੇ ਤੇ ਉਨ੍ਹਾਂ ਦੀ ਜਾਂਚ ਕਰਵਾ ਕੇ 2 ਜੁਲਾਈ ਨੂੰ ਰਿਪੋਰਟ ਪੇਸ਼ ਕਰਨ ਲਈ ਕਿਹਾ ਹੈ।

# ਸੰਵਿਧਾਨਕ ਤੇ ਕਾਨੂੰਨੀ ਸੰਸਥਾਵਾਂ ਦਾ ਸਤਿਕਾਰ ਕਰਦੇ ਹਨ, ਪਰ ਗੜ੍ਹੀ ਸਾਹਮਣੇ ਪੇਸ਼ ਨਹੀਂ ਹੋਵਾਂਗਾ : ਰਾਜਾ ਵੜਿੰਗ

ਚੰਡੀਗੜ੍ਹ, 15 ਜੂਨ (ਅੰਮ੍ਰਿਤਪਾਲ ਸਿੰਘ): ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਉਹ ਦੇਸ਼ ਦੀਆਂ ਸਾਰੀਆਂ ਸੰਵਿਧਾਨਕ ਤੇ ਕਾਨੂੰਨੀ ਸੰਸਥਾਵਾਂ ਦਾ ਪੂਰਾ ਸਤਿਕਾਰ ਕਰਦੇ ਹਨ, ਜਿਨ੍ਹਾਂ 'ਚ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਵੀ ਸ਼ਾਮਲ ਹੈ। ਹਾਲਾਂਕਿ ਉਨ੍ਹਾਂ ਨੇ ਜ਼ੋਰ ਦਿੰਦਿਆਂ, ਕਿਹਾ ਕਿ ਕਮਿਸ਼ਨ ਦੇ ਮੌਜੂਦਾ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਸਰਕਾਰ ਦੇ ਨੁਮਾਇੰਦੇ ਵਾਂਗ ਕੰਮ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੂੰ ਗੜ੍ਹੀ ਉੱਤੇ ਕੋਈ ਭਰੋਸਾ ਨਹੀਂ ਹੈ ਤੇ ਉਹ ਕਿਸੇ ਵੀ ਹਾਲਤ ਵਿੱਚ ਇਨ੍ਹਾਂ ਸਾਹਮਣੇ ਪੇਸ਼ ਨਹੀਂ ਹੋਣਗੇ। ਉਨ੍ਹਾਂ ਨੇ ਕਿਹਾ ਕਿ ਉਹ ਇਨਸਾਫ ਲਈ ਅਦਾਲਤਾਂ ਦਾ ਦਰਵਾਜ਼ਾ ਖੜਕਾਉਣਗੇ। ਇਸ ਲੜੀ ਹੇਠ, ਇੱਕ ਸਵਾਲ ਦੇ ਜਵਾਬ ਵਿੱਚ ਕਿ ਕੀ ਉਹ ਸਮਨ ਦੇ ਮਾਮਲੇ 'ਚ ਕਮਿਸ਼ਨ ਦੇ ਚੇਅਰਮੈਨ ਸਾਹਮਣੇ ਪੇਸ਼ ਹੋਣਗੇ, ਵੜਿੰਗ ਨੇ ਕਿਹਾ ਕਿ ਗੜ੍ਹੀ ਲਗਾਤਾਰ ਆਪ ਦੇ ਨੁਮਾਇੰਦੇ ਵਜੋਂ ਕੰਮ ਕਰਦੇ ਰਹੇ ਹਨ ਤੇ ਰਾਜਨੀਤਿਕ ਮਕਸਦਾਂ ਨਾਲ ਕਾਰਵਾਈ ਕਰਦੇ ਹਨ। ਉਨ੍ਹਾਂ ਨੇ ਕਿਹਾ ਕਿ ਐਸ.ਸੀ. ਕਮਿਸ਼ਨ ਦੇ ਮੁਖੀ ਹੋਣ ਦੇ ਨਾਤੇ ਉਹ ਸਰਕਾਰ ਤੋਂ ਸੁਤੰਤਰ ਤੇ ਖੁਦਮੁਖਤਿਆਰ ਹਨ। ਲੇਕਿਨ ਅਫ਼ਸੋਸ ਦੀ ਗੱਲ ਹੈ ਕਿ ਉਹ ਆਪਣੀ ਜ਼ਿੰਮੇਵਾਰੀ ਨਾਲ ਇਨਸਾਫ ਨਹੀਂ ਕਰ ਰਹੇ ਹਨ।



ਇਸੇ ਤਰ੍ਹਾਂ, ਗੁਰਦਾਸਪੁਰ ਤੇ ਦੀਨਾਨਗਰ ਵਿੱਚ ਕਾਂਗਰਸ ਦੀ ਜਿੱਤ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ 'ਚ ਵੜਿੰਗ ਨੇ ਕਿਹਾ ਕਿ ਕੰਧ ਉੱਤੇ ਲਿਖਿਆ ਸਾਫ਼ ਨਜ਼ਰ ਆ ਰਿਹਾ ਹੈ ਕਿ ਕਾਂਗਰਸ ਆ ਰਹੀ ਹੈ, ਜਦਕਿ ਆਪ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੇ ਪਹਿਲਾਂ ਵੀ ਕਿਹਾ ਸੀ ਤੇ ਅੱਜ ਫਿਰ ਤੋਂ ਦੁਹਰਾ ਰਹੇ ਹਨ ਕਿ ਪੰਜਾਬ ਵਿੱਚ ਆਪ ਦਹਾਈ ਦੇ ਅੰਕੜੇ ਤੱਕ ਵੀ ਨਹੀਂ ਪਹੁੰਚੇਗੀ। ਲੋਕਾਂ ਸਾਹਮਣੇ ਪਾਰਟੀ ਪੂਰੀ ਤਰ੍ਹਾਂ ਬੇਨਕਾਬ ਹੋ ਚੁੱਕੀ ਹੈ ਤੇ ਆਉਣ ਵਾਲੇ ਛੇ ਮਹੀਨਿਆਂ 'ਚ ਲੋਕ ਸ਼ਾਇਦ ਪਾਰਟੀ ਦਾ ਨਾਮ ਵੀ ਭੁੱਲ ਜਾਣ। ਉਨ੍ਹਾਂ ਨੇ ਕਿਹਾ ਕਿ ਨਗਰ ਨਿਗਮ ਚੋਣਾਂ ਦੇ ਨਤੀਜਿਆਂ ਬਾਰੇ ਆਪ ਦੇ ਦਾਅਵੇ ਗਲਤ ਸਾਬਤ ਹੋਣਗੇ, ਕਿਉਂਕਿ ਇਹ ਚੋਣਾਂ ਕਦੇ ਵੀ ਵਿਧਾਨ ਸਭਾ ਚੋਣਾਂ ਦਾ ਸੂਚਕ ਨਹੀਂ ਰਹੀਆਂ। ਜਦਕਿ ਪਾਰਟੀ ਦੀਆਂ ਅਗਲੀਆਂ ਗਤੀਵਿਧੀਆਂ ਬਾਰੇ ਉਨ੍ਹਾਂ ਕਿਹਾ ਕਿ ਕਾਂਗਰਸ ਤੇ ਅਕਾਲੀ ਦਲ ਵਰਗੀਆਂ ਛੋਟੀਆਂ ਪਾਰਟੀਆਂ ਤੋਂ ਵੱਖਰੀ ਇੱਕ ਕੌਮੀ ਪਾਰਟੀ ਹੈ ਤੇ ਇਸਦਾ ਕੰਮ ਕਰਨ ਦਾ ਢੰਗ ਵੀ ਵੱਖਰਾ ਹੈ। ਉਨ੍ਹਾਂ ਨੇ ਖੁਲਾਸਾ ਕੀਤਾ ਕਿ ਪਾਰਟੀ ਜਲਦ ਹੀ ਇੱਕ ਵਿਸ਼ਾਲ ਲੋਕ ਸੰਪਰਕ ਮੁਹਿੰਮ ਸ਼ੁਰੂ ਕਰਨ ਜਾ ਰਹੀ ਹੈ, ਜਿਹੜੀ ਚੋਣਾਂ ਤੱਕ ਲਗਾਤਾਰ ਚੱਲੇਗੀ।

ਭਾਜਪਾ ਦਾ ਕਾਨੂੰਨੀ ਸਲਾਹਕਾਰ ਨਸ਼ਿਆਂ ਸਮੇਤ ਕਾਬੂ

# ਭਾਜਪਾ ਆਗੂਆਂ ਨੇ ਪੰਜਾਬ ਵਿੱਚ ਸਿੱਧੇ ਤੌਰ 'ਤੇ ਨਸ਼ੇ ਵੇਚਣੇ ਸ਼ੁਰੂ ਕਰ ਦਿੱਤੇ ਨੇ : ਚੀਮਾ

ਚੰਡੀਗੜ੍ਹ 15 ਜੂਨ (ਅੰਮ੍ਰਿਤਪਾਲ ਸਿੰਘ): ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂ ਤੇ ਪੰਜਾਬ ਦੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਸੋਮਵਾਰ ਨੂੰ ਕਿਹਾ ਕਿ ਨਸ਼ਿਆਂ ਸਮੇਤ ਭਾਜਪਾ ਦੇ ਇੱਕ ਅਹੁਦੇਦਾਰ ਦੀ ਗ੍ਰਿਫ਼ਤਾਰੀ ਨੇ ਪਾਰਟੀ ਦੇ ਨਸ਼ਾ ਤਸਕਰੀ ਨਾਲ ਡੂੰਘੇ ਸਬੰਧਾਂ ਨੂੰ ਬੇਨਕਾਬ ਕਰ ਦਿੱਤਾ ਹੈ, ਜਿਸ ਨਾਲ ਪੰਜਾਬ ਨੂੰ ਸਾਲਾਂ ਤੋਂ ਲੱਗੇ ਨਸ਼ਿਆਂ ਦੇ ਕੋਹੜ ਵਿੱਚ ਇਸਦੀ ਭੂਮਿਕਾ 'ਤੇ ਗੰਭੀਰ ਸਵਾਲ ਖੜ੍ਹੇ ਹੋ ਗਏ ਹਨ। ਉਨ੍ਹਾਂ ਦਾਅਵਾ ਕੀਤਾ ਕਿ ਜਿੱਥੇ ਪਹਿਲਾਂ ਨਸ਼ਾ ਤਸਕਰ ਭਾਜਪਾ ਦੀ ਸਿਆਸੀ ਸਰਪ੍ਰਸਤੀ ਹੇਠ ਕੰਮ ਕਰਦੇ ਸਨ, ਉੱਥੇ ਹੀ ਹੁਣ ਨਸ਼ਿਆਂ ਨਾਲ ਸਬੰਧਤ ਮਾਮਲਿਆਂ ਵਿੱਚ ਭਾਜਪਾ ਦੇ ਆਗੂ ਅਤੇ ਅਹੁਦੇਦਾਰ ਖੁਦ ਫੜੇ ਜਾ ਰਹੇ ਹਨ। ਸੀਨੀਅਰ ਆਪ ਆਗੂ ਨੇ ਕਿਹਾ ਕਿ ਭਾਜਪਾ ਨੂੰ ਇਹ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਗੁਜਰਾਤ ਦੇ ਰਸਤੇ ਵਾਰ-ਵਾਰ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਕਿਉਂ ਬਰਾਮਦ ਕੀਤੇ ਜਾ ਰਹੇ ਹਨ। ਇਸ ਦੇ ਨਾਲ ਹੀ ਉਨ੍ਹਾਂ ਯਾਦ ਦਿਵਾਇਆ ਕਿ ਇਹ ਅਕਾਲੀ-ਭਾਜਪਾ ਦੇ ਸ਼ਾਸਨਕਾਲ ਦੌਰਾਨ ਹੀ ਸੀ ਜਦੋਂ ਪੰਜਾਬ ਭਰ ਵਿੱਚ ਚਿੱਟਾ ਫੈਲਿਆ ਤੇ ਸੂਬੇ ਨੂੰ ਹਨੇਰੇ ਵਿੱਚ ਧੱਕ ਦਿੱਤਾ ਗਿਆ।

ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸੈਂਕੜੇ ਵੱਡੇ ਨਸ਼ਾ ਤਸਕਰਾਂ ਨੂੰ ਜੇਲ੍ਹ ਭੇਜਿਆ ਗਿਆ ਹੈ, ਉਨ੍ਹਾਂ ਦੀਆਂ ਜਾਇਦਾਦਾਂ ਢਾਹ ਦਿੱਤੀਆਂ ਗਈਆਂ ਹਨ, ਅਤੇ ਨਸ਼ਾ ਤਸਕਰੀ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ, ਭਾਵੇਂ ਉਹ ਭਾਜਪਾ ਦਾ ਆਗੂ,




ਅਹੁਦੇਦਾਰ ਜਾਂ ਸਮਰਥਕ ਹੀ ਕਿਉਂ ਨਾ ਹੋਵੇ। ਮੰਤਰੀ ਹਰਪਾਲ ਸਿੰਘ ਚੀਮਾ ਨੇ ਬਿਆਨ ਦਿੱਤਾ ਕਿ ਇਸ ਗ੍ਰਿਫ਼ਤਾਰੀ ਨੇ ਭਾਜਪਾ ਦੇ ਦੋਹਰੇ ਮਾਪਦੰਡਾਂ ਅਤੇ ਨਸ਼ਾ ਤਸਕਰੀ ਨਾਲ ਉਸਦੇ ਡੂੰਘੇ ਸਬੰਧਾਂ ਨੂੰ ਪੂਰੀ ਤਰ੍ਹਾਂ ਬੇਨਕਾਬ ਕਰ ਦਿੱਤਾ ਹੈ। ਸਾਲਾਂ ਤੋਂ ਭਾਜਪਾ ਪੰਜਾਬ ਵਿੱਚ ਨਸ਼ਿਆਂ ਦੇ ਮੁੱਦੇ 'ਤੇ ਸਿਆਸਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਹੁਣ ਉਨ੍ਹਾਂ ਦਾ ਆਪਣਾ ਹੀ ਇੱਕ ਅਹੁਦੇਦਾਰ ਨਸ਼ੇ ਦੇ ਕੇਸ ਵਿੱਚ ਫੜਿਆ ਗਿਆ ਹੈ, ਜਿਸ ਨਾਲ ਇਹ ਸਾਬਤ ਹੁੰਦਾ ਹੈ ਕਿ ਪਾਰਟੀ ਖੁਦ ਉਸੇ ਬੁਰਾਈ ਵਿੱਚ ਗਲਤਾਨ ਹੈ ਜਿਸ ਵਿਰੁੱਧ ਲੜਨ ਦਾ ਉਹ ਦਿਖਾਵਾ ਕਰਦੀ ਹੈ।ਉਨ੍ਹਾਂ ਦਾਅਵਾ ਕੀਤਾ ਕਿ ਪਹਿਲਾਂ ਨਸ਼ਾ ਤਸਕਰ ਉਨ੍ਹਾਂ ਦੀ ਸਿਆਸੀ ਸਰਪ੍ਰਸਤੀ ਹੇਠ ਚੱਲਦੇ ਸਨ, ਹੁਣ ਭਾਜਪਾ ਦੇ ਆਗੂ ਖੁਦ ਨਸ਼ਿਆਂ ਸਮੇਤ ਫੜੇ ਜਾ ਰਹੇ ਹਨ। ਇਸ ਘਟਨਾ ਨੇ ਪੰਜਾਬ ਦੇ ਲੋਕਾਂ ਸਾਹਮਣੇ ਭਾਜਪਾ ਦਾ ਅਸਲੀ ਚਿਹਰਾ ਬੇਨਕਾਬ ਕਰ ਦਿੱਤਾ ਹੈ। ਮੰਤਰੀ ਨੇ ਕਿਹਾ ਕਿ ਮਾਰਚ 2022 ਤੋਂ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ, ਪੰਜਾਬ ਸਰਕਾਰ ਨਸ਼ਿਆਂ ਦੇ ਖਿਲਾਫ ਬਿਨਾਂ ਕਿਸੇ ਸਮਝੌਤੇ ਦੇ ਸਰਗਰਮੀ ਨਾਲ 'ਨਸ਼ਿਆਂ ਵਿਰੁੱਧ ਯੁੱਧ' ਮੁਹਿੰਮ ਚਲਾ ਰਹੀ ਹੈ। ਸੈਂਕੜੇ ਵੱਡੇ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰਕੇ ਸਲਾਖਾਂ ਪਿੱਛੇ ਭੇਜਿਆ ਗਿਆ ਹੈ, ਉਨ੍ਹਾਂ ਦੀਆਂ ਜਾਇਦਾਦਾਂ ਢਾਹ ਦਿੱਤੀਆਂ ਗਈਆਂ ਹਨ ਤੇ ਸਿਆਸੀ ਸਬੰਧਾਂ ਦੀ ਪਰਵਾਹ ਕੀਤੇ ਬਿਨਾਂ ਨਸ਼ਾ ਤਸਕਰੀ ਵਿੱਚ ਸ਼ਾਮਲ ਹਰ ਵਿਅਕਤੀ ਦੇ ਖਿਲਾਫ ਸਖ਼ਤ ਕਾਰਵਾਈ ਕੀਤੀ ਗਈ ਹੈ।

ਪਿਛਲੀ ਸਰਕਾਰ ਦੇ ਸਮੇਂ ਨੂੰ ਯਾਦ ਕਰਦਿਆਂ ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਦੌਰਾਨ ਪੰਜਾਬ ਨੇ ਨਸ਼ਿਆਂ ਦਾ ਸਭ ਤੋਂ ਭਿਆਨਕ ਦੌਰ ਦੇਖਿਆ। ਅਕਾਲੀ ਦਲ-ਭਾਜਪਾ ਸਰਕਾਰ ਦੇ ਸਮੇਂ ਹੀ ਪੰਜਾਬ ਭਰ ਵਿੱਚ 'ਚਿੱਟਾ' ਫੈਲਿਆ ਅਤੇ ਸੂਬੇ ਨੂੰ ਭਾਰੀ ਨੁਕਸਾਨ ਝੱਲਣਾ ਪਿਆ। ਅੱਜ, ਉਹੀ ਪਾਰਟੀਆਂ ਜਿਨ੍ਹਾਂ ਨੇ ਪੰਜਾਬ ਨੂੰ ਹਨੇਰੇ ਵਿੱਚ ਧੱਕਿਆ, ਜਨਤਾ ਨੂੰ ਗੁਮਰਾਹ ਕਰਨ ਅਤੇ ਆਪਣੀ ਜਵਾਬਦੇਹੀ ਤੋਂ ਬਚਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਮੰਤਰੀ ਨੇ ਅੱਗੇ ਕਿਹਾ ਕਿ ਜਿੱਥੇ ਭਗਵੰਤ ਸਿੰਘ ਮਾਨ ਸਰਕਾਰ ਪੰਜਾਬ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਅਣਥੱਕ ਮਿਹਨਤ ਕਰ ਰਹੀ ਹੈ, ਉੱਥੇ ਹੀ ਦੇਸ਼ ਵਿਆਪੀ ਨਸ਼ਾ ਨੈੱਟਵਰਕ ਵਿੱਚ ਭਾਜਪਾ ਦੀ ਭੂਮਿਕਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਭਾਰਤ ਵਿੱਚ ਦਾਖਲ ਹੋਣ ਵਾਲੇ ਨਸ਼ਿਆਂ ਦਾ ਇੱਕ ਵੱਡਾ ਹਿੱਸਾ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਪਹੁੰਚਣ ਤੋਂ ਪਹਿਲਾਂ ਭਾਜਪਾ ਸ਼ਾਸਤ ਗੁਜਰਾਤ ਵਿੱਚੋਂ ਲੰਘਦਾ ਹੈ।

ਭਾਜਪਾ 'ਤੇ ਸਵਾਲ ਉਠਾਉਂਦੇ ਹੋਏ ਉਨ੍ਹਾਂ ਕਿਹਾ ਕਿ ਭਾਜਪਾ ਨੂੰ ਜਵਾਬ ਦੇਣਾ ਚਾਹੀਦਾ ਹੈ ਕਿ ਗੁਜਰਾਤ ਤੋਂ ਵਾਰ-ਵਾਰ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਕਿਉਂ ਬਰਾਮਦ ਕੀਤੇ ਜਾਂਦੇ ਹਨ। ਪੰਜਾਬ ਨੂੰ ਨਿਸ਼ਾਨਾ ਬਣਾਉਣ ਦੀ ਬਜਾਏ, ਭਾਜਪਾ ਨੂੰ ਇਹ ਸਮਝਾਉਣਾ ਚਾਹੀਦਾ ਹੈ ਕਿ ਉਸਦੀ ਨਿਗਰਾਨੀ ਹੇਠ ਇੰਨੇ ਵੱਡੇ ਪੱਧਰ 'ਤੇ ਦੇਸ਼ ਵਿੱਚ ਨਸ਼ੀਲੇ ਪਦਾਰਥ ਕਿਵੇਂ ਦਾਖਲ ਹੋ ਰਹੇ ਹਨ। ਨਸ਼ਿਆਂ ਦੇ ਖ਼ਾਤਮੇ ਲਈ ਕੀਤੇ ਜਾ ਰਹੇ ਉਪਾਵਾਂ 'ਤੇ ਚਾਨਣਾ ਪਾਉਂਦਿਆਂ ਉਨ੍ਹਾਂ ਕਿਹਾ, "ਪੰਜਾਬ ਸਰਕਾਰ ਨੇ ਐਂਟੀ-ਡਰੋਨ ਪ੍ਰਣਾਲੀਆਂ ਰਾਹੀਂ ਸਰਹੱਦੀ ਸੁਰੱਖਿਆ ਨੂੰ ਮਜ਼ਬੂਤ ਕੀਤਾ ਹੈ, ਤਸਕਰਾਂ ਵਿਰੁੱਧ ਕਾਰਵਾਈ ਤੇਜ਼ ਕੀਤੀ ਹੈ, ਅਤੇ ਨਸ਼ੇ ਦੀ ਦਲਦਲ ਵਿੱਚ ਫਸੇ ਨੌਜਵਾਨਾਂ ਨੂੰ ਆਮ ਜ਼ਿੰਦਗੀ ਵਿੱਚ ਪਰਤਣ ਵਿੱਚ ਮਦਦ ਕਰਨ ਲਈ ਨਸ਼ਾ ਛਡਾਊ ਅਤੇ ਮੁੜ ਵਸੇਬਾ ਕੇਂਦਰਾਂ ਦਾ ਵਿਸਥਾਰ ਕੀਤਾ ਹੈ।

'ਆਪ' ਸਰਕਾਰ ਨਸ਼ਿਆਂ ਦੇ ਖਿਲਾਫ ਜ਼ੀਰੋ-ਟਾਲਰੈਂਸ ਨੀਤੀ 'ਤੇ ਚੱਲਦੀ ਹੈ। ਕੋਈ ਵੀ ਵਿਅਕਤੀ, ਭਾਵੇਂ ਉਹ ਕਿੰਨੇ ਵੀ ਉੱਚੇ ਸਿਆਸੀ ਅਹੁਦੇ ਜਾਂ ਰਸੂਖ ਵਾਲਾ ਕਿਉਂ ਨਾ ਹੋਵੇ, ਜੇਕਰ ਨਸ਼ਾ ਤਸਕਰੀ ਵਿੱਚ ਸ਼ਾਮਲ ਪਾਇਆ ਗਿਆ ਤਾਂ ਉਸਨੂੰ ਬਖ਼ਸ਼ਿਆ ਨਹੀਂ ਜਾਵੇਗਾ। ਮੰਤਰੀ ਨੇ ਅੱਗੇ ਕਿਹਾ ਕਿ ਜੇਕਰ ਕੋਈ ਵੀ ਭਾਜਪਾ ਆਗੂ, ਅਹੁਦੇਦਾਰ ਜਾਂ ਸਮਰਥਕ ਨਸ਼ਾ ਤਸਕਰੀ ਵਿੱਚ ਸ਼ਾਮਲ ਪਾਇਆ ਗਿਆ ਤਾਂ ਪੰਜਾਬ ਪੁਲਿਸ ਸਖ਼ਤ ਕਾਰਵਾਈ ਕਰੇਗੀ ਅਤੇ ਉਨ੍ਹਾਂ ਨੂੰ ਜੇਲ੍ਹ ਭੇਜੇਗੀ। ਭਗਵੰਤ ਸਿੰਘ ਮਾਨ ਸਰਕਾਰ ਵਿੱਚ ਕਾਨੂੰਨ ਸਭ ਲਈ ਬਰਾਬਰ ਹੈ। ਆਪਣੀ ਗੱਲ ਖਤਮ ਕਰਦਿਆਂ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਦੇ ਲੋਕ ਪੂਰੀ ਤਰ੍ਹਾਂ ਜਾਣੂ ਹਨ ਕਿ ਪਿਛਲੇ ਸਮੇਂ ਵਿੱਚ ਕਿਹੜੀਆਂ ਪਾਰਟੀਆਂ ਨੇ ਸੂਬੇ ਨੂੰ ਬਰਬਾਦ ਕੀਤਾ ਅਤੇ ਕੌਣ ਪੰਜਾਬ ਦੇ ਭਵਿੱਖ ਨੂੰ ਬਚਾਉਣ ਲਈ ਇਮਾਨਦਾਰੀ ਨਾਲ ਕੰਮ ਕਰ ਰਿਹਾ ਹੈ। ਭਾਜਪਾ ਅਤੇ ਅਕਾਲੀ ਦਲ ਨੇ ਵਾਰ-ਵਾਰ ਪੰਜਾਬ ਨਾਲ ਧ੍ਰੋਹ ਕਮਾਇਆ ਹੈ। 'ਆਪ' ਸਰਕਾਰ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਵਚਨਬੱਧ ਹੈ ਤੇ ਇਹ ਮੁਹਿੰਮ ਉਦੋਂ ਤੱਕ ਪੂਰੀ ਤਾਕਤ ਨਾਲ ਜਾਰੀ ਰਹੇਗੀ ਜਦੋਂ ਤੱਕ ਹਰ ਇੱਕ ਨਸ਼ਾ ਤਸਕਰ ਨੂੰ ਇਨਸਾਫ਼ ਦੇ ਕਟਹਿਰੇ ਵਿੱਚ ਨਹੀਂ ਲਿਆਂਦਾ ਜਾਂਦਾ।

### ਜਨਮਦਿਨ ਮੁਬਾਰਕ



ਸਹਾਈ ਕੌਰ ਵਰਮਾ

## ਸੰਪਾਦਕੀ

# ਅਮਰੀਕਾ-ਈਰਾਨ ਸਮਝੌਤਾ

ਕਈ ਮਹੀਨਿਆਂ ਤੋਂ ਚੱਲ ਰਹੇ ਤਣਾਅ, ਸੈਨਿਕ ਕਾਰਵਾਈਆਂ ਅਤੇ ਆਰਥਿਕ ਅਨਿਸ਼ਚਿਤਤਾ ਤੋਂ ਬਾਅਦ ਅਮਰੀਕਾ ਅਤੇ ਈਰਾਨ ਵਿਚਾਲੇ ਹੋਇਆ ਸਮਝੌਤਾ ਵਿਸ਼ਵ ਰਾਜਨੀਤੀ ਦੀ ਇੱਕ ਮਹੱਤਵਪੂਰਨ ਘਟਨਾ ਬਣ ਕੇ ਸਾਹਮਣੇ ਆਇਆ ਹੈ। ਇਸ ਸਮਝੌਤੇ ਦਾ ਸਵਾਗਤ ਸੰਯੁਕਤ ਰਾਸ਼ਟਰ, ਯੂਰਪੀ ਦੇਸ਼ਾਂ, ਏਸ਼ੀਆਈ ਅਰਥਵਿਵਸਥਾਵਾਂ ਅਤੇ ਤੇਲ ਆਯਾਤ ਕਰਨ ਵਾਲੇ ਲਗਭਗ ਸਾਰੇ ਦੇਸ਼ਾਂ ਨੇ ਕੀਤਾ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਇਸ ਸੰਘਰਸ਼ ਕਾਰਨ ਵਿਸ਼ਵ ਦੀ ਊਰਜਾ ਸੁਰੱਖਿਆ ਅਤੇ ਤੇਲ ਸਪਲਾਈ ਗੰਭੀਰ ਤੌਰ 'ਤੇ ਪ੍ਰਭਾਵਿਤ ਹੋ ਰਹੀ ਸੀ। ਅਮਰੀਕਾ ਅਤੇ ਈਰਾਨ ਵਿਚਾਲੇ ਤਣਾਅ ਵਧਣ ਤੋਂ ਬਾਅਦ ਹੋਰਮੁਜ਼ ਜਲਡਮਰੂ ਵਿਸ਼ਵ ਅਰਥਵਿਵਸਥਾ ਲਈ ਚਿੰਤਾ ਦਾ ਕੇਂਦਰ ਬਣ ਗਿਆ ਸੀ। ਦੁਨੀਆ ਦੇ ਸਮੁੰਦਰੀ ਰਸਤੇ ਰਾਹੀਂ ਹੋਣ ਵਾਲੇ ਤੇਲ ਵਪਾਰ ਦਾ ਵੱਡਾ ਹਿੱਸਾ ਇਸੇ ਰਸਤੇ ਤੋਂ ਲੰਘਦਾ ਹੈ। ਜਦੋਂ ਇਸ ਰਸਤੇ 'ਤੇ ਖ਼ਤਰਾ ਵਧਿਆ ਤਾਂ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਤੇਜ਼ ਉਛਾਲ ਆਇਆ, ਜਿਸ ਦਾ ਪ੍ਰਭਾਵ ਦੁਨੀਆ ਭਰ ਵਿੱਚ ਮਹਿੰਗਾਈ ਦੇ ਰੂਪ ਵਿੱਚ ਦਿਖਾਈ ਦਿੱਤਾ। ਕਈ ਦੇਸ਼ਾਂ ਨੂੰ ਡਰ ਸੀ ਕਿ ਜੇ ਸੰਘਰਸ਼ ਹੋਰ ਵਧਦਾ ਹੈ ਤਾਂ ਵਿਸ਼ਵ ਅਰਥਵਿਵਸਥਾ ਇੱਕ ਨਵੇਂ ਊਰਜਾ ਸੰਕਟ ਵਿੱਚ ਫਸ ਸਕਦੀ ਹੈ। ਹੁਣ ਹੋਏ ਸਮਝੌਤੇ ਅਨੁਸਾਰ ਦੋਵੇਂ ਪੱਖਾਂ ਨੇ ਜੰਗੀ ਕਾਰਵਾਈਆਂ ਰੋਕਣ ਅਤੇ ਹੋਰਮੁਜ਼ ਜਲਡਮਰੂ ਮੱਧ ਨੂੰ ਮੁੜ ਖੋਲ੍ਹਣ 'ਤੇ ਸਹਿਮਤੀ ਪ੍ਰਗਟਾਈ ਹੈ। ਇਸ ਦੇ ਨਾਲ ਹੀ ਅਗਲੇ 60 ਦਿਨਾਂ ਦੌਰਾਨ ਪਰਮਾਣੂ ਪ੍ਰੋਗਰਾਮ, ਪਾਬੰਦੀਆਂ ਅਤੇ ਖੇਤਰੀ ਸੁਰੱਖਿਆ ਵਰਗੇ ਮੁੱਦਿਆਂ 'ਤੇ ਹੋਰ ਗੱਲਬਾਤ ਕਰਨ ਦੀ ਯੋਜਨਾ ਬਣਾਈ ਗਈ ਹੈ। ਇਸ ਸਮਝੌਤੇ ਵਿੱਚ ਈਰਾਨ ਦੀ ਤੇਲ ਨਿਰਯਾਤ ਸਮਰੱਥਾ ਨੂੰ ਮੁੜ ਬਹਾਲ ਕਰਨ ਅਤੇ ਕੁਝ ਆਰਥਿਕ ਪਾਬੰਦੀਆਂ ਵਿੱਚ ਰਾਹਤ ਦੇਣ ਦੀ ਵੀ ਚਰਚਾ ਸ਼ਾਮਲ ਹੈ। ਇਸ ਸਮਝੌਤੇ ਦਾ ਸਭ ਤੋਂ ਪਹਿਲਾ ਪ੍ਰਭਾਵ ਵਿਸ਼ਵ ਬਾਜ਼ਾਰਾਂ ਵਿੱਚ ਵੇਖਣ ਨੂੰ ਮਿਲਿਆ। ਸਮਝੌਤੇ ਦੀ ਖ਼ਬਰ ਆਉਣ ਤੋਂ ਬਾਅਦ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਗਿਰਾਵਟ ਦਰਜ ਕੀਤੀ ਗਈ, ਜਦਕਿ ਏਸ਼ੀਆਈ ਅਤੇ ਯੂਰਪੀ ਸ਼ੇਅਰ ਬਾਜ਼ਾਰਾਂ ਵਿੱਚ ਤੇਜ਼ੀ ਆਈ। ਨਿਵੇਸ਼ਕਾਂ ਨੇ ਇਸ ਨੂੰ ਵਿਸ਼ਵ ਅਰਥਵਿਵਸਥਾ ਲਈ ਇੱਕ ਸਕਾਰਾਤਮਕ ਸੰਕੇਤ ਵਜੋਂ ਲਿਆ। ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਜੇ ਤੇਲ ਦੀ ਸਪਲਾਈ ਆਮ ਹੋ ਜਾਂਦੀ ਹੈ ਤਾਂ ਮਹਿੰਗਾਈ ਉੱਤੇ ਦਬਾਅ ਘਟੇਗਾ ਅਤੇ ਕਈ ਦੇਸ਼ਾਂ ਦੇ ਕੇਂਦਰੀ ਬੈਂਕਾਂ ਨੂੰ ਵੀ ਰਾਹਤ ਮਿਲੇਗੀ। ਭਾਰਤ ਵਰਗੇ ਤੇਲ ਆਯਾਤ ਕਰਨ ਵਾਲੇ ਦੇਸ਼ਾਂ ਲਈ ਵੀ ਇਹ ਸਮਝੌਤਾ ਖਾਸ ਮਹੱਤਵ ਰੱਖਦਾ ਹੈ। ਭਾਰਤ ਆਪਣੀ ਲੋੜ ਦਾ ਵੱਡਾ ਹਿੱਸਾ ਵਿਦੇਸ਼ਾਂ ਤੋਂ ਤੇਲ ਖਰੀਦ ਕੇ ਪੂਰਾ ਕਰਦਾ ਹੈ। ਤੇਲ ਦੀਆਂ ਉੱਚੀਆਂ ਕੀਮਤਾਂ ਕਾਰਨ ਆਵਾਜਾਈ, ਖੇਤੀਬਾੜੀ, ਉਦਯੋਗ ਅਤੇ ਘਰੇਲੂ ਖਪਤ ਦੀਆਂ ਲਾਗਤਾਂ ਵਧ ਜਾਂਦੀਆਂ ਹਨ। ਜੇ ਇਹ ਸਮਝੌਤਾ ਸਫਲ ਰਹਿੰਦਾ ਹੈ ਅਤੇ ਮੱਧ ਪੂਰਬ ਵਿੱਚ ਸਥਿਰਤਾ ਬਣੀ ਰਹਿੰਦੀ ਹੈ ਤਾਂ ਭਾਰਤ ਸਮੇਤ ਕਈ ਵਿਕਾਸਸ਼ੀਲ ਦੇਸ਼ਾਂ ਨੂੰ ਆਰਥਿਕ ਲਾਭ ਹੋ ਸਕਦਾ ਹੈ। ਅੰਤਰਰਾਸ਼ਟਰੀ ਪੱਧਰ 'ਤੇ ਵੀ ਇਸ ਸਮਝੌਤੇ ਦਾ ਸਵਾਗਤ ਕੀਤਾ ਗਿਆ ਹੈ। ਸੰਯੁਕਤ ਰਾਸ਼ਟਰ ਦੇ ਮਹਾਂ ਸਕੱਤਰ ਨੇ ਇਸ ਨੂੰ ਸ਼ਾਂਤੀ ਵੱਲ ਇੱਕ ਮਹੱਤਵਪੂਰਨ ਕਦਮ ਦੱਸਿਆ ਹੈ। ਯੂਰਪ ਦੇ ਪ੍ਰਮੁੱਖ ਦੇਸ਼ਾਂ, ਜਪਾਨ, ਆਸਟਰੇਲੀਆ ਅਤੇ ਹੋਰ ਕਈ ਦੇਸ਼ਾਂ ਨੇ ਉਮੀਦ ਪ੍ਰਗਟਾਈ ਹੈ ਕਿ ਇਸ ਨਾਲ ਖੇਤਰ ਵਿੱਚ ਸਥਿਰਤਾ ਵਧੇਗੀ ਅਤੇ ਵਿਸ਼ਵ ਵਪਾਰ ਨੂੰ ਨਵੀਂ ਰਫ਼ਤਾਰ ਮਿਲੇਗੀ। ਪਾਕਿਸਤਾਨ, ਕਤਰ ਅਤੇ ਕੁਝ ਹੋਰ ਦੇਸ਼ਾਂ ਦੀ ਵਿਚੋਲਗੀ ਦੀ ਵੀ ਸਰਾਹਨਾ ਕੀਤੀ ਜਾ ਰਹੀ ਹੈ, ਜਿਨ੍ਹਾਂ ਨੇ ਗੱਲਬਾਤ ਨੂੰ ਸਫਲ ਬਣਾਉਣ ਵਿੱਚ ਭੂਮਿਕਾ ਨਿਭਾਈ। ਹਾਲਾਂਕਿ, ਇਸ ਸਮਝੌਤੇ ਨੂੰ ਅੰਤਿਮ ਹੱਲ ਨਹੀਂ ਮੰਨਿਆ ਜਾ ਸਕਦਾ। ਈਰਾਨ ਦੇ ਪਰਮਾਣੂ ਪ੍ਰੋਗਰਾਮ, ਖੇਤਰੀ ਸੁਰੱਖਿਆ ਅਤੇ ਪਾਬੰਦੀਆਂ ਨਾਲ ਜੁੜੇ ਕਈ ਮੁੱਦੇ ਅਜੇ ਵੀ ਬਾਕੀ ਹਨ। ਈਰਾਨ ਦੇ ਕੁਝ ਕੱਟੜਪੰਥੀ ਧੜਿਆਂ ਨੇ ਇਸ ਸਮਝੌਤੇ 'ਤੇ ਇਤਰਾਜ਼ ਵੀ ਜਤਾਇਆ ਹੈ ਅਤੇ ਇਸ ਨੂੰ ਆਪਣੇ ਦੇਸ਼ ਦੇ ਹਿੱਤਾਂ ਦੇ ਖਿਲਾਫ਼ ਦੱਸਿਆ ਹੈ। ਇਸ ਲਈ ਆਉਣ ਵਾਲੇ ਹਫ਼ਤੇ ਇਹ ਤੈਅ ਕਰਨਗੇ ਕਿ ਇਹ ਸਮਝੌਤਾ ਲੰਬੇ ਸਮੇਂ ਦੀ ਸ਼ਾਂਤੀ ਵਿੱਚ ਬਦਲਦਾ ਹੈ ਜਾਂ ਨਹੀਂ। ਸਮੁੱਚੇ ਤੌਰ 'ਤੇ ਦੇਖਿਆ ਜਾਵੇ ਤਾਂ ਅਮਰੀਕਾ ਅਤੇ ਈਰਾਨ ਵਿਚਾਲੇ ਹੋਇਆ ਇਹ ਸਮਝੌਤਾ ਸਿਰਫ਼ ਦੋ ਦੇਸ਼ਾਂ ਵਿਚਾਲੇ ਤਣਾਅ ਘਟਾਉਣ ਦੀ ਕੋਸ਼ਿਸ਼ ਨਹੀਂ, ਸਗੋਂ ਵਿਸ਼ਵ ਅਰਥਵਿਵਸਥਾ, ਊਰਜਾ ਸੁਰੱਖਿਆ ਅਤੇ ਅੰਤਰਰਾਸ਼ਟਰੀ ਸ਼ਾਂਤੀ ਲਈ ਇੱਕ ਮਹੱਤਵਪੂਰਨ ਮੋੜ ਸਾਬਤ ਹੋ ਸਕਦਾ ਹੈ। ਜੇ ਦੋਵੇਂ ਪੱਖ ਆਪਣੀਆਂ ਵਚਨਬੱਧਤਾਵਾਂ ਨੂੰ ਇਮਾਨਦਾਰੀ ਨਾਲ ਲਾਗੂ ਕਰਦੇ ਹਨ ਤਾਂ ਇਹ ਸਮਝੌਤਾ ਨਾ ਸਿਰਫ਼ ਮੱਧ ਪੂਰਬ, ਸਗੋਂ ਪੂਰੀ ਦੁਨੀਆ ਲਈ ਸਥਿਰਤਾ ਅਤੇ ਖੁਸ਼ਹਾਲੀ ਦਾ ਨਵਾਂ ਅਧਿਆਇ ਖੋਲ੍ਹ ਸਕਦਾ ਹੈ।

**-ਜਗਜੀਤ ਸਿੰਘ ਦਰਦੀ**

### ਸ੍ਰੀ ਅਕਾਲ ਤਖ਼ਤ ਸਾਹਿਬ ਦਾ ਇਤਿਹਾਸਕ ਫੈਸਲਾ

# ਗੁਰੂ ਦੋਖੀ ਤੇ ਪੰਥ ਵਿਰੋਧੀ ਸੱਤਾ ਉਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਖ਼ਤ ਚੇਤਾਵਨੀ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

## ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉਚਤਾ ਨੂੰ ਚੈਲੇਂਜ 'ਤੇ ਸਰਕਾਰ ਦਾ ਅੜੀਅਲ ਰੁਖ਼ ਮੰਦਭਾਗਾ

ਕੱਲ੍ਹ 15 ਜੂਨ 2026 ਨੂੰ ਖਾਲਸਾ ਪੰਥ ਦੀ ਸਭ ਤੋਂ ਉੱਚੀ ਤਖ਼ਤ ਸੱਤਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇੱਕ ਅਜਿਹਾ ਫੈਸਲਾ ਆਇਆ, ਜਿਸ ਨੇ ਪੂਰੇ ਸਿੱਖ ਪੰਥ ਅਤੇ ਪੰਜਾਬੀ ਲੋਕਾਂ ਦੀਆਂ ਭਾਵਨਾਵਾਂ ਨੂੰ ਇੱਕ ਨਵੀਂ ਊਰਜਾ ਬਖ਼ਸ਼ੀ ਹੈ।

ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਜੀ ਨੇ ਪੰਥਕ ਇਕੱਤਰਤਾ ਵਿੱਚ ਭਗਵੰਤ ਸਿੰਘ ਮਾਨ ਅਤੇ ਉਨ੍ਹਾਂ ਦੀ ਆਪ ਸਰਕਾਰ ਨੂੰ ਗੁਰੂ ਦੋਖੀ, ਪੰਥ ਵਿਰੋਧੀ ਅਤੇ ਖਾਲਸਾ ਪੰਥ ਵਿਰੋਧੀ ਐਲਾਨ ਕੀਤਾ ਹੈ । ਇਸ ਫ਼ੈਸਲੇ ਵਿੱਚ ਵਾਇਰਲ ਵੀਡੀਓ (ਜਿਸ ਵਿੱਚ ਇੱਕ ਵਿਅਕਤੀ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਉੱਤੇ ਸ਼ਰਾਬ ਛਿੜਕਦਾ ਦਿਖਾਈ ਦਿੰਦਾ ਹੈ) ਨੂੰ ਦੋ ਭਾਰਤ ਸਰਕਾਰ ਮਾਨਤਾ ਪ੍ਰਾਪਤ ਫੋਰੈਂਸਿਕ ਲੈਬਾਂ ਦੀਆਂ ਰਿਪੋਰਟਾਂ ਅਨੁਸਾਰ ਅਸਲੀ ਤੇ ਗੈਰ-ਏਆਈ ਘੋਸ਼ਿਤ ਕੀਤਾ ਗਿਆ। ਇਸ ਤੋਂ ਇਲਾਵਾ, ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026 ਦੀਆਂ ਇਤਰਾਜ਼ਯੋਗ ਧਾਰਾਵਾਂ ਉੱਤੇ ਵੀ ਸਖ਼ਤ ਟਿੱਕਾ ਲਗਾਇਆ ਗਿਆ।

ਅੱਜ ਦੇ ਇਸ ਫੈਸਲੇ ਨਾਲ ਸਾਰੇ ਸਿੱਖ ਐਮਐਲਏਆਂ ਅਤੇ ਪੂਰੀ ਕੈਬਨਿਟ ਨੂੰ 29 ਜੂਨ 2026 ਨੂੰ ਸ੍ਰੀ ਅਕਾਲ ਤਖ਼ਤ 'ਤੇ ਤਲਬ ਕੀਤਾ ਗਿਆ ਹੈ। ਇਹ ਫੈਸਲਾ ਸਿਰਫ਼ ਇੱਕ ਰਾਜਨੀਤਿਕ ਘਟਨਾ ਨਹੀਂ - ਇਹ ਸਿੱਖ ਪੰਥ ਦੀ ਆਤਮਾ, ਗੁਰੂ ਗ੍ਰੰਥ ਸਾਹਿਬ ਜੀ ਦੀ ਸਤਿਕਾਰ ਅਤੇ ਅਕਾਲ ਤਖਤ ਦੀ ਸਰਵੋਚਤਾ ਨਾਲ ਜੁੜਿਆ ਇਤਿਹਾਸਿਕ ਮੋੜ ਹੈ।

ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਖਾਲਸਾ ਪੰਥ ਦੀ ਅਟੱਲ ਸਰਵੋਚਤਾ ਹੈ ਅਤੇ ਇਸਦਾ ਇਤਿਹਾਸਿਕ ਮਹੱਤਵ ਅਕਾਲ ਤਖ਼ਤ ਸਾਹਿਬ ਗੁਰੂ ਹਰਗੋਬਿੰਦ ਸਾਹਿਬ ਜੀ ਵੱਲੋਂ ਸਥਾਪਤ ਮੀਰੀ-ਪੀਰੀ ਦਾ ਪ੍ਰਤੀਕ ਹੈ। ਇਹ ਉਹ ਜਗ੍ਹਾ ਹੈ ਜਿੱਥੋਂ ਪੰਥਕ ਫੈਸਲੇ ਆਉਂਦੇ ਹਨ ਅਤੇ ਹਰ ਸਿੱਖ ਨਿਮਾਣਾ ਸਵੀਕਾਰ ਕਰਦਾ ਆਇਆ ਹੈ। ਇਸ ਵਾਰ ਫੈਸਲਾ ਨਿਹੰਗ ਸਿੰਘਾਂ, ਤਰਨਾ ਦਲ, ਵੱਡੀਆਂ ਟਕਸਾਲਾਂ, ਸਿੱਖ ਸੰਤ ਸਮਾਜ ਅਤੇ ਸਮੁੱਚੇ ਪੰਥ ਦੀ ਹਾਜ਼ਰੀ ਵਿੱਚ ਲਿਆ ਗਿਆ ਹੈ ।

ਅੱਜ ਪੰਜਾਬ ਦੀ ਆਬਾਦੀ 2026 ਵਿੱਚ ਲਗਭਗ 3.137 ਕਰੋੜ (31.37 ਮਿਲੀਅਨ) ਹੈ, ਜਿਸ ਵਿੱਚ ਸਿੱਖ ਲਗਭਗ 57-58% ਦੇ ਆਸ-ਪਾਸ ਹਨ (2011 ਸੈਂਸਸ ਅਨੁਸਾਰ 57.69% ਤੋਂ ਥੋੜ੍ਹਾ ਘਟਿਆ ਹੋਇਆ ਅਨੁਮਾਨ)। ਇਸ ਵੱਡੀ ਆਬਾਦੀ ਦੀ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕਰਨ ਵਾਲੀਆਂ ਘਟਨਾਵਾਂ ਪੂਰੇ ਰਾਜ ਲਈ ਗੰਭੀਰ ਹਨ। ਪੰਜਾਬ ਦੀ ਆਰਥਿਕਤਾ ਵਿੱਚ ਖੇਤੀਬਾੜੀ 23%, ਉਦਯੋਗ 29% ਅਤੇ ਸੇਵਾਵਾਂ 48% ਯੋਗਦਾਨ ਪਾਉਂਦੀਆਂ ਹਨ (2025-26 ਅਨੁਮਾਨ)। ਪ੍ਰਤੀ ਵਿਅਕਤੀ ਆਮਦਨ ਲਗਭਗ ?2.30 ਲੱਖ ਹੈ, ਪਰ ਧਾਰਮਿਕ ਅਸਥਿਰਤਾ ਇਸ ਵਿਕਾਸ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ।

ਇਸ ਘਟਨਾਕ੍ਰਮ ਨੂੰ ਤੱਥ ਅਤੇ ਅੰਕੜਿਆਂ ਨਾਲ ਵਿਸਤਾਰ ਘਟਨਾਵਾਂ ਦੀ ਲੜੀ ਜਨਵਰੀ 2026 ਤੋਂ ਸ਼ੁਰੂ ਹੋਈ। ਵਾਇਰਲ ਵੀਡੀਓ ਆਉਣ ਤੋਂ ਬਾਅਦ ਅਕਾਲ ਤਖਤ ਨੇ ਮਾਨ ਨੂੰ ਤਲਬ ਕੀਤਾ। ਮਾਨ ਨੇ ਇਸ ਨੂੰ ਫੇਕ/ਏਆਈ ਦੱਸਿਆ ਅਤੇ ਫੋਰੈਂਸਿਕ ਟੈਸਟ ਦੀ ਪੇਸ਼ਕਸ਼ ਕੀਤੀ। ਅਕਾਲ ਤਖਤ ਨੇ ਆਪਣੇ ਪੱਧਰ ਉੱਤੇ ਦੋ ਸਰਕਾਰੀ ਫੋਰੈਂਸਿਕ ਲੈਬਾਂ ਤੋਂ ਟੈਸਟ ਕਰਵਾਏ, ਜਿਨ੍ਹਾਂ ਨੇ ਵੀਡੀਓ ਨੂੰ ਅਸਲੀ ਘੋਸ਼ਿਤ ਕੀਤਾ। ਜਥੇਦਾਰ ਸਾਹਿਬ ਨੇ ਇਸ ਨੂੰ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਉੱਤੇ ਸ਼ਰਾਬ ਛਿੜਕਣ ਵਾਲੀ ਘਟਨਾ ਦੱਸਿਆ ਜੋ ਸਿੱਖ ਭਾਵਨਾਵਾਂ ਉੱਤੇ ਡੂੰਘਾ ਘਾਤ ਹੈ।

ਪਿਛਲੇ ਅਪ੍ਰੈਲ 2026 ਵਿੱਚ ਪੰਜਾਬ ਵਿਧਾਨ ਸਭਾ ਨੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026 ਪਾਸ ਕੀਤਾ। ਇਸ ਵਿੱਚ ਬੇਅਦਬੀ ਲਈ 10 ਸਾਲ ਤੋਂ ਲਾਈਫ ਇੰਪ੍ਰਿਜਨਮੈਂਟ ਤੱਕ ਸਜ਼ਾ ਅਤੇ 5 ਲੱਖ ਤੋਂ 25 ਲੱਖ ਤੱਕ ਜੁਰਮਾਨਾ ਹੈ। ਬਿਲ ਨੂੰ ਬਿਨਾਂ ਪੂਰੀ ਪੰਥਕ ਚਰਚਾ ਤੋਂ ਪਾਸ ਕੀਤਾ ਗਿਆ, ਜਿਸ ਨੂੰ ਅਕਾਲ ਤਖਤ ਨੇ ਗੁਰੂ ਗ੍ਰੰਥ ਸਾਹਿਬ ਅਤੇ ਖਾਲਸਾ ਪੰਥ ਵਿਰੋਧੀ ਦੱਸਿਆ। ਜਥੇਦਾਰ ਨੇ 15 ਦਿਨਾਂ ਦਾ ਅਲਟੀਮੇਟਮ ਦਿੱਤਾ, ਪਰ ਸਰਕਾਰ ਨੇ ਅਣਗਹਿਲੀ ਕੀਤੀ।2022 ਵਿਧਾਨ ਸਭਾ ਚੋਣਾਂ ਵਿੱਚ ਆਪ ਨੇ 42.01% ਵੋਟਾਂ ਨਾਲ 92 ਸੀਟਾਂ ਜਿੱਤੀਆਂ ਸਨ (ਕੁੱਲ 117 ਵਿੱਚੋਂ)। ਕਾਂਗਰਸ 18, ਅਕਾਲੀ ਦਲ 3-4 ਤੱਕ ਸੀਮਤ ਰਿਹਾ ਪਰ ਹਾਲੀਆ ਮਿਊਂਸਪਲ ਚੋਣਾਂ 2026 ਵਿੱਚ ਆਪ ਨੇ ਕੁੱਲ 1977 ਵਾਰਡਾਂ ਵਿੱਚੋਂ 958 ਵਾਰਡ (ਲਗਭਗ 48.4%) ਜਿੱਤੇ। ਕਾਂਗਰਸ 390-397, ਇੰਡੀਪੈਂਡੈਂਟ 251, ਅਕਾਲੀ ਦਲ 191-192 ਅਤੇ ਬੀਜੇਪੀ 170-172 ਵਾਰਡ ਜਿੱਤੀ। ਆਪ ਨੇ 5 ਮਿਊਂਸਪਲ ਕਾਰਪੋਰੇਸ਼ਨਾਂ (ਮੋਹਾਲੀ, ਬਠਿੰਡਾ, ਬਰਨਾਲਾ, ਮੋਗਾ, ਬਟਾਲਾ) ਉੱਤੇ ਕਬਜ਼ਾ ਕੀਤਾ। ਇਹ ਨਤੀਜੇ 2027 ਚੋਣਾਂ ਲਈ ਆਪ ਲਈ ਇੱਕ ਬੂਸਟ ਸਨ, ਪਰ ਧਾਰਮਿਕ ਮੁੱਦਿਆਂ ਨੇ ਇਸ ਨੂੰ ਚੁਣੌਤੀ ਦਿੱਤੀ ਹੈ।

ਅੱਜ ਰਾਜਨੀਤਿਕ ਅਤੇ ਧਾਰਮਿਕ ਅਸਰ ਪਵੇਗਾ ਪਰ ਅੰਕੜਿਆਂ ਅਤੇ ਵਿਸ਼ਲੇਸ਼ਣ ਨਾਲ ਇਸ ਫੈਸਲੇ ਦਾ ਪੰਜਾਬ ਰਾਜਨੀਤੀ ਉੱਤੇ ਡੂੰਘਾ ਅਸਰ ਪਵੇਗਾ। ਆਪ ਸਰਕਾਰ 2022 ਵਿੱਚ ਭਰਵੀਂ ਬਹੁਮਤ ਨਾਲ ਆਈ ਸੀ, ਪਰ ਧਰਮ ਨਾਲ ਜੁੜੀਆਂ ਘਟਨਾਵਾਂ ਨੇ ਉਸਦੀ ਲੋਕਪ੍ਰਿਯਤਾ ਨੂੰ ਚੁਣੌਤੀ ਦਿੱਤੀ ਹੈ। 2027 ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇਹ ਵੱਡਾ ਝਟਕਾ ਹੈ।

ਅੱਜ ਸੰਭਾਵੀ ਅਸਰ ਅਤੇ ਅੰਕੜਿਆ ਸਹਿਤ ਪੰਥਕ ਏਕਤਾ ਦੇ ਸੂਤਰ ਭਾਵ ਨਿਹੰਗਾਂ, ਟਕਸਾਲਾਂ ਅਤੇ ਅਕਾਲੀਆਂ ਵਰਗੀਆਂ ਜਥੇਬੰਦੀਆਂ ਵਿੱਚ ਏਕਤਾ ਵੱਧ ਸਕਦੀ ਹੈ। ਪੰਜਾਬ ਵਿੱਚ ਸਿੱਖ ਆਬਾਦੀ ਦਾ ਵੱਡਾ ਹਿੱਸਾ (ਲਗਭਗ 1.8 ਕਰੋੜ ਤੋਂ ਵੱਧ) ਇਸ ਫੈਸਲੇ ਨਾਲ ਜੁੜ ਸਕਦਾ ਹੈ।

ਹੁਣ ਐਮਐਲਏਆਂ ਉੱਤੇ ਦਬਾਅ ਹੈ ਅਤੇ117 ਵਿੱਚੋਂ ਬਹੁਤੇ ਸਿੱਖ ਐਮਐਲਏਆਂ ਲਈ 29 ਜੂਨ ਵਾਲੀ ਤਲਬੀ ਔਖੀ ਸਥਿਤੀ ਬਣਾਏਗੀ। ਉਹਨਾਂ ਨੂੰ ਪੰਥਕ ਫੈਸਲੇ ਅਤੇ ਪਾਰਟੀ ਲਾਈਨ ਵਿਚਕਾਰ ਚੋਣ ਕਰਨੀ ਪਵੇਗੀ।

ਅੱਜ ਚੋਣ ਅਸਰ ਪਵੇਗਾ ਪਰ 2022 ਵਿੱਚ ਆਪ ਦੀਆਂ 92 ਸੀਟਾਂ ਵਿੱਚੋਂ ਬਹੁਤੀਆਂ ਗ੍ਰਾਮੀਣ ਅਤੇ ਧਾਰਮਿਕ ਵੋਟਰਾਂ ਤੋਂ ਆਈਆਂ ਸਨ। ਜੇਕਰ ਇਹ ਵੋਟ ਖਿਸਕੀ ਤਾਂ 2027 ਵਿੱਚ ਆਪ ਲਈ 44-50 ਸੀਟਾਂ ਤੱਕ ਘਟਣ ਦਾ ਖਤਰਾ ਹੈ। ਅਕਾਲੀ ਦਲ ਅਤੇ ਹੋਰ ਪੰਥਕ ਤਾਕਤਾਂ ਇਸ ਨੂੰ ਲਾਭ ਉਠਾ ਸਕਦੀਆਂ ਹਨ।

ਅੱਜ ਕਾਨੂੰਨੀ ਅਤੇ ਪ੍ਰਸ਼ਾਸਨਿਕ ਤੌਰ 'ਤੇ ਸਰਕਾਰ ਉੱਤੇ ਦਬਾਅ ਵਧੇਗਾ ਕਿ ਐਕਟ ਵਿੱਚ ਸੋਧ ਕਰੇ। ਨਾ ਕਰਨ 'ਤੇ ਰੋਸ ਧਰਨੇ, ਮੋਰਚੇ ਵਧ ਸਕਦੇ ਹਨ। ਪੰਜਾਬ ਵਿੱਚ ਪਿਛਲੇ ਸਾਲਾਂ ਵਿੱਚ ਬੇਅਦਬੀ ਦੀਆਂ ਘਟਨਾਵਾਂ ਨੇ ਪਹਿਲਾਂ ਹੀ ਰੋਸ ਪੈਦਾ ਕੀਤਾ ਸੀ।

ਅੱਜ ਸੱਤਾ ਵੱਲੋਂ ਫੈਸਲੇ ਨੂੰ ਰਾਜਨੀਤੀਕਰਨ ਦੱਸਣ ਦੀਆਂ ਰਣਨੀਤੀਆਂ ਚੱਲ ਰਹੀਆਂ ਹਨ, ਪਰ ਫੋਰੈਂਸਿਕ ਰਿਪੋਰਟਾਂ ਨੇ ਉਨ੍ਹਾਂ ਦੀਆਂ ਦਲੀਲਾਂ ਨੂੰ ਕਮਜ਼ੋਰ ਕੀਤਾ ਹੈ।ਧਰਮ ਅਤੇ ਸਿਆਸਤ ਦੀ ਭਵਿੱਖੀ ਰਾਜਨੀਤੀ ਵਿੱਚ ਚੁਣੌਤੀਆਂ ਅਤੇ ਸੰਭਾਵਨਾਵਾਂ ਪੰਜਾਬ ਵਿੱਚ ਧਰਮ ਅਤੇ ਰਾਜਨੀਤੀ ਦਾ ਰਿਸ਼ਤਾ ਬਹੁਤ ਡੂੰਘਾ ਹੈ। ਇਸ ਫੈਸਲੇ ਤੋਂ ਬਾਅਦ ਧਰਮ ਨੂੰ ਰਾਜਨੀਤੀ ਵਿੱਚ ਵਧੇਰੇ ਕੇਂਦਰੀ ਭੂਮਿਕਾ ਮਿਲ ਸਕਦੀ ਹੈ।

ਅੱਜ ਸਿੱਖ ਰਾਜਨੀਤੀ ਵਿੱਚ ਸ੍ਰੀ ਅਕਾਲ ਤਖ਼ਤ ਦੀ ਭੂਮਿਕਾ ਮਜ਼ਬੂਤ ਹੋਵੇਗੀ ਅਤੇ ਸਰਕਾਰਾਂ ਨੂੰ ਪੰਥ ਨਾਲ ਗੱਲਬਾਤ ਕਰਨੀ ਪਵੇਗੀ।ਇੱਕ ਪਾਸੇ ਇਹ ਫੈਸਲਾ ਪੰਥ ਨੂੰ ਏਕਤਾ ਵੱਲ ਲੈ ਜਾਵੇਗਾ, ਦੂਜੇ ਪਾਸੇ ਇਹ ਰਾਜਨੀਤਿਕ ਧ੍ਰੁਵੀਕਰਨ ਵਧਾ ਸਕਦਾ ਹੈ।

ਹੁਣ ਆਉਣ ਵਾਲੇ ਦਿਨਾਂ ਵਿੱਚ ਧਰਨੇ, ਮੋਰਚੇ, ਚਰਚਾਵਾਂ ਅਤੇ ਸੰਭਵ ਤੌਰ 'ਤੇ ਰੋਜ਼ਾਨਾ ਰਾਜਨੀਤਿਕ ਗਤੀਵਿਧੀਆਂ ਵਧਣਗੀਆਂ। ਭਗਵੰਤ ਮਾਨ ਅਤੇ ਉਨ੍ਹਾਂ ਦੀ ਸਰਕਾਰ ਲਈ ਇਹ ਔਖਾ ਸਮਾਂ ਹੈ—ਉਹਨਾਂ ਨੂੰ ਜਾਂ ਤਾਂ ਪੰਥਕ ਭਾਵਨਾਵਾਂ ਨੂੰ ਮੰਨਣਾ ਪਵੇਗਾ ਜਾਂ ਰਾਜਨੀਤਿਕ ਲਾਗਤ ਚੁੱਕਣੀ ਪਵੇਗੀ। ਪੰਥ ਵਿੱਚ ਇੱਕ ਆਵਾਜ਼ ਉੱਠ ਰਹੀ ਹੈ ਕਿ ਗੁਰੂ ਗ੍ਰੰਥ ਸਾਹਿਬ ਨਾਲ ਜੁੜੇ ਮਾਮਲਿਆਂ ਵਿੱਚ ਸਰਕਾਰੀ ਦਖਲ ਬੰਦ ਹੋਣਾ ਚਾਹੀਦਾ ਹੈ। ਇਹ ਫੈਸਲਾ ਉਸ ਆਵਾਜ਼ ਨੂੰ ਬਲ ਦੇਵੇਗਾ। ਪੰਜਾਬ ਦੀ ਆਰਥਿਕਤਾ (ਜਿਸ ਵਿੱਚ ਖੇਤੀ ਅਤੇ ਵਿਦੇਸ਼ੀ ਰੁਜ਼ਗਾਰ ਮਹੱਤਵਪੂਰਨ ਹਨ) ਨੂੰ ਵੀ ਧਾਰਮਿਕ ਅਸਥਿਰਤਾ ਤੋਂ ਨੁਕਸਾਨ ਹੋ ਸਕਦਾ ਹੈ।

ਅੱਜ ਭਾਵਪੂਰਨ ਸੰਦੇਸ਼ ਅਤੇ ਇਤਿਹਾਸਕ ਨਜ਼ਰੀਆ ਹੈ ਕਿ ਇਹ ਘਟਨਾ ਸਾਨੂੰ ਯਾਦ ਕਰਾਉਂਦੀ ਹੈ ਕਿ ਸਿੱਖੀ ਵਿੱਚ ਗੁਰੂ ਦੀ ਬਾਣੀ ਅਤੇ ਖਾਲਸਾ ਪੰਥ ਦੀ ਆਨ-ਬਾਨ ਸਭ ਤੋਂ ਉੱਪਰ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤਾਕਤ ਬਾਹਰੀ ਤਾਕਤਾਂ ਤੋਂ ਉੱਪਰ ਹੈ। ਮੁੱਖ ਮੰਤਰੀ ਵਰਗੇ ਨੇਤਾ ਲਈ ਇਹ ਇੱਕ ਚੇਤਾਵਨੀ ਹੈ ਕਿ ਸੱਤਾ ਅਸਥਾਈ ਹੈ, ਪਰ ਗੁਰੂ ਦੀ ਬਖ਼ਸ਼ਿਸ਼ ਅਮਰ ਹੈ।ਪੰਥ ਨੂੰ ਇਸ ਸਮੇਂ ਏਕਤਾ ਬਣਾਈ ਰੱਖਣੀ ਚਾਹੀਦੀ ਹੈ।

ਅੱਜ ਨਿਹੰਗ ਸਿੰਘ, ਟਕਸਾਲਾਂ ਅਤੇ ਸਾਰੀਆਂ ਜਥੇਬੰਦੀਆਂ ਨੂੰ ਇੱਕ ਛੱਤ ਹੇਠ ਆਉਣਾ ਚਾਹੀਦਾ ਹੈ। ਇਹ ਫੈਸਲਾ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਨਾਲ ਲਿਖਿਆ ਜਾਵੇਗਾ—ਜਦੋਂ ਪੰਥ ਨੇ ਆਪਣੀ ਅਣਖ ਲਈ ਆਵਾਜ਼ ਬੁਲੰਦ ਕੀਤੀ।ਪੰਜਾਬ ਦੇ ਭਵਿੱਖ ਲਈ ਇਹ ਇੱਕ ਮੋੜ ਹੈ। ਧਰਮ ਅਤੇ ਰਾਜਨੀਤੀ ਦਾ ਸੰਤੁਲਨ ਬਣਾਉਣਾ ਲਾਜ਼ਮੀ ਹੈ। ਜੇਕਰ ਸਰਕਾਰ ਅੜੀਅਲ ਰਵੱਈਆ ਅਪਣਾਉਂਦੀ ਰਹੀ ਤਾਂ ਰੋਸ ਵਧੇਗਾ ਅਤੇ ਜੇਕਰ ਉਸਨੇ ਪੰਥ ਨਾਲ ਗੱਲਬਾਤ ਕੀਤੀ ਤਾਂ ਇੱਕ ਨਵੀਂ ਸ਼ੁਰੂਆਤ ਹੋ ਸਕਦੀ ਹੈ।ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ। ਇਹ ਫੈਸਲਾ ਪੰਥ ਨੂੰ ਮਜ਼ਬੂਤ ਬਣਾਵੇ ਅਤੇ ਸੱਚ ਦੀ ਜਿੱਤ ਹੋਵੇ।

# ਸ਼ਾਹ ਨੇ ਪੰਜਾਬ ਦੇ ਭਾਜਪਾਈ ਠੰਡੇ ਕਰਕੇ ਮੋੜੇ

ਕਮਲਜੀਤ ਸਿੰਘ ਬਨਵੈਤ
98147 34035



ਸਾਰੇ ਦੇ ਸਾਰੇ ਅਕਾਲੀ ਦਲ ਭਾਰਤੀ ਜਨਤਾ ਪਾਰਟੀ ਦੀ ਗੋਦੀ ਚੜ੍ਹਨ ਲਈ ਕਾਹਲੇ ਹਨ। ਪਰ ਪੰਜਾਬ ਦੇ ਭਾਜਪਾਈਆਂ ਨੂੰ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਵਿੱਚ ਜਿੱਤ ਦਿਸਦੀ ਹੈ। ਕੇਂਦਰੀ ਗ੍ਰਹਿ ਮੰਤਰੀ ਅਤੇ ਸਿਆਸਤ ਦੇ ਚਾਣਕਿਆ ਅਮਿਤ ਸ਼ਾਹ ਨੇ ਸ਼੍ਰੋਮਣੀ ਅਕਾਲੀ ਦਲ ਨਾਲੋਂ ਹੱਟ ਕੇ ਤੁਰਨ ਦਾ ਐਲਾਨ ਕਈ ਚਿਰ ਪਹਿਲਾਂ ਮੋਗਾ ਦੀ ਰੈਲੀ ਵਿੱਚ ਕਰ ਦਿੱਤਾ। ਬਾਵਜੂਦ ਇਸਦੇ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਅਤੇ ਸੀਨੀਅਰ ਲੀਡਰ ਕੈਪਟਨ ਅਮਰਿੰਦਰ ਸਿੰਘ ਸ਼੍ਰੋਮਣੀ ਅਕਾਲੀ ਦਲ ਨਾਲ ਰਲ ਕੇ ਚੱਲਣ ਦੀ ਵਕਾਲਤ ਕਰਦੇ ਰਹੇ। ਉਸ ਤੋਂ ਬਾਅਦ ਜਦੋਂ ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਨਬੀਨ ਨੇ ਸ਼੍ਰੋਮਣੀ ਅਕਾਲੀ ਦਲ ਨਾਲ ਸਿਆਸੀ ਗੱਠਜੋੜ ਦੇ ਦਰਵਾਜ਼ੇ ਬੰਦ ਨਾ ਹੋਣ ਦੀ ਗੱਲ ਕਹੀ ਤਾਂ ਪੰਜਾਬ ਦੇ ਭਾਜਪਾਈਆਂ ਨੇ ਮੁੜ ਕੰਨ ਖੜ੍ਹੇ ਕਰ ਲਏ। ਅਮਿਤ ਸ਼ਾਹ ਨੇ ਪਿਛਲੇ ਦਿਨੀਂ ਪੰਜਾਬ ਦੀ ਪਾਰਟੀ ਦੀ ਮੂਹਰਲੀ ਕਤਾਰ ਦੇ ਲੀਡਰਸ਼ਿਪ ਨਾਲ ਮੀਟਿੰਗ ਸੱਦੀ ਤਾਂ ਸਾਰੇ ਕੱਛਾਂ ਵਜਾਉਂਦੇ ਦਿੱਲੀ ਗਏ। ਪੂਰੇ ਜੋਸ਼ ਨਾਲ ਦਿੱਲੀ ਨੂੰ ਗਏ ਪੰਜਾਬ ਦੇ ਭਾਜਪਾਈ ਹੋਸ਼ ਨਾਲ ਵਾਪਸ ਪਰਤੇ।

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਪ੍ਰਧਾਨਗੀ ਹੇਠ ਪੰਜਾਬ ਭਾਜਪਾ ਲੀਡਰਸ਼ਿਪ ਨਾਲ ਹੋਈ ਮੀਟਿੰਗ ਦੌਰਾਨ ਅਗਲੀਆਂ ਵਿਧਾਨ ਸਭਾ ਚੋਣਾਂ ਦੇ ਸਬੰਧ ਵਿੱਚ ਸ਼੍ਰੋਮਣੀ ਅਕਾਲੀ ਦਲ ਸਿਆਸੀ ਗਠਜੋੜ ਬਾਰੇ ਚੁੱਪ ਤਾਂ ਨਹੀਂ ਰਹੀ। ਪੰਜਾਬ ਭਾਜਪਾ ਦੇ ਸੀਨੀਅਰ ਆਗੂਆਂ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੰਜਾਬ ਚੋਣਾਂ ਜਿੱਤਣ ਲਈ ਸ਼੍ਰੋਮਣੀ ਅਕਾਲੀ ਦਲ ਨਾਲ ਸਿਆਸੀ ਗੱਠਜੋੜ ਕੀਤੇ ਜਾਣ ਦੀਆਂ ਤਰਕੀਬਾਂ ਦੱਸਣ ਦੀ ਸਿੱਕ ਦਿਲ ਵਿੱਚ ਪੜੋਲ ਰੱਖੀ ਸੀ ਪਰ ਸਿਆਸਤ ਦੇ ਚਾਣਕਿਆ ਨੇ ਦੋ ਟੁਕ ਸੁਣਾ ਕੇ ਠੰਡੇ ਕਰ ਦਿੱਤਾ। ਪਤਾ ਲੱਗਾ ਹੈ ਕਿ ਭਾਰਤੀ ਜਨਤਾ ਪਾਰਟੀ ਪੰਜਾਬ ਦੀਆਂ ਅਗਲੀਆਂ ਵਿਧਾਨ ਸਭਾ ਚੋਣਾਂ ਆਪਣੇ ਦਮ 'ਤੇ ਲੜਨਾ ਚਾਹੁੰਦੀ ਹੈ। ਭਾਰਤੀ ਜਨਤਾ ਪਾਰਟੀ ਮਹਿਸੂਸ ਕਰਦੀ ਹੈ ਕਿ ਜੇ ਮਹਾਂਰਾਸ਼ਟਰ, ਬਿਹਾਰ ਅਤੇ ਪੱਛਮੀ ਬੰਗਾਲ ਦੀ ਚੋਣ ਆਪਣੇ ਦਮ 'ਤੇ ਜਿੱਤ ਸਕਦੀ ਹੈ ਤਾਂ ਪੰਜਾਬ ਵਿੱਚ ਵੀ ਤਜ਼ਰਬਾ ਕਰਨਾ ਬਣਦਾ ਹੈ।

ਪਤਾ ਲੱਗਾ ਹੈ ਕਿ ਭਾਜਪਾ ਦੇ ਕਈ ਆਗੂ ਅਮਿਤ ਸ਼ਾਹ ਕੋਲ ਗੱਠਜੋੜ ਬਾਰੇ ਆਪਣੀ ਤਜ਼ਵੀਜ਼ ਰੱਖਣ ਲਈ ਉਤਾਵਲੇ ਸਨ ਪਰ ਕੇਂਦਰੀ ਗ੍ਰਹਿ ਮੰਤਰੀ ਨੇ ਮੀਟਿੰਗ ਵਿੱਚ ਪੰਜਾਬ ਤੇ ਉਹਨਾਂ ਨੂੰ ਲੈ ਕੇ ਆਪਣਾ ਰੌਅ ਸਪੱਸ਼ਟ ਕੀਤਾ ਪੰਜਾਬ ਦੇ ਆਗੂਆਂ ਨੇ ਚੁੱਪ ਰਹਿਣ ਵਿੱਚ ਹੀ ਆਪਣੀ ਭਲਾਈ ਸਮਝੀ। ਪੰਜਾਬ ਦੇ ਪੱਖ ਦੇ ਮਸਲੇ ਉਹਨਾਂ ਦੇ ਹੱਲ ਤੇ ਸਿਆਸੀ ਰਣਨੀਤੀ ਬਾਰੇ ਚਰਚਾ ਹੋਈ ਪਰ ਅਕਾਲੀ ਦਲ ਨਾਲ ਗੱਠਜੋੜ ਬਾਰੇ ਚੁੱਪ ਤਣੀ ਰਹੀ। ਮੀਟਿੰਗ ਦੌਰਾਨ ਪੰਜਾਬ ਦੇ ਆਗੂ ਇੱਕ ਦੂਜੇ ਵੱਲ ਬਿਟਰ ਬਿਟਰ ਝਾਕਦੇ ਰਹੇ ਪਰ ਕਿਸੇ ਨੇ ਵੀ ਅਕਾਲੀ ਦਲ ਨਾਲ ਸਿਆਸੀ ਰਿਸ਼ਤਾ ਜੋੜਨ ਦੀ ਸਲਾਹ ਦੇਣ ਦੀ ਹਿੰਮਤ ਨਾ ਕੀਤੀ।

ਸ਼੍ਰੋਮਣੀ ਅਕਾਲੀ ਦਲ ਵੀ ਭਾਰਤੀ ਜਨਤਾ ਪਾਰਟੀ ਨਾਲ ਹੱਥ ਮਿਲਾਉਣ ਵਿੱਚ ਹੀ ਆਪਣੀ ਭਲਾਈ ਸਮਝਦਾ ਹੈ। ਅਕਾਲੀ ਦਲ ਪੁਨਰ ਸੁਰਜੀਤ ਨੂੰ ਵੀ ਲੱਗਦਾ ਹੈ ਕਿ ਭਾਰਤੀ ਜਨਤਾ ਪਾਰਟੀ ਨਾਲ ਰਲ ਕੇ ਤੁਰਨ ਵਿੱਚ ਹੀ ਭਲਾ ਹੋਵੇਗਾ। ਦੂਜੇ ਬੰਨੇ ਭਾਰਤੀ ਜਨਤਾ ਪਾਰਟੀ ਹੈ ਕਿ ਕਿਸੇ ਨਾਲ ਅੱਖ ਮਿਲਾਉਣ ਲਈ ਰਾਜ਼ੀ ਨਹੀਂ। ਪਿਛਲੇ ਦਿਨੀਂ ਪੁਨਰ ਸੁਰਜੀਤ ਅਕਾਲੀ ਦਲ ਦੇ ਕੁਝ ਨੇਤਾਵਾਂ ਦੀਆਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਮੀਟਿੰਗ ਦੀਆਂ ਖ਼ਬਰਾਂ ਆਉਂਦੀਆਂ ਰਹੀਆਂ ਹਨ ਪਰ ਭਾਰਤੀ ਜਨਤਾ ਪਾਰਟੀ ਦੇ ਦਿੱਲੀ ਨਾਲ ਜੁੜੇ ਕੁਝ ਲੀਡਰ ਇਹਨਾਂ ਮੀਟਿੰਗਾਂ ਦੇ ਨਾ ਹੋਣ ਦਾ ਦਾਅਵਾ ਕਰਦੇ ਰਹੇ ਹਨ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਮੀਟਿੰਗ ਵਿੱਚ ਮੌਜੂਦ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੂੰ ਘਰਾਂ 'ਚੋਂ ਬਾਹਰ ਨਿਕਲ ਕੇ ਧਰਾਤਲ 'ਤੇ ਕੰਮ ਕਰਨ ਦੀ ਨਸੀਹਤ ਦਿੱਤੀ। ਉਹਨਾਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਦੀ ਕਿਸਾਨੀ ਅਤੇ ਸਿੱਖ ਭਾਈਚਾਰੇ ਲਈ ਕੀਤੇ ਕੰਮਾਂ ਬਾਰੇ ਲੋਕਾਂ ਵਿੱਚ ਪ੍ਰਚਾਰ ਕੀਤਾ ਜਾਵੇ। ਉਨ੍ਹਾਂ ਨੇ ਕਿਹਾ ਕਿ ਹੁਣ ਘਰਾਂ ਅੰਦਰ ਵੜਨ ਦਾ ਸਮਾਂ ਨਹੀਂ ਰਿਹਾ ਸਗੋਂ ਲੋਕਾਂ ਵਿੱਚ ਜਾ ਕੇ ਪਾਰਟੀ ਦਾ ਪ੍ਰਚਾਰ ਕਰਨ ਦਾ ਵੇਲਾ ਆ ਗਿਆ ਹੈ। ਇੱਕ ਇੱਕ ਆਗੂ ਪਿੰਡਾਂ ਤੇ ਸ਼ਹਿਰਾਂ ਵਿੱਚ ਵਿਚਰੇ। ਅਮਿਤ ਸ਼ਾਹ ਦਾ ਕਹਿਣਾ ਸੀ ਕਿ ਪੰਜਾਬ ਵਿੱਚ ਜਿੱਤ ਦਾ ਇਹੋ ਜਾਦੂ ਹੋਵੇਗਾ। ਕੇਂਦਰੀ ਲੀਡਰਸ਼ਿਪ ਨਾਲ ਪੰਜਾਬ ਭਾਜਪਾ ਦੇ ਆਗੂਆਂ ਦੀ ਮੀਟਿੰਗ ਤੋਂ ਬਾਅਦ ਇਹੋ ਲੱਗਣ ਲੱਗਾ ਹੈ ਕਿ ਪਾਰਟੀ ਆਪਣੇ ਦਮ ਉੱਤੇ ਚੋਣ ਲੜਨਾ ਚਾਹੁੰਦੀ ਹੈ। ਇਸੇ ਦੌਰਾਨ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਦਾ ਇੱਕ ਬਿਆਨ ਵੀ ਧਿਆਨ ਖਿੱਚਦਾ ਹੈ। ਕਹਿੰਦੇ ਹਨ ਕਿ ਜੇ ਭਾਰਤੀ ਜਨਤਾ ਪਾਰਟੀ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਸ਼੍ਰੋਮਣੀ ਅਕਾਲੀ ਦਲ ਨਾਲ ਰਲ ਕੇ ਲੜਦੀ ਹੈ ਤਾਂ ਭਾਰਤੀ ਜਨਤਾ ਪਾਰਟੀ ਵੱਡੇ ਅਤੇ ਅਕਾਲੀ ਦਲ ਛੋਟੇ ਭਰਾ ਵਜੋਂ ਵਿਚਰੇਗਾ। ਭਾਰਤੀ ਜਨਤਾ ਪਾਰਟੀ ਨਾਲ ਗੱਠਜੋੜ ਦੀਆਂ ਚੱਲ ਰਹੀਆਂ ਚਰਚਾਵਾਂ ਨੂੰ ਲੈ ਕੇ ਹਾਲ ਦੀ ਘੜੀ ਸ਼੍ਰੋਮਣੀ ਅਕਾਲੀ ਦਲ ਦੀ ਉੱਪਰਲੀ ਲੀਡਰਸ਼ਿਪ ਚੁੱਪ ਹੈ। ਦੂਜੇ ਬੰਨੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਗੱਠਜੋੜ ਦੀ ਚਰਚਾ ਉੱਤੇ ਨਿਸ਼ਾਨੇ ਵਿੰਨਣੇ ਸ਼ੁਰੂ ਕਰ ਦਿੱਤੇ ਹਨ।

ਭਾਰਤੀ ਜਨਤਾ ਪਾਰਟੀ ਲਈ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਜਿੱਤਣਾ ਅਸਾਨ ਨਹੀਂ ਲੱਗਦਾ ਹੈ ਪਰ ਪਾਰਟੀ ਆਪਣੇ ਦਮ ਉੱਤੇ ਚੋਣ ਮੈਦਾਨ ਵਿੱਚ ਨਿਤਰਨਾ ਚਾਹੁੰਦੀ ਹੈ। ਭਾਜਪਾ ਨਾਲ ਜੁੜੇ ਸੂਤਰ ਦਾਅਵਾ ਕਰਦੇ ਹਨ ਕਿ ਪਾਰਟੀ ਦੀ ਅੱਖ 2032 ਦੀਆਂ ਚੋਣਾਂ ਉੱਤੇ ਹੈ।

ਦੂਜੇ ਬੰਨੇ ਸੱਤਾਧਾਰੀ ਆਮ ਆਦਮੀ ਪਾਰਟੀ ਦੀ ਗੱਲ ਕਰੀਏ ਤਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇਜ਼ੀ ਨਾਲ ਅੱਗੇ ਵੱਧ ਰਹੇ ਹਨ। ਪੰਜਾਬ ਸਰਕਾਰ ਵੱਲੋਂ ਲਗਾਤਾਰ ਲੋਕ ਪੱਖੀ ਫੈਸਲੇ ਲਏ ਜਾ ਰਹੇ ਹਨ। ਪੰਜਾਬ ਕਾਂਗਰਸ ਹਾਲੇ ਆਪਣੀ ਅੰਦਰੂਨੀ ਲੜਾਈ ਵਿੱਚੋਂ ਨਹੀਂ ਨਿਕਲ ਸਕੀ ਹੈ। ਉੱਪਰਲੀ ਲੀਡਰਸ਼ਿਪ ਬਦਲਣ ਦੀਆਂ ਗੱਲਾਂ ਚੱਲ ਰਹੀਆਂ ਹਨ। ਸ਼੍ਰੋਮਣੀ ਅਕਾਲੀ ਦਲ ਦੀਆਂ ਗਤੀਵਿਧੀਆਂ ਠੱਪ ਹਨ ਅਤੇ ਇੱਕ ਤਰ੍ਹਾਂ ਨਾਲ ਚੁੱਪ ਵੱਟ ਰੱਖੀ ਹੈ। ਕਾਂਗਰਸ ਵਿੱਚ ਏਕਾ ਹੋ ਜਾਵੇ ਜਾਂ ਅਕਾਲੀ ਦਲ ਮੁੜ ਤੋਂ ਸਰਗਰਮੀ ਫੜ ਲਵੇ ਪਰ ਸਵਾਲ ਇਹ ਹੈ ਕਿ ਦੋਹਾਂ ਪਾਰਟੀਆਂ ਕੋਲ ਪੰਜਾਬ ਦਾ ਕੋਈ ਏਜੰਡਾ ਨਹੀਂ ਹੈ। ਹਾਲਾਂਕਿ ਚੋਣਾਂ ਵਿੱਚ ਕੁਝ ਮਹੀਨੇ ਰਹਿ ਕੇ ਦੱਸੇ ਜਾਂਦੇ ਹਨ ਪਰ ਕਿਸੇ ਨੇ ਵੀ ਚੋਣਾਂ ਜਿੱਤਣ ਲਈ ਬਲੂ ਪ੍ਰਿੰਟ ਤਿਆਰ ਨਹੀਂ ਕੀਤਾ ਹੈ। ਸਾਰੀਆਂ ਸਿਆਸੀ ਪਾਰਟੀਆਂ ਇਹ ਤਾਂ ਚਾਹੁੰਦੀਆਂ ਹਨ ਕਿ ਪੰਜਾਬੀ ਉਹਨਾਂ ਨੂੰ ਸੱਤਾ ਪਰੋਸ ਦੇਣ ਪਰ ਪੰਜਾਬੀਆਂ ਵਾਸਤੇ ਕਿਸੇ ਦੇ ਦਿਲ ਵਿੱਚ ਕੋਈ ਦਰਦ ਨਹੀਂ ਹੈ। ਪੰਜਾਬੀਆਂ ਦੀ ਬਾਂਹ ਫੜਨਾ ਕਿਸੇ ਵੀ ਸਿਆਸੀ ਪਾਰਟੀ ਦੇ ਏਜੰਡੇ 'ਤੇ ਨਹੀਂ ਹੈ। ਇਹੋ ਵਜ੍ਹਾ ਹੈ ਕਿ ਪੰਜਾਬ ਚੌਰਾਹੇ 'ਤੇ ਆ ਖੜ੍ਹਿਆ ਹੈ। ਹਾਲੇ ਤੱਕ ਤਾਂ ਪੰਜਾਬੀਆਂ ਦੀ ਬਾਂਹ ਫੜਨ ਵਾਲਾ ਕੋਈ ਨਜ਼ਰ ਨਹੀਂ ਆ ਰਿਹਾ ਹੈ।



ਵਿੰਕਲਜੀਤ ਸਿੰਘ ਸਰਾ
9501477889

### ਈਥੇਨੌਲ ਮਿਲਾਵਟ ਦੀ ਨਵੀਂ ਨੀਤੀ

# ਭਾਰਤ ਦੀ ਊਰਜਾ ਸੁਰੱਖਿਆ, ਵਾਹਨ ਉਦਯੋਗ ਅਤੇ ਖੇਤੀਬਾੜੀ ਸੰਕਟ ਦਾ ਗੰਭੀਰ ਲੇਖਾ-ਜੋਖਾ

ਭਾਰਤ ਦੀ ਊਰਜਾ ਨੀਤੀ ਇਸ ਸਮੇਂ ਇੱਕ ਇਤਿਹਾਸਕ ਅਤੇ ਬੇਹੱਦ ਗੰਭੀਰ ਮੋੜ 'ਤੇ ਖੜ੍ਹੀ ਹੈ। ਕੇਂਦਰ ਸਰਕਾਰ ਵੱਲੋਂ ਪੈਟਰੋਲ ਵਿੱਚ 20 ਫ਼ੀਸਦੀ ਈਥਨੌਲ ਮਿਲਾਉਣ (£520£) ਦੇ ਟੀਚੇ ਨੂੰ ਸਮੇਂ ਤੋਂ ਪਹਿਲਾਂ ਹਾਸਲ ਕਰਨ ਤੋਂ ਬਾਅਦ, ਹੁਣ ਨੀਤੀਗਤ ਪੱਧਰ 'ਤੇ £522£ ਤੋਂ £530£ (22 ਤੋਂ 30 ਫ਼ੀਸਦੀ ਈਥਨੌਲ ਮਿਸ਼ਰਣ) ਦੇ ਨਵੇਂ ਮਾਪਦੰਡਾਂ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਵਿੱਤ ਮੰਤਰਾਲੇ ਦੇ ਤਾਜ਼ਾ ਨੋਟੀਫਿਕੇਸ਼ਨ ਅਨੁਸਾਰ, 22 ਤੋਂ 30 ਫ਼ੀਸਦੀ ਤੱਕ ਈਥਨੌਲ ਮਿਸ਼ਰਿਤ ਪੈਟਰੋਲ 'ਤੇ ਐਕਸਾਈਜ਼ ਡਿਊਟੀ, ਐਡੀਸ਼ਨਲ ਐਕਸਾਈਜ਼ ਡਿਊਟੀ ਅਤੇ ਰੋਡ 'ਤੇ ਇੰਫਰਾਸਟਰਕਚਰ ਸੈੱਸ ਨੂੰ ਪੂਰੀ ਤਰ੍ਹਾਂ ਖ਼ਤਮ ਭਾਵ ਜ਼ੀਰੋ ਕਰ ਦਿੱਤਾ ਗਿਆ ਹੈ। ਇਹ ਫੈਸਲਾ ਇੱਕ ਪਾਸੇ ਜਿੱਥੇ ਕੱਚੇ ਤੇਲ ਦੇ ਅੰਤਰਰਾਸ਼ਟਰੀ ਸੰਕਟ ਦਰਮਿਆਨ ਦੇਸ਼ ਦੀ ਆਯਾਤ ਨਿਰਭਰਤਾ ਨੂੰ ਘਟਾਉਣ ਅਤੇ ਆਮ ਜਨਤਾ ਨੂੰ ਸਸਤਾ ਬਾਲਣ ਮੁਹੱਈਆ ਕਰਵਾਉਣ ਦੀ ਇੱਕ ਵੱਡੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ, ਉੱਥੇ ਹੀ ਦੂਜੇ ਪਾਸੇ ਇਸ ਦੇ ਤਕਨੀਕੀ, ਵਾਤਾਵਰਣਕ ਅਤੇ ਸਭ ਤੋਂ ਵੱਧ ਖ਼ੁਰਾਕ ਸੁਰੱਖਿਆ (Food Security) 'ਤੇ ਪੈਣ ਵਾਲੇ ਪ੍ਰਭਾਵਾਂ ਨੇ ਦੇਸ਼ ਦੇ ਚਿੰਤਕਾਂ ਅਤੇ ਨੀਤੀ-ਘਾੜਨ ਵਾਲਿਆਂ ਦੇ ਸਾਹਮਣੇ ਕਈ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਇਹ ਬਦਲਾਅ ਰਾਸ਼ਟਰੀ ਆਰਥਿਕਤਾ ਨੂੰ ਕਿੱਥੇ ਲੈ ਕੇ ਜਾਵੇਗਾ, ਇਸ ਦਾ ਇੱਕ ਨਿਰਪੱਖ ਅਤੇ ਪੇਸ਼ੇਵਰ ਵਿਸ਼ਲੇਸ਼ਣ ਬਹੁਤ ਜ਼ਰੂਰੀ ਹੈ।

**ਟੈਕਸ ਛੋਟ ਦੀ ਰਾਜਨੀਤੀ ਅਤੇ ਆਰਥਿਕ ਰਾਹਤ ਦਾ ਸੱਚ :** ਸਰਕਾਰ ਵੱਲੋਂ £522£ ਤੋਂ £530£ ਬਾਲਣ 'ਤੇ ਐਕਸਾਈਜ਼ ਡਿਊਟੀ ਅਤੇ ਬੁਨਿਆਦੀ ਢਾਂਚਾ ਸੈੱਸ ਖ਼ਤਮ ਕਰਨ ਦਾ ਸਿੱਧਾ ਉਦੇਸ਼ ਬਜ਼ਾਰ ਵਿੱਚ ਉੱਚ-ਈਥਨੌਲ ਮਿਸ਼ਰਿਤ ਪੈਟਰੋਲ ਨੂੰ ਤੇਜ਼ੀ ਨਾਲ ਪ੍ਰਚੱਲਿਤ ਕਰਨਾ ਹੈ। ਭਾਰਤ ਆਪਣੀ ਲੋੜ ਦਾ ਲਗਭਗ 85 ਫ਼ੀਸਦੀ ਕੱਚਾ ਤੇਲ ਬਾਹਰੋਂ ਮੰਗਵਾਉਂਦਾ ਹੈ ਅਤੇ ਹਰ ਸਾਲ ਇਸ ਆਯਾਤ 'ਤੇ ਲੱਖਾਂ ਕਰੋੜ ਰੁਪਏ ਦੀ ਵਿਦੇਸ਼ੀ ਮੁਦਰਾ ਖ਼ਰਚ ਹੁੰਦੀ ਹੈ। ਈਥਨੌਲ ਦੀ ਮਾਤਰਾ 30 ਫ਼ੀਸਦੀ ਤੱਕ ਲੈ ਕੇ ਜਾਣ ਨਾਲ ਦੇਸ਼ ਦੇ ਵਿਦੇਸ਼ੀ ਮੁਦਰਾ ਭੰਡਾਰ ਦੀ ਵੱਡੀ ਬਚਤ ਹੋਵੇਗੀ ਅਤੇ ਕੱਚੇ ਤੇਲ ਦੀਆਂ ਅੰਤਰਰਾਸ਼ਟਰੀ ਕੀਮਤਾਂ 'ਤੇ ਸਾਡੀ ਨਿਰਭਰਤਾ ਘਟੇਗੀ। ਨੀਤੀ-ਘਾੜਨ ਵਾਲਿਆਂ ਦਾ ਮੰਨਣਾ ਹੈ ਕਿ ਟੈਕਸ ਮੁਕਤ ਹੋਣ ਕਾਰਨ ਪੈਟਰੋਲ ਪੰਪਾਂ 'ਤੇ ਇਹ ਬਾਲਣ ਆਮ ਪੈਟਰੋਲ ਦੇ ਮੁਕਾਬਲੇ ਸਸਤਾ ਮਿਲੇਗਾ, ਜਿਸ ਨਾਲ ਖਪਤਕਾਰਾਂ ਨੂੰ ਵਧਦੀ ਮਹਿੰਗਾਈ ਤੋਂ ਰਾਹਤ ਮਿਲੇਗੀ। ਹਾਲਾਂਕਿ, ਇਹ ਰਾਹਤ ਓਨੀ ਸਿੱਧੀ ਅਤੇ ਸਰਲ ਨਹੀਂ ਹੈ ਜਿੰਨੀ ਦਿਖਾਈ ਦਿੰਦੀ ਹੈ, ਕਿਉਂਕਿ ਈਥਨੌਲ ਦੇ ਆਪਣੇ ਕੁਝ ਅਜਿਹੇ ਤਕਨੀਕੀ ਗੁਣ ਹਨ ਜੋ ਆਮ ਗੱਡੀ ਚਲਾਉਣ ਵਾਲੇ ਦੀ ਜੇਬ 'ਤੇ ਅਸਿੱਧੇ ਤਰੀਕੇ ਨਾਲ ਬੋਝ ਪਾਉਂਦੇ ਹਨ।

**ਉੱਚ-ਈਥਨੌਲ ਮਿਸ਼ਰਣ ਅਤੇ ਵਾਹਨਾਂ ਦੀ ਕਾਰਜਕੁਸ਼ਲਤਾ ਦਾ ਸੰਕਟ :** ਸਿਧਾਂਤਕ ਅਤੇ ਰਾਜਨੀਤਿਕ ਤੌਰ 'ਤੇ ਈਥਨੌਲ ਦਾ ਵਧਣਾ ਆਰਥਿਕਤਾ ਲਈ ਚੰਗਾ ਲੱਗ ਸਕਦਾ ਹੈ, ਪਰ ਵਾਹਨਾਂ ਦੇ ਇੰਜਣ ਦੀ ਸਮਰੱਥਾ ਦੇ ਲਿਹਾਜ਼ ਨਾਲ ਇਹ ਇੱਕ ਗੰਭੀਰ ਚੁਣੌਤੀ ਹੈ। ਈਥਨੌਲ ਦੀ ਊਰਜਾ ਘਣਤਾ (Energy Density) ਸ਼ੁੱਧ ਪੈਟਰੋਲ ਦੇ ਮੁਕਾਬਲੇ ਲਗਭਗ 65 ਫ਼ੀਸਦੀ ਹੁੰਦੀ ਹੈ, ਜਿਸ ਦਾ ਮਤਲਬ ਹੈ ਕਿ ਜਿੰਨੀ ਦੂਰੀ ਇੱਕ ਨਿਸ਼ਚਿਤ ਮਾਤਰਾ ਦੇ ਸ਼ੁੱਧ ਪੈਟਰੋਲ ਨਾਲ ਤੈਅ ਹੁੰਦੀ ਹੈ, ਉੱਨੀ ਹੀ ਦੂਰੀ ਲਈ ਉੱਚ-ਈਥਨੌਲ ਮਿਸ਼ਰਣ ਦੀ ਸਥਿਤੀ ਵਿੱਚ ਵਧੇਰੇ ਬਾਲਣ ਦੀ ਲੋੜ ਪਵੇਗੀ। ਵਿਗਿਆਨਕ ਅੰਕੜੇ ਦੱਸਦੇ ਹਨ ਕਿ £530£ ਬਾਲਣ ਦੀ ਵਰਤੋਂ ਨਾਲ ਵਾਹਨਾਂ ਦੀ ਮਾਈਲੇਜ ਵਿੱਚ ਪ੍ਰਤੱਖ ਕਮੀ ਆਵੇਗੀ, ਜਿਸ ਕਾਰਨ ਖਪਤਕਾਰ ਨੂੰ ਆਪਣੀ ਗੱਡੀ ਦਾ ਟੈਂਕ ਭਰਨ ਲਈ ਵਾਰ-ਵਾਰ ਪੈਸੇ ਖ਼ਰਚਣੇ ਪੈਣਗੇ। ਇਸ ਤੋਂ ਇਲਾਵਾ, ਈਥਨੌਲ ਸੁਭਾਅ ਪੱਖੋਂ ਤੇਜ਼ਾਬੀ ਅਤੇ ਨਮੀ ਨੂੰ ਸੋਖਣ ਵਾਲਾ ਹੁੰਦਾ ਹੈ, ਜਿਸ ਕਾਰਨ ਇਹ ਵਾਹਨ ਦੇ ਅੰਦਰੂਨੀ ਹਿੱਸਿਆਂ, ਖ਼ਾਸ ਕਰਕੇ ਫਿਊਲ ਲਾਈਨਾਂ, ਗੈਸਕਿਟਾਂ ਅਤੇ ਇੰਜਣ ਦੇ ਪੁਰਜ਼ਿਆਂ ਨੂੰ ਤੇਜ਼ੀ ਨਾਲ ਨੁਕਸਾਨ ਪਹੁੰਚਾਉਂਦਾ ਹੈ। ਦੇਸ਼ ਦੀਆਂ ਸੜਕਾਂ 'ਤੇ ਚੱਲ ਰਹੇ ਕਰੋੜਾਂ ਪੁਰਾਣੇ ਵਾਹਨ ਜੋ £510£ ਜਾਂ £515£ ਲਈ ਬਣੇ ਸਨ, ਜੇਕਰ ਇਸ ਨਵੇਂ ਬਾਲਣ ਦੀ ਵਰਤੋਂ ਕਰਨਗੇ ਤਾਂ ਉਨ੍ਹਾਂ ਦੇ ਰੱਖ-ਰਖਾਅ ਦਾ ਖ਼ਰਚਾ ਬਹੁਤ ਵੱਧ ਜਾਵੇਗਾ।

**ਵਾਹਨ ਉਦਯੋਗ ਦਾ ਨਵਾਂ ਬਦਲਾਅ ਅਤੇ ਫਲੈਕਸ-ਫਿਊਲ ਦੀ ਲੋੜ :** ਇਸ ਨਵੀਂ ਨੀਤੀ ਨੇ ਦੇਸ਼ ਦੇ ਵਾਹਨ ਨਿਰਮਾਤਾਵਾਂ ਦੇ ਸਾਹਮਣੇ ਇੱਕ ਨਵੀਂ ਤਕਨੀਕੀ ਕ੍ਰਾਂਤੀ ਅਤੇ ਮਜਬੂਰੀ ਖੜ੍ਹੀ ਕਰ ਦਿੱਤੀ ਹੈ। ਹੁਣ ਵਾਹਨ ਉਦਯੋਗ ਨੂੰ ਅਜਿਹੇ ਇੰਜਣ, ਫਿਊਲ ਇੰਜੈਕਸ਼ਨ ਸਿਸਟਮ ਅਤੇ ਕੈਲੀਬ੍ਰੇਸ਼ਨ ਵਿਕਸਿਤ ਕਰਨੇ ਪੈ ਰਹੇ ਹਨ ਜੋ ਉੱਚ-ਈਥਨੌਲ ਨੂੰ ਬਿਨਾਂ ਕਿਸੇ ਨੁਕਸਾਨ ਦੇ ਝੱਲ ਸਕਣ। ਆਟੋਮੋਬਾਈਲ ਕੰਪਨੀਆਂ ਨੂੰ ਆਪਣੀ ਪੂਰੀ ਪ੍ਰੋਡਕਸ਼ਨ ਲਾਈਨ ਵਿੱਚ ਬਦਲਾਅ ਕਰਨਾ ਪਵੇਗਾ, ਜਿਸ ਨਾਲ ਨਵੇਂ ਫਲੈਕਸ-ਫਿਊਲ ਵਾਹਨਾਂ ਦੀਆਂ ਕੀਮਤਾਂ ਵਿੱਚ ਦਸ ਤੋਂ ਪੱਚੀ ਹਜ਼ਾਰ ਰੁਪਏ ਤੱਕ ਦਾ ਵਾਧਾ ਹੋਣ ਦਾ ਅਨੁਮਾਨ ਹੈ। ਭਾਵੇਂ ਸਰਕਾਰ ਵਾਹਨ ਉਦਯੋਗ ਨੂੰ ਤੇਜ਼ੀ ਨਾਲ ਬਦਲਣ ਲਈ ਪ੍ਰੇਰਿਤ ਕਰ ਰਹੀ ਹੈ, ਪਰ ਮੱਧਮ ਅਤੇ ਗ਼ਰੀਬ ਵਰਗ ਦੇ ਲੋਕਾਂ ਲਈ, ਜੋ ਪਹਿਲਾਂ ਹੀ ਮਹਿੰਗੀਆਂ ਗੱਡੀਆਂ ਅਤੇ ਬਾਈਕ ਖ਼ਰੀਦਣ ਤੋਂ ਅਸਮਰੱਥ ਹਨ, ਇਹ ਤਕਨੀਕੀ ਤਬਦੀਲੀ ਇੱਕ ਵਾਧੂ ਆਰਥਿਕ ਬੋਝ ਸਾਬਤ ਹੋਵੇਗੀ।

**ਹਵਾਈ ਬਾਲਣ ਵਿੱਚ ਬਾਇਓ-ਈਥਨੌਲ ਦੀ ਵਰਤੋਂ ਅਤੇ ਹਵਾਈ ਉਦਯੋਗ :** ਇਸ ਰਾਸ਼ਟਰੀ ਨੀਤੀ ਦਾ ਇੱਕ ਹੋਰ ਦੂਰਗਾਮੀ ਅਤੇ ਨਵੀਨਤਮ ਪਹਿਲੂ ਹਵਾਈ ਜਹਾਜ਼ਾਂ ਦੇ ਬਾਲਣ ਵਿੱਚ ਬਾਇਓ-ਈਥਨੌਲ ਦੀ ਵਰਤੋਂ ਦੀ ਇਜਾਜ਼ਤ ਦੇਣਾ ਹੈ। ਸਰਕਾਰ ਨੇ 2027 ਤੱਕ 1 ਫ਼ੀਸਦੀ ਅਤੇ 2030 ਤੱਕ 5 ਫ਼ੀਸਦੀ ਤੱਕ ਹਵਾਈ ਬਾਲਣ ਵਿੱਚ ਈਥਨੌਲ ਬਲੈਂਡਿੰਗ ਦਾ ਟੀਚਾ ਰੱਖਿਆ ਹੈ, ਜਿਸ ਨੂੰ ਅਲਕੋਹਲ-ਟੂ-ਜੈੱਟ (£1TJ£) ਪ੍ਰਕਿਰਿਆ ਰਾਹੀਂ ਹਾਸਲ ਕੀਤਾ ਜਾਵੇਗਾ। ਇਸ ਪ੍ਰਕਿਰਿਆ ਰਾਹੀਂ ਈਥਨੌਲ ਨੂੰ ਹਵਾਈ ਗ੍ਰੇਡ ਦੇ ਕੇਰੋਸਿਨ ਵਰਗਾ ਬਣਾਇਆ ਜਾਂਦਾ ਹੈ ਤਾਂ ਜੋ ਇਹ ਅੰਤਰਰਾਸ਼ਟਰੀ ਹਵਾਨੀ ਸੰਗਠਨਾਂ ਦੇ ਗ਼ੈਰ-ਕਾਰਬਨੀਕਰਨ ਦੇ ਟੀਚਿਆਂ ਨੂੰ ਪੂਰਾ ਕਰ ਸਕੇ। ਭਾਵੇਂ ਇਹ ਕਦਮ ਹਵਾਈ ਪ੍ਰਦੂਸ਼ਣ ਨੂੰ ਘਟਾਉਣ ਅਤੇ ਕਾਰਬਨ ਫੁੱਟਪ੍ਰਿੰਟ ਨੂੰ ਘੱਟ ਕਰਨ ਵਿੱਚ ਮਦਦਗਾਰ ਸਾਬਤ ਹੋ ਸਕਦਾ ਹੈ, ਪਰ ਹਵਾਈ ਜਹਾਜ਼ਾਂ ਦੇ ਬੇਹੱਦ ਸੰਵੇਦਨਸ਼ੀਲ ਇੰਜਣਾਂ ਲਈ ਇਸ ਦੀ ਸੁਰੱਖਿਆ, ਗੁਣਵੱਤਾ ਅਤੇ ਨਿਰੰਤਰ ਸਪਲਾਈ ਨੂੰ ਯਕੀਨੀ ਬਣਾਉਣਾ ਇੱਕ ਬਹੁਤ ਵੱਡੀ ਚੁਣੌਤੀ ਹੋਵੇਗੀ, ਜਿਸ ਲਈ ਦੇਸ਼ ਨੂੰ ਹਾਲੇ ਵੱਡੇ ਪੱਧਰ 'ਤੇ ਬੁਨਿਆਦੀ ਢਾਂਚਾ ਤਿਆਰ ਕਰਨਾ ਪਵੇਗਾ।

**ਖ਼ੁਰਾਕ ਸੁਰੱਖਿਆ ਦਾ ਗੰਭੀਰ ਸੰਕਟ ਅਤੇ ਅਨਾਜ ਦੀ ਅੰਨ੍ਹੇਵਾਹ ਵਰਤੋਂ :** ਇਸ ਪੂਰੀ ਨੀਤੀ ਦਾ ਸਭ ਤੋਂ ਨਾਜ਼ੁਕ, ਸੰਵੇਦਨਸ਼ੀਲ ਅਤੇ ਚਿੰਤਾਜਨਕ ਪਹਿਲੂ ਖੇਤੀਬਾੜੀ ਪੈਟਰਨ ਅਤੇ ਆਮ ਨਾਗਰਿਕ ਦੀ ਰੋਟੀ 'ਤੇ ਪੈਣ ਵਾਲਾ ਪ੍ਰਭਾਵ ਹੈ। ਇਹ ਸਵਾਲ ਬਹੁਤ ਹੀ ਗੰਭੀਰਤਾ ਨਾਲ ਉੱਠ ਰਿਹਾ ਹੈ ਕਿ ਕੀ ਅਸੀਂ ਗ਼ਰੀਬ ਇਨਸਾਨਾਂ ਦੇ ਢਿੱਡ ਨੂੰ ਭਰਨ ਦੀ ਬਜਾਏ ਗੱਡੀਆਂ ਦੇ ਇੰਜਣ ਦਾ ਢਿੱਡ ਭਰਨ ਨੂੰ ਤਰਜੀਹ ਦੇ ਰਹੇ ਹਾਂ। ਜਦੋਂ ਭਾਰਤ ਵਿੱਚ ਈਥਨੌਲ ਨੀਤੀ ਸ਼ੁਰੂ ਹੋਈ ਸੀ, ਤਾਂ ਇਹ ਮੁੱਖ ਤੌਰ 'ਤੇ ਗੰਨੇ ਦੇ ਸ਼ੀਸ਼ੇ (Molasses) 'ਤੇ ਆਧਾਰਿਤ ਸੀ, ਜੋ ਕਿ ਖੰਡ ਉਦਯੋਗ ਦਾ ਇੱਕ ਉਪ-ਉਤਪਾਦ ਹੈ ਅਤੇ ਇਸ ਨਾਲ ਦੇਸ਼ ਦੀ ਖ਼ੁਰਾਕ ਸੁਰੱਖਿਆ ਨੂੰ ਕੋਈ ਖ਼ਤਰਾ ਨਹੀਂ ਸੀ। ਪਰ £520£ ਅਤੇ ਹੁਣ £530£ ਦੇ ਵਿਸ਼ਾਲ ਟੀਚਿਆਂ ਨੂੰ ਪੂਰਾ ਕਰਨ ਲਈ ਸਿਰਫ਼ ਗੰਨੇ ਦੀ ਸਪਲਾਈ ਛੋਟੀ ਪੈ ਗਈ ਹੈ, ਜਿਸ ਕਾਰਨ ਈਥਨੌਲ ਬਣਾਉਣ ਲਈ ਹੁਣ ਮੱਕੀ, ਟੁੱਟੇ ਚਾਵਲ ਅਤੇ ਸਰਕਾਰੀ ਗੋਦਾਮਾਂ ਵਿੱਚ ਪਏ ਅਨਾਜ ਦੀ ਵੱਡੇ ਪੱਧਰ 'ਤੇ ਵਰਤੋਂ ਕੀਤੀ ਜਾ ਰਹੀ ਹੈ। ਇਹ ਬਦਲਾਅ ਦੇਸ਼ ਦੀ ਖ਼ੁਰਾਕੀ ਪ੍ਰਣਾਲੀ ਵਿੱਚ ਇੱਕ ਵੱਡਾ ਵਿਗਾੜ ਪੈਦਾ ਕਰ ਰਿਹਾ ਹੈ।

**ਫ਼ਸਲੀ ਚੱਕਰ ਵਿੱਚ ਵਿਗਾੜ ਅਤੇ ਪੋਲਟਰੀ ਉਦਯੋਗ ਦੀ ਬਰਬਾਦੀ :** ਈਥਨੌਲ ਉਦਯੋਗ ਵੱਲੋਂ ਮੱਕੀ ਦੀ ਵਧਦੀ ਮੰਗ ਕਾਰਨ ਪਿਛਲੇ ਪੰਜ ਸਾਲਾਂ ਵਿੱਚ ਮੱਕੀ ਦੀ ਪੈਦਾਵਾਰ ਦਾ ਰਕਬਾ 10 ਫ਼ੀਸਦੀ ਤੱਕ ਵਧ ਗਿਆ ਹੈ। ਇਹ ਵਾਧਾ ਕੁਦਰਤੀ ਤੌਰ 'ਤੇ ਦਾਲਾਂ ਅਤੇ ਤੇਲਬੀਜਾਂ (Oilseeds) ਦੀ ਖੇਤੀ ਦੀ ਕੀਮਤ 'ਤੇ ਹੋਇਆ ਹੈ, ਜਿਸ ਕਾਰਨ ਦੇਸ਼ ਵਿੱਚ ਪਹਿਲਾਂ ਹੀ ਘੱਟ ਉਤਪਾਦਨ ਵਾਲੀਆਂ ਦਾਲਾਂ ਅਤੇ ਖਾਣ ਵਾਲੇ ਤੇਲਾਂ ਦੀ ਹੋਰ ਜ਼ਿਆਦਾ ਘਾਟ ਪੈਦਾ ਹੋ ਰਹੀ ਹੈ ਅਤੇ ਸਾਨੂੰ ਇਨ੍ਹਾਂ ਨੂੰ ਬਾਹਰੋਂ ਮੰਗਵਾਉਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਇਸ ਤੋਂ ਵੀ ਵੱਧ ਦੁਖਦਾਈ ਸਥਿਤੀ ਪੋਲਟਰੀ ਅਤੇ ਪਸ਼ੂ ਪਾਲਣ ਉਦਯੋਗ ਦੀ ਹੋਈ ਹੈ, ਕਿਉਂਕਿ ਮੱਕੀ ਇਨ੍ਹਾਂ ਬੇਜ਼ਬਾਨ ਜੀਵਾਂ ਦੀ ਖ਼ੁਰਾਕ (Feed) ਦਾ ਮੁੱਖ ਹਿੱਸਾ ਹੈ। ਈਥਨੌਲ ਫੈਕਟਰੀਆਂ ਵੱਲੋਂ ਮੱਕੀ ਦੀ ਅੰਨ੍ਹੇਵਾਹ ਅਤੇ ਮਹਿੰਗੇ ਭਾਅ 'ਤੇ ਖ਼ਰੀਦ ਕੀਤੇ ਜਾਣ ਕਾਰਨ ਪੋਲਟਰੀ ਉਦਯੋਗ ਲਈ ਦਾਣਾ ਬੇਹੱਦ ਮਹਿੰਗਾ ਹੋ ਗਿਆ ਹੈ, ਜਿਸ ਨਾਲ ਇਸ ਸਹਾਇਕ ਧੰਦੇ ਨਾਲ ਜੁੜੇ ਲੱਖਾਂ ਛੋਟੇ ਕਿਸਾਨਾਂ ਦੇ ਸਾਹਮਣੇ ਰੋਜ਼ੀ-ਰੋਟੀ ਦਾ ਸੰਕਟ ਖੜ੍ਹਾ ਹੋ ਗਿਆ ਹੈ ਅਤੇ ਕਈ ਫਾਰਮ ਬੰਦ ਹੋਣ ਦੀ ਕਗਾਰ 'ਤੇ ਪਹੁੰਚ ਗਏ ਹਨ।

**ਵਾਤਾਵਰਣਕ ਪਹਿਲੂ ਅਤੇ ਹਰੇ ਇੰਧਨ ਦਾ ਦੂਸਰਾ ਪੱਖ :** ਹਾਲਾਂਕਿ ਸਰਕਾਰ ਇਸ ਨੀਤੀ ਨੂੰ ਇੱਕ ਵਾਤਾਵਰਣ-ਪੱਖੀ ਜਾਂ 'ਗ੍ਰੀਨ ਪਾਲਿਸੀ' ਵਜੋਂ ਪੇਸ਼ ਕਰ ਰਹੀ ਹੈ ਕਿਉਂਕਿ ਇਹ ਕਾਰਬਨ ਮੋਨੋਆਕਸਾਈਡ ਅਤੇ ਹਾਈਡਰੋਕਾਰਬਨ ਦੇ ਨਿਕਾਸ ਨੂੰ ਘਟਾਉਂਦੀ ਹੈ, ਪਰ ਇਸ ਦਾ ਦੂਜਾ ਪਹਿਲੂ ਸਾਡੇ ਕੁਦਰਤੀ ਸਰੋਤਾਂ ਲਈ ਬੇਹੱਦ ਨੁਕਸਾਨਦੇਹ ਹੈ। ਇੱਕ ਲੀਟਰ ਈਥਨੌਲ ਬਣਾਉਣ ਲਈ ਹਜ਼ਾਰਾਂ ਲੀਟਰ ਪਾਣੀ ਦੀ ਖਪਤ ਹੁੰਦੀ ਹੈ, ਚਾਹੇ ਉਹ ਗੰਨੇ ਦੀ ਖੇਤੀ ਰਾਹੀਂ ਹੋਵੇ ਜਾਂ ਝੋਨੇ ਅਤੇ ਮੱਕੀ ਰਾਹੀਂ। ਪੰਜਾਬ ਵਰਗੇ ਸੂਬੇ, ਜੋ ਪਹਿਲਾਂ ਹੀ ਗੰਭੀਰ ਭੂ-ਜਲ ਸੰਕਟ (Groundwater Depletion) ਦਾ ਸਾਹਮਣਾ ਕਰ ਰਹੇ ਹਨ ਅਤੇ ਜਿੱਥੇ ਪਾਣੀ ਦਾ ਪੱਧਰ ਖ਼ਤਰਨਾਕ ਹੱਦ ਤੱਕ ਹੇਠਾਂ ਚਲਾ ਗਿਆ ਹੈ, ਉੱਥੇ ਈਥਨੌਲ ਲਈ ਅਜਿਹੀਆਂ ਪਾਣੀ ਦੀ ਵੱਧ ਖਪਤ ਵਾਲੀਆਂ ਫ਼ਸਲਾਂ ਨੂੰ ਉਤਸ਼ਾਹਿਤ ਕਰਨਾ ਇੱਕ ਆਤਮਘਾਤੀ ਕਦਮ ਸਾਬਤ ਹੋ ਸਕਦਾ ਹੈ। ਪਰਾਲੀ ਅਤੇ ਫ਼ਸਲਾਂ ਦੀ ਰਹਿੰਦ-ਖੂੰਹਦ ਤੋਂ ਬਣਾਏ ਜਾਣ ਵਾਲੇ ਸੈਕੰਡ ਜਨਰੇਸ਼ਨ (£27£) ਈਥਨੌਲ ਦੀਆਂ ਗੱਲਾਂ ਤਾਂ ਬਹੁਤ ਹੁੰਦੀਆਂ ਹਨ, ਪਰ ਉੱਚ ਲਾਗਤ ਅਤੇ ਤਕਨੀਕੀ ਜਟਿਲਤਾ ਕਾਰਨ ਇਸ ਦੀਆਂ ਸਪਲਾਈ ਲੜੀਆਂ ਅਜੇ ਤੱਕ ਦੇਸ਼ ਵਿੱਚ ਸਫ਼ਲ ਨਹੀਂ ਹੋ ਸਕੀਆਂ, ਜਿਸ ਕਾਰਨ ਪੂਰਾ ਦਬਾਅ ਸਾਡੇ ਖਾਣ ਵਾਲੇ ਅਨਾਜ ਅਤੇ ਪਾਣੀ ਦੇ ਸਰੋਤਾਂ 'ਤੇ ਹੀ ਪੈ ਰਿਹਾ ਹੈ।

**ਨੀਤੀਗਤ ਖੂੰਝ ਅਤੇ ਭਵਿੱਖ ਦਾ ਸੰਤੁਲਿਤ ਰਾਹ :** ਭਾਰਤ ਵਰਗੇ ਵਿਕਾਸਸ਼ੀਲ ਅਤੇ ਵੱਡੀ ਅਬਾਦੀ ਵਾਲੇ ਦੇਸ਼ ਵਿੱਚ, ਜਿੱਥੇ ਅਜੇ ਵੀ ਲੋਕਾਂ ਦਾ ਇੱਕ ਵੱਡਾ ਹਿੱਸਾ ਕੁਪੋਸ਼ਣ ਅਤੇ ਗ਼ਰੀਬੀ ਰੇਖਾ ਤੋਂ ਹੇਠਾਂ ਜੀਵਨ ਬਤੀਤ ਕਰ ਰਿਹਾ ਹੈ, ਉੱਥੇ ਭਾਰਤੀ ਖੇਤੀ ਖੇਤਰ ਨੂੰ ਇਨਸਾਨਾਂ ਦਾ ਢਿੱਡ ਭਰਨ ਦੀ ਬਜਾਏ ਗੱਡੀਆਂ ਲਈ ਬਾਲਣ ਬਣਾਉਣ ਵਾਸਤੇ ਵਰਤਣਾ ਇੱਕ ਨੀਤੀਗਤ ਖੂੰਝ ਨੂੰ ਦਰਸਾਉਂਦਾ ਹੈ। ਸਰਕਾਰ ਨੂੰ ਇਹ ਸਖ਼ਤ ਨਿਯਮ ਬਣਾਉਣਾ ਚਾਹੀਦਾ ਹੈ ਕਿ ਮਨੁੱਖੀ ਖ਼ੁਰਾਕ ਵਾਲੇ ਉੱਚ-ਗੁਣਵੱਤਾ ਦੇ ਅਨਾਜ ਦੀ ਵਰਤੋਂ ਈਥਨੌਲ ਲਈ ਨਾ ਹੋਵੇ ਅਤੇ ਇਸ ਦਾ ਉਤਪਾਦਨ ਸਿਰਫ਼ ਖੇਤੀਬਾੜੀ ਦੇ ਵਾਧੂ ਉਪ-ਉਤਪਾਦਾਂ ਜਾਂ ਗ਼ੈਰ-ਖ਼ੁਰਾਕੀ ਸਰੋਤਾਂ ਤੋਂ ਹੀ ਕੀਤਾ ਜਾਵੇ। ਟੈਕਸਾਂ ਦੀ ਬਚਤ ਦਾ ਸਿੱਧਾ ਫਾਇਦਾ ਆਮ ਜਨਤਾ ਨੂੰ ਮਿਲਣਾ ਚਾਹੀਦਾ ਹੈ ਤਾਂ ਜੋ ਮਾਈਲੇਜ ਵਿੱਚ ਹੋਣ ਵਾਲੇ ਨੁਕਸਾਨ ਦੀ ਭਰਪਾਈ ਹੋ ਸਕੇ ਅਤੇ ਪੈਟਰੋਲ ਪੰਪਾਂ 'ਤੇ ਸਪੱਸ਼ਟ ਲੇਬਲਿੰਗ ਹੋਣੀ ਚਾਹੀਦੀ ਹੈ ਤਾਂ ਜੋ ਪੁਰਾਣੇ ਵਾਹਨਾਂ ਵਾਲੇ ਖਪਤਕਾਰ ਆਪਣੇ ਇੰਜਣ ਨੂੰ ਨੁਕਸਾਨ ਤੋਂ ਬਚਾ ਸਕਣ। ਭਾਰਤ ਲਈ 'ਊਰਜਾ ਸੁਰੱਖਿਆ' ਜਿੰਨੀ ਮਹੱਤਵਪੂਰਨ ਹੈ, 'ਖ਼ੁਰਾਕ ਸੁਰੱਖਿਆ' ਉਸ ਤੋਂ ਵੀ ਕਿਤੇ ਵੱਧ ਪਵਿੱਤਰ ਅਤੇ ਜ਼ਰੂਰੀ ਹੈ, ਇਸ ਲਈ ਗੱਡੀਆਂ ਦੀ ਰਫ਼ਤਾਰ ਵਧਾਉਣ ਦੀ ਹਸਰਤ ਵਿੱਚ ਗ਼ਰੀਬ ਦੀ ਥਾਲੀ ਨੂੰ ਸੁੰਨਾ ਨਹੀਂ ਕੀਤਾ ਜਾਣਾ ਚਾਹੀਦਾ।

## ਮਹਾਰਾਜਾ ਚਾਰਲਸ ਦੇ ਜਨਮ ਦਿਨ ਮੌਕੇ ਪੰਜਾਬੀਆਂ ਦਾ ਸ਼ਾਹੀ ਖਿਤਾਬਾਂ ਨਾਲ ਸਨਮਾਨ



ਲੰਡਨ, 15 ਜੂਨ (ਚ.ਨ.ਸ): ਮਹਾਰਾਜਾ ਚਾਰਲਸ ਦੇ ਜਨਮ ਦਿਨ ਮੌਕੇ ਵੱਖ-ਵੱਖ ਖੇਤਰਾਂ 'ਚ ਯੋਗਦਾਨ ਪਾਉਣ ਵਾਲੇ ਪੰਜਾਬੀਆਂ ਦਾ ਸ਼ਾਹੀ ਖਿਤਾਬਾਂ ਨਾਲ ਸਨਮਾਨ ਕੀਤਾ ਗਿਆ ਹੈ। ਸ਼ਾਹੀ ਮਹੱਲ ਵੱਲੋਂ ਜਾਰੀ ਕੀਤੀ ਗਈ ਸੂਚੀ 'ਚ ਮਹਾਰਾਜਾ ਚਾਰਲਸ ਦੇ ਅੰਗ ਰੱਖਿਅਕ ਜਗਜੀਵਨ ਸਿੰਘ ਖੰਗੂੜਾ ਸਮੇਤ ਸਿਹਤ ਸੰਭਾਲ, ਫੈਸ਼ਨ, ਸਮਾਜ ਸੇਵਾ, ਰਾਸ਼ਟਰੀ ਸੁਰੱਖਿਆ, ਪੁਲਿਸਿੰਗ ਤੇ ਫੋਸਟਰ ਕੇਅਰ (ਬੱਚਿਆਂ ਦੀ ਪ੍ਰਵਰਿਸ਼) ਦੇ ਖੇਤਰਾਂ ਵਿਚੋਂ ਸਿੱਖਾਂ ਤੇ ਸਿੱਖ ਵਿਰਾਸਤ ਨਾਲ ਸਬੰਧਤ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ ਹੈ। ਇਨ੍ਹਾਂ ਸਨਮਾਨਿਤ ਹਸਤੀਆਂ 'ਚ ਜਗਜੀਵਨ ਸਿੰਘ ਖੰਗੂੜਾ ਸ਼ਾਮਲ ਹਨ, ਜਿਨ੍ਹਾਂ ਨੂੰ ਸ਼ਾਹੀ ਪਰਿਵਾਰ ਤੇ ਵਿਸ਼ੇਸ਼ ਸੁਰੱਖਿਆ ਦੇ ਖੇਤਰ 'ਚ ਸ਼ਾਨਦਾਰ ਸੇਵਾਵਾਂ ਬਦਲੇ ਮੈਂਬਰ ਆਫ਼ ਦ ਰਾਇਲ ਵਿਕਟੋਰੀਅਨ ਆਰਡਰ (ਐਮ.ਵੀ.ਓ.) ਵਜੋਂ ਨਿਵਾਜਿਆ ਗਿਆ ਹੈ। ਉਹ ਮੈਟਰੋਪੋਲੀਟਨ ਪੁਲਿਸ ਦੇ ਸਾਬਕਾ ਅਧਿਕਾਰੀ ਹਨ, ਜਿਨ੍ਹਾਂ ਨੇ ਕਈ ਸਾਲਾਂ ਤੱਕ ਚਾਰਲਸ ਤੀਜੇ ਦੀ ਸੁਰੱਖਿਆ ਕੀਤੀ।ਆਪਣੀ ਪੇਸ਼ੇਵਰਤਾ, ਅਗਵਾਈ ਤੇ ਸਮਝਦਾਰੀ ਲਈ ਜਗਜੀਵਨ ਸਿੰਘ ਆਪਣੇ ਬਿਹਤਰੀਨ ਪਹਿਰਾਵੇ ਤੇ ਪ੍ਰਭਾਵਸ਼ਾਲੀ ਦਿੱਖ ਲਈ ਵੀ ਜਾਣੇ ਜਾਂਦੇ ਸਨ। ਉਨ੍ਹਾਂ ਦੀ ਆਖਰੀ ਵੱਡੀ ਜ਼ਿੰਮੇਵਾਰੀ 2026 'ਚ ਅਮਰੀਕਾ ਤੇ ਬਰਮੂਡਾ ਦੇ ਸ਼ਾਹੀ ਦੌਰੇ ਦੌਰਾਨ ਸੀ, ਜਿਸ ਬਾਅਦ ਉਹ ਸੇਵਾਮੁਕਤ ਹੋ ਗਏ। ਇਸ ਤੋਂ ਇਲਾਵਾ ਡਾ. ਇੰਦਰਪਾਲ ਸਿੰਘ ਬਜ਼ੁਰਗਾਂ ਦੀਆਂ ਹੱਡੀਆਂ ਦੀ ਬਿਮਾਰੀ ਦੇ ਇਲਾਜ ਤੇ ਦੇਖਭਾਲ 'ਚ ਪਾਏ ਯੋਗਦਾਨ ਲਈ ਓ.ਬੀ.ਈ. ਨਾਲ ਸਨਮਾਨਿਤ ਕੀਤਾ ਗਿਆ ਹੈ।ਸਲੋਹ ਦੇ ਰਹਿਣ ਵਾਲੇ ਫੈਸ਼ਨ ਦੀ ਦੁਨੀਆਂ ਵਿੱਚ ਪਰਵਿੰਦਰ ਕੌਰ ਮਠਾਰੂ ਤੇ ਰਵਿੰਦਰ ਸਿੰਘ ਮਠਾਰੂ ਨੂੰ ਐਮ.ਬੀ.ਈ. ਨਾਲ ਨਿਵਾਜਿਆ ਗਿਆ ਹੈ। ਇਸ ਦੇ ਨਾਲ ਹੀ ਉਹ ਪਹਿਲੇ ਸਿੱਖ ਜੋੜਾ ਹੈ, ਜਿਸ ਨੂੰ ਇੱਕੋ ਸਮੇਂ ਸ਼ਾਹੀ ਸਨਮਾਨ ਮਿਲਿਆ ਹੈ। ਬ੍ਰਿਸਟਲ ਦੇ ਈਸਟਸਾਈਡ ਕਮਿਊਨਿਟੀ ਟ੍ਰਸਟ ਵਿੱਚ ging ਕਮਿਊਨਿਟੀ ਕੁੱਕ ਨਿਰਮਲ ਸਿੰਘ ਨੂੰ ਬ੍ਰਿਸਟਲ 'ਚ ਸਮਾਜ ਸੇਵਾ ਲਈ ਬ੍ਰਿਟਿਸ਼ ਐਂਪਾਇਰ ਮੈਡਲ (ਬੀ.ਈ.ਐਮ.) ਦਾ ਸਨਮਾਨ ਮਿਲਿਆ ਹੈ। ਇਸ ਤੋਂ ਇਲਾਵਾ ਕੰਪੈਨੀਅਨ ਆਫ਼ ਦ ਆਰਡਰ ਆਫ਼ ਸੇਂਟ ਮਾਈਕਲ ਐਂਡ ਸੈਂਟ ਜਾਰਜ (ਸੀ.ਐਮ.ਜ਼ੀ.) ਦਾ ਸਨਮਾਨ ਸਰਬਜੀਤ ਸਿੰਘ ਉਪਲ ਨੂੰ ਵਿਦੇਸ਼ ਵਿਭਾਗ ਵਿੱਚ ਰਾਸ਼ਟਰੀ ਸੁਰੱਖਿਆ ਸੇਵਾਵਾਂ ਲਈ ਦਿੱਤਾ ਗਿਆ। ਸਤਬਿੰਦਰ ਬੈਂਸ ਨੂੰ ਬੱਚਿਆਂ ਦੀ ਦੇਖਭਾਲ ਲਈ ਐਮ.ਬੀ.ਈ. ਨਾਮ ਸਨਮਾਨਿਤ ਕੀਤਾ ਗਿਆ ਹੈ। ਇਸ ਦੇ ਨਾਲ ਹੀ ਪ੍ਰੋਫੈਸਰ ਸਰ ਪੈਟਰਿਕ ਫਿਲਿਪ ਵਰਨਨ ਨੂੰ ਨਸਲੀ ਸਮਾਨਤਾ ਦੇ ਖੇਤਰ ਵਿੱਚ ਸੇਵਾਵਾਂ ਲਈ ਓ.ਬੀ.ਈ., ਲੀਆ ਰਾਣੀ ਚੌਧਰੀ ਨੂੰ ਸਮਾਜ ਸੇਵਾ ਲਈ ਐਮ.ਬੀ.ਈ. ਤੇ ਅਲਪਾ ਨੂੰ ਸਾਬਕਾ ਸੈਨਿਕਾਂ ਦੀ ਭਲਾਈ ਲਈ ਬੀ.ਈ.ਐਮ. ਨਾਲ ਨਿਵਾਜਿਆ ਗਿਆ ਹੈ।

## ਗੁਰਦੁਆਰਾ ਟਾਹਲੀ ਸਾਹਿਬ ਮੂਨਕਾਂ ਵਿਖੇ ਹਾੜ ਮਹੀਨੇ ਦੀ ਮੱਸਿਆ ਦਾ ਦਿਹਾੜਾ ਸ਼ਰਧਾ ਪੂਰਵਕ ਮਨਾਇਆ



ਟਾਂਡਾ ਉੜਮੁੜ, 15 ਜੂਨ (ਅਰਜੁਨ ਜੈਨ): ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪਵਿੱਤਰ ਚਰਨਾਂ ਦੀ ਛੋਹ ਪ੍ਰਾਪਤ ਇਤਿਹਾਸਕ ਅਸਥਾਨ ਗੁਰਦੁਆਰਾ ਟਾਹਲੀ ਸਾਹਿਬ ਮੂਨਕਾਂ ਵਿਖੇ ਹਾੜ ਮਹੀਨੇ ਦੀ ਮੱਸਿਆ ਨੂੰ ਮਨਾਉਂਦੇ ਹੋਏ ਮਹੀਨਾ ਵਾਰੀ ਧਾਰਮਿਕ ਸਮਾਗਮ ਕਰਵਾਇਆ ਗਿਆ। ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ ਵਾਲਿਆਂ ਦੇ ਮੁਖੀ ਜ਼ਿੰਦਾ ਸ਼ਹੀਦ ਜਥੇਦਾਰ ਸੰਤ ਬਾਬਾ ਨਿਹਾਲ ਸਿੰਘ ਜੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮੁੱਖ ਸੇਵਾਦਾਰ ਬਾਬਾ ਕੁਲਦੀਪ ਸਿੰਘ ਤੇ ਸੇਵਾਦਾਰ ਭਾਈ ਹਰਪ੍ਰੀਤ ਸਿੰਘ ਸੀਕਰੀ ਦੀ ਦੇਖ-ਰੇਖ ਹੇਠ ਹੋਏ ਸਮਾਗਮ ਦੌਰਾਨ ਸਭ ਤੋਂ ਪਹਿਲਾਂ 13 ਜੂਨ ਤੋਂ ਆਰੰਭ ਕੀਤੀ ਗਈ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਦੇ ਭੋਗ ਪਾਏ ਗਏ। ਇਸ ਮੁੱਖ ਸੇਵਾਦਾਰ ਬਾਬਾ ਕੁਲਦੀਪ ਸਿੰਘ ਜੀ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ ਕਰਨ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ, ਜਿਸ ਵਿੱਚ ਭਾਈ ਹਰਭਜਨ ਸਿੰਘ ਜੀ ਸੋਤਲੇ ਵਾਲੇ ਤੇ ਹੋਰਨਾਂ ਰਾਗੀ ਢਾਡੀ ਜਥਿਆਂ ਨੇ ਸਮੂਹ ਸੰਗਤ ਨੂੰ ਗੁਰਬਾਣੀ ਕੀਰਤਨ ਤੇ ਗੁਰਮਤਿ ਵਿਚਾਰਾਂ ਦੁਆਰਾ ਨਿਹਾਲ ਕਰਦੇ ਹੋਏ ਜਿੱਥੇ ਗੁਰੂ ਚਰਨਾਂ ਨਾਲ ਜੋੜਿਆ ਉਥੇ ਹੀ ਸ਼ਹੀਦਾਂ ਦੇ ਸਰਤਾਜ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਮਹਾਨ ਸ਼ਹਾਦਤ 'ਤੇ ਵੀ ਚਾਨਣਾ ਪਾਇਆ। ਇਸੇ ਦੌਰਾਨ ਹੀ ਵੇਵਜ ਹਸਪਤਾਲ ਟਾਂਡਾ ਵੱਲੋਂ ਹਰ ਮਹੀਨੇ ਦੀ ਤਰ੍ਹਾਂ ਮੁਫਤ ਸਿਹਤ ਜਾਂਚ ਕੈਂਪ ਲਗਾਇਆ ਗਿਆ। ਹਸਪਤਾਲ ਦੇ ਡਾਇਰੈਕਟਰ ਡਾ.ਲਵਪ੍ਰੀਤ ਸਿੰਘ ਪਾਬਲਾ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਡਾ. ਗੁਰਜੋਤ ਸਿੰਘ ਪਾਬਲਾ ਦੀ ਅਗਵਾਈ ਵਿੱਚ ਲਗਾਏ ਗਏ ਇਸ ਕੈਂਪ ਦੌਰਾਨ ਡਾ. ਵਰਿੰਦਰ ਪਾਲ ਸਿੰਘ, ਅਮਨਦੀਪ ਕੌਰ, ਅਮਨ, ਅਮਨਪ੍ਰੀਤ ਕੌਰ, ਰਜਿੰਦਰ ਸਿੰਘ, ਡਾ. ਅਜੇਪਾਲ ਸਿੰਘ, ਪ੍ਰਭਜੋਤ ਸਿੰਘ ਦੀ ਟੀਮ ਨੇ ਸ਼ਰਧਾਲੂਆਂ ਦੀ ਸਿਹਤ ਸਬੰਧੀ ਜਾਂਚ ਕੀਤੀ ਤੇ ਲੋੜਵੰਦ ਮਰੀਜ਼ਾਂ ਨੂੰ ਮੁਫਤ ਦਵਾਈਆਂ ਦਿੱਤੀਆਂ। ਕੈਂਪ ਦੀ ਸਮਾਪਤੀ 'ਤੇ ਬਾਬਾ ਕੁਲਦੀਪ ਸਿੰਘ ਵੱਲੋਂ ਸਮੁੱਚੀ ਡਾਕਟਰੀ ਟੀਮ ਦਾ ਸਨਮਾਨ ਕੀਤਾ ਗਿਆ।

## ਬੇਸਹਾਰਾ ਤੇ ਅਵਾਰਾ ਗਊਧਨ ਨੂੰ ਜਲਦ ਗਊਸ਼ਾਲਾਵਾਂ 'ਚ ਲਿਆਂਦਾ ਜਾਵੇਗਾ: ਕੀਮਤੀ ਭਗਤ

ਹੁਸ਼ਿਆਰਪੁਰ, 15 ਜੂਨ (ਦੀਪਕ ਅਗਨੀਹੋਤਰੀ): ਪੰਜਾਬ ਗਊ ਸੇਵਾ ਕਮਿਸ਼ਨ ਦੇ ਉਪ ਚੇਅਰਮੈਨ ਕੀਮਤੀ ਭਗਤ ਨੇ ਅੱਜ ਇਥੇ ਕਿਹਾ ਕਿ ਸੂਬੇ ਭਰ ਵਿੱਚ ਸੜਕਾਂ ਤੇ ਆਮ ਥਾਵਾਂ 'ਤੇ ਘੁੰਮ ਰਹੇ ਬੇਸਹਾਰਾ, ਅਵਾਰਾ ਤੇ ਲਾਵਾਰਿਸ ਗਊਧਨ ਨੂੰ ਜਲਦ ਹੀ ਸਰਕਾਰੀ ਤੇ ਪ੍ਰਾਈਵੇਟ ਗਊਸ਼ਾਲਾਵਾਂ ਵਿੱਚ ਭੇਜਿਆ ਜਾਵੇਗਾ ਤਾਂ ਜੋ ਲੋਕਾਂ ਨੂੰ ਰਾਹਤ ਦਿਵਾਉਣ ਦੇ ਨਾਲ-ਨਾਲ ਸੜਕੀ ਹਾਦਸਿਆਂ ਨਾਲ ਜਾਣ ਵਾਲੀਆਂ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕੇ।ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪ੍ਰਸ਼ਾਸਨਿਕ ਅਧਿਕਾਰੀਆਂ ਤੇ ਜ਼ਿਲ੍ਹੇ ਦੀਆਂ ਗਊਸ਼ਾਲਾਵਾਂ ਪ੍ਰਬੰਧਕ ਕਮੇਟੀਆਂ ਦੇ ਨੁਮਾਇੰਦਿਆਂ ਨਾਲ ਵਿਸਥਾਰਤ ਗੱਲਬਾਤ ਕਰਦਿਆਂ ਪੰਜਾਬ ਗਊ ਸੇਵਾ ਕਮਿਸ਼ਨ ਦੇ ਉਪ ਚੇਅਰਮੈਨ ਕੀਮਤੀ ਭਗਤ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਦਿੱਤੇ ਨਿਰਦੇਸ਼ਾਂ ਅਨੁਸਾਰ ਆਉਂਦੇ ਕੁਝ ਮਹੀਨਿਆਂ ਵਿੱਚ ਹੀ ਬੇਸਹਾਰਾ ਤੇ ਲਾਵਾਰਿਸ ਗਊਧਨ ਦੀ ਗਊਸ਼ਾਲਾਵਾਂ ਵਿੱਚ ਸੁਚੱਜੀ ਸਾਂਭ-ਸੰਭਾਲ ਨੂੰ ਅਮਲੀਜਾਮਾ ਪਹਿਨਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਮਿਸ਼ਨ ਵੱਲੋਂ ਲਗਾਤਾਰ ਵੱਖ-ਵੱਖ ਜ਼ਿਲ੍ਹਿਆਂ ਵਿਚ ਸਬੰਧਤ ਧਿਰਾਂ ਨਾਲ ਵਿਚਾਰਾਂ ਕਰਕੇ ਜਲਦ ਤੋਂ ਜਲਦ ਗਊਧਨ ਨੂੰ ਸਰਕਾਰੀ ਤੇ ਪ੍ਰਾਈਵੇਟ ਗਊਸ਼ਾਲਾਵਾਂ ਵਿੱਚ ਭੇਜਣ ਦੀ ਪ੍ਰਕਿਰਿਆ ਦੀ ਸਮੀਖਿਆ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਨਗਰ ਨਿਗਮ ਦੇ ਕਮਿਸ਼ਨਰ ਨੂੰ ਹਦਾਇਤ ਕੀਤੀ ਕਿ ਨਿਗਮ ਟੀਮਾਂ ਵੱਲੋਂ ਸ਼ਹਿਰ ਤੇ ਨਾਲ ਲੱਗਦੇ ਇਲਾਕਿਆਂ ਵਿਚ ਲਗਾਤਾਰ ਰਾਊਂਡ ਲਗਾ ਕੇ ਅਜਿਹੇ ਗਊਧਨ ਨੂੰ ਫਲਾਹੀ ਜਾਂ ਕਿਸੇ ਪ੍ਰਾਈਵੇਟ ਗਊਸ਼ਾਲਾ ਵਿੱਚ ਭੇਜਣਾ ਯਕੀਨੀ ਬਣਾਉਣ ਤਾਂ ਜੋ ਇਨ੍ਹਾਂ ਬੇਜ਼ੁਬਾਨਾਂ ਦੀ ਸਹੀ ਦੇਖਭਾਲ ਹੋ ਸਕੇ। ਇਸ ਮੌਕੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਗੁਰਬਿੰਦਰ ਸਿੰਘ ਪਾਬਲਾ, ਮਾਰਕੀਟ ਕਮੇਟੀ ਦੇ ਚੇਅਰਮੈਨ ਜਸਪਾਲ ਸਿੰਘ ਚੇਚੀ, ਵਧੀਕ ਡਿਪਟੀ ਕਮਿਸ਼ਨਰ ਨਿਕਾਸ ਕੁਮਾਰ, ਵਧੀਕ ਡਿਪਟੀ ਕਮਿਸ਼ਨਰ ਨਿਧੀ ਕੁਮੁਦ ਬੰਬਾਹ, ਨਗਰ ਨਿਗਮ ਦੇ ਕਮਿਸ਼ਨਰ ਜਯੋਤੀ ਬਾਲਾ ਮੱਟੂ ਹਾਜ਼ਰ ਸਨ।

## ਅਮਨਦੀਪ ਸਿੰਘ ਨੇ ਚੋਣ ਤਹਿਸੀਲਦਾਰ ਦੇ ਅਹੁਦੇ ਦਾ ਚਾਰਜ ਸੰਭਾਲਿਆ



ਨਵਾਂਸ਼ਹਿਰ, 15 ਜੂਨ (ਸੁਖਦੇਵ ਸਿੰਘ ਉੜਾਪੜ): ਅਮਨਦੀਪ ਸਿੰਘ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਚੋਣ ਤਹਿਸੀਲਦਾਰ ਦੇ ਅਹੁਦਾ ਦਾ ਚਾਰਜ ਸੰਭਾਲਿਆ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਵਿਭਾਗ ਵੱਲੋਂ ਚੋਣ ਕਾਨੂੰਗੋ ਤੋਂ ਪਦ-ਉੱਨਤੀ ਕਰਕੇ ਚੋਣ ਤਹਿਸੀਲਦਾਰ ਸ਼ਹੀਦ ਭਗਤ ਸਿੰਘ ਨਗਰ ਵਿਖੇ ਤੈਨਾਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਉਹ ਆਪਣੀ ਡਿਊਟੀ ਪੂਰੀ ਇਮਾਨਦਾਰੀ, ਮਿਹਨਤ ਤੇ ਲਗਨ ਨਾਲ ਨਿਭਾਉਣਗੇ। ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਸੌਂਪੀ ਗਈ ਹਰ ਜ਼ਿੰਮੇਵਾਰੀ ਨੂੰ ਸਮੇਂ ਸਿਰ ਮੁਕੰਮਲ ਕਰਨ ਉਨ੍ਹਾਂ ਦੀ ਪਹਿਲੀ ਤਰਜੀਹ ਹੋਵੇਗੀ। ਉਨ੍ਹਾਂ ਨੇ ਚੋਣ ਦਫ਼ਤਰ ਦੇ ਅਮਲੇ ਨਾਲ ਮੀਟਿੰਗ ਕਰਕੇ ਵਿਭਾਗੀ ਕੰਮਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਤੇ ਕਰਮਚਾਰੀਆਂ ਨੂੰ ਆਪਣੀ ਡਿਊਟੀ ਇਮਾਨਦਾਰੀ ਤੇ ਲਗਨ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਜਸਬੀਰ ਸਿੰਘ ਪੀ.ਏ ਟੂ ਡਿਪਟੀ ਕਮਿਸ਼ਨਰ, ਜਤਿੰਦਰ ਸਿੰਘ ਫੂਡ ਸਪਲਾਈ ਇੰਸਪੈਕਟਰ, ਰਣਜੀਤ ਸਿੰਘ ਜੂਨੀਅਰ ਸ਼ਹਾਇਕ ਐਸ.ਡੀ.ਐਮ. ਦਫਤਰ ਨਵਾਸ਼ਹਿਰ, ਕੁਲਬੀਰ ਸਿੰਘ ਖਜ਼ਾਨਾ ਦਫਤਰ ਨਵਾਂਸ਼ਹਿਰ, ਸੁਨੀਲ ਕੁਮਾਰ ਫੂਡ ਸਪਲਾਈ ਜੂਨੀਅਰ ਸਹਾਇਕ, ਸੰਦੀਪ ਕੈਥ ਪਵਨ ਪ੍ਰੋਜੈਕਟ ਨਵਾਂਸ਼ਹਿਰ, ਭੁਪਿੰਦਰ ਸਿੰਘ ਫੂਡ ਸਪਲਾਈ ਨਵਾਂਸ਼ਹਿਰ, ਚੋਣ ਵਿਭਾਗ ਦੇ ਸਾਰੇ ਕਰਮਚਾਰੀ ਤੇ ਪਰਿਵਾਰਕ ਮੈਂਬਰ ਹਾਜ਼ਰ ਸਨ।

## ਯੂਪੀਐਸਸੀ ਪ੍ਰੀਖਿਆ 'ਚ ਆਲ ਇੰਡੀਆ ਰੈਂਕ 479 ਪ੍ਰਾਪਤ ਕਰਨ ਵਾਲੇ ਆਸ਼ੂਤੋਸ਼ ਗਰਗ ਨੂੰ ਮੁੱਖ ਮੰਤਰੀ ਨੇ ਸਨਮਾਨਿਤ ਕੀਤਾ



ਜੈਤੋ, 15 ਜੂਨ (ਸੰਜੀਵ ਗੋਇਲ ਸੰਜੂ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਯੂਪੀਐਸਸੀ ਪ੍ਰੀਖਿਆ ਪਾਸ ਕਰਨ ਵਾਲੇ ਪੰਜਾਬ ਦੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ। ਪੰਜਾਬ ਦੇ ਕਈ ਉਮੀਦਵਾਰਾਂ ਨੇ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਯੂਪੀਐਸਸੀ ਸਿਵਲ ਸਰਵਿਸਿਜ਼ ਪ੍ਰੀਖਿਆ 2025 ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਫਰੀਦਕੋਟ ਜ਼ਿਲ੍ਹੇ ਦੇ ਜੈਤੋ ਮੰਡੀ ਦੇ ਵਸਨੀਕ ਆਸ਼ੂਤੋਸ਼ ਗਰਗ ਨੇ ਆਲ ਇੰਡੀਆ ਰੈਂਕ 479 ਪ੍ਰਾਪਤ ਕੀਤਾ। ਪੰਜਾਬ ਭਵਨ ਵਿਖੇ ਹੋਏ ਉਪਰੋਕਤ ਸਮਾਗਮ ਵਿੱਚ ਆਸ਼ੂਤੋਸ਼ ਗਰਗ ਨੂੰ ਸਨਮਾਨਿਤ ਕੀਤਾ ਗਿਆ। ਸਮਾਗਮ ਵਿੱਚ ਆਸ਼ੂਤੋਸ਼ ਗਰਗ ਦੇ ਪਿਤਾ ਡਾ. ਪ੍ਰਦੀਪ ਗਰਗ, ਮਾਤਾ ਸੁਮਨ ਗਰਗ ਤੇ ਪਤਨੀ ਡਾ. ਸੋਫੀਆ ਉਨ੍ਹਾਂ ਨਾਲ ਮੌਜੂਦ ਰਹੇ। ਆਸ਼ੂਤੋਸ਼ ਗਰਗ ਨੇ ਆਪਣੇ ਅਨੁਭਵ ਸਾਂਝੇ ਕਰਦੇ ਹੋਏ ਕਿਹਾ ਕਿ ਯੂਪੀਐਸਸੀ ਪ੍ਰੀਖਿਆ ਨਾ ਸਿਰਫ਼ ਮੁਸ਼ਕਿਲ ਹੈ, ਸਗੋਂ ਮਾਨਸਿਕ ਤੌਰ 'ਤੇ ਵੀ ਚੁਣੌਤੀਪੂਰਨ ਹੈ। ਉਹ ਇਸ ਸਮੇਂ ਪੰਜਾਬ ਵਿੱਚ ਡਰੱਗ ਇੰਸਪੈਕਟਰ ਵਜੋਂ ਕੰਮ ਕਰ ਰਹੇ ਹਨ। ਪੰਜਾਬ ਦੇ ਮੁੱਖ ਮੰਤਰੀ ਵੱਲੋਂ ਸਨਮਾਨਿਤ ਕੀਤੇ ਜਾਣ 'ਤੇ ਸ੍ਰੀ ਅਗਰਵਾਲ ਸਭਾ ਜੈਤੋ ਦੇ ਚੇਅਰਮੈਨ ਤੀਰਥ ਰਾਜ ਗਰਗ, ਪ੍ਰਧਾਨ ਮੁਕੇਸ਼ ਗੋਇਲ, ਕਾਰਜਕਾਰੀ ਪ੍ਰਧਾਨ ਰਾਜੀਵ ਗੋਇਲ ਬਿੱਟੂ ਬਾਦਲ, ਖਜ਼ਾਨਚੀ ਪ੍ਰਵੀਨ ਜੈਨ, ਸੰਯੁਕਤ ਸਕੱਤਰ ਰਮੇਸ਼ ਬਾਂਸਲ, ਆਲ ਪ੍ਰੋਜੈਕਟ ਚੇਅਰਮੈਨ ਨਰੇਸ਼ ਮਿੱਤਲ, ਵਾਈਸ ਚੇਅਰਮੈਨ ਸੁਰਿੰਦਰ ਗਰਗ, ਮੀਤ ਪ੍ਰਧਾਨ ਕ੍ਰਿਸ਼ਨ ਗੋਇਲ ਤੇ ਸੁਦਰਸ਼ਨ ਬਰਗਾੜੀ, ਸ੍ਰੀ ਅਗਰਵਾਲ ਸਭਾ ਜੈਤੋ ਦੇ ਸਮੂਹ ਮੈਂਬਰਾਂ ਨੇ ਆਸ਼ੂਤੋਸ਼ ਗਰਗ ਤੇ ਡਾ. ਪ੍ਰਦੀਪ ਗਰਗ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਸ਼ੁਭਕਾਮਨਾਵਾਂ ਭੇਟ ਕੀਤੀਆਂ।

## ਰਮਨਜੀਤ ਨੇ ਸੇਵਾ ਕੇਂਦਰ, ਫਰਦ ਕੇਂਦਰ ਤੇ ਸਬ-ਰਜਿਸਟਰਾਰ ਆਫਿਸ ਦੀ ਕੀਤੀ ਅਚਨਚੇਤ ਚੈਕਿੰਗ



ਨਵਾਂਸ਼ਹਿਰ, 15 ਜੂਨ (ਸੁਖਦੇਵ ਸਿੰਘ ਉੜਾਪੜ): ਸਰਕਾਰੀ ਦਫਤਰਾਂ ਵਿੱਚ ਲੋਕਾਂ ਨੂੰ ਮਿਲਣ ਵਾਲੀਆਂ ਸੇਵਾਵਾਂ ਦੀ ਗੁਣਵੱਤਾ ਤੇ ਸਮੇਂ ਸਿਰ ਡਿਲੀਵਰੀ ਯਕੀਨੀ ਬਣਾਉਣ ਲਈ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸਹਾਇਕ ਕਮਿਸ਼ਨਰ ਜਨਰਲ ਰਮਨਜੀਤ ਨੇ ਅੱਜ ਸੇਵਾ ਕੇਂਦਰ, ਫਰਦ ਕੇਂਦਰ ਤੇ ਸਬ-ਰਜਿਸਟਰਾਰ ਦਫਤਰ ਦੀ ਅਚਨਚੇਤ ਚੈਕਿੰਗ ਕੀਤੀ। ਚੈਕਿੰਗ ਦੌਰਾਨ ਸਹਾਇਕ ਕਮਿਸ਼ਨਰ ਜਨਰਲ ਨੇ ਹਾਜ਼ਰੀ ਰਜਿਸਟਰ, ਸੇਵਾ ਡਿਲੀਵਰੀ ਸਮਾਂ-ਸੀਮਾ, ਸਟਾਫ ਦੀ ਮੌਜੂਦਗੀ ਤੇ ਦਫਤਰੀ ਰਿਕਾਰਡ ਦੀ ਬਾਰੀਕੀ ਨਾਲ ਜਾਂਚ ਕੀਤੀ। ਉਨ੍ਹਾਂ ਕੰਪਿਊਟਰਾਂ, ਬਾਇਓਮੈਟ੍ਰਿਕ ਸਿਸਟਮ ਤੇ ਸ਼ਿਕਾਇਤ ਪੇਟੀ ਦੀ ਕਾਰਜਸ਼ੀਲਤਾ ਵੀ ਪਰਖੀ। ਸੇਵਾ ਕੇਂਦਰ ਵਿਖੇ ਵੱਖ-ਵੱਖ ਸਰਟੀਫਿਕੇਟਾਂ ਤੇ ਸਕੀਮਾਂ ਲਈ ਅਰਜ਼ੀਆਂ ਦੀ ਪ੍ਰਕਿਰਿਆ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਸਹਾਇਕ ਕਮਿਸ਼ਨਰ ਜਨਰਲ ਨੇ ਕੰਮ ਕਰਵਾਉਣ ਲਈ ਆਏ ਆਮ ਲੋਕਾਂ ਨਾਲ ਗੱਲਬਾਤ ਕੀਤੀ ਤੇ ਉਨ੍ਹਾਂ ਤੋਂ ਸੇਵਾ ਪ੍ਰਾਪਤੀ ਦਾ ਤਜਰਬਾ ਜਾਣਿਆ। ਲੋਕਾਂ ਨੇ ਸਹਾਇਕ ਕਮਿਸ਼ਨਰ ਨੂੰ ਦੱਸਿਆ ਕਿ ਉਨ੍ਹਾਂ ਨੂੰ ਆਪਣੇ ਕੰਮ ਕਰਵਾਉਣ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਨਹੀਂ ਆਈ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਦਲਾਲ ਦੇ ਚੱਕਰ ਵਿੱਚ ਨਾ ਆਉਣ ਤੇ ਸੇਵਾਵਾਂ ਲਈ ਨਿਰਧਾਰਿਤ ਫੀਸ ਹੀ ਜਮ੍ਹਾਂ ਕਰਵਾਉਣ। ਸਹਾਇਕ ਕਮਿਸ਼ਨਰ ਜਨਰਲ ਰਮਨਜੀਤ ਨੇ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਆਉਣ ਵਾਲੇ ਹਰੇਕ ਵਿਅਕਤੀ ਨਾਲ ਸਤਿਕਾਰਪੂਰਵਕ ਵਿਹਾਰ ਕੀਤਾ ਜਾਵੇ ਤੇ ਸੇਵਾਵਾਂ ਨਿਰਧਾਰਿਤ ਸਮਾਂ-ਸੀਮਾ ਵਿੱਚ ਮੁਹੱਈਆ ਕਰਵਾਈਆਂ ਜਾਣ। ਉਨ੍ਹਾਂ ਕਿਹਾ ਕਿ ਦਫਤਰਾਂ ਵਿੱਚ ਸੇਵਾਵਾਂ ਦੇ ਚਾਰਟ ਤੇ ਫੀਸ ਸੂਚੀ ਸਪੱਸ਼ਟ ਤੌਰ 'ਤੇ ਪ੍ਰਦਰਸ਼ਿਤ ਕੀਤੇ ਜਾਣ। ਇਸ ਮੌਕੇ ਸਬੰਧਤ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਵੀ ਹਾਜ਼ਰ ਸਨ।

## ਕਾਦੀਆਂ ਨਗਰ ਕੌਂਸਲ ਵੱਲੋਂ ਜਿੱਤਣ ਤੋਂ ਬਾਅਦ ਵੋਟਰਾਂ-ਸਪੋਟਰਾਂ ਤੇ ਵਧਾਈਆਂ ਦੇਣ ਵਾਲਿਆਂ ਦਾ ਮਾਹਲ ਵੱਲੋਂ ਧੰਨਵਾਦ



ਬਟਾਲਾ, 15 ਜੂਨ (ਬਲਵਿੰਦਰ ਸਿੰਘ ਪੰਜਗਰਾਈਂ): ਕਾਦੀਆਂ ਦੀਆਂ ਨਗਰ ਕੌਂਸਲ ਚੋਣਾਂ ਵਿੱਚ ਗੁਰ ਇਕਬਾਲ ਸਿੰਘ ਮਾਹਲ ਦੀ ਟੀਮ ਨੇ ਸ਼ਾਨਦਾਰ ਪਾਰੀ ਖੇਡਦਿਆਂ ਹੋਇਆਂ, ਐਲਓਪੀ ਨੇਤਾ ਸਮੇਤ ਸੱਤਾਧਾਰੀ ਧਿਰ ਨੂੰ ਵੀ ਧੋ ਕੇ ਰੱਖ ਦਿੱਤਾ ਹੈ। ਇਨ੍ਹਾਂ ਨਤੀਜਿਆਂ ਨੂੰ ਦੇਖਦਿਆਂ ਹੋਇਆਂ ਸ਼੍ਰੋਮਣੀ ਅਕਾਲੀ ਦਲ ਨੂੰ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕੁਝ ਕਰ ਗੁਜ਼ਰਨ ਦੀ ਆਸ ਦਿਖਾਈ ਦੇਣ ਲੱਗੀ ਹੈ। ਅੱਜ ਹਲਕਾ ਸ੍ਰੀ ਹਰਿਗੋਬਿੰਦਪੁਰ ਸਾਹਿਬ ਦੇ ਪਿੰਡ ਪੰਜਗਰਾਈਆਂ ਤੋਂ ਸ਼੍ਰੋਮਣੀ ਅਕਾਲੀ ਦੇ ਸਾਬਕਾ ਸਰਪੰਚ ਝਰਮਲ ਸਿੰਘ ਪੰਚ ਧਰਮਿੰਦਰ ਸਿੰਘ ਸਰਕਲ ਪ੍ਰਧਾਨ ਲਖਵਿੰਦਰ ਸਿੰਘ, ਕ੍ਰਿਸਚੀਅਨ ਫਰੰਟ ਦੇ ਪ੍ਰਧਾਨ ਰਮੇਸ਼ ਆਜ਼ਾਦ ਤੇ ਸੋਨੂੰ ਮੈਹਿਰਾ ਆਦਿ ਸੀਨੀਅਰ ਆਗੂਆਂ ਨੇ ਗੁਰਇਕਬਾਲ ਸਿੰਘ ਮਾਹਲ ਨੂੰ ਇੱਕ ਨਵਾਂ ਇਤਿਹਾਸ ਸਿਰਜਣ ਲਈ ਜਿੱਥੇ ਸ਼ੁਭਕਾਮਨਾਵਾਂ ਦਿੱਤੀਆਂ, ਉਥੇ ਉਨ੍ਹਾਂ ਨੇ ਸ.ਮਾਹਲ ਦੀ ਸਮੁੱਚੀ ਟੀਮ ਨੂੰ ਵਧਾਈ ਵੀ ਦਿੱਤੀ । ਆਗੂਆਂ ਨੇ ਕਿਹਾ ਕਿ ਜਿਹੜੇ ਲੋਕ ਸ਼੍ਰੋਮਣੀ ਅਕਾਲੀ ਦਲ ਨੂੰ ਭੰਡਦੇ ਸਨ ਤੇ ਕਹਿੰਦੇ ਸਨ ਕਿ ਸ਼੍ਰੋਮਣੀ ਅਕਾਲੀ ਦਲ ਮੁੜ ਸੱਤਾ 'ਚ ਹੋਣ ਦੇ ਸੁਪਨੇ ਵੇਖਣੇ ਛੱਡ ਦੇਵੇ ਇਹ ਜਿੱਤ ਉਨ੍ਹਾਂ ਦੇ ਮੂੰਹ ਉਪਰ ਕਰਾਰੀ ਚਪੇੜ ਹੈ। ਉਨ੍ਹਾਂ ਹੋਰ ਕਿਹਾ ਕਿ ਜਿੱਥੇ ਗੁਰ ਇਕਬਾਲ ਸਿੰਘ ਮਾਹਲ ਵਰਗੇ ਬੇਦਾਗ, ਅਣਥੱਕ ਮਿਹਨਤੀ, ਲੋਕਾਂ ਦੇ ਦੁੱਖ-ਸੁੱਖ 'ਚ ਭਾਈ ਵਾਲ ਬਣਨ ਵਾਲੇ, ਜ਼ਮੀਨ ਨਾਲ ਜੁੜੇ ਜੁਝਾਰੂ ਆਗੂ ਹੋਣ, ਉਸ ਪਾਰਟੀ ਦੀ ਜਿੱਤ ਨੂੰ ਕੋਈ ਵੀ ਰੋਕ ਨਹੀਂ ਸਕਦਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਥ ਦੀ ਗੱਲ ਕਰਦਾ ਹੈ, ਪੰਜਾਬ ਦੀ ਗੱਲ ਕਰਦਾ ਹੈ, ਲੋਕਾਂ ਦੀ ਭਲਾਈ ਦੀ ਗੱਲ ਕਰਦਾ ਹੈ, ਇਸ ਕਰਕੇ 2017 ਵਿੱਚ ਸ਼੍ਰੋਮਣੀ ਅਕਾਲੀ ਦਲ ਸਾਰੇ ਹਲਕਿਆਂ ਵਿੱਚੋਂ ਸ਼ਾਨਦਾਰ ਜਿੱਤ ਪ੍ਰਾਪਤ ਕਰਕੇ, ਮੁੜ ਪੰਜਾਬ ਨੂੰ ਲੀਹਾਂ 'ਤੇ ਲਿਆਉਣ ਦੇ ਯਤਨ ਕਰੇਗਾ।

## ਅੱਜ ਤੱਕ ਕਿਸੇ ਵੀ ਸਰਕਾਰ ਨੂੰ ਇੰਨਾ ਪਿਆਰ ਨਹੀਂ ਮਿਲਿਆ, ਜਿੰਨਾ ਅੱਜ 'ਆਪ' ਸਰਕਾਰ ਨੂੰ ਮਿਲ ਰਿਹੈ: ਵਿਧਾਇਕ ਸ਼ੈਰੀ ਕਲਸੀ



ਬਟਾਲਾ, 15 ਜੂਨ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਕਲਸੀ): ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਪੰਜਾਬ ਦੇ ਇਤਿਹਾਸ ਵਿੱਚ ਕਿਸੇ ਵੀ ਸਰਕਾਰ ਨੂੰ ਸਾਢੇ ਚਾਰ ਸਾਲ ਦਾ ਕਾਰਜਕਾਲ ਪੂਰਾ ਹੋਣ ਤੋਂ ਬਾਅਦ ਇੰਨਾ ਪਿਆਰ ਤੇ ਜਨਤਾ ਦਾ ਸਮਰਥਨ ਨਹੀਂ ਮਿਲਿਆ, ਜਿੰਨਾ ਅੱਜ 'ਆਪ' ਸਰਕਾਰ ਨੂੰ ਮਿਲ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਬਟਾਲਾ ਦੇ ਲੋਕਾਂ ਨੇ ਨਗਰ ਨਿਗਮ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਜ਼ਬਰਦਸਤ ਜਿੱਤ ਦਿਵਾਈ ਹੈ। ਲੋਕਾਂ ਨੇ ਆਮ ਆਦਮੀ ਪਾਰਟੀ ਦੇ ਕੰਮਾਂ 'ਤੇ ਮੋਹਰ ਲਗਾਈ ਹੈ। ਉਨ੍ਹਾਂ ਨੇ ਕਿਹਾ ਕਿ ਵਿਰੋਧੀ ਧਿਰ ਬਟਾਲਾ ਵਿੱਚ ਹੋ ਰਹੇ ਵਿਕਾਸ ਨੂੰ ਸਹਿਣ ਕਰਨ ਤੋਂ ਅਸਮਰੱਥ ਹੈ। ਉਨ੍ਹਾਂ ਕਿਹਾ ਕਿ ਉਹ ਬਟਾਲਾ ਹਲਕੇ ਦੇ ਸਮੁੱਚੇ ਵਿਕਾਸ ਲਈ ਅਣਥੱਕ ਯਤਨ ਕਰ ਰਹੇ ਹਨ ਤੇ ਇਸ ਨਾਲ ਵਿਰੋਧੀ ਧਿਰ ਹੈਰਾਨ ਹੈ। ਉਹ ਇਸ ਤੱਥ ਨੂੰ ਹਜ਼ਮ ਨਹੀਂ ਕਰ ਸਕਦੇ ਕਿ ਆਮ ਲੋਕਾਂ ਦੀ ਭਲਾਈ ਤੇ ਪੰਜਾਬ ਦੀ ਤਰੱਕੀ ਹੁਣ ਸਰਕਾਰ ਦੀ ਪ੍ਰਮੁੱਖ ਤਰਜੀਹ ਬਣ ਗਈ ਹੈ। ਉਨ੍ਹਾਂ ਦੁਹਰਾਇਆ ਕਿ ਮੇਰੀ ਇੱਕੋ-ਇੱਕ ਤਰਜੀਹ ਬਟਾਲਾ ਦੀ ਖੁਸ਼ਹਾਲੀ ਤੇ ਲੋਕਾਂ ਦੀ ਭਲਾਈ ਹੈ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਲੋਕ ਹਿੱਤ ਵਿੱਚ ਰਿਕਾਰਡ ਵਿਕਾਸ ਕੰਮ ਕੀਤੇ ਗਏ ਹਨ। ਉਨ੍ਹਾਂ ਨੇ ਕਿਹਾ ਕਿ ਪੰਜਾਬ ਨੇ ਪਾਣੀ ਪ੍ਰਬੰਧਨ ਵਿੱਚ ਇੱਕ ਵੱਡਾ ਮੀਲ ਪੱਥਰ ਪ੍ਰਾਪਤ ਕੀਤਾ ਹੈ। ਇਸ ਸਾਲ, ਪੰਜਾਬ ਨੇ ਇੱਕ ਸੁਧਰੀ ਸਿੰਚਾਈ ਪ੍ਰਣਾਲੀ ਰਾਹੀਂ 96 ਫੀਸਦੀ ਨਹਿਰੀ ਪਾਣੀ ਦੀ ਵਰਤੋਂ ਕੀਤੀ, ਜਿਸ ਨਾਲ ਰਾਜ ਭਰ ਦੇ ਕਿਸਾਨਾਂ ਨੂੰ ਲਾਭ ਹੋਇਆ। ਪਹਿਲਾਂ ਇਹ ਪਾਣੀ ਬਰਬਾਦ ਹੁੰਦਾ ਸੀ। ਸਾਡੀ ਸਰਕਾਰ ਨੇ ਕਿਸਾਨਾਂ ਦੀਆਂ ਸਿੰਚਾਈ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਲਗਭਗ 14,000 ਕਿਲੋਮੀਟਰ ਪਾਈਪਾਂ ਤੇ ਖਾਲੇ ਬਣਾਏ ਹਨ ਤੇ ਇਨ੍ਹਾਂ ਰਾਹੀਂ 21,000 ਕਿਊਸਿਕ ਪਾਣੀ ਛੱਡਿਆ ਹੈ। ਭਲਾਈ ਸਕੀਮਾਂ ਬਾਰੇ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਪੰਜਾਬ ਸਰਕਾਰ ਇਹ ਯਕੀਨੀ ਬਣਾ ਰਹੀ ਹੈ ਕਿ ਜਨਤਕ ਸਰੋਤਾਂ ਦੀ ਵਰਤੋਂ ਸਿਰਫ ਲੋਕਾਂ ਦੇ ਹਿੱਤ ਲਈ ਕੀਤੀ ਜਾਵੇ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੇ 90 ਫੀਸਦੀ ਤੋਂ ਵੱਧ ਘਰਾਂ ਨੂੰ ਮੁਫਤ ਬਿਜਲੀ ਮਿਲ ਰਹੀ ਹੈ।

## ਬਾਬਾ ਲੰਗਰ ਭਗਤ ਜੀ ਦਾ ਸਾਲਾਨਾ ਜੋੜ ਮੇਲਾ ਭਲਕੇ

ਅਜਨਾਲਾ/ਚੇਤਨਪੁਰਾ, 15 ਜੂਨ (ਸੁਖਦੇਵ ਸਿੰਘ ਖ਼ਾਲਸਾ): ਪਿੰਡ ਕੰਦੋਵਾਲੀ ਵਿਖੇ ਗੁ. ਧੰਨ-ਧੰਨ ਬਾਬਾ ਲੰਗਰ ਭਗਤ ਜੀ ਦਾ ਸਾਲਾਨਾ ਜੋੜ ਮੇਲਾ 17 ਜੂਨ ਦਿਨ ਬੁੱਧਵਾਰ ਨੂੰ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਜਾਵੇਗਾ। ਇਸ ਸਬੰਧੀ ਮੇਲਾ ਪ੍ਰਬੰਧਕ ਕਮੇਟੀ ਵੱਲੋਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਮੇਲੇ ਦੇ ਮੁੱਖ ਸੇਵਾਦਾਰ ਬਾਬਾ ਕੁਲਦੀਪ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਸਵੇਰੇ 10 ਵਜੇ ਤੋਂ ਧਾਰਮਿਕ ਸਮਾਗਮਾਂ ਦੀ ਸ਼ੁਰੂਆਤ ਹੋਵੇਗੀ। ਇਸ ਮੌਕੇ ਰਾਗੀ, ਢਾਡੀ ਤੇ ਕਥਾਵਾਚਕ ਜਥਿਆਂ ਵੱਲੋਂ ਗੁਰਬਾਣੀ ਕੀਰਤਨ ਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਮੇਲੇ ਦੌਰਾਨ ਗੱਤਕਾ ਪ੍ਰਦਰਸ਼ਨ, ਧਾਰਮਿਕ ਦੀਵਾਨ ਤੇ ਗੁਰੂ ਕਾ ਲੰਗਰ ਅਟੁੱਟ ਵਰਤਾਇਆ ਜਾਵੇਗਾ। ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਲਈ ਪੂਰੇ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਆਉਣ ਵਾਲੀਆਂ ਸੰਗਤਾਂ ਨੂੰ ਕਿਸੇ ਵੀ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਭਾਈ ਬਲਬੀਰ ਸਿੰਘ ਪਾਰਸ, ਭਾਈ ਲਖਬੀਰ ਸਿੰਘ ਤੇੜੀ, ਪ੍ਰਭਦਿਆਲ ਸਿੰਘ ਪ੍ਰਚਾਰਕ, ਭਾਈ ਕੁਲਦੀਪ ਸਿੰਘ, ਭਾਈ ਬਚਿੱਤਰ ਸਿੰਘ ਕਥਾ ਵਿਚਾਰਾਂ ਦਾ ਹੀ ਸੰਗਤਾਂ ਨੂੰ ਵਿੱਚ ਹਾਜ਼ਰੀ ਭਰਨਗੇ। ਇਸ ਮੌਕੇ ਖੂਨਦਾਨ ਕੈਂਪ ਵੀ ਲਗਾਇਆ ਜਾਵੇਗਾ।

## ਪੇਂਡੂ ਬੇਰੁਜ਼ਗਾਰ ਨੌਜਵਾਨਾਂ ਲਈ ਡੇਅਰੀ ਫਾਰਮਿੰਗ ਦਾ ਸਿਖਲਾਈ ਕੋਰਸ 22 ਤੋਂ



ਗੁਰਦਾਸਪੁਰ, 15 ਜੂਨ (ਜਗੀਰ ਸਿੰਘ ਮੰਡ/ਸੁਰਿੰਦਰ ਸਿੰਘ ਬਸਰਾ): ਡੇਅਰੀ ਫਾਰਮਰਾਂ ਲਈ 2 ਹਫਤੇ ਦਾ ਡੇਅਰੀ ਸਿਖਲਾਈ ਕੋਰਸ 22 ਜੂਨ ਤੋਂ 03 ਜੁਲਾਈ (2 ਹਫਤੇ) ਡੇਅਰੀ ਸਿਖਲਾਈ ਕੇਂਦਰ ਵੇਰਕਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਕਰਵਾਇਆ ਜਾਵੇਗਾ। ਜ਼ਿਲ੍ਹਾ ਗੁਰਦਾਸਪੁਰ ਨਾਲ ਸਬੰਧਤ ਪੇਂਡੂ ਬੇਰੁਜ਼ਗਾਰ ਨੌਜਵਾਨ ਲੜਕੇ-ਲੜਕੀਆਂ, ਜੋ ਡੇਅਰੀ ਦਾ ਕਿੱਤਾ ਸ਼ੁਰੂ ਕਰਨਾ ਚਾਹੁੰਦੇ ਹਨ, ਡੇਅਰੀ ਸਿਖਲਾਈ ਕੋਰਸ ਵਾਸਤੇ ਦਫਤਰ ਡਿਪਟੀ ਡਾਇਰੈਕਟਰ ਡੇਅਰੀ ਗੁਰਦਾਸਪੁਰ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਬਲਾਕ-ਬੀ, ਚੌਥੀ ਮੰਜ਼ਿਲ, ਕਮਰਾ ਨੰਬਰ 508 ਵਿਖੇ ਮਿਤੀ 19 ਜੂਨ ਤੱਕ ਅਰਜ਼ੀਆਂ ਦੇ ਸਕਦੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੇਅਰੀ ਇੰਸਪੈਕਟਰ ਗੁਰਦਾਸਪੁਰ ਬਰਜਿੰਦਰ ਸਿੰਘ ਨੇ ਦੱਸਿਆ ਕਿ ਖੇਤੀ ਵਿੱਚ ਵਿਭਿੰਨਤਾ ਲਿਆਉਣ ਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਡੇਅਰੀ ਦੇ ਕਿੱਤੇ ਨੂੰ ਸਹਾਇਕ ਧੰਦੇ ਵਜੋਂ ਅਪਨਾਉਣ ਲਈ 2 ਹਫਤੇ ਦੀ ਡੇਅਰੀ ਸਿਖਲਾਈ ਮਿਤੀ 22 ਜੂਨ ਤੋਂ ਡੇਅਰੀ ਸਿਖਲਾਈ ਤੇ ਵਿਸਥਾਰ ਕੇਂਦਰ, ਵੇਰਕਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਕਰਵਾਈ ਜਾਣੀ ਹੈ। ਇਸ ਸਿਖਲਾਈ ਕੋਰਸ ਵਿੱਚ ਜ਼ਿਲ੍ਹਾ ਗੁਰਦਾਸਪੁਰ ਨਾਲ ਸਬੰਧਤ ਬੇਰੁਜ਼ਗਾਰ ਨੌਜਵਾਨ ਲੜਕੇ/ਲੜਕੀਆਂ ਜੋ ਘੱਟੋ-ਘੱਟ 5ਵੀਂ ਪਾਸ ਹੋਣ, ਉਮਰ 18 ਤੋਂ 55 ਸਾਲ ਦਰਮਿਆਨ ਹੋਵੇ, ਪੇਂਡੂ ਖੇਤਰ ਨਾਲ ਸਬੰਧਤ ਹੋਣ, ਇਸ ਸਿਖਲਾਈ ਵਿੱਚ ਭਾਗ ਲੈ ਸਕਦੇ ਹਨ। ਚਾਹਵਾਨ ਲੜਕੇ/ਲੜਕੀਆਂ ਇਸ ਸਬੰਧੀ ਦਫਤਰ ਡਿਪਟੀ ਡਾਇਰੈਕਟਰ ਡੇਅਰੀ, ਗੁਰਦਾਸਪੁਰ ਨਾਲ ਆਪਣੇ ਅਸਲ ਯੋਗਤਾ ਸਰਟੀਫਿਕੇਟ ਤੇ ਪਾਸਪੋਰਟ ਸਾਈਜ਼ ਫੋਟੋ ਤੇ ਆਧਾਰ ਕਾਰਡ ਲੈ ਕੇ ਫਾਰਮ ਭਰਵਾ ਸਕਦੇ ਹਨ।

## ਨੌਗਜਾ ਪੀਰ ਜੀ ਨੂੰ ਸਮਰਪਿਤ ਸਾਲਾਨਾ ਜੋੜ ਮੇਲਾ 18 ਨੂੰ

ਗੜ੍ਹਦੀਵਾਲਾ, 15 ਜੂਨ (ਗੌਰਵ): ਪਿੰਡ ਪੱਖੋਵਾਲ ਵਿਖੇ ਦਰਬਾਰ ਬਾਬਾ ਨੌਗਜਾ ਪੀਰ ਜੀ ਨੂੰ ਸਮਰਪਿਤ ਸਾਲਾਨਾ ਜੋੜ ਮੇਲਾ ਪਿੰਡ ਪੱਖੋਵਾਲ ਵਿਖੇ 18 ਜੂਨ ਦਿਨ ਵੀਰਵਾਰ ਨੂੰ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਕਮੇਟੀ ਮੈਂਬਰਾਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਝੰਡੇ ਦੀ ਰਸਮ 12-00 ਵਜੇ ਤੇ ਚਾਦਰ ਦੀ ਰਸਮ 11-30 ਵਜੇ ਹੋਵੇਗੀ। ਇਸ ਮੇਲੇ ਵਿੱਚ ਪੰਜਾਬ ਦੇ ਮਸ਼ਹੂਰ ਕਲਾਕਾਰ ਚਰਨ ਖੈੜੀਆਂ, ਗੁਰਮੀਤ ਗੈਰੀ, ਜਰਨੈਲ ਸੋਨੀ, ਸਹੋਤਾ ਕਲਬੀਰ, ਕਮਾਲ ਦਿਲ ਜਾਨੀ ਆਪਣੇ ਫਨ ਦਾ ਮੁਜ਼ਾਹਰਾ ਕਰਨਗੇ। ਇਸ ਮੌਕੇ 'ਤੇ ਝੁਮਕੀ ਨਕਾਲ ਪਾਰਟੀ ਆਪਣਾ ਨਕਲਾਂ ਦਾ ਪ੍ਰੋਗਰਾਮ ਪੇਸ਼ ਕਰਨਗੇ। ਇਸ ਮੌਕੇ 'ਤੇ ਸਟੇਜ ਦੀ ਭੂਮਿਕਾ ਗੀਤਕਾਰ ਸੁਖਜੀਤ ਝਾਂਸਾ ਵਾਲਾ ਸੁੱਖਾ ਸਟੇਜ ਸੈਕਟਰੀ ਰਜਪਾਲਮਾ ਨਿਭਾਉਣਗੇ। ਇਸ ਮੌਕੇ 'ਤੇ ਮੁੱਖ ਮਹਿਮਾਨ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚਣਗੇ।

## ਸ਼ਿਵਿ ਸ਼ਿਵਾਏ ਵੈਲਫੇਅਰ ਤੇ ਬਲੱਡ ਮਸ਼ੀਨ ਸੁਸਾਇਟੀ ਨੇ 98ਵਾਂ ਖ਼ੂਨਦਾਨ ਕੈਂਪ ਲਗਾਇਆ



ਤਲਵਾੜਾ, 15 ਜੂਨ (ਜਗਮੋਹਨ ਸ਼ਰਮਾ): ਵਿਸ਼ਵ ਖੂਨਦਾਤਾ ਦਿਵਸ ਮੌਕੇ ਸ਼ਿਵਿ ਸ਼ਿਵਾਏ ਵੈਲਫੇਅਰ ਸੁਸਾਇਟੀ ਤਲਵਾੜਾ ਤੇ ਬਲੱਡ ਮਸ਼ੀਨ ਵੈਲਫੇਅਰ ਸੁਸਾਇਟੀ ਵੱਲੋਂ ਸ੍ਰੀ ਲਕਸ਼ਮੀ ਨਾਰਾਇਣ ਮੰਦਰ, ਸੈਕਟਰ-2 ਤਲਵਾੜਾ ਵਿਖੇ 98ਵਾਂ ਖੂਨਦਾਨ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਖੂਨਦਾਤਾਵਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲੈਂਦਿਆਂ ਮਨੁੱਖਤਾ ਦੀ ਭਲਾਈ ਲਈ ਖੂਨ ਦਾਨ ਕੀਤਾ।ਕੈਂਪ ਵਿੱਚ ਬਲੱਡ ਬੈਂਕ ਦੀ ਟੀਮ ਵੱਲੋਂ ਕੁੱਲ 54 ਯੂਨਿਟ ਖੂਨ ਇਕੱਠਾ ਕੀਤਾ ਗਿਆ। ਸੁਸਾਇਟੀ ਦੇ ਅਹੁਦੇਦਾਰਾਂ ਨੇ ਦੱਸਿਆ ਕਿ ਸੰਸਥਾ ਵੱਲੋਂ ਲਗਾਤਾਰ 98 ਖੂਨਦਾਨ ਕੈਂਪ ਲਗਾਏ ਜਾ ਚੁੱਕੇ ਹਨ, ਜਿਨ੍ਹਾਂ ਰਾਹੀਂ ਸੈਂਕੜਿਆਂ ਕੀਮਤੀ ਜਾਨਾਂ ਬਚਾਉਣ ਵਿੱਚ ਸਹਾਇਤਾ ਮਿਲੀ ਹੈ। ਇਸ ਮੌਕੇ ਭਾਜਪਾ ਦੀ ਸੀਨੀਅਰ ਆਗੂ ਡਾ. ਹਰਸਿਮਰਤ ਸਾਹੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਜਦਕਿ ਕੌਂਸਲਰ ਮੁਨੀਸ਼ ਚੱਢਾ ਤੇ ਸੀਨੀਅਰ ਆਗੂ ਤਰਲੋਕ ਸਿੰਘ ਸ਼ਾਹੀ ਵਿਸ਼ੇਸ਼ ਮਹਿਮਾਨਾਂ ਵਜੋਂ ਹਾਜ਼ਰ ਰਹੇ। ਡਾ. ਹਰਸਿਮਰਤ ਸਾਹੀ ਨੇ ਖੂਨਦਾਤਾਵਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਹਰ ਸਿਹਤਮੰਦ ਵਿਅਕਤੀ ਨੂੰ ਖੂਨ ਦਾਨ ਲਈ ਅੱਗੇ ਆਉਣਾ ਚਾਹੀਦਾ ਹੈ ਤੇ ਹੋਰਨਾਂ ਨੂੰ ਵੀ ਇਸ ਮਹਾਨ ਕਾਰਜ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਇਸ ਮੌਕੇ ਗਗਨ ਰਾਣਾ, ਰੋਹਿਤ ਕਸ਼ਯਪ, ਰਘੂ ਮਹਾਜਨ, ਸੌਰਭ ਸ਼ਰਮਾ, ਸੂਰਜ, ਬਲਵਿੰਦਰ ਸਿੰਘ, ਅਜੈ ਹਾਂਦਵਾਲ, ਅਮਿਤ, ਅਸ਼ੋਕ ਸਭਰਵਾਲ, ਰਮਨ, ਗੋਲਡੀ ਠਾਕੁਰ (ਜਨਰਲ ਸਕੱਤਰ, ਭਾਜਪਾ ਬਲਾਕ ਤਲਵਾੜਾ), ਗੁਰਬਾਜ਼ ਸੰਧੂ, ਦਿਲਜੀਤ ਸਿੰਘ ਹਾਜ਼ਰ ਸਨ।

## ਵਿਧਾਇਕ ਕਿਸ਼ਨਕੋਟ ਤੇ ਡਾ. ਅਰਸ਼ਦੀਪ ਸਿੰਘ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ 'ਨਸ਼ਾ ਮੁਕਤੀ' ਈ-ਰਿਕਸ਼ਾ ਰਵਾਨਾ



ਘੁਮਾਣ/ਬਟਾਲਾ, 15 ਜੂਨ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਹੇਠ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਹੋਰ ਤੇਜ਼ ਕਰਨ ਦੇ ਮੰਤਵ ਨਾਲ ਨਸ਼ਾ ਮੁਕਤੀ ਈ-ਰਿਕਸ਼ਾ ਮੁਹਿੰਮ ਦਾ ਆਗਾਜ਼ ਕੀਤਾ ਗਿਆ ਹੈ। ਜਿਸ ਤਹਿਤ ਇਸ ਮੁਹਿੰਮ ਦੀ ਸ਼ੁਰੂਆਤ ਹਲਕਾ ਸ੍ਰੀ ਹਰਿਗੋਬਿੰਦਪੁਰ ਸਾਹਿਬ ਵਿੱਚ ਵਿਧਾਇਕ ਐਡ. ਅਮਰਪਾਲ ਸਿੰਘ ਕਿਸ਼ਨਕੋਟ ਤੇ ਨਸ਼ਾ ਮੁਕਤੀ ਮੋਰਚਾ ਦੇ ਜ਼ਿਲ੍ਹਾ ਇੰਚਾਰਜ ਡਾ. ਅਰਸ਼ਦੀਪ ਸਿੰਘ ਵੱਲੋਂ ਘੁਮਾਣ ਤੋਂ ਕੀਤੀ ਗਈ ਤੇ ਨਸ਼ਾ ਮੁਕਤੀ ਈ-ਰਿਕਸ਼ਾ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਸ ਮੌਕੇ ਵਿਧਾਇਕ ਅਮਰਪਾਲ ਸਿੰਘ ਕਿਸ਼ਨਕੋਟ ਨੇ ਗੱਲਬਾਤ ਕਰਦੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਨੂੰ ਮੁਕੰਮਲ ਤੌਰ 'ਤੇ ਖਤਮ ਕਰਨ ਲਈ ਯੁੱਧ ਨਸ਼ਿਆਂ ਵਿਰੁੱਧ ਸ਼ੁਰੂ ਕੀਤਾ ਗਿਆ ਹੈ। ਜਿਸ ਤਹਿਤ ਪੰਜਾਬ ਸਰਕਾਰ ਨੂੰ ਵੱਡੀ ਸਫਲਤਾ ਹਾਸਲ ਹੋਈ ਹੈ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰਨ ਤੋਂ ਇਲਾਵਾ ਨਸ਼ੇ ਦੇ ਜਾਲ ਵਿੱਚ ਫਸੇ ਵਿਅਕਤੀਆਂ ਦਾ ਨਸ਼ਾ ਛੱਡਣ ਲਈ ਇਲਾਜ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਤਹਿਤ ਪੰਜਾਬ ਦੇ ਵੱਖ-ਵੱਖ ਪੁਲਿਸ ਥਾਣਿਆਂ ਵਿੱਚ ਵੱਡੀ ਮਾਤਰਾ ਵਿੱਚ ਵੱਖ-ਵੱਖ ਤਰ੍ਹਾਂ ਦੇ ਨਸ਼ੇ ਫੜੇ ਗਏ ਹਨ। ਉਨ੍ਹਾਂ ਕਿਹਾ ਕਿ ਇਹ ਸਾਰਾ ਕੁਝ ਲੋਕਾਂ ਦੇ ਸਹਿਯੋਗ ਨਾਲ ਕੀਤਾ ਜਾ ਰਿਹਾ ਹੈ ਕਿਉਂਕਿ ਪੰਜਾਬ ਦੀ ਨੌਜਵਾਨੀ ਨੂੰ ਬਚਾਉਣ ਲਈ ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਵੱਖ-ਵੱਖ ਪਿੰਡਾਂ ਵਿੱਚ ਖੇਡ ਮੈਦਾਨ ਤਿਆਰ ਕਰਕੇ ਦਿੱਤੇ ਗਏ ਹਨ ਤਾਂ ਜੋ ਨੌਜਵਾਨ ਨਸ਼ਿਆਂ ਨੂੰ ਛੱਡ ਕੇ ਖੇਡਾਂ ਵੱਲ ਪ੍ਰੇਰਿਤ ਹੋਣ। ਇਸ ਮੌਕੇ ਨਸ਼ਾ ਮੁਕਤੀ ਮੋਰਚਾ ਦੇ ਹਲਕਾ ਇੰਚਾਰਜ ਰਾਜਵਿੰਦਰ ਸਿੰਘ ਬੱਬੂ ਟੀਵੀਐਸ, ਹਲਕਾ ਉਪ-ਇੰਚਾਰਜ ਅੰਮ੍ਰਿਤਪਾਲ ਸਿੰਘ ਸੋਹੀ, ਨੀਲਮ ਘੁਮਾਣ ਜ਼ਿਲ੍ਹਾ ਇੰਚਾਰਜ ਵੂਮੈਨ ਸੈਲ, ਮਨਦੀਪ ਸਿੰਘ, ਸੁਖਜਿੰਦਰ ਸਿੰਘ, ਵਿਜੇ ਸਿੰਘ, ਦਲਜੀਤ ਸਿੰਘ, ਬਲਜੀਤ ਸਿੰਘ, ਨਵਤੇਜ ਸਿੰਘ, ਪਰਲੋਕ ਸਿੰਘ, ਕੁਲਵਿੰਦਰ ਸਿੰਘ, (ਸਾਰੇ ਬਲਾਕ ਪ੍ਰਧਾਨ) ਗੁਰਦਿਆਲ ਸਿੰਘ ਤੇ ਮਲਕੀਤ ਸਿੰਘ ਕੌੜੇ ਹਾਜ਼ਰ ਸਨ।

## ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐਸ.ਆਈ.ਆਰ) ਲਈ ਜ਼ਿਲ੍ਹਾ ਪੱਧਰ 'ਤੇ ਟ੍ਰੇਨਿੰਗ ਪ੍ਰੋਗਰਾਮ




ਗੁਰਦਾਸਪੁਰ, 15 ਜੂਨ (ਜਗੀਰ ਸਿੰਘ ਮੰਡ/ਨਾਹਰ): ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ, ਗੁਰਦਾਸਪੁਰ ਆਦਿਤਿਆ ਉਪਲ ਦੀ ਪ੍ਰਧਾਨਗੀ ਹੇਠ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਗੁਰਦਾਸਪੁਰ ਦੇ ਬੀ-ਬਲਾਕ, ਤੀਜੀ ਮੰਜ਼ਿਲ ਸਥਿਤ ਕਾਨਫਰੰਸ ਹਾਲ, ਕਮਰਾ ਨੰ. 416 ਵਿਖੇ ਸਪੈਸ਼ਲ ਇੰਟੈਂਸਿਵ ਰਿਵੀਜਨ (ਐਸ.ਆਈ.ਆਰ) ਲਈ ਜ਼ਿਲ੍ਹਾ ਪੱਧਰ 'ਤੇ ਟ੍ਰੇਨਿੰਗ ਪ੍ਰੋਗਰਾਮ ਕਰਵਾਇਆ ਗਿਆ। ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਐਸ.ਆਈ.ਆਰ. ਦੇ ਕੰਮ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਜ਼ਿਲ੍ਹਾ ਪ੍ਰਸ਼ਾਸਨ ਪੂਰੀ ਤਰ੍ਹਾ ਤਿਆਰ ਹੈ ਤੇ ਇਸ ਕਾਰਜ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਜ਼ਿਲ੍ਹਾ ਪੱਧਰੀ ਮਾਸਟਰ ਟ੍ਰੇਨਰਾਂ ਕਰਨ ਸੋਨੀ (ਜ਼ਿਲ੍ਹਾ ਇਨਫਰਮੈਟਿਕਸ ਅਫ਼ਸਰ, NIC), ਰਾਕੇਸ਼ ਗੁਪਤਾ ਪ੍ਰਿੰਸੀਪਲ, ਅਮਰਿੰਦਰ ਸਿੰਘ (ਜ਼ਿਲ੍ਹਾ ਆਈ.ਟੀ. ਮੈਨੇਜਰ), ਐਸੋਸੀਏਟ ਪ੍ਰੋਫੈਸਰ ਅਜੇ ਕੁਮਾਰ ਡੋਗਰਾ, ਐਸੋਸੀਏਟ ਪ੍ਰੋਫੈਸਰ ਸੰਜੀਵ ਮਹਾਜਨ, ਵਰੁਣ (ਜ਼ਿਲ੍ਹਾ ਈ-ਕੋਆਰਡੀਨੇਟਰ), ਦੀਪਕ ਕੁਮਾਰ ਤੇ ਗੁਰਪਰਨਾਮ ਸਿੰਘ ਵੱਲੋਂ ਇਸ ਟ੍ਰੇਨਿੰਗ ਪ੍ਰੋਗਰਾਮ ਵਿੱਚ ਸ਼ਾਮਲ ਅਸੈਂਬਲੀ ਲੈਵਲ ਮਾਸਟਰ ਟ੍ਰੇਨਰਾਂ, ਸੁਪਰਵਾਈਜ਼ਰਾਂ ਤੇ ਈ.ਆਰ.ਓਜ਼./ਸਹਾਇਕ ਈ.ਆਰ.ਓਜ਼. ਤੇ ਜ਼ਿਲ੍ਹਾ ਚੋਣ ਦਫ਼ਤਰ ਦੇ ਟੈਕਨੀਕਲ/ਕਲੈਰੀਕਲ ਸਟਾਫ਼ ਨੂੰ ਐਸ.ਆਈ.ਆਰ. ਦੀਆਂ ਬਾਰੀਕੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।ਜ਼ਿਲ੍ਹਾ ਪੱਧਰੀ ਮਾਸਟਰ ਟ੍ਰੇਨਰਾਂ ਨੇ ਦੱਸਿਆ ਕਿ 25 ਜੂਨ ਤੋਂ 24 ਜੁਲਾਈ 2026 ਤੱਕ ਬੂਥ ਲੈਵਲ ਅਫ਼ਸਰਾਂ ਵੱਲੋਂ ਘਰ-ਘਰ ਜਾ ਕੇ ਗਿਣਤੀ ਤੇ Enumeration ਫਾਰਮਾਂ ਦੀ ਵੰਡ ਤੇ ਇਕੱਤਰ ਕਰਨ ਦਾ ਕੰਮ ਕੀਤਾ ਜਾਵੇਗਾ। 3 ਅਗਸਤ 2026 ਨੂੰ ਡਰਾਫਟ ਵੋਟਰ ਸੂਚੀ ਪ੍ਰਕਾਸ਼ਿਤ ਕੀਤੀ ਜਾਵੇਗੀ। 3 ਅਗਸਤ ਤੋਂ 2 ਸਤੰਬਰ, 2026 ਤੱਕ ਦਾਅਵੇ ਤੇ ਇਤਰਾਜ਼ ਪ੍ਰਾਪਤ ਕੀਤੇ ਜਾਣਗੇ, ਜਿਨ੍ਹਾਂ ਦਾ ਨਿਪਟਾਰਾ 28 ਸਤੰਬਰ ਤੱਕ ਕੀਤਾ ਜਾਵੇਗਾ। ਇਸ ਮੌਕੇ ਤਹਿਸੀਲਦਾਰ ਚੋਣਾਂ ਗੁਰਦਾਸਪੁਰ ਮਨਜਿੰਦਰ ਸਿੰਘ, ਚੋਣ ਕਾਨੂੰਗੋ ਸੁਨੀਲ ਕੁਮਾਰ, ਭੁਪਿੰਦਰ ਸਿੰਘ, ਗਗਨਜੋਤ ਸਿੰਘ, ਅਮਿਤ ਗੁਪਤਾ ਤੇ ਸਵੀਪ ਟੀਮ ਵੱਲੋਂ ਗੁਰਮੀਤ ਸਿੰਘ ਭੋਮਾ ਤੇ ਗਗਨਦੀਪ ਸਿੰਘ ਵੀ ਹਾਜ਼ਰ ਸਨ।

## ਹਿੰਦੂਆਂ ਦੇ ਹਿੱਤਾਂ ਦੀ ਰਾਖੀ ਲਈ ਸ਼ਿਵ ਸੈਨਾ ਹਿੰਦੁਸਤਾਨ ਹਰ ਕੁਰਬਾਨੀ ਦੇਣ ਲਈ ਤਿਆਰ: ਰਾਹੁਲ ਖੰਨਾ



ਟਾਂਡਾ ਉੜਮੁੜ, 15 ਜੂਨ (ਅਰਜੁਨ ਜੈਨ): ਸਨਾਤਨੀ ਹਿੰਦੂਆਂ ਨੂੰ ਦਰਪੇਸ਼ ਆ ਰਹੀਆਂ ਔਕੜਾਂ ਸਬੰਧੀ ਉਨ੍ਹਾਂ ਦੀ ਆਵਾਜ਼ ਬੁਲੰਦ ਕਰਨ ਤੇ ਉਨ੍ਹਾਂ ਦੇ ਬਣਦੇ ਹੱਕ ਉਨ੍ਹਾਂ ਨੂੰ ਨਾ ਦਿੱਤੇ ਜਾਣ ਦੇ ਰੋਸ ਵਜੋਂ ਸ਼ਿਵ ਸੈਨਾ ਹਿੰਦੁਸਤਾਨ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਵਾਸ ਅਸਥਾਨ ਤੱਕ ਤ੍ਰਿਸ਼ੂਲ ਮਾਰਚ ਕੱਢਣ ਦੇ ਸਬੰਧ ਵਿੱਚ ਮੋਹਾਲੀ ਵਿਖੇ ਰੱਖੀ ਗਈ ਮੀਟਿੰਗ 'ਚ ਸ਼ਾਮਲ ਹੋਣ ਲਈ ਸ਼ਿਵ ਸੈਨਾ ਹਿੰਦੁਸਤਾਨ ਦੇ ਪੰਜਾਬ ਯੂਥ ਪ੍ਰਧਾਨ ਰਾਹੁਲ ਖੰਨਾ ਦੀ ਅਗਵਾਈ ਵਿੱਚ ਟਾਂਡਾ ਤੋਂ ਸ਼ਿਵ ਸੈਨਾ ਵਰਕਰਾਂ ਦਾ ਇੱਕ ਜੱਥਾ ਰਵਾਨਾ ਹੋਇਆ।ਇਸ ਜੱਥੇ ਵਿੱਚ ਸ਼ਾਮਲ ਦੋਆਬਾ ਪ੍ਰਧਾਨ ਪ੍ਰਸ਼ਾਂਤ ਪੰਡਤ, ਯੁਵਾ ਨੇਤਾ ਰਾਜੂ ਖੋਸਲਾ, ਜ਼ਿਲ੍ਹਾ ਚੇਅਰਮੈਨ ਵਿਵੇਕ ਵਿਜ਼ਨ, ਜ਼ਿਲ੍ਹਾ ਸਕੱਤਰ ਪੰਡਤ ਮਿਥਲੇਸ਼ ਗਰਗ, ਜ਼ਿਲ੍ਹਾ ਵਾਈਸ ਚੇਅਰਮੈਨ ਸੰਜੀਵ ਖੰਨਾ, ਸਿਟੀ ਪ੍ਰਧਾਨ ਰਜੀਵ ਖੰਨਾ, ਸਿਟੀ ਵਾਈਸ ਪ੍ਰਧਾਨ ਬਬਲੂ, ਰਵੀ ਚੌਹਾਨ, ਅਮਨ ਮਾਹੌਲਾ, ਸੂਰਜ ਕੁਮਾਰ, ਸੰਨੀ ਮਾਹੌਲਾ, ਜੋਨਾ ਤੋਂ ਇਲਾਵਾ ਹੋਰ ਸ਼ਿਵ ਸੈਨਾ ਵਰਕਰਾਂ ਨੇ ਹਰ-ਹਰ ਮਹਾਂਦੇਵ ਜੈ ਬਜਰੰਗ ਬਲੀ ਦੇ ਨਾਅਰੇ ਲਗਾ ਕੇ ਮੋਹਾਲੀ ਲਈ ਚਾਲੇ ਪਾਏ।ਰਾਹੁਲ ਖੰਨਾ ਨੇ ਕਿਹਾ ਕਿ ਪੰਜਾਬ ਦੇ ਹਿੰਦੂਆਂ ਨੂੰ ਦਰਪੇਸ਼ ਆ ਰਹੀਆਂ ਔਕੜਾਂ ਸਬੰਧੀ ਕਈ ਵਾਰ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਪਰ ਸਰਕਾਰ ਦੇ ਕੰਨ 'ਤੇ ਜੂੰ ਨਹੀਂ ਸਰਕ ਰਹੀ। ਉਨ੍ਹਾਂ ਕਿਹਾ ਕਿ ਕੁੰਭਕਰਨੀ ਨੀਂਦੇ ਸੁੱਤੀ ਪਈ ਪੰਜਾਬ ਸਰਕਾਰ ਨੂੰ ਜਗਾਉਣ ਲਈ ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਪਵਨ ਗੁਪਤਾ ਦੀ ਅਗਵਾਈ ਵਿੱਚ ਸ਼ਿਵ ਸੈਨਾ ਦੇ ਸਾਰੇ ਅਹੁਦੇਦਾਰਾਂ ਦੀ ਮੋਹਾਲੀ ਵਿੱਚ ਅੱਜ ਮੀਟਿੰਗ ਹੋ ਰਹੀ ਹੈ, ਜਿਸ ਵਿੱਚ ਮੁੱਖ ਮੰਤਰੀ ਦੇ ਨਿਵਾਸ ਸਥਾਨ ਤੱਕ ਕੱਢਣ ਵਾਲੇ ਤ੍ਰਿਸ਼ੂਲ ਮਾਰਚ ਦੀ ਰਣਨੀਤੀ ਤਿਆਰ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਸ਼ਿਵ ਸੈਨਾ ਵਰਕਰਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।

## ਬੀਬੀ ਕੌਲਾਂ ਜੀ ਹਸਪਤਾਲ ਫਤਹਿਗੜ੍ਹ ਚੂੜੀਆਂ ਵਿਖੇ ਖ਼ੂਨਦਾਨ ਕੈਂਪ ਲਗਾਇਆ



ਫਤਹਿਗੜ੍ਹ ਚੂੜੀਆਂ, 15 ਜੂਨ (ਰਾਜਨ ਸ਼ਰਮਾ): ਫਤਹਿਗੜ੍ਹ ਚੂੜੀਆਂ ਅਜਨਾਲਾ ਰੋਡ ਵਿਖੇ ਸਥਿਤ ਬੀਬੀ ਕੌਲਾਂ ਜੀ ਹਸਪਤਾਲ ਵਿਖੇ ਖੂਨਦਾਨ ਦਾਨ ਕੈਂਪ ਲਗਾਇਆ ਗਿਆ। ਇਹ ਖੂਨ ਦਾਨ ਕੈਂਪ ਵਿਸ਼ਵ ਖੂਨ ਦਾਨ ਦਿਵਸ ਮੌਕੇ ਉਪਰ ਲਗਾਇਆ ਗਿਆ। ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਕੇਵਾਈਬੀ ਬਲੱਡ ਬੈਂਕ ਅੰਮ੍ਰਿਤਸਰ ਵੱਲੋਂ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਕੈਂਪ ਲਗਾਇਆ ਗਿਆ। ਇਸ ਖੂਨਦਾਨ ਕੈਂਪ ਵਿੱਚ ਫਤਹਿਗੜ੍ਹ ਚੂੜੀਆਂ ਦੇ ਨੌਜਵਾਨਾਂ ਵੱਲੋਂ ਖੂਨ ਦਾਨ ਕੀਤਾ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਖੂਨ ਦਾਨ ਕਰਨ ਵਾਲੇ ਨੌਜਵਾਨਾਂ ਵੱਲੋਂ ਕਿਹਾ ਗਿਆ ਕਿ ਸਾਨੂੰ ਸਭ ਨੂੰ ਵਿਸ਼ਵ ਖੂਨ ਦਾਨ ਦਿਵਸ ਮੌਕੇ ਪ੍ਰਣ ਕਰਨਾ ਚਾਹੀਦਾ ਹੈ ਕਿ ਸਾਨੂੰ ਖੂਨ ਦਾਨ ਜ਼ਰੂਰ ਕਰਨਾ ਚਾਹੀਦਾ ਹੈ ਤਾਂ ਜੋ ਕਿਸੇ ਵੀ ਵਿਅਕਤੀ ਨੂੰ ਲੋੜ ਪੈਣ ਉਪਰ ਉਸਦੀ ਜ਼ਰੂਰਤ ਪੂਰੀ ਹੋ ਸਕੇ। ਬੀਬੀ ਕੌਲਾਂ ਜੀ ਹਸਪਤਾਲ ਫਤਹਿਗੜ੍ਹ ਚੂੜੀਆਂ ਦੀ ਸਾਰੀ ਹੀ ਟੀਮ ਵੱਲੋਂ ਖੂਨ ਦਾਨ ਕਰਨ ਵਾਲੇ ਨੌਜਵਾਨਾਂ ਤੇ ਕੇਵਾਈਬੀ ਬਲੱਡ ਬੈਂਕ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ। ਇਸ ਮੌਕੇ ਡਾ. ਅਮਨਪ੍ਰੀਤ ਸਿੰਘ, ਡਾ. ਕਸ਼ਿਸ਼ ਗੁਪਤਾ, ਡਾ. ਅਮਰਿੰਦਰ ਸਿੰਘ, ਡਾ. ਹਰਪ੍ਰੀਤ ਸਿੰਘ, ਰਾਜਨ ਸ਼ਰਮਾ, ਡਾ. ਮਨਪ੍ਰੀਤ ਸਿੰਘ, ਲਵਪ੍ਰੀਤ ਸਿੰਘ, ਹਰਪ੍ਰੀਤ ਸਿੰਘ ਤੋਂ ਇਲਾਵਾ ਬੀਬੀ ਕੌਲਾਂ ਜੀ ਹਸਪਤਾਲ ਦਾ ਸਮੂਹ ਸਟਾਫ ਹਾਜ਼ਰ ਸੀ।

# ਕੈਨੇਡਾ 'ਚ ਪੱਕੇ ਹੋਣ ਦਾ ਸੁਪਨਾ ਹੋਵੇਗਾ ਪੂਰਾ, ਕਿਊਬੈਕ ਐਕਸਪੀਰੀਐਂਸ ਪ੍ਰੋਗਰਾਮ 2 ਜੁਲਾਈ ਨੂੰ ਮੁੜ ਖੁੱਲ੍ਹੇਗਾ

ਓਟਾਵਾ, 15 ਜੂਨ (ਚ.ਨ.ਸ): ਕੈਨੇਡਾ ਦੀ ਪੱਕੀ ਰਿਹਾਇਸ਼ (ਪੀਆਰ) ਪਾਉਣ ਦੇ ਚਾਹਵਾਨ ਭਾਰਤੀਆਂ ਖ਼ਾਸ ਕਰਕੇ ਪੰਜਾਬੀਆਂ ਲਈ ਖੁਸ਼ਖ਼ਬਰੀ ਹੈ। ਕੈਨੇਡਾ ਦਾ ਸੂਬਾ ਕਿਊਬੈਕ ਇੱਕ ਵਾਰ ਫਿਰ ਵਿਦੇਸ਼ੀ ਕਾਮਿਆਂ ਤੇ ਵਰਕਰਾਂ ਨੂੰ ਪੱਕੇ ਤੌਰ 'ਤੇ ਵਸਣ ਦਾ ਮੌਕਾ ਦੇਣ ਜਾ ਰਿਹਾ ਹੈ। ਕਿਊਬੈਕ ਦੇ ਇਮੀਗ੍ਰੇਸ਼ਨ ਮੰਤਰਾਲੇ ਅਨੁਸਾਰ ਕਿਊਬੈਕ ਐਕਸਪੀਰੀਐਂਸ ਪ੍ਰੋਗਰਾਮ 2 ਜੁਲਾਈ, 2026 ਨੂੰ ਦੁਬਾਰਾ ਖੁੱਲ੍ਹੇਗਾ। ਇਹ ਸਥਾਈ ਨਿਵਾਸ ਪ੍ਰੋਗਰਾਮ ਦੋ ਸਾਲਾਂ ਦੀ ਮਿਆਦ ਲਈ ਖੁੱਲ੍ਹਾ ਰਹੇਗਾ, ਜੋ ਕਿ 2 ਜੁਲਾਈ, 2028 ਤੱਕ ਚੱਲੇਗਾ। ਇਹ ਦੋ ਪੜਾਵਾਂ ਵਿੱਚ ਖੁੱਲ੍ਹੇਗਾ। ਪਹਿਲਾ ਪੜਾਅ, 2 ਜੁਲਾਈ ਤੋਂ 31 ਅਕਤੂਬਰ, 2026 ਤੱਕ ਚੱਲੇਗਾ, ਜੋ ਉਨ੍ਹਾਂ ਵਿਦੇਸ਼ੀ ਨਾਗਰਿਕਾਂ ਨੂੰ ਮੌਕਾ ਦੇਵੇਗਾ, ਜੋ 19 ਨਵੰਬਰ, 2025 ਨੂੰ ਬੰਦ ਹੋਣ ਵੇਲੇ PEQ ਲਈ ਯੋਗ ਸਨ। ਪਹਿਲੇ ਪੜਾਅ ਵਿੱਚ ਅੰਤਰਰਾਸ਼ਟਰੀ ਗ੍ਰੈਜੂਏਟ ਤੇ ਵਿਦੇਸ਼ੀ ਵਰਕਰ ਦੋਵਾਂ ਸ਼੍ਰੇਣੀਆਂ ਦੇ ਉਮੀਦਵਾਰਾਂ ਨੂੰ ਸ਼ਾਮਲ ਕੀਤਾ ਜਾਵੇਗਾ। ਇਸ ਪਹਿਲੇ ਪੜਾਅ ਵਿੱਚ ਉਹ ਵਿਦੇਸ਼ੀ ਨਾਗਰਿਕ ਸ਼ਾਮਲ ਹੋਣਗੇ, ਜਿਨ੍ਹਾਂ ਨੇ PEQ ਦੋਵਾਂ ਸਟ੍ਰੀਮਾਂ: ਅੰਤਰਰਾਸ਼ਟਰੀ ਗ੍ਰੈਜੂਏਟ ਸਟ੍ਰੀਮ



ਤੇ ਵਿਦੇਸ਼ੀ ਵਰਕਰ ਸਟ੍ਰੀਮ ਰਾਹੀਂ ਯੋਗਤਾ ਪ੍ਰਾਪਤ ਕੀਤੀ ਸੀ। ਕਿਊਬੈਕ ਸਰਕਾਰ ਦਾ ਟੀਚਾ ਦੋਵਾਂ PEQ ਸਟ੍ਰੀਮਾਂ ਵਿੱਚ ਬਰਾਬਰ ਗਿਣਤੀ ਵਿੱਚ ਕਿਊਬੈਕ ਚੋਣ ਸਰਟੀਫਿਕੇਟ ਜਾਰੀ ਕਰਨਾ ਹੈ। ਯੋਗਤਾ ਮਾਪਦੰਡ ਉਹੀ ਰਹਿਣਗੇ ਜੋ PEQ ਗ੍ਰੈਜੂਏਟ ਸਟ੍ਰੀਮ ਨੂੰ ਮੁਅੱਤਲ ਕਰਨ ਤੇ PEQ ਵਰਕਰ ਸਟ੍ਰੀਮ ਨੂੰ ਬੰਦ ਕਰਨ ਵੇਲੇ ਸਨ। ਪਹਿਲੇ ਪੜਾਅ ਲਈ ਅਰਜ਼ੀਆਂ 'ਤੇ ਕੋਈ ਸੀਮਾ ਨਹੀਂ ਹੋਵੇਗੀ। ਪਹਿਲੇ ਪੜਾਅ ਲਈ ਅਰਜ਼ੀਆਂ 2 ਜੁਲਾਈ, 2026 ਨੂੰ ਪੂਰਬੀ ਸਮੇਂ ਅਨੁਸਾਰ ਸਵੇਰੇ 8:30 ਵਜੇ ਤੋਂ 31 ਅਕਤੂਬਰ, 2026 ਤੱਕ ਸਵੀਕਾਰ ਕੀਤੀਆਂ ਜਾਣਗੀਆਂ। ਹੁਣ ਤੋਂ 31 ਅਕਤੂਬਰ ਦੇ ਵਿੱਚਕਾਰ ਕਿਊਬੈਕ ਸਰਕਾਰ ਹੁਨਰਮੰਦ ਵਰਕਰ ਚੋਣ ਪ੍ਰੋਗਰਾਮ ਰਾਹੀਂ ਜਾਰੀ ਕੀਤੇ ਗਏ ਸੱਦਿਆਂ ਨੂੰ ਘਟਾ ਦੇਵੇਗੀ। ਸਰਕਾਰ ਮੁੱਖ ਤੌਰ'ਤੇ TEER 4 ਜਾਂ 5 ਕੈਟੇਗਰੀ ਦੇ ਕਿੱਤਿਆਂ ਵਿੱਚ ਕੰਮ ਕਰਨ ਵਾਲੇ ਉਮੀਦਵਾਰਾਂ ਨੂੰ ਨਿਸ਼ਾਨਾ ਬਣਾਏਗੀ, ਨਾਲ ਹੀ ਉਨ੍ਹਾਂ ਉਮੀਦਵਾਰਾਂ 'ਤੇ ਧਿਆਨ ਕੇਂਦਰਿਤ ਕਰੇਗੀ ਵੀ, ਜਿਨ੍ਹਾਂ ਨੇ ਅਜੇ ਤੱਕ ਦੋ ਸਾਲਾਂ ਦਾ ਕੰਮ ਦਾ ਤਜਰਬਾ ਹਾਸਲ ਨਹੀਂ ਕੀਤਾ ਹੈ। ਇਸ ਫੈਸਲੇ ਨਾਲ ਉਨ੍ਹਾਂ ਹਜ਼ਾਰਾਂ ਭਾਰਤੀ ਵਿਦਿਆਰਥੀਆਂ ਤੇ ਪੇਸ਼ੇਵਰਾਂ ਨੂੰ ਵੱਡੀ ਉਮੀਦ ਮਿਲੀ ਹੈ ਜੋ ਕਿਊਬੈਕ ਵਿੱਚ ਪੱਕੇ ਹੋਣ ਦੀ ਉਡੀਕ ਕਰ ਰਹੇ ਸਨ।

# ਅਲ ਨੀਨੋ ਦੀ ਦਸਤਕ ਨਾਲ ਵਧੀ ਚਿੰਤਾ, ਪ੍ਰਸ਼ਾਂਤ ਮਹਾਂਸਾਗਰ ਦਾ ਤਾਪਮਾਨ ਵਧਿਆ, ਭਾਰਤ 'ਚ ਮਾਨਸੂਨ ਵੀ ਹੋਵੇਗਾ ਪ੍ਰਭਾਵਿਤ

ਨਵੀਂ ਦਿੱਲੀ, 15 ਜੂਨ (ਚ.ਨ.ਸ): ਪ੍ਰਸ਼ਾਂਤ ਮਹਾਂਸਾਗਰ ਵਿੱਚ ਤੇਜ਼ੀ ਨਾਲ ਵੱਧ ਰਹੇ ਤਾਪਮਾਨ ਕਾਰਨ ਅਲ ਨੀਨੋ ਦਾ ਆਗਮਨ ਹੋਇਆ ਹੈ। ਮਈ ਵਿੱਚ ਸਮੁੰਦਰ ਦਾ ਤਾਪਮਾਨ ਅਲ ਨੀਨੋ ਲਈ 0.5 ਡਿਗਰੀ ਸੈਲਸੀਅਸ ਦੀ ਹੱਦ ਨੂੰ ਪਾਰ ਕਰ ਗਿਆ। ਯੂਰਪੀਅਨ ਮੌਸਮ ਵਿਗਿਆਨ ਏਜੰਸੀ ਦੇ ਤਾਜ਼ਾ ਅਪਡੇਟ ਦੇ ਅਨੁਸਾਰ ਇਸਦੇ ਪ੍ਰਭਾਵ ਨਾਲ ਵਿਸ਼ਵਵਿਆਪੀ ਵਾਯੂਮੰਡਲ ਦੀਆਂ ਸਥਿਤੀਆਂ ਵਿੱਚ ਵੱਡੇ ਬਦਲਾਅ ਆਉਣ ਦੀ ਉਮੀਦ ਹੈ, ਜਿਸਦਾ ਆਉਣ ਵਾਲੇ ਮਹੀਨਿਆਂ ਵਿੱਚ ਭਾਰਤੀ ਮਾਨਸੂਨ ਸਮੇਤ ਦੁਨੀਆਂ ਭਰ ਦੇ ਮੌਸਮ 'ਤੇ ਡੂੰਘਾ ਪ੍ਰਭਾਵ ਪੈ ਸਕਦਾ ਹੈ। ਯੂਰਪੀਅਨ ਸੈਂਟਰ ਫਾਰ ਮੀਡੀਅਮ-ਰੇਂਜ ਵੈਦਰ ਫੋਰਕਾਸਟਸ ਦੁਆਰਾ ਜਾਰੀ ਕੀਤੀ ਗਈ ਇਹ ਰਿਪੋਰਟ, ਪ੍ਰਸ਼ਾਂਤ ਮਹਾਂਸਾਗਰ ਦੀ ਸਥਿਤੀ 'ਤੇ ਇੱਕ ਪ੍ਰਮੁੱਖ ਗਲੋਬਲ ਮੌਸਮ ਏਜੰਸੀ ਵੱਲੋਂ ਜੂਨ ਦਾ ਪਹਿਲਾ ਅਪਡੇਟ ਹੈ। ਪਿਛਲੇ ਮਹੀਨੇ ਹੀ ਜ਼ਿਆਦਾਤਰ ਏਜੰਸੀਆਂ ਨੇ ਚੇਤਾਵਨੀ ਦਿੱਤੀ ਸੀ ਕਿ ਅਲ ਨੀਨੋ ਬਣਨ ਦੀ ਕਗਾਰ 'ਤੇ ਹੈ। ਇਸ ਦੌਰਾਨ ਅਮਰੀਕੀ ਸਰਕਾਰੀ ਏਜੰਸੀਆਂ ਨੇ ਮਈ ਤੇ ਜੁਲਾਈ ਦੇ ਵਿੱਚਕਾਰ ਇਸਦੇ ਬਣਨ ਦੀ 82% ਸੰਭਾਵਨਾ ਦੀ ਭਵਿੱਖਬਾਣੀ ਕੀਤੀ ਸੀ। ਐਮ. ਰਾਜੀਵਨ, ਇੱਕ ਤਜਰਬੇਕਾਰ ਮੌਸਮ ਵਿਗਿਆਨੀ ਤੇ ਧਰਤੀ ਵਿਗਿਆਨ ਮੰਤਰਾਲੇ ਦੇ ਸਾਬਕਾ ਸਕੱਤਰ ਨੇ ਕਿਹਾ ਕਿ ਨਵੀਨਤਮ ਚਾਰਟ ਦਰਸਾਉਂਦੇ ਹਨ ਕਿ 0.5 ਡਿਗਰੀ ਥ੍ਰੈਸ਼ਹੋਲਡ ਨੂੰ ਪਾਰ ਕਰ ਲਿਆ ਗਿਆ ਹੈ। ਅਧਿਕਾਰਤ ਤੌਰ 'ਤੇ ਇੱਕ ਅਲ ਨੀਨੋ ਉਦੋਂ ਹੀ ਘੋਸ਼ਿਤ ਕੀਤਾ ਜਾਂਦਾ ਹੈ, ਜਦੋਂ ਇਹ ਤਬਦੀਲੀਆਂ ਘੱਟੋ-ਘੱਟ ਤਿੰਨ ਮਹੀਨਿਆਂ ਤੱਕ ਜਾਰੀ ਰਹਿੰਦੀਆਂ ਹਨ। ਅਲ ਨੀਨੋ ਨਾਲ ਜੁੜੇ ਵਾਯੂਮੰਡਲ ਵਿੱਚ ਬਦਲਾਅ ਪਹਿਲਾਂ ਹੀ ਦੇਖੇ ਜਾ ਰਹੇ ਹਨ ਤੇ ਉਨ੍ਹਾਂ ਦੇ ਪ੍ਰਭਾਵ ਮਹਿਸੂਸ ਕੀਤੇ ਜਾ ਰਹੇ ਹਨ।



ECMWF ਦਾ ਇਹ ਅਪਡੇਟ ਉਸੇ ਦਿਨ ਆਇਆ ਹੈ ਜਦੋਂ ਮਾਨਸੂਨ ਕੇਰਲ ਵਿੱਚ ਆਇਆ ਸੀ, ਆਪਣੇ ਆਮ ਸਮੇਂ ਤੋਂ ਤਿੰਨ ਦਿਨ ਪਿੱਛੇ। ਭਾਰਤ ਮੌਸਮ ਵਿਭਾਗ ਦੇ ਮੁਖੀ ਮੌਤੁੰਜੇ ਮਹਾਪਾਤਰਾ ਨੇ ਕਿਹਾ ਕਿ ਮਾਨਸੂਨ ਦੇ ਪੱਛਮੀ ਤੱਟ 'ਤੇ ਹੋਰ ਅੱਗੇ ਵਧਣ ਦੀ ਸੰਭਾਵਨਾ ਹੈ, ਅਗਲੇ ਦੋ ਤੋਂ ਤਿੰਨ ਦਿਨਾਂ ਵਿੱਚ ਕਰਨਾਟਕ, ਆਂਧਰਾ ਪ੍ਰਦੇਸ਼ ਤੇ ਤਾਮਿਲਨਾਡੂ ਨੂੰ ਕਵਰ ਕਰਦਾ ਹੈ। ਹਾਲਾਂਕਿ, ਉਨ੍ਹਾਂ ਸਪੱਸ਼ਟ ਕੀਤਾ ਕਿ ਇਨ੍ਹਾਂ ਖੇਤਰਾਂ ਵਿੱਚ ਬਾਰਿਸ਼ ਦੀ ਤੀਬਰਤਾ ਬਹੁਤ ਜ਼ਿਆਦਾ ਹੋਣ ਦੀ ਸੰਭਾਵਨਾ ਨਹੀਂ ਹੈ। ਅਲ ਨੀਨੋ ਦੇ ਪੂਰੇ ਦਬਦਬੇ ਬਾਰੇ, ਮਹਾਪਾਤਰਾ ਨੇ ਕਿਹਾ ਕਿ ਸਪੱਸ਼ਟਤਾ ਲਈ ਹੋਰ ਏਜੰਸੀਆਂ ਤੋਂ ਅਪਡੇਟਸ ਦੀ ਉਡੀਕ ਕੀਤੀ ਜਾਣੀ ਚਾਹੀਦੀ ਹੈ। ਅਮਰੀਕੀ ਸਰਕਾਰੀ ਏਜੰਸੀਆਂ ਤੇ IMD ਤੋਂ ਇੱਕ ਹਫ਼ਤੇ ਦੇ ਅੰਦਰ ਆਪਣੇ ਪੂਰਵ ਅਨੁਮਾਨ ਜਾਰੀ ਕਰਨ ਦੀ ਉਮੀਦ ਹੈ।

# ਸਾਕਾ ਨੀਲਾ ਤਾਰਾ ਤੇ 1984 ਦੇ ਸਿੱਖ ਕਤਲੇਆਮ ਦੀਆਂ ਘਟਨਾਵਾਂ ਮੁਆਫ਼ ਨਾ ਕਰਨ ਯੋਗ: ਇਯਾਲੀ

ਕੁਰਾਲੀ, 15 ਜੂਨ (ਚ.ਨ.ਸ): ਅਕਾਲੀ ਦਲ ਵਾਰਿਸ ਪੰਜਾਬ ਦੇ ਆਗੂ ਤੇ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੇ ਕਿਹਾ ਕਿ ਸੁਖਬੀਰ ਬਾਦਲ ਜੇ ਨਿੱਜੀ ਸਵਾਰਥ ਛੱਡ ਦੇਣ ਤਾਂ ਅੱਜ ਵੀ ਸਾਰੀਆਂ ਪੰਥਕ ਧਿਰਾਂ ਇਕੱਠੀਆਂ ਹੋ ਸਕਦੀਆਂ ਹਨ। ਨੇੜਲੇ ਪਿੰਡ ਮੁੰਧੋਂ ਸੰਗਤੀਆਂ 'ਚ ਸਾਕਾ ਨੀਲਾ ਤਾਰਾ ਦੌਰਾਨ ਸ਼ਹੀਦ ਹੋਏ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਅਮਰੀਕ ਸਿੰਘ ਦੀ ਯਾਦ ਵਿੱਚ ਕਰਵਾਏ ਸਮਾਗਮ ਵਿੱਚ ਸ਼ਿਰਕਤ ਕਰਨ ਮਗਰੋਂ ਸ੍ਰੀ ਇਯਾਲੀ ਨੇ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ।



ਸ੍ਰੀ ਇਯਾਲੀ ਨੇ ਕਿਹਾ ਕਿ ਪੰਜਾਬ ਅੱਜ ਜਿਹੜੇ ਹਾਲਾਤ ਵਿੱਚੋਂ ਪੰਥ ਲੰਘ ਰਿਹਾ ਹੈ, ਉਨ੍ਹਾਂ ਵਿੱਚ ਪੰਥਕ ਧਿਰਾਂ ਦਾ ਇਕਜੁੱਟ ਹੋਣਾ ਵੱਡੀ ਲੋੜ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਵਾਰਿਸ ਪੰਜਾਬ ਦੇ ਪੰਥ ਦੀਆਂ ਭਾਵਨਾਵਾਂ ਅਨੁਸਾਰ ਕੰਮ ਕਰ ਰਿਹਾ ਹੈ। ਇਸ ਕਾਰਨ ਹੀ ਇਸ ਪੰਥਕ ਧਿਰ ਦਾ ਕਾਫ਼ਲਾ ਲਗਾਤਾਰ ਵੱਡਾ ਹੁੰਦਾ ਜਾ ਰਿਹਾ ਹੈ। ਚੋਣਾਂ ਨੇੜੇ ਆਉਣ ਨਾਲ ਇਹ ਕਾਫ਼ਲਾ ਹੋਰ ਵੀ ਵੱਡਾ ਹੋ ਕੇ ਉਭਰੇਗਾ। ਉਨ੍ਹਾਂ ਕਿਹਾ ਕਿ ਸਾਕਾ ਨੀਲਾ ਤਾਰਾ ਸ੍ਰੀ ਦਰਬਾਰ ਸਾਹਿਬ ਜਾਂ ਅਕਾਲ ਤਖ਼ਤ 'ਤੇ ਹੀ ਹਮਲਾ ਨਹੀਂ ਸਗੋਂ ਸਿੱਖਾਂ ਦੀ ਰੂਹ 'ਤੇ ਹਮਲਾ ਸੀ। ਸਾਕਾ ਨੀਲਾ ਤਾਰਾ ਤੇ 1984 ਦੇ ਸਿੱਖ ਕਤਲੇਆਮ ਦੀਆਂ ਘਟਨਾਵਾਂ ਨਾ-ਬਖ਼ਸ਼ਣਯੋਗ ਹਨ। ਬੰਦੀ ਸਿੰਘਾਂ ਰਿਹਾਈ ਤੇ ਭਾਈ ਅੰਮ੍ਰਿਤਪਾਲ ਸਿੰਘ ਨੂੰ ਜੇਲ੍ਹ ਵਿੱਚ ਬੰਦ ਰੱਖਣ ਸਬੰਧੀ ਸ੍ਰੀ ਇਯਾਲੀ ਨੇ ਕਿਹਾ ਕਿ ਦੇਸ਼ ਵਿੱਚ ਸਿੱਖਾਂ ਲਈ ਵੱਖਰਾ ਤੇ ਹੋਰਨਾਂ ਲਈ ਵੱਖਰਾ ਕਾਨੂੰਨ ਹੈ ਜੋ ਕਿ ਵੱਡੀ ਤ੍ਰਾਸਦੀ ਹੈ।

# ਲੋਕਾਂ ਨੂੰ ਘੰਟਾ ਘਰ ਨਹੀਂ, ਸੇਫਟੀ ਚਾਹੀਦੀ ਹੈ: ਮੋਗਾ ਨਿਵਾਸੀ

ਮੋਗਾ, 15 ਜੂਨ (ਨਿਸ਼ੀ ਮਨਚੰਦਾ/ਗੁਰਦੇਵ ਖੁਰਾਣਾ): ਮੋਗਾ ਵਿੱਚ ਰੋਜ਼ ਹੀ



ਕੁਝ ਨਾ ਕੁਝ ਘਟਨਾਵਾਂ ਹੁੰਦੀਆਂ ਰਹਿੰਦੀਆਂ ਹਨ, ਕੁਝ ਦਿਨ ਪਹਿਲਾਂ ਹੀ ਇੱਕ ਇਨਸਾਨ ਡੇਅਰੀ ਤੋਂ ਲੱਸੀ ਲੈਣ ਗਿਆ ਤਾਂ ਲੁਟੇਰੇ ਉਸ ਦੀ ਢਾਈ ਤੋਲੇ ਦੀ ਚੈਨੀ ਲੈ ਕੇ ਫਰਾਰ ਹੋ ਗਏ। ਪ੍ਰੈਸ ਨਾਲ ਗੱਲਬਾਤ ਕਰਦੇ ਹੋਏ ਮੋਗਾ ਦੇ ਲੋਕਾਂ ਦਾ ਕਹਿਣਾ ਹੈ ਕਿ ਸਾਨੂੰ ਮੋਗਾ ਦੇ ਵਿੱਚ ਘੰਟਾ ਘਰ ਦੀ ਲੋੜ ਨਹੀਂ ਹੈ, ਸਾਨੂੰ ਤਾਂ ਸਿਰਫ ਸੇਫਟੀ ਦੀ ਲੋੜ ਹੈ, ਜਿੱਥੇ ਕਿ ਮੋਗਾ ਦੇ ਨੀਵੇਂ ਪੁਲ ਉਤੇ ਘੰਟਾ ਘਰ ਬਣ ਰਿਹਾ ਹੈ, ਉਹ ਨੀਵੇਂ ਪੁਲ ਉਤੇ ਕੋਈ ਵੀ ਲਾਈਟ ਤੱਕ ਨਹੀਂ ਚੱਲਦੀ ਹੈ, ਸਾਰਾ ਨੀਵਾਂ ਪੁਲ ਹਨ੍ਹੇਰੇ ਵਿੱਚ ਛਾਇਆ ਰਹਿੰਦਾ ਹੈ, ਲੋਕਾਂ ਨੇ ਕਿਹਾ ਕਿ ਅਸੀਂ ਮੋਗਾ ਨਿਵਾਸੀਆਂ ਨੇ ਇਹ ਇਹੋ ਜਿਹੇ ਘੰਟਾ ਘਰ ਚੌਂਕ ਤੋਂ ਕੀ ਲੈਣਾ ਹੈ, ਜੇਕਰ ਸਾਡੀ ਸੁਰੱਖਿਆ ਹੀ ਨਾ ਹੋ ਸਕੇ, ਰਾਤ ਨੂੰ ਕੋਈ ਲੇਡੀਜ ਨੀਵੇਂ ਪੁਲ ਤੋਂ ਜਾਨ ਲਈ ਡਰਦੀ ਹੈ ਕਿਉਂਕਿ ਹਨ੍ਹੇਰਾ ਹੋਣ ਕਰਕੇ ਕੋਈ ਵੀ ਸ਼ਰਾਰਤੀ ਅਨਸਰ ਕਿਸੇ ਵੇਲੇ ਵੀ ਕਿਸੇ ਘਟਨਾ ਨੂੰ ਅੰਜਾਮ ਦੇ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਇਹ ਘੰਟਾ ਘਰ ਐਮਐਲਏ ਮੋਗਾ ਅਮਨ ਅਰੋੜਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬਣ ਰਿਹਾ ਹੈ। ਪ੍ਰਸ਼ਾਸਨ ਇੰਨਾ ਸੁਸਤ ਹੈ ਜਾਂ ਫਿਰ ਐਮਐਲਏ ਸਾਹਿਬ ਆਪਣੇ ਕੰਮਾਂ ਵਿੱਚ ਇੰਨੇ ਬਿਜ਼ੀ ਹਨ ਕਿ ਉਨ੍ਹਾਂ ਕੋਲ ਕਿਸੇ ਅਧਿਕਾਰੀ ਨੂੰ ਕਹਿਣ ਦਾ ਸਮਾਂ ਨਹੀਂ ਹੈ।

# ਬ੍ਰਿਟੇਨ 'ਚ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ 'ਤੇ ਲੱਗੇਗੀ ਮੁਕੰਮਲ ਪਾਬੰਦੀ

ਲੰਡਨ, 15 ਜੂਨ (ਚ.ਨ.ਸ): ਬ੍ਰਿਟੇਨ (ਯੂ.ਕੇ.) ਸਰਕਾਰ ਨੇ ਦੇਸ਼ ਦੇ ਉਭਰ ਰਹੇ ਨੌਜਵਾਨਾਂ ਤੇ ਬੱਚਿਆਂ ਨੂੰ ਮਾਨਸਿਕ ਤਣਾਅ ਤੇ ਇੰਟਰਨੈਟ ਦੇ ਮਾਰੂ ਪ੍ਰਭਾਵਾਂ ਤੋਂ ਬਚਾਉਣ ਲਈ ਇੱਕ ਇਤਿਹਾਸਕ ਤੇ ਬੇਹੱਦ ਸਖ਼ਤ ਕਦਮ ਚੁੱਕਣ ਦਾ ਐਲਾਨ ਕੀਤਾ ਹੈ। ਪ੍ਰਧਾਨ ਮੰਤਰੀ ਕੀਰ ਸਟਾਰਮਰ ਦੀ ਅਗਵਾਈ ਵਾਲੀ ਲੇਬਰ ਸਰਕਾਰ ਵੱਲੋਂ ਇਸੇ ਹਫ਼ਤੇ ਇੱਕ ਨਵਾਂ ਕਾਨੂੰਨ ਪੇਸ਼ ਕੀਤਾ ਜਾ ਰਿਹਾ ਹੈ, ਜਿਸ ਤਹਿਤ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਸੋਸ਼ਲ ਮੀਡੀਆ ਦੀ ਵਰਤੋਂ ਕਰਨ 'ਤੇ ਮੁਕੰਮਲ ਪਾਬੰਦੀ ਲਗਾ ਦਿੱਤੀ ਜਾਵੇਗੀ।




ਸਰਕਾਰ ਦੇ ਇਸ ਫੈਸਲੇ ਨਾਲ ਟਿਕਟੌਕ, ਇੰਸਟਾਗ੍ਰਾਮ, ਫੇਸਬੁੱਕ, ਐਕਸ (ਟਵਿੱਟਰ), ਯੂਟਿਊਬ ਤੇ ਸਨੈਪਚੈਟ ਵਰਗੇ ਵੱਡੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਬੱਚਿਆਂ ਦੀ ਪਹੁੰਚ ਬੰਦ ਹੋ ਜਾਵੇਗੀ। ਸਰਕਾਰ ਨੇ ਸਾਫ਼ ਕਰ ਦਿੱਤਾ ਹੈ ਕਿ ਜੇਕਰ ਤਕਨੀਕੀ ਕੰਪਨੀਆਂ (ਬਿਗ ਟੈਕ) ਨੇ ਇਸ ਕਾਨੂੰਨ ਦਾ ਵਿਰੋਧ ਕੀਤਾ ਜਾਂ ਇਸ ਨੂੰ ਲਾਗੂ ਕਰਨ ਵਿੱਚ ਆਨਾਕਾਨੀ ਕੀਤੀ ਤਾਂ ਉਨ੍ਹਾਂ ਖ਼ਿਲਾਫ਼ ਮਿਸਾਲੀ ਤੇ ਭਾਰੀ ਜੁਰਮਾਨੇ ਕੀਤੇ ਜਾਣਗੇ। ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਇਸ ਇਤਿਹਾਸਕ ਫੈਸਲੇ ਦੀ ਪੁਸ਼ਟੀ ਕਰਦਿਆਂ ਇੱਕ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਉਹ ਦੇਸ਼ ਦੇ ਬੱਚਿਆਂ ਦੀ ਸੁਰੱਖਿਆ ਤੇ ਉਨ੍ਹਾਂ ਦੀਆਂ ਖੁਸ਼ੀਆਂ ਨਾਲ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਕਰਨ ਲਈ ਤਿਆਰ ਨਹੀਂ ਹਨ। ਉਨ੍ਹਾਂ ਕਿਹਾ ਕਿ ਇਹ ਫੈਸਲਾ ਦੇਸ਼ ਦੇ ਭਵਿੱਖ ਲਈ ਇੱਕ ਬਹੁਤ ਵੱਡਾ ਤੇ ਅਹਿਮ ਮੋੜ ਸਾਬਤ ਹੋਵੇਗਾ।ਪ੍ਰਧਾਨ ਮੰਤਰੀ ਨੇ ਕਿਹਾ ਕਿ ਅੱਜ ਦੇ ਦੌਰ ਵਿੱਚ ਬੱਚਿਆਂ ਨੂੰ ਇੰਟਰਨੈਟ ਦੇ ਖ਼ਤਰਿਆਂ ਤੋਂ ਸੁਰੱਖਿਅਤ ਰੱਖਣਾ ਮਾਪਿਆਂ ਲਈ ਸਭ ਤੋਂ ਵੱਡੀ ਚੁਣੌਤੀ ਬਣ ਚੁੱਕਾ ਹੈ। ਇਸ ਲਈ ਸਰਕਾਰ ਤਕਨੀਕੀ ਕੰਪਨੀਆਂ ਦੇ ਹਿੱਤਾਂ ਦੀ ਬਜਾਏ ਦੇਸ਼ ਦੇ ਪਰਿਵਾਰਾਂ ਤੇ ਬੱਚਿਆਂ ਦੇ ਨਾਲ ਖੜ੍ਹੀ ਹੈ। ਸਰਕਾਰ ਦਾ ਮੰਨਣਾ ਹੈ ਕਿ ਇਸ ਪਾਬੰਦੀ ਨਾਲ ਬੱਚਿਆਂ ਦਾ ਸਕ੍ਰੀਨ ਟਾਈਮ (ਮੋਬਾਈਲ ਦੇਖਣ ਦਾ ਸਮਾਂ) ਘਟੇਗਾ ਤੇ ਉਨ੍ਹਾਂ ਨੂੰ ਆਪਣਾ ਬਚਪਨ ਮੁੜ ਹੱਸਦਾ-ਖੇਡਦਾ ਬਿਤਾਉਣ ਦਾ ਮੌਕਾ ਮਿਲੇਗਾ।ਯੂ.ਕੇ. ਦੀ ਸੱਭਿਆਚਾਰਕ ਸਕੱਤਰ (ਕਲਚਰ ਸੈਕਟਰੀ) ਲੀਜ਼ਾ ਨੈਂਡੀ ਨੇ ਇਸ ਸਬੰਧੀ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਫੈਸਲਾ ਇੱਕ ਵਿਆਪਕ ਸਰਕਾਰੀ ਸਰਵੇਖਣ ਤੇ ਜਨਤਕ ਸਲਾਹ-ਮਸ਼ਵਰੇ ਤੋਂ ਬਾਅਦ ਲਿਆ ਗਿਆ ਹੈ। ਇਸ ਸਰਵੇਖਣ ਦੌਰਾਨ ਦੇਸ਼ ਭਰ ਵਿੱਚੋਂ ਲਗਭਗ 1 ਲੱਖ 16 ਹਜ਼ਾਰ ਤੋਂ ਵੱਧ ਮਾਪਿਆਂ, ਬੱਚਿਆਂ ਤੇ ਮਾਹਿਰਾਂ ਦੀਆਂ ਰਾਵਾਂ ਲਈਆਂ ਗਈਆਂ ਸਨ।

# ਗ੍ਰੰਥੀ ਨੂੰ ਖ਼ੁਦਕੁਸ਼ੀ ਲਈ ਮਜਬੂਰ ਕਰਨ ਦੇ ਦੋਸ਼ ਹੇਠ 6 ਗ੍ਰੰਥੀ ਸਿੰਘ ਗ੍ਰਿਫ਼ਤਾਰ

ਮਾਹਿਲਪੁਰ/ਹੁਸ਼ਿਆਰਪੁਰ, 15 ਜੂਨ (ਚ.ਨ.ਸ): ਹੁਸ਼ਿਆਰਪੁਰ ਜ਼ਿਲ੍ਹੇ ਦੇ ਮਾਹਿਲਪੁਰ ਇਲਾਕੇ ਦੇ ਪਿੰਡ ਕਿਤਨਾ ਦੇ ਨਜ਼ਦੀਕ ਇੱਕ ਗੁਰਦੁਆਰਾ ਸਾਹਿਬ ਵਿੱਚ ਸੇਵਾ ਨਿਭਾ ਰਹੇ 28 ਸਾਲਾ ਨੌਜਵਾਨ ਗ੍ਰੰਥੀ ਸਿੰਘ ਵੱਲੋਂ ਮਾਨਸਿਕ ਪ੍ਰੇਸ਼ਾਨੀ ਤੇ ਧਮਕੀਆਂ ਤੋਂ ਤੰਗ ਆ ਕੇ ਖ਼ੁਦਕੁਸ਼ੀ ਕਰਨ ਦਾ ਬੇਹੱਦ ਮੰਦਭਾਗਾ ਮਾਮਲਾ ਸਾਹਮਣੇ ਆਇਆ ਹੈ। ਧਾਰਮਿਕ ਸੇਵਾਵਾਂ ਤੋਂ ਹੋਣ ਵਾਲੀ ਕਮਾਈ ਦੀ ਵੰਡ ਤੇ ਹੋਰ ਵਿਵਾਦਾਂ ਨੂੰ ਲੈ ਕੇ ਸਾਥੀ ਗ੍ਰੰਥੀ ਸਿੰਘਾਂ ਵੱਲੋਂ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕੀਤੇ ਜਾਣ ਕਾਰਨ ਨੌਜਵਾਨ ਨੇ ਕੋਈ ਜ਼ਹਿਰੀਲੀ ਚੀਜ਼ ਨਿਗਲ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲਈ। ਇਸ ਮਾਮਲੇ ਵਿੱਚ ਕਾਰਵਾਈ ਕਰਦਿਆਂ ਮਾਹਿਲਪੁਰ ਪੁਲਿਸ ਨੇ 6 ਗ੍ਰੰਥੀ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਤੇ 3 ਤੋਂ 4 ਹੋਰ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਖ਼ੁਦਕੁਸ਼ੀ ਲਈ ਉਕਸਾਉਣ ਤੇ ਅਪਰਾਧਿਕ ਸਾਜ਼ਿਸ਼ ਰਚਣ ਦੇ ਦੋਸ਼ਾਂ ਤਹਿਤ ਮੁਕੱਦਮਾ ਦਰਜ ਕੀਤਾ ਹੈ। ਪੁਲਿਸ ਅਧਿਕਾਰੀਆਂ ਵੱਲੋਂ ਮਿਲੀ ਜਾਣਕਾਰੀ ਅਨੁਸਾਰ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਸਤਿੰਦਰ ਸਿੰਘ, ਰਾਜਵੰਤ ਸਿੰਘ, ਪਰਗਟ ਸਿੰਘ,



ਗੁਰਜੰਟ ਸਿੰਘ, ਤਸਵੀਰ ਸਿੰਘ ਤੇ ਮੇਹਰ ਸਿੰਘ ਵਜੋਂ ਹੋਈ ਹੈ। ਇਹ ਸਾਰੇ ਮੁਲਜ਼ਮ ਹੁਸ਼ਿਆਰਪੁਰ ਤੇ ਇਸ ਦੇ ਆਸ-ਪਾਸ ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਨਾਲ ਜੁੜੇ ਹੋਏ ਹਨ। ਇਨ੍ਹਾਂ ਵਿੱਚੋਂ ਮੁਲਜ਼ਮ ਸਤਿੰਦਰ ਸਿੰਘ ਉੱਤਰ ਪ੍ਰਦੇਸ਼ ਦੇ ਮੁਰਾਦਾਬਾਦ ਦਾ ਰਹਿਣ ਵਾਲਾ ਹੈ, ਜਦੋਂ ਕਿ ਬਾਕੀ ਪੰਜੇ ਮੁਲਜ਼ਮ ਲੁਧਿਆਣਾ ਇਲਾਕੇ ਨਾਲ ਸਬੰਧਤ ਦੱਸੇ ਜਾ ਰਹੇ ਹਨ।ਮ੍ਰਿਤਕ ਨੌਜਵਾਨ ਦੀ ਪਛਾਣ ਜਸਪਾਲ ਸਿੰਘ (28) ਵਜੋਂ ਹੋਈ ਹੈ, ਜੋ ਪਿੰਡ ਕਿਤਨਾ ਦੇ ਨੇੜੇ ਸਥਿਤ ਗੁਰਦੁਆਰਾ ਸਾਹਿਬ ਵਿਖੇ ਆਪਣੀ ਪਤਨੀ ਨਾਲ ਰਹਿ ਰਿਹਾ ਸੀ ਤੇ ਉਥੇ ਧਾਰਮਿਕ ਸੇਵਾਵਾਂ ਨਿਭਾਉਂਦਾ ਸੀ। ਪੁਲਿਸ ਕੋਲ ਦਰਜ ਕਰਵਾਈ ਸ਼ਿਕਾਇਤ ਵਿੱਚ ਮ੍ਰਿਤਕ ਦੇ ਪਿਤਾ ਜਗਦੀਸ਼ ਸਿੰਘ (ਜੋ ਖ਼ੁਦ ਵੀ ਗ੍ਰੰਥੀ ਹਨ) ਨੇ ਦੱਸਿਆ ਕਿ ਉਹ ਕਰੀਬ ਛੇ ਮਹੀਨੇ ਪਹਿਲਾਂ ਸਤਿੰਦਰ ਸਿੰਘ ਦੇ ਕਹਿਣ 'ਤੇ ਉਤਰ ਪ੍ਰਦੇਸ਼ ਤੋਂ ਪੰਜਾਬ ਦੇ ਪੱਡੀ ਸੂਰਾ ਸਿੰਘ ਇਲਾਕੇ ਵਿੱਚ ਆਏ ਸਨ ਤੇ ਗੁਰਦੁਆਰਾ ਕੁਟੀਆ ਸਾਹਿਬ ਵਿਖੇ ਸੇਵਾ ਸ਼ੁਰੂ ਕੀਤੀ ਸੀ। ਇਸ ਦੁਖਦਾਈ ਘਟਨਾ ਕਾਰਨ ਇਲਾਕੇ ਦੇ ਧਾਰਮਿਕ ਤੇ ਸਮਾਜਿਕ ਹਲਕਿਆਂ ਵਿੱਚ ਕਾਫ਼ੀ ਸੋਗ ਤੇ ਰੋਸ ਪਾਇਆ ਜਾ ਰਿਹਾ ਹੈ।

# ਸੂਰਜ ਕੁਮਾਰ ਪੀ.ਸੀ.ਐਸ. ਨੇ ਐਸ.ਡੀ.ਐਮ. ਸਬ-ਡਵੀਜ਼ਨ ਜ਼ੀਰਾ ਦਾ ਅਹੁਦਾ ਸੰਭਾਲਿਆ

ਜ਼ੀਰਾ, 15 ਜੂਨ (ਦੀਪਕ ਭਾਰਗੋ): ਸਮੇਂ-ਸਮੇਂ ਸਿਰ ਸਰਕਾਰ ਵੱਲੋਂ ਅਧਿਕਾਰੀਆਂ ਦੀਆਂ ਬਦਲੀਆਂ ਕਰਕੇ ਅਲੱਗ-ਅਲੱਗ ਜਗ੍ਹਾ 'ਤੇ ਕੀਤੀਆਂ ਜਾਂਦੀਆਂ ਹਨ ਤਾਂ ਜੋ ਉਥੋਂ ਦੇ ਸਿਸਟਮ ਵਿੱਚ ਆ ਰਹੀਆਂ ਕੁਤਾਹੀਆਂ ਨੂੰ ਠੀਕ ਕੀਤਾ ਜਾਵੇ, ਕੰਮਕਾਰ ਸਹੀ ਢੰਗ ਨਾਲ ਕੀਤਾ ਜਾ ਸਕੇ, ਇਸੇ ਤਰ੍ਹਾਂ ਜ਼ੀਰਾ ਸਬ-ਡਵੀਜ਼ਨ ਵਿੱਚ ਇੱਕ ਵਾਰ ਫਿਰ ਐਸਡੀਐਮ ਲਕਸ਼ਮਣ ਸਿੰਘ ਦੀ ਜਗ੍ਹਾ ਐਸਡੀਐਮ ਸੂਰਜ ਕੁਮਾਰ ਪੀਸੀਐਸ ਜੋ ਮੋਗਾ ਵਿੱਚ ਤੈਨਾਤ ਸਨ, ਉਨ੍ਹਾਂ ਨੂੰ ਜ਼ੀਰਾ ਵਿੱਚ ਤੈਨਾਤ ਕੀਤਾ ਗਿਆ। ਜਿਨ੍ਹਾਂ ਨੇ ਸੋਮਵਾਰ 15 ਤਰੀਕ ਨੂੰ ਆਪਣੀ ਜ਼ਿੰਮੇਵਾਰ ਕੁਰਸੀ 'ਤੇ ਬੈਠ ਕੇ ਉਸ ਦੀ ਸ਼ੋਭਾ ਵਧਾਈ। ਇਸ ਦੌਰਾਨ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਮੈਨੂੰ ਪਹਿਲਾਂ ਵੀ ਕੁੱਝ ਸਮਾਂ ਜ਼ੀਰਾ ਹਲਕਾ ਵਿੱਚ ਕੰਮ ਕਰਨ ਦਾ ਮੌਕਾ ਮਿਲਿਆ ਤੇ ਮੈਂ ਦੇਖਿਆ ਕਿ ਇਥੋਂ ਦੇ



ਲੋਕ ਬਹੁਤ ਹੀ ਵਧੀਆ ਇਨਸਾਨ ਹਨ ਤੇ ਮੈਂ ਆਸ ਕਰਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਮੈਨੂੰ ਇਨ੍ਹਾਂ ਦਾ ਤੇ ਸ਼ਹਿਰ ਦੀਆਂ ਸੰਸਥਾਵਾਂ ਦਾ ਪੂਰਾ ਸਾਥ ਮਿਲੇਗਾ ਤੇ ਕਿਸੇ ਵੀ ਤਰ੍ਹਾਂ ਦੀ ਜੇ ਕੋਈ ਕੰਮ ਵਿੱਚ ਕੁਤਾਹੀ ਵਰਤੀ ਜਾਂਦੀ ਹੈ, ਕਿਸੇ ਵੀ ਵਿਭਾਗ ਵੱਲੋਂ ਉਸ ਦੀ ਸਿੱਧੀ ਸ਼ਿਕਾਇਤ ਮੇਰੇ ਤੱਕ ਕੀਤੀ ਜਾਵੇਗੀ ਤੇ ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਹਰ ਇੱਕ ਉਸ ਮਜਬੂਰ ਵਿਅਕਤੀ ਦੀ ਗੱਲ ਸੁਣੀ ਜਾਵੇਗੀ, ਜਿਸ ਨੂੰ ਦਫਤਰਾਂ ਵਿੱਚ ਕਈ ਵਾਰ ਚੱਕਰ ਕੱਟਣੇ ਪੈਂਦੇ ਹਨ। ਇਸ ਮੌਕੇ ਸਟਾਫ ਵੱਲੋਂ ਉਨ੍ਹਾਂ ਨੂੰ ਫੁੱਲਾਂ ਦਾ ਗੁਲਦਸਤਾ ਦੇ ਕੇ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਵਿਨੋਦ ਕੁਮਾਰ ਤਹਿਸੀਲਦਾਰ ਜ਼ੀਰਾ, ਪਰਮਪਾਲ ਸਿੰਘ ਨਾਇਬ ਤਹਿਸੀਲਦਾਰ ਮੱਖੂ, ਜੁਗਰਾਜ ਸਿੰਘ ਸੁਪਰਡੈਂਟ, ਸੰਦੀਪ ਗੋਇਲ ਸੀਨੀਅਰ ਸਹਾਇਕ, ਰੋਬਿਨ ਸਚਦੇਵਾ, ਗੁਰਜੀਤ ਸਿੰਘ ਅਹਿਲਮਦ ਗੀਤਾ ਸਟੈਨੋ, ਮਨਦੀਪ ਕੌਰ ਕਲਰਕ ਆਦਿ ਹਾਜ਼ਰ ਸਨ।

# ਡਾ. ਪਰਮਿੰਦਰ ਸਿੰਘ ਧੰਜੂ ਨੇ ਫਾਜ਼ਿਲਕਾ ਵਿਖੇ ਬਲਾਕ ਖੇਤੀ ਅਫ਼ਸਰ ਵਜੋਂ ਅਹੁਦਾ ਸੰਭਾਲਿਆ

ਫਾਜ਼ਿਲਕਾ, 15 ਜੂਨ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਡਾ. ਪਰਮਿੰਦਰ ਸਿੰਘ ਧੰਜੂ ਨੇ ਫਾਜ਼ਿਲਕਾ ਵਿਖੇ ਬਲਾਕ ਖੇਤੀ ਅਫ਼ਸਰ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ। ਅਹੁਦਾ



ਸੰਭਾਲਣ ਮੌਕੇ ਫਾਜ਼ਿਲਕਾ ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫ਼ਸਰ ਡਾ. ਹਰਬੰਸ ਸਿੰਘ ਸਿੱਧੂ, ਜ਼ਿਲ੍ਹਾ ਮੰਡੀ ਅਫ਼ਸਰ ਸਲੋਧ ਬਿਸ਼ਨੋਈ ਤੇ ਅਦਾਰਾ ਚੜ੍ਹਦੀਕਲਾ ਦੇ ਸਟਾਫ ਰਿਪੋਰਟਰ ਬਖਸ਼ੀਸ਼ ਸਿੰਘ (ਹੈਪੀ) ਵੱਲੋਂ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਉਨ੍ਹਾਂ ਨੂੰ ਵਧਾਈ ਦਿੱਤੀ ਗਈ। ਇਸ ਮੌਕੇ ਬਲਾਕ ਫਾਜ਼ਿਲਕਾ ਦੇ ਸਮੂਹ ਸਟਾਫ ਨੇ ਵੀ ਉਨ੍ਹਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ। ਅਹੁਦਾ ਸੰਭਾਲਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਪਰਮਿੰਦਰ ਸਿੰਘ ਧੰਜੂ ਨੇ ਕਿਹਾ ਕਿ ਉਹ ਫਾਜ਼ਿਲਕਾ ਖੇਤਰ ਦੇ ਕਿਸਾਨਾਂ ਦੀ ਭਲਾਈ ਤੇ ਖੇਤੀਬਾੜੀ ਦੇ ਸਰਬਪੱਖੀ ਵਿਕਾਸ ਲਈ ਪੂਰੀ ਨਿਸ਼ਠਾ ਤੇ ਇਮਾਨਦਾਰੀ ਨਾਲ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਖੇਤੀ ਸਬੰਧੀ ਆਉਣ ਵਾਲੀਆਂ ਮੁਸ਼ਕਿਲਾਂ ਦੇ ਹੱਲ ਦੇ ਨਾਲ-ਨਾਲ ਆਧੁਨਿਕ ਖੇਤੀ ਤਕਨੀਕਾਂ ਬਾਰੇ ਜਾਣੂੰ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਕਿਸਾਨ ਭਲਾਈ ਸਕੀਮਾਂ ਬਾਰੇ ਵੱਧ ਤੋਂ ਵੱਧ ਜਾਗਰੂਕਤਾ ਫੈਲਾਈ ਜਾਵੇਗੀ ਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਇਨ੍ਹਾਂ ਸਕੀਮਾਂ ਦਾ ਲਾਭ ਹਰ ਕਿਸਾਨ ਤੱਕ ਪਹੁੰਚੇ। ਇਸ ਤੋਂ ਇਲਾਵਾ ਕਿਸਾਨਾਂ ਨੂੰ ਹਵਾ, ਪਾਣੀ ਤੇ ਮਿੱਟੀ ਦੀ ਸੰਭਾਲ ਲਈ ਪ੍ਰੇਰਿਤ ਕੀਤਾ ਜਾਵੇਗਾ ਤੇ ਮਿਆਰੀ ਖਾਦ, ਬੀਜ ਤੇ ਕੀੜੇਮਾਰ ਦਵਾਈਆਂ ਦੀ ਉਪਲਬਧਤਾ ਯਕੀਨੀ ਬਣਾਉਣ ਲਈ ਯਤਨ ਕੀਤੇ ਜਾਣਗੇ। ਡਾ. ਧੰਜੂ ਨੇ ਕਿਹਾ ਕਿ ਆਧੁਨਿਕ ਖੇਤੀ ਤਕਨੀਕਾਂ ਨੂੰ ਪ੍ਰੋਤਸਾਹਿਤ ਕਰਨਾ, ਪਾਣੀ ਦੀ ਬੱਚਤ ਸਬੰਧੀ ਸੁਝਾਵਾਂ ਨੂੰ ਲਾਗੂ ਕਰਨਾ ਤੇ ਕਿਸਾਨਾਂ ਨੂੰ ਸਰਕਾਰੀ ਯੋਜਨਾਵਾਂ ਦਾ ਵੱਧ ਤੋਂ ਵੱਧ ਲਾਭ ਪਹੁੰਚਾਉਣਾ ਉਨ੍ਹਾਂ ਦੀ ਪਹਿਲੀ ਪ੍ਰਾਥਮਿਕਤਾ ਰਹੇਗੀ। ਉਨ੍ਹਾਂ ਕਿਹਾ ਕਿ ਵਿਭਾਗ ਦੀਆਂ ਵੱਖ-ਵੱਖ ਯੋਜਨਾਵਾਂ ਨੂੰ ਜ਼ਮੀਨੀ ਪੱਧਰ ਤੱਕ ਪਹੁੰਚਾਇਆ ਜਾਵੇਗਾ ਤਾਂ ਜੋ ਕਿਸਾਨ ਨਵੀਂ ਤਕਨਾਲੋਜੀ ਤੇ ਉਚ ਗੁਣਵੱਤਾ ਵਾਲੇ ਬੀਜਾਂ ਦੀ ਵਰਤੋਂ ਕਰਕੇ ਆਪਣੀ ਪੈਦਾਵਾਰ ਵਿੱਚ ਵਾਧਾ ਕਰ ਸਕਣ। ਉਨ੍ਹਾਂ ਭਰੋਸਾ ਦਿਵਾਇਆ ਕਿ ਖੇਤੀਬਾੜੀ ਨਾਲ ਜੁੜੀਆਂ ਸਮੱਸਿਆਵਾਂ ਦਾ ਤੁਰੰਤ ਹੱਲ ਯਕੀਨੀ ਬਣਾਇਆ ਜਾਵੇਗਾ ਤੇ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਲਈ ਹਰ ਸੰਭਵ ਯਤਨ ਕੀਤੇ ਜਾਣਗੇ।

# ਵਿਧਾਇਕ ਰਾਏ ਨੇ ਮਾਵਾਂ-ਧੀਆਂ ਸਤਿਕਾਰ ਯੋਜਨਾ ਦੀ ਰਜਿਸਟ੍ਰੇਸ਼ਨ ਦੀ ਸ਼ੁਰੂਆਤ ਕਰਵਾਈ



ਸ੍ਰੀ ਫਤਿਹਗੜ੍ਹ ਸਾਹਿਬ, 15 ਜੂਨ (ਹਰਪ੍ਰੀਤ ਕੌਰ ਟਿਵਾਣਾ): ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ ਮਹਿਲਾਵਾਂ ਦੀ ਆਰਥਿਕ ਸਥਿਤੀ ਨੂੰ ਮਜ਼ਬੂਤ ਕਰਨ ਤੇ ਉਨ੍ਹਾਂ ਨੂੰ ਸਮਾਜਿਕ ਤੇ ਆਰਥਿਕ ਤੌਰ 'ਤੇ ਸਸ਼ਕਤ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਸਾਬਤ ਹੋਵੇਗੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਐਡ. ਲਖਬੀਰ ਸਿੰਘ ਰਾਏ ਨੇ ਪਿੰਡ ਰੁੜਕੀ ਤੇ ਚਨਾਰਥਲ ਕਲਾਂ ਵਿਖੇ ਮਾਵਾਂ ਧੀਆਂ ਸਤਿਕਾਰ ਯੋਜਨਾ ਦੀ ਰਜਿਸਟ੍ਰੇਸ਼ਨ ਦੀ ਸ਼ੁਰੂਆਤ ਕਰਵਾਉਣ ਮੌਕੇ ਕੀਤਾ। ਵਿਧਾਇਕ ਰਾਏ ਨੇ ਮੌਕੇ 'ਤੇ ਮਹਿਲਾਵਾਂ ਤੇ ਲੜਕੀਆਂ ਨੂੰ ਯੋਜਨਾ ਦੇ ਉਦੇਸ਼, ਯੋਗਤਾ ਸ਼ਰਤਾਂ, ਲੋੜੀਂਦੇ ਦਸਤਾਵੇਜ਼ਾਂ ਤੇ ਰਜਿਸਟ੍ਰੇਸ਼ਨ ਪ੍ਰਕਿਰਿਆ ਸਬੰਧੀ ਜਾਣੂੰ ਕਰਵਾਇਆ। ਉਨ੍ਹਾਂ ਦੱਸਿਆ ਕਿ ਯੋਜਨਾ ਅਧੀਨ 18 ਸਾਲ ਤੋਂ ਵੱਧ ਉਮਰ ਦੀਆਂ ਯੋਗ ਮਹਿਲਾਵਾਂ ਤੇ ਲੜਕੀਆਂ ਨੂੰ ਸਿੱਧੀ ਆਰਥਿਕ ਸਹਾਇਤਾ ਜੁਲਾਈ ਮਹੀਨੇ ਤੋਂ ਮਿਲੇਗੀ, ਜਿਸ ਤਹਿਤ ਅਨੁਸੂਚਿਤ ਜਾਤੀ (ਐਸ.ਸੀ.) ਵਰਗ ਦੀਆਂ ਮਹਿਲਾਵਾਂ ਨੂੰ 1500 ਰੁਪਏ ਪ੍ਰਤੀ ਮਹੀਨਾ ਤੇ ਜਨਰਲ ਵਰਗ ਦੀਆਂ ਮਹਿਲਾਵਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਦੀ ਵਿੱਤੀ ਸਹਾਇਤਾ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਸਿੱਧੇ ਜਮ੍ਹਾਂ ਕਰਵਾਈ ਜਾਵੇਗੀ। ਇਸ ਮੌਕੇ ਕੋਮਲਪ੍ਰੀਤ ਕੌਰ, ਸੀ.ਡੀ.ਪੀ.ਓ. ਸਰਹਿੰਦ, ਸਰਕਲ ਸੁਪਰਵਾਈਜ਼ਰ, ਆਂਗਨਵਾੜੀ ਵਰਕਰ, ਆਂਗਨਵਾੜੀ ਹੈਲਪਰ, ਪਿੰਡ ਦੇ ਸਰਪੰਚ, ਪੰਚ, ਪਿੰਡ ਦੀਆਂ ਸਤਿਕਾਰ ਸਖੀਆਂ ਤੇ ਲਾਭਪਾਤਰੀ ਹਾਜ਼ਰ ਸਨ।

# ਮੋਗਾ 'ਚ ਸ਼ਰੇਆਮ ਵਿਕ ਰਿਹੈ ਮੈਡੀਕਲ ਨਸ਼ਾ, ਅਧਿਕਾਰੀ ਚੁੱਪ

ਮੋਗਾ, 15 ਜੂਨ (ਨਿਸ਼ੀ ਮਨਚੰਦਾ/ਗੁਰਦੇਵ ਖੁਰਾਣਾ): ਮੋਗਾ ਵਿੱਚ ਸ਼ਰੇਆਮ ਮੈਡੀਕਲ ਸਟੋਰਾਂ 'ਤੇ ਮੈਡੀਕਲ ਨਸ਼ਾ ਵਿਕ ਰਿਹਾ ਹੈ ਪਰ ਸੋਚਣ ਦੀ ਗੱਲ ਇਹ ਹੈ ਕਿ ਅਧਿਕਾਰੀ ਖਾਮੋਸ਼



ਬੈਠੇ ਹਨ, ਕਿਉਂਕਿ ਅਧਿਕਾਰੀ ਆਪਣੀ ਜੇਬ ਪੂਰੀ ਕਰ ਰਹੇ ਹਨ, ਪ੍ਰੈਸ ਨਾਲ ਗੱਲਬਾਤ ਕਰਦੇ ਹੋਏ ਕੁਝ ਲੋਕਾਂ ਦਾ ਕਹਿਣਾ ਹੈ ਬਹੁਤ ਮੈਡੀਕਲ ਸਟੋਰ ਉਤੇ ਨਸ਼ਾ ਵਿਕ ਰਿਹਾ ਹੈ, ਜ਼ਿਆਦਾਤਰ ਨਸ਼ਾ ਮੋਗਾ ਤੇ ਸਿਵਲ ਹਸਪਤਾਲ ਦੇ ਸਾਹਮਣੇ ਵਿਕ ਰਿਹਾ ਹੈ, ਜਦੋਂ ਅਸੀਂ ਸਿਵਲ ਹਸਪਤਾਲ ਦੇ ਸਾਹਮਣੇ ਕੁਝ ਮੈਡੀਕਲ ਸਟੋਰਾਂ ਦੇ ਮਾਲਕਾ ਨਾਲ ਗੱਲਬਾਤ ਕਰਨੀ ਚਾਹੀ ਤਾਂ ਉਨ੍ਹਾਂ ਦਾ ਕਹਿਣਾ ਹੈ ਕਿ ਅਸੀਂ ਪਰਚੀ ਉੱਤੇ ਦਵਾਈ ਦੇ ਰਹੇ ਹਾਂ, ਜਦ ਕਿ ਪਰਚੀ ਦੇ ਨਾਂ ਉਤੇ ਉਹ ਨਸ਼ਾ ਵੇਚ ਰਹੇ ਹਨ, ਜੋ ਕਿ ਲਗਾਤਾਰ ਪਿਛਲੇ ਲੰਬੇ ਸਮੇਂ ਤੋਂ ਚੱਲ ਰਿਹਾ ਹੈ, ਹੈਰਾਨ ਯੋਗ ਗੱਲ ਇਹ ਹੈ ਕਿ ਕੁਝ ਟਾਈਮ ਬਾਅਦ ਡਰੱਗ ਇੰਸਪੈਕਟਰ ਦੁਕਾਨ ਦੀ ਚੈਕਿੰਗ ਕਰਦੇ ਹਨ, ਇਨ੍ਹਾਂ ਲੋਕਾਂ ਨੂੰ ਡਰੱਗ ਇੰਸਪੈਕਟਰ ਦੇ ਆਉਣ ਤੋਂ ਪਹਿਲਾਂ ਹੀ ਫੋਨ ਆ ਜਾਂਦਾ ਹੈ, ਜਿਸ ਨਾਲ ਹੀ ਆਪਣੀਆਂ ਨਸ਼ੇ ਦੀਆਂ ਦਵਾਈਆਂ ਸਾਈਡ 'ਤੇ ਕਰ ਦਿੰਦੇ ਹਨ ਤੇ ਦੁਕਾਨਾਂ ਚੈਕ ਕਰਨਾ ਵੀ ਇੱਕ ਡਰਾਮਾ ਹੈ ਕਿਉਂਕਿ ਸਾਰੇ ਅਧਿਕਾਰੀ ਤੇ ਮੈਡੀਕਲ ਸਟੋਰ ਵਾਲੇ ਰਲੇ ਹੋਏ ਹਨ, ਕੀ ਹੁਣ ਡਰੱਗ ਇੰਸਪੈਕਟਰ ਵੀ ਸੁੱਤੇ ਹੋਏ ਹਨ, ਕੀ ਸਿਵਲ ਹਸਪਤਾਲ ਦੇ ਸਾਹਮਣੇ ਪਰਚੀ ਦੇ ਨਾਮ ਉਤੇ ਸ਼ਰੇਆਮ ਨਸ਼ਾ ਵਿਕ ਰਿਹਾ ਹੈ, ਇਹ ਇੱਕ ਸਵਾਲੀਆ ਚਿੰਨ੍ਹ ਹੈ ਤੇ ਅਧਿਕਾਰੀ ਕੁੰਭਕਰਨ ਦੀ ਨੀਂਦ ਸੁੱਤੇ ਪਏ ਹਨ ਜਾਂ ਇਨ੍ਹਾਂ ਨੂੰ ਕੋਈ ਲਾਲਚ ਹੈ ਜੋ ਇਹ ਕੋਈ ਕਾਰਵਾਈ ਨਹੀਂ ਕਰ ਰਹੇ ਹਨ।

# ਸ੍ਰੀ ਧਿਆਨਪੁਰ ਧਾਮ ਦੇ ਸ੍ਰੀ ਗੋਪਾਲ ਦਾਸ ਮਹਾਰਾਜ ਵੱਲੋਂ 17ਵੇਂ ਮੂਰਤੀ ਸਥਾਪਨਾ ਸਮਾਗਮ 'ਚ ਸ਼ਿਰਕਤ

ਮੰਡੀ ਗੋਬਿੰਦਗੜ੍ਹ, 15 ਜੂਨ (ਰੂਪਲ ਸੂਦ): ਸ੍ਰੀ ਬਾਵਾ ਲਾਲ ਦਿਆਲ ਟਰੱਸਟ ਦੁਆਰਾ ਲਾਲ ਦੁਆਰ ਸਤਿਸੰਗ ਭਵਨ ਤੇ ਧਰਮਸ਼ਾਲਾ ਗੁਰੂ ਨਾਨਕ ਵਿਖੇ 17ਵੇਂ ਮੂਰਤੀ ਸਥਾਪਨਾ ਦਿਵਸ ਮੌਕੇ ਸ੍ਰੀ 1008 ਯੋਗੀਰਾਜ ਬਾਵਾ ਲਾਲ ਦਿਆਲ ਮਹਾਰਾਜ, ਮਹਾਂਮੰਡਲੇਸ਼ਵਰ ਸ੍ਰੀ ਗੋਪਾਲ ਦਾਸ ਮਹਾਰਾਜ ਦੇ ਆਸ਼ੀਰਵਾਦ ਨਾਲ ਸ੍ਰੀ ਧਿਆਨਪੁਰ ਧਾਮ ਦੇ ਮੌਜੂਦਾ ਗੱਦੀਨਸ਼ੀਨ ਦੇਵਚਾਰਿਆ, ਸੀ 1008 ਸ੍ਰੀ ਰਾਮ ਸੁੰਦਰ ਦਾਸ ਮਹਾਰਾਜ ਦੀ ਮੌਜੂਦਗੀ ਵਿੱਚ ਹਜ਼ਾਰਾਂ ਸ਼ਰਧਾਲੂਆਂ ਨੂੰ ਆਸ਼ੀਰਵਾਦ ਦਿੱਤਾ। ਇਸ ਮੌਕੇ ਮੁੱਖ-ਮਹਿਮਾਨ ਉਦਯੋਗਪਤੀ ਸ਼ਰਨ ਦਾਸ ਮਿੱਤਲ ਤੇ ਸ੍ਰੀ ਹਰੀ ਕਥਾ ਸੰਮਤੀ ਦੇ ਅਧਿਕਾਰੀਆਂ ਨੇ ਮੰਦਰ ਦੇ ਪੁਜਾਰੀ ਪੰਡਤ ਸ੍ਰੀ ਕਾਂਤ ਭਾਰਦਵਾਜ ਦੁਆਰਾ ਪੂਜਾ ਕਰਵਾਈ ਤੇ ਸੰਕੀਰਤਨ ਸ਼ੁਰੂ ਕਰਵਾਇਆ। ਟਰੱਸਟ ਦੇ ਪ੍ਰਧਾਨ ਦਰਸ਼ਨ ਲਾਲ ਭਾਟੀਆ ਤੇ ਕਾਰਜਕਾਰੀ ਮੈਂਬਰਾਂ ਨੇ ਸ੍ਰੀ ਧਿਆਨਪੁਰ ਧਾਮ ਦੇ ਸ੍ਰੀ ਗੋਪਾਲ ਦਾਸ ਮਹਾਰਾਜ ਦਾ ਤਿਲਕ ਲਗਾ ਕੇ ਤੇ ਹਾਰ ਪਾ ਕੇ ਸਵਾਗਤ ਕੀਤਾ। ਇਸ ਮੌਕੇ ਪੰਜਾਬ, ਹਰਿਆਣਾ, ਹਿਮਾਚਲ ਤੇ ਚੰਡੀਗੜ੍ਹ ਤੋਂ ਹਜ਼ਾਰਾਂ ਸ਼ਰਧਾਲੂ ਸ਼ਾਮਲ



ਹੋਏ। ਸ੍ਰੀ ਬਾਵਾ ਲਾਲ ਦਿਆਲ ਸੰਕੀਰਤਨ ਮੰਡਲ ਦੀ ਊਸ਼ਾ ਕਵਾਤਰਾ, ਮੀਨੂੰ ਅਰੋੜਾ, ਪ੍ਰਿਆ ਕੁਮਾਰ, ਵਿਕਾਸ ਅਰੋੜਾ, ਸੁਮੇਧਾ ਅਰੋੜਾ ਤੇ ਦਵਿੰਦਰ ਸਚਦੇਵਾ ਨੇ ਭੇਟਾਂ ਦਾ ਗੁਣਗਾਨ ਕੀਤਾ। ਗੁਰੂ ਮਹਾਰਾਜ ਨੇ ਸ਼ਰਧਾਲੂਆਂ ਨੂੰ ਪ੍ਰਸਾਦ ਵੰਡਿਆ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਸਾਈਂ ਕੇ ਦੀਵਾਨੇ ਕਲੱਬ ਨੇ ਜਨਤਕ ਨਿਯੰਤਰਣ ਪ੍ਰਬੰਧਾਂ ਨੂੰ ਸੰਭਾਲਿਆ। ਜੋੜਿਆਂ ਦੀ ਸੇਵਾ ਸ੍ਰੀ ਨੈਣਾ ਦੇਵੀ ਸੇਵਾ ਸੰਮਤੀ ਵੱਲੋਂ ਕੀਤੀ ਗਈ। ਵਿਜੇ ਭਾਰਤੀ, ਅਨਿਲ ਭਾਟੀਆ ਬੰਟੀ ਤੇ ਬਲਦੇਵ ਕ੍ਰਿਸ਼ਨ ਗੋਗਾ ਸਰਹਿੰਦ ਵੱਲੋਂ ਲੰਗਰ ਦਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਸਿੰਘਾਪੁਰ ਤੋਂ ਪਵਨ ਸ਼ਰਮਾ, ਡਾ. ਮਨਮੋਹਨ ਕੌਸ਼ਲ, ਸੁਰੇਸ਼ ਗੁਪਤਾ, ਸੱਜਣ ਗੋਇਲ, ਸੰਚਿਤ ਸਿੰਗਲਾ, ਮੋਤੀ ਲਾਲ ਸੇਤੀਆ, ਯੱਗਿਆ ਦੱਤ ਵਧਵਾ, ਸੰਦੀਪ ਗੋਇਲ, ਦਵਿੰਦਰ ਪਰਾਸ਼ਰ, ਸੀਮਾ ਧੀਰ, ਅਨੁਰਾਧਾ ਗੋਇਲ, ਸੰਜੇ ਗਰਗ, ਰਾਜੀਵ ਸਿੰਗਲਾ, ਓਮ ਸੈਣ, ਕੁਲਦੀਪ ਮਿੱਤਲ, ਮਨਦੀਪ ਮਿੱਤਲ, ਸਿਮਰਨਜੀਤ ਮਿੱਤਲ, ਭਾਗਿਆ ਮਿੱਤਲ, ਸੁਰਿੰਦਰ ਧੀਮਾਨ ਬਬਲੂ, ਬਲਦੇਵ ਕ੍ਰਿਸ਼ਨ ਗੋਗਾ ਸਰਹਿੰਦ, ਟਰੱਸਟ ਦੇ ਪ੍ਰਧਾਨ ਦਰਸ਼ਨ ਲਾਲ ਭਾਟੀਆ, ਸੀਨੀਅਰ ਮੀਤ ਪ੍ਰਧਾਨ ਰਮੇਸ਼ ਮਿੱਤਲ, ਮੀਤ ਪ੍ਰਧਾਨ ਸੁਭਾਸ਼ ਭਾਰਤੀ, ਸੁਰਿੰਦਰ ਕਵਾਤਰਾ, ਜਨਰਲ ਸਕੱਤਰ ਨਰਿੰਦਰ ਭਾਟੀਆ, ਖਜ਼ਾਨਚੀ ਵਿਜੇ ਭਾਰਤੀ ਹਾਜ਼ਰ ਸਨ।

# ਸ੍ਰੀ ਨੰਦ ਸਰੂਪ ਮਹਾਰਾਜ ਦੇ ਸਾਲਾਨਾ ਸਮਾਗਮ ਮੌਕੇ ਧਾਰਮਿਕ ਸਮਾਗਮ ਕਰਵਾਇਆ

ਅਮਲੋਹ, 15 ਜੂਨ (ਜਸਵੰਤ ਸਿੰਘ): ਸੁਆਮੀ ਸਚਿਤਾ ਨੰਦ ਮਹਾਰਾਜ ਖੰਨੇ ਵਾਲਿਆਂ ਦੀ ਰਹਿਨੁਮਾਈ ਹੇਠ ਹਰ ਸਾਲ ਦੀ ਤਰ੍ਹਾਂ ਸ੍ਰੀ ਨੰਦ ਸਰੂਪ ਮਹਾਰਾਜ ਦੀ ਯਾਦ ਵਿੱਚ ਸਾਲਾਨਾ ਸਮਾਗਮ ਸੰਤ ਗਰੀਬ ਦਾਸ ਆਸ਼ਰਮ ਅਮਲੋਹ ਵਿੱਚ ਸ਼ਰਧਾ ਤੇ ਉਤਸ਼ਾਹ ਨਾਲ ਕਰਵਾਇਆ ਗਿਆ। ਸ੍ਰੀ ਰਾਮ ਚਰਿਤ ਮਾਨਸ ਦੇ ਭੋਗ ਪਾਉਣ ਉਪਰੰਤ ਸੁਆਮੀ ਸਚਿਤਾ ਨੰਦ ਮਹਾਰਾਜ ਨੇ ਭਗਵਾਨ ਸ੍ਰੀ ਰਾਮ ਜੀ ਦੇ ਜੀਵਨ ਤੇ ਸ੍ਰੀ ਨੰਦ ਸਰੂਪ ਮਹਾਰਾਜ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਸਾਨੂੰ ਦੋ ਗੁਣਾਂ ਨੂੰ ਜ਼ਿੰਦਗੀ ਵਿੱਚ ਜ਼ਰੂਰ ਧਾਰਨ ਕਰਨਾ ਚਾਹੀਦਾ ਹੈ ਜਿਨ੍ਹਾਂ ਵਿੱਚ ਕਦੇ ਵੀ ਅਕ੍ਰਿਤਘਣ ਨਹੀਂ ਹੋਣਾ ਚਾਹੀਦਾ, ਦੂਸਰਾ ਚੋਰੀ ਤੇ ਠੱਗੀ ਤੋਂ ਪ੍ਰਹੇਜ ਕਰਨਾ ਚਾਹੀਦਾ ਹੈ। ਉਨ੍ਹਾਂ ਬੱਚਿਆਂ ਨੂੰ ਆਪਣੇ ਮਾਪਿਆਂ ਦਾ ਸਤਿਕਾਰ ਕਰਨ ਤੇ ਪ੍ਰਬੰਧਕਾਂ ਵੱਲੋਂ ਹਰ ਸਾਲ ਕਰਵਾਏ ਜਾਂਦੇ ਸਮਾਗਮ ਦੀ ਸ਼ਲਾਘਾ ਕੀਤੀ। ਗਊ ਸਨਮਾਨ ਅਭਿਆਨ ਦੇ ਜ਼ਿਲ੍ਹਾ ਪ੍ਰਭਾਰੀ ਸ਼ਾਸਤਰੀ ਗੁਰੂ ਦੱਤ ਸ਼ਰਮਾ ਨੇ ਗਊ ਮਾਤਾ ਨੂੰ ਰਾਸ਼ਟਰ ਮਾਤਾ ਦਾ ਦਰਜਾ ਦੇਣ ਲਈ ਹਸਤਾਖਰ ਮੁਹਿੰਮ ਦਾ ਹਿੱਸਾ ਬਣਨ ਦੀ ਅਪੀਲ ਕੀਤੀ। ਉਨ੍ਹਾਂ ਗਊ ਮਾਤਾ ਦੀ ਪੂਜਾ ਦੀ ਮਹੱਤਤਾ ਬਾਰੇ ਵੀ ਚਾਨਣਾ ਪਾਇਆ। ਸਮਾਗਮ ਉਪਰੰਤ ਦਾਲ, ਰੋਟੀ ਤੇ ਕੜਾਹ ਪ੍ਰਸ਼ਾਦ ਆਦਿ ਦਾ ਅਤੁੱਟ ਲੰਗਰ ਲਗਾਇਆ ਗਿਆ। ਸਮਾਗਮ ਦੇ ਮੁੱਖ ਪ੍ਰਬੰਧਕ ਹੈਪੀ ਧੀਰ, ਕੁਲਦੀਪ ਧੀਰ ਤੇ ਪ੍ਰਦੀਪ ਧੀਰ ਨੇ ਆਈ ਸੰਗਤ ਦਾ ਧੰਨਵਾਦ ਕੀਤਾ। ਸਮਾਗਮ ਵਿੱਚ ਕੌਂਸਲਰ ਪੂਨਮ ਜਿੰਦਲ, ਰਕੇਸ਼ ਕੁਮਾਰ ਸ਼ਾਹੀ, ਕੁਲਵਿੰਦਰ ਕੁਮਾਰ, ਰੂਪ ਸਿੰਘ, ਕੁਲਦੀਪ ਦੀਪਾ, ਗਊ ਸੇਵਾ ਸੰਮਤੀ ਦੇ ਪ੍ਰਧਾਨ



ਭੂਸ਼ਨ ਸੂਦ, ਸਰਪ੍ਰਸਤ ਪ੍ਰੇਮ ਚੰਦ ਸ਼ਰਮਾ, ਜਨਰਲ ਸਕੱਤਰ ਮਾਸਟਰ ਰਜੇਸ਼ ਕੁਮਾਰ, ਡੀ.ਐਫ.ਐਸ.ਓ. ਜਸਪਾਲ ਕੌਰ, ਇੰਸਪੈਕਟਰ ਪੰਕਜ ਸ਼ਰਮਾ, ਗਊਸ਼ਾਲਾ ਦੇ ਪ੍ਰਧਾਨ ਸ਼ਿਵ ਕੁਮਾਰ ਗਰਗ, ਸ਼ੈਲਰ ਐਸੋਸੀਏਸ਼ਨ ਦੇ ਪ੍ਰਧਾਨ ਰਕੇਸ਼ ਗਰਗ, ਮਾਨਵ ਭਲਾਈ ਮੰਚ ਦੇ ਪ੍ਰਧਾਨ ਮਾਸਟਰ ਮਨੋਹਰ ਲਾਲ ਵਰਮਾ, ਮਦਨ ਮੋਹਨ ਅਬਰੋਲ, ਜਗਦੀਸ਼ ਚੰਦ ਵਰਮਾ, ਸ਼ੀਤਲਾ ਮਾਤਾ ਮੰਦਰ ਦੇ ਪ੍ਰਧਾਨ ਵਿਨੇ ਪੁਰੀ, ਐਡ. ਮੇਲਾ ਰਾਮ, ਰਿਟ. ਤਹਿਸੀਲਦਾਰ ਪ੍ਰਮੋਦ ਸੂਦ, ਸੀ.ਏ. ਪ੍ਰੇਮ ਕੁਮਾਰ, ਕੋਕਾ ਕੋਲਾ ਕੰਪਨੀ ਦੇ ਸਾਹਿਲ ਅਰੋੜਾ, ਵਿਜੇ ਮੋਹਨ, ਜਸਵੰਤ ਸਿੰਘ ਸੌਂਟੀ, ਹੀਰਾ ਧੀਰ, ਅਨਿਰੁਧ ਸ਼ਰਮਾ, ਕੇਸ਼ਵ ਧੀਰ, ਮਾਨਵ ਧੀਰ, ਰਾਮ ਮੰਦਰ ਦੇ ਖਜ਼ਾਨਚੀ ਸ਼ਿਵ ਕੁਮਾਰ ਗੋਇਲ, ਪੰਡਤ ਦੀਪਕ ਸ਼ਰਮਾ, ਪੰਡਤ ਸੁਨੀਲ ਸ਼ਰਮਾ, ਪੰਡਤ ਵਰੁਨ ਸ਼ਰਮਾ, ਪੰਡਤ ਨਿਤਿਨ ਸ਼ਰਮਾ, ਪਿਯੂਸ਼ ਮੁਰਗਈ, ਪ੍ਰਣਵ ਮੁਰਗਈ, ਭੂਸ਼ਨ ਗੁਪਤਾ ਤੇ ਕੇਸ਼ਵ ਸ਼ਰਮਾ ਹਾਜ਼ਰ ਸਨ।

# ਮਾਤਾ ਚਿੰਤਪੂਰਨੀ ਦੇ ਦਰਬਾਰ 'ਤੇ ਜ਼ੀਰਾ ਤੋਂ 125ਵੀਂ ਬੱਸ ਯਾਤਰਾ ਰਵਾਨਾ

ਜ਼ੀਰਾ, 15 ਜੂਨ (ਦੀਪਕ ਭਾਰਗੋ): ਸ਼ਹਿਰ ਵਾਲਿਆਂ ਦੀ ਆਸਥਾ ਨੂੰ ਮੁੱਖ ਰੱਖਦੇ ਹੋਏ ਜ਼ੀਰਾ ਸ਼ਹਿਰ ਦੀ ਚਿੰਤਪੂਰਨੀ ਸੇਵਾ ਮੰਡਲ ਜ਼ੀਰਾ ਕਮੇਟੀ ਵੱਲੋਂ ਹਰ ਮਹੀਨੇ ਮਾਂ ਚਿੰਤਪੂਰਨੀ ਦੇ ਦਰਬਾਰ 'ਤੇ ਸ਼ਰਧਾਲੂਆਂ ਨੂੰ ਦਰਸ਼ਨ ਕਰਵਾਏ ਜਾਂਦੇ ਹਨ, ਜਿਸ ਦੀ ਅੱਜ 125ਵੀਂ ਬੱਸ ਯਾਤਰਾ ਜ਼ੀਰਾ ਤੋਂ ਸੰਗਤਾਂ ਨੂੰ ਲੈ ਕੇ ਏਸੀ ਬੱਸ ਰਾਹੀਂ ਰਵਾਨਾ ਹੋਈ। ਇਸ ਕਮੇਟੀ ਦੇ ਮੈਂਬਰਾਂ ਨੇ ਦੱਸਿਆ ਕਿ ਜੋ ਸ਼ਰਧਾਲੂ ਜ਼ਿਆਦਾ ਕਰਾਇਆ ਹੋਣ ਕਰਕੇ ਦਰਸ਼ਨਾਂ ਤੋਂ ਵਾਂਝੇ ਰਹਿ ਜਾਂਦੇ ਹਨ, ਉਨ੍ਹਾਂ ਸੰਗਤਾਂ ਨੂੰ ਯਾਤਰਾ ਕਰਵਾਉਣ ਵਾਸਤੇ ਇਹ ਕਮੇਟੀ ਸਮੇਂ ਸਮੇਂ 'ਤੇ ਉਪਰਾਲੇ ਕਰਦੀ ਰਹਿੰਦੀ ਹੈ ਤੇ ਘੱਟ ਖਰਚੇ 'ਤੇ ਉਨ੍ਹਾਂ ਨੂੰ ਮਾਂ ਚਿੰਤਪੂਰਨੀ ਦੇ ਦਰਬਾਰ ਦੇ ਦਰਸ਼ਨ ਕਰਵਾਉਂਦੀ ਹੈ, ਜਿਸ ਨਾਲ ਉਨ੍ਹਾਂ ਦਾ ਜੀਵਨ ਤਾਂ ਸਫਲ ਹੁੰਦਾ ਹੀ ਹੈ ਤੇ ਕਮੇਟੀ ਦੇ ਮੈਂਬਰਾਂ ਨੂੰ ਵੀ ਅਸੀਸਾਂ



ਲੱਗਦੀਆਂ ਹਨ। ਕਮੇਟੀ ਵੱਲੋਂ 300 ਰੁਪਏ ਕਿਰਾਏ ਵਜੋਂ ਲਿਆ ਜਾਂਦਾ ਹੈ, ਜਿਸ ਵਿੱਚ ਖਾਣ-ਪੀਣ ਲੰਗਰ ਦੀ ਸੇਵਾ ਵੀ ਕੀਤੀ ਜਾਂਦੀ ਹੈ। ਇਸ ਕਮੇਟੀ ਦੇ ਮੈਂਬਰ ਇਸ ਤਰ੍ਹਾਂ ਹਨ ਪ੍ਰਿੰਸ ਅਰੋੜਾ, ਬਾਲਮੁਕੰਦ (ਬਾਲਾ), ਧਰਮਵੀਰ, ਸੁਸ਼ੀਲ ਮੱਖੂ, ਮੋਨੂੰ ਹਾਂਡਾ, ਗੋਲਡੀ ਖਦਰ ਭੰਡਾਰ, ਗਗਨ ਦਮੀਜਾ, ਰਿੱਕੀ, ਪ੍ਰਮੋਦ ਗੁਪਤਾ, ਕਾਲਾ ਫਰੂਟ, ਜਨਕਰਾਜ ਆੜ੍ਹਤੀ, ਸੋਨੂੰ ਭਾਰਗੋ, ਸਾਹਿਲ ਅਰੋੜਾ, ਲੱਕੀ ਗਰੋਵਰ, ਕ੍ਰਿਸ਼ਨ ਹਾਂਡਾ, ਰਾਮ ਜੀ, ਹੈਪੀ ਭਾਰਤੀ, ਲਵਲੀ ਜਰਨਲ ਸਟੋਰ, ਮੋਹਨ ਲਾਲ ਛਾਬੜਾ, ਦੀਪੂ ਮੈਡੀਕਲ, ਰਮਨ ਕਾਲੀਆਂ, ਸ਼ੈਂਟੀ, ਅਮਨ ਗਾਬਾ, ਆਸ਼ੂ, ਟੋਨੀ ਖੁੱਲਰ, ਮਨੀਸ਼ ਮਲਹੋਤਰਾ, ਕ੍ਰਿਸ਼ਨਾ ਰਾਣੀ ਛਾਬੜਾ, ਰਿਤੂ ਛਾਬੜਾ, ਪੂਨਮ ਮਹਿਤਾ, ਸੁਰਿੰਦਰ ਛਾਬੜਾ, ਸ਼ੇਰਾ ਚਾਚਾ, ਗੌਰਵ ਖੁੱਲਰ, ਸਨੀ ਅਰੋੜਾ ਹਾਜ਼ਰ ਸਨ।

# ਬੱਚਿਆਂ 'ਚ ਵੱਧ ਰਹੀ ਮੋਬਾਈਲ ਦੀ ਲਤ ਬਣ ਰਹੀ ਹੈ ਗੰਭੀਰ ਚਿੰਤਾ ਦਾ ਵਿਸ਼ਾ: ਡਾ. ਸਤਬੀਰ ਸਿੰਘ

ਮੁਕੇਰੀਆਂ, 15 ਜੂਨ (ਧਰਮ ਚੰਦ): ਬੱਚਿਆਂ ਵਿੱਚ ਦਿਨੋਂ-ਦਿਨ ਵੱਧ ਰਹੀ ਮੋਬਾਈਲ ਦੀ ਲਤ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਬਣਦਾ ਜਾ ਰਿਹਾ ਹੈ। ਅੱਜ ਦੇ ਡਿਜੀਟਲ ਯੁੱਗ ਵਿੱਚ ਮੋਬਾਈਲ ਫੋਨ ਮਨੁੱਖੀ ਜੀਵਨ ਦਾ ਅਹਿਮ ਹਿੱਸਾ ਬਣ ਚੁੱਕਾ ਹੈ, ਪਰ ਇਸ ਦੀ ਅਤਿ ਅਧਿਕ ਵਰਤੋਂ ਹੁਣ ਇੱਕ ਗੰਭੀਰ ਸਮਾਜਿਕ ਤੇ ਸਿਹਤ ਸਬੰਧੀ ਸਮੱਸਿਆ ਦਾ ਰੂਪ ਧਾਰਦੀ ਜਾ ਰਹੀ ਹੈ। ਕੁੱਝ ਲੋਕ ਥੋੜੇ ਸਮੇਂ ਲਈ ਖਾਣੇ ਤੋਂ ਬਿਨਾਂ ਤਾਂ ਰਹਿ ਸਕਦੇ ਹਨ, ਪਰ ਮੋਬਾਈਲ ਤੋਂ ਬਿਨਾਂ ਕੁਝ ਮਿੰਟ ਬਿਤਾਉਣਾ ਵੀ ਉਨ੍ਹਾਂ ਲਈ ਔਖਾ ਹੋ ਜਾਂਦਾ ਹੈ। ਖਾਸ ਤੌਰ 'ਤੇ ਬੱਚਿਆਂ ਵਿੱਚ ਮੋਬਾਈਲ ਦੀ ਵੱਧ ਰਹੀ ਆਦਤ ਚਿੰਤਾ ਦਾ ਕਾਰਨ ਬਣ ਰਹੀ ਹੈ। ਇਸ ਸਬੰਧੀ ਸਿਵਲ ਹਸਪਤਾਲ ਮੁਕੇਰੀਆਂ ਤੇ ਦਸੂਹਾ ਵਿਖੇ ਤਾਇਨਾਤ ਦਿਮਾਗੀ ਰੋਗਾਂ ਤੇ ਨਸ਼ਾ ਛੁਡਾਉਣ ਦੇ ਮਾਹਿਰ ਡਾ.ਸਤਬੀਰ ਸਿੰਘ (ਸਾਈਕੈਟਰਿਸਟ) ਨੇ ਕਿਹਾ ਕਿ ਮੋਬਾਈਲ ਦੀ ਲਤ ਦਾ ਸਭ ਤੋਂ ਵੱਧ ਅਸਰ ਬੱਚਿਆਂ ਉਤੇ ਪੈ ਰਿਹਾ ਹੈ। ਉਨ੍ਹਾਂ ਦੱਸਿਆ ਕਿ ਬੱਚਿਆਂ ਦਾ ਧਿਆਨ ਪੜ੍ਹਾਈ, ਖੇਡਾਂ ਤੇ ਸਮਾਜਿਕ ਗਤੀਵਿਧੀਆਂ ਤੋਂ ਹਟਦਾ ਜਾ ਰਿਹਾ ਹੈ। ਬਹੁਤ ਸਾਰੇ ਬੱਚੇ ਆਪਣੇ ਕਮਰਿਆਂ ਤੱਕ ਸੀਮਿਤ ਹੋ ਗਏ ਹਨ ਤੇ ਬਾਹਰ ਜਾ ਕੇ ਖੇਡਣ ਜਾਂ ਦੋਸਤਾਂ ਨਾਲ ਸਮਾਂ ਬਿਤਾਉਣ ਦੀ ਥਾਂ ਮੋਬਾਈਲ ਸਕਰੀਨ ਨਾਲ ਜੁੜੇ ਰਹਿੰਦੇ ਹਨ।



ਡਾ.ਸਤਬੀਰ ਸਿੰਘ ਨੇ ਕਿਹਾ ਕਿ ਅੱਜਕੱਲ੍ਹ ਕਈ ਮਾਪੇ ਬੱਚਿਆਂ ਨੂੰ ਚੁੱਪ ਕਰਵਾਉਣ ਜਾਂ ਆਪਣੇ ਕੰਮਾਂ ਵਿੱਚ ਰੁੱਝੇ ਰਹਿਣ ਲਈ ਉਨ੍ਹਾਂ ਦੇ ਹੱਥ ਵਿੱਚ ਮੋਬਾਈਲ ਫੜਾ ਦਿੰਦੇ ਹਨ। ਇਸ ਨਾਲ ਬੱਚਾ ਘੰਟਿਆਂ ਤੱਕ ਮੋਬਾਈਲ ਵਿੱਚ ਵਿਅਸਤ ਰਹਿੰਦਾ ਹੈ, ਜਿਸ ਨਾਲ ਉਸ ਦੇ ਮਾਨਸਿਕ ਵਿਕਾਸ 'ਤੇ ਨਕਾਰਾਤਮਕ ਪ੍ਰਭਾਵ ਪੈਂਦਾ ਹੈ। ਉਨ੍ਹਾਂ ਕਿਹਾ ਕਿ ਜਦੋਂ ਅਜਿਹੇ ਬੱਚਿਆਂ ਤੋਂ ਮੋਬਾਈਲ ਵਾਪਸ ਲਿਆ ਜਾਂਦਾ ਹੈ ਤਾਂ ਉਹ ਗੁੱਸਾ ਕਰਦੇ ਹਨ, ਚਿੜਚਿੜੇ ਹੋ ਜਾਂਦੇ ਹਨ, ਰੋਣਾ-ਧੋਣਾ ਸ਼ੁਰੂ ਕਰ ਦਿੰਦੇ ਹਨ ਜਾਂ ਕਈ ਵਾਰ ਹਮਲਾਵਰ ਵਿਹਾਰ ਵੀ ਦਿਖਾਉਂਦੇ ਹਨ। ਇਹ ਮੋਬਾਈਲ ਦੀ ਲਤ ਦੇ ਸਪੱਸ਼ਟ ਸੰਕੇਤ ਹਨ। ਉਨ੍ਹਾਂ ਕਿਹਾ ਕਿ ਮੋਬਾਈਲ ਤਕਨਾਲੋਜੀ ਇੱਕ ਵਰਦਾਨ ਹੈ, ਪਰ ਇਸ ਦੀ ਸਹੀ ਤੇ ਸੰਤੁਲਿਤ ਵਰਤੋਂ ਹੀ ਇਸ ਦੇ ਲਾਭ ਯਕੀਨੀ ਬਣਾ ਸਕਦੀ ਹੈ। ਮਾਪਿਆਂ ਤੇ ਸਮਾਜ ਨੂੰ ਮਿਲ ਕੇ ਬੱਚਿਆਂ ਨੂੰ ਮੋਬਾਈਲ ਦੀ ਲਤ ਤੋਂ ਬਚਾਉਣ ਲਈ ਜਾਗਰੂਕਤਾ ਫੈਲਾਉਣੀ ਹੋਵੇਗੀ ਤਾਂ ਜੋ ਉਨ੍ਹਾਂ ਦਾ ਸਿਹਤਮੰਦ ਤੇ ਉਜਵੱਲ ਭਵਿੱਖ ਨੂੰ ਯਕੀਨੀ ਬਣਾਇਆ ਜਾ ਸਕੇ।

# ਰਿਮਟ ਹਸਪਤਾਲ 'ਚ ਮੁਫ਼ਤ ਮੈਡੀਕਲ ਕੈਂਪ 18 ਨੂੰ

ਮੰਡੀ ਗੋਬਿੰਦਗੜ੍ਹ, 15 ਜੂਨ (ਰੂਪਲ ਸੂਦ): ਰਿਮਟ ਹਸਪਤਾਲ ਮੰਡੀ ਗੋਬਿੰਦਗੜ੍ਹ ਵਿੱਚ ਮਰੀਜ਼ਾਂ ਦੀ ਸਹੂਲਤ ਨੂੰ ਮੁੱਖ ਰੱਖ ਕੇ 18 ਜੂਨ ਨੂੰ ਮੁਫ਼ਤ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ। ਹਸਪਤਾਲ ਦੇ ਡਾਇਰੈਕਟਰ ਡਾ. ਕੇ.ਸੀ ਗੋਇਲ ਨੇ ਦੱਸਿਆ ਕਿ ਕੈਂਪ ਵਿੱਚ ਕੰਨ, ਅੱਖਾਂ, ਦਿਲ, ਹੱਡੀਆਂ ਤੇ ਹੋਰ ਬਿਮਾਰੀਆਂ ਦਾ ਮੁਫ਼ਤ ਚੈਕਅੱਪ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਬਿਨਾਂ ਖੂਨ ਦੇ ਸਾਰੇ ਟੈਸਟ ਵੀ ਮੁਫ਼ਤ ਕੀਤੇ ਜਾਣਗ। ਉਨ੍ਹਾਂ ਦੱਸਿਆ ਕਿ ਜੇਕਰ ਕਿਸੇ ਮਰੀਜ਼ ਨੂੰ ਅਲਟਰਾਸਾਊਂਡ, ਸੀਟੀ ਸਕੈਨ, ਈਸੀਜੀ, ਖੂਨ ਦੀ ਜਾਂਚ ਤੇ ਐਕਸਰੇ ਆਦਿ ਕਰਵਾਉਣ ਦੀ ਲੋੜ ਪਵੇ ਤਾਂ ਉਹ ਵੀ ਸਾਰੇ ਮੁਫ਼ਤ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਮਰੀਜ਼ਾਂ ਦੀ ਸਹੂਲਤ ਲਈ ਦਵਾਈਆਂ ਵੀ ਘੱਟ ਰੇਟ 'ਤੇ ਦਿੱਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਇਸ ਹਸਪਤਾਲ ਵਿੱਚ ਆਯੂਸ਼ਮਾਨ ਭਾਰਤ ਤੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਮਰੀਜ਼ਾਂ ਦਾ ਮੁਫ਼ਤ ਇਲਾਜ ਕੀਤਾ ਜਾਂਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਦੂਰਬੀਨ ਰਾਹੀਂ ਗੁਰਦੇ ਦੀ ਪੱਥਰੀ, ਦੂਰਬੀਨ ਰਾਹੀਂ ਗਦੂਦਾਂ, ਦੂਰਬੀਨ ਰਾਹੀਂ ਪਿਸ਼ਾਬ ਦੀ ਨਾਲੀ ਦੀ ਪੱਥਰੀ ਦਾ ਆਪ੍ਰੇਸ਼ਨ ਵੀ ਕੀਤਾ



ਜਾਂਦਾ ਹੈ। ਇਸ ਤੋਂ ਇਲਾਵਾ ਦੂਰਬੀਨ ਰਾਹੀਂ ਦਿਮਾਗ ਦੀ ਸਰਜਰੀ, ਦੂਰਬੀਨ ਰਾਹੀਂ ਰੀੜ੍ਹ ਦੀ ਹੱਡੀ ਦੀ ਸਰਜਰੀ ਤੇ ਨਵਜਾਤ ਬੱਚਿਆਂ ਦੀ ਦੇਖਭਾਲ ਆਦਿ ਦਾ ਵੀ ਪ੍ਰਬੰਧ ਹੈ। ਉਨ੍ਹਾਂ ਦੱਸਿਆ ਕਿ ਚੂਲੇ ਬਦਲਣ ਦਾ ਵੀ ਇਥੇ ਸਫਲ ਪ੍ਰਬੰਧ ਹੈ ਤੇ ਆਯੂਸ਼ਮਾਨ ਕਾਰਡ ਧਾਰਕਾਂ ਲਈ ਮੁਫ਼ਤ ਓਪੀਡੀ ਦਾ ਪ੍ਰਬੰਧ ਹੈ। ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਹਸਪਤਾਲ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਕਰਦਿਆਂ ਦੱਸਿਆ ਕਿ ਰਿਮਟ ਮੈਡੀਕਲ ਕਾਲਜ ਤੇ ਹਸਪਤਾਲ ਵੱਲੋਂ ਲੋਕਾਂ ਨੂੰ ਪੂਰੀ ਬਾਡੀ ਦੇ ਟੈਸਟ ਦੀ ਵੀ ਸਹੂਲਤ ਹੈ।

## ਸਿਰਲੇਖਵਾਰ ਇਸ਼ਤਿਹਾਰ/Classified Advertisement

(U/o 5 Rule 20 CPC)
**In the Court of Ms. Dipti Goyal Principal Judge Family Court, Sardulgharh**
GW/12/2026
CNR No. PBMNF3-000079-2026
Next Date: 06.07.2026
Gagandeep Kaur
Versus
General Public
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 06.07.2026 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 19-05-2026
**Sd/- Principal Judge Family Court, Sardulgarh**

(U/o 5 Rule 20 CPC)
**In the Court of Ms. Dipti Goyal Principal Judge Family Court, Sardulgharh**
GW/13/20261
CNR No. PBMNF3-000082-2026
Next Date: 06.07.2026
Virpal Kaur
Versus
General Public
Notice to : General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 06.07.2026 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 30-05-2026
**Sd/- Principal Judge Family Court, Sardulgarh**

(U/o 5 Rule 20 CPC)
**In the Court of Dr. Jasveer Singh, Civil Judge (Junior Division), Ludhiana.**
CNR No. PBLD02-006753-2021
Next Date: 23.07.2026
PSPCL
Versus
Harjinder Singh
Notice to: Harjinder Singh: R/o Village Sahibana, District Ludhiana
In above titled case the defendant(s)/respondent(s) could not be served. It is ordered that defendant(s)/respondent(s)should appear in person or through counsel on 23.07.2026 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 09-05-2026
**Sd/- Civil Judge (Jr. Divn.), Ludhiana**

(U/o 5 Rule 20 CPC)
**In the Court of Ms. Parminder Kaur Additional Principal Judge Family Court, Ludhiana**
CNR No. PBLD01-026908-2024
Next Date: 23.07.2026
Sandeep
Versus
Ramesh Kumar
Notice to: Ramesh Kumar Father: Raj Kumar, H.No. Kala Sai, Village Bhandal Himmat, Post Office Nurmahal, Tehsil Phillaur, Distt. Jalandhar, Punjab.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 23.07.2026 at 10:00 A.M.
For details logon to https://highcourtchd.gov.in/?mod=district_notice&district=mogacourt.
Dated, this day of 04-05-2026
**Sd/- Addl. Principal Judge Family Court, Ludhiana**

(U/o 5 Rule 20 CPC)
(Succession Case)
**In the Court of Sh. Lavdeep Hundal Civil Judge (Senior Division)-N.R.I. Court, Jalandhar**
CNR No. PBJL02-002363-2026
Next Date: 23.07.2026
Ranjeeta
Versus
General Public
**Petition for grant of Succession Certificate Under Section 372 of Indian Succession Act.**
Notice to: General Public: General Public
In above titled case the defendant(s)/respondent(st could not be served. It is ordered that defendant(s)/respondent(s should appear in person or through counsel on 23.07.2026 at 10:00 A.M.
For details logon to https://highcourtchd.gov.in/?mod=district_notice&district=Jalandhar.
Dated, this day of 25-05-2026
**Sd/- Civil Judge (Sr. Divn.)-N.R.I. Court, Jalandhar.**

(U/o 5 Rule 20 CPC)
**In the Court of Ms. Ranjeet Kaur Addl. Principal Judge, Family Court, Hoshiarpur.**
CNR No. PBHO01-000906-2026
Next Date: 23.07.2026
Amandeep Kaur aged 61 years W/o Late Prit Paul Singh, R/o New Colony Chohal, Tehsil & District Hoshiarpur. ...Petitioner
Versus
General Public ...Respondent
**GW/04/2026**
Notice: General Public: Hoshiarpur
In above titled case the defendant(s)/respondent(s) ccould not be served. It is ordered that defendant(s)/respondent(s) should appear in person or through counsel on 23.07.2026 at 10:00 A.M.
For details logon to https://highcourtchd.gov.in/?trs=district_notice&district=Hoshiarpur
Dated, this day of 02-06-2026
**Sd/- Addl. Principal Judge Family Court, Hoshiarpur**

**State Consumer Disputes Redressal, Commission,Punjab Sector 37-A Dakshin Marg, Chandigarh**
**No. SCDRC/PB/26/3331**
**Dated 25-5-2026**
**First Appeal No. 262 of 2024**
**Fixed for: 15.o7.2025**
M/s Uppal Motors ...Appellant (s)
Versus
Pritpal Singh ...Respondent (s)
To
1. Pritpal Singh Son of Prem Singh R/o village Bhanra, Tehsil and Distt. Patiala
Whereas, the above -mentioned case has been filed before the state commission punjab and whereas, this commission is satisfied that respondent no. 1 cannot be served in an ordinary manner. Hence, this proclamation is hereby issued against the above named of respondent no.1 directing him/them to appear before this commission either personally or through their authorized agent(s) of Counsel on 15.07.2026 at 10.30 A.M. to answer and in the event of their non-appearance, it shall be presumed that they have nothing to say in the matter and the complaint shall be decided ex-parte. Given under my hand the seal of the commission on the date 11.05.26
**Sd/-Superintendent (Judicial) For Registrar**

(U/o 5 Rule 20 cpc)
**In the Court of Sh. Harjot Singh Gill Addl. Civil Judge (Senior Division) Batala**
CNR No. PBGDA0-002406-2025
Next Date: 08.07.2026
CS/1665/2025
Punjab and Sind Bank Branch office at Cinema Road, Batala, Distt. Gurdaspur
Versus
Ajaydeep Singh etc
Notice to :Ajaydeep Singh S/o Major Singh Resident of Village Chachowali, Teh. Majitha, Distt. Amritsar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 08.07.2026 at 10:00 A.M.
For details logon to https://highcourtchd.gov.in/?mod=district_notice&district=Gurdaspur
Dated, this day of 15-06-2026
**Sd/- Addl. Civil Judge (Senior Division) Batala**

**In the Court of Ms. Samiksha Jain Judicial Magistrate First Class-17 Jalandhar**
CNR No. PBJL03-017717-2025
Next Date: 23.07.2026
COMA/1023/2025
IDFC First Bank Limited
Versus
Krishan Kumar
Notice to: Krishan Kumar:- R/o MIG 1258 Phase1 Model Town Bathinda Punjab 151001
In above titled case the accused could not be served. It is ordered that accused should appear in person or through counsel on 23.07.2026 at 10:00 A.M.
For details logon to https://highcourtchd.gov.in/?mod=district_notice&district=Jalandhar
Dated, this day of 28-05-2026
**Sd/- Judicial Magistrate First Class-17, Jalandhar**


# ਭਾਜਪਾ ਤੇ ਅਕਾਲੀਆਂ ਨੂੰ ਪੰਜਾਬ ਦੇ ਲੋਕ ਮੂੰਹ ਨਹੀਂ ਲਗਾਉਣਗੇ : ਚੀਮਾ



ਦਿੜ੍ਹਬਾ ਮੰਡੀ, 15 ਜੂਨ (ਸੁਖਵਿੰਦਰ ਸਿੰਘ ਵਿਰਕ): ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਅੰਦਰ ਅਕਾਲੀ ਅਤੇ ਭਾਜਪਾ ਨੂੰ ਪੰਜਾਬ ਦੇ ਲੋਕ ਕਦੇ ਵੀ ਮੂੰਹ ਨਹੀਂ ਲਾਉਣਗੇ ਪਿਛਲੇ ਸਮੇਂ ਅੰਦਰ ਉਹਨਾਂ ਦੇ ਸ਼ਾਸਨਕਾਲ ਵੇਲੇ ਭਾਜਪਾ ਤੇ ਅਕਾਲੀ ਦਲ ਨੇ ਮਿਲ ਕੇ ਲੋਕਾਂ ਨੂੰ ਲੁੱਟਿਆ ਤੇ ਕੁੱਟਿਆ ਹੈ। ਵਿੱਤ ਮੰਤਰੀ ਚੀਮਾ ਹਲਕਾ ਦਿੜ੍ਹਬਾ ਦੇ ਕਈ ਧਾਰਮਿਕ ਅਤੇ ਸਮਾਜਿਕ ਪ੍ਰੋਗਰਾਮਾਂ ਦੇ ਵਿੱਚ ਸ਼ਿਰਕਤ ਕਰਨ ਲਈ ਪਹੁੰਚੇ ਸਨ ਅਤੇ ਆਪਣੇ ਦਿੜ੍ਹਬਾ ਦਫਤਰ ਅੰਦਰ ਆਮ ਲੋਕਾਂ ਨੂੰ ਮਿਲੇ ਅਤੇ ਉਹਨਾਂ ਦੇ ਮਸਲੇ ਵੀ ਹੱਲ ਕੀਤੇ। ਉਹ ਦਿੜ੍ਹਬਾ ਵਿਖੇ ਪੱਤਰਕਾਰਾਂ ਵੱਲੋਂ ਅਕਾਲੀ ਭਾਜਪਾ ਦੇ ਗੱਠਜੋੜ ਦੇ ਚੱਲ ਰਹੇ ਚਰਚਿਆਂ ਉੱਤੇ ਪੁੱਛੇ ਗਏ ਸਵਾਲ ਉੱਤੇ ਤੰਜ ਕਸਦੇ ਹੋਏ ਕਿਹਾ ਕਿ ਪੰਜਾਬ ਅੰਦਰ ਦੋਨੋਂ ਹੀ ਪਾਰਟੀਆਂ ਪੰਜਾਬ ਦੇ ਲੋਕਾਂ ਦੇ ਹੱਕਾਂ ਵਿੱਚ ਕਦੇ ਵੀ ਨਹੀਂ ਖੜੀਆਂ। ਉਨ੍ਹਾਂ ਅੱਗੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਉੱਤੇ ਕਿਸਾਨ ਅੰਦੋਲਨ ਸਮੇਂ 750 ਦੇ ਕਰੀਬ ਕਿਸਾਨਾਂ ਦੇ ਸ਼ਹੀਦ ਹੋਣ ਦਾ ਦੋਸ਼ ਹੈ ਇਸ ਕਰਕੇ ਪੰਜਾਬ ਦੇ ਕਿਸਾਨ ਕਦੇ ਵੀ ਭਾਜਪਾ ਜਾਂ ਉਸ ਨਾਲ ਗੱਠਜੋੜ ਕਰਨ ਵਾਲੀ ਪਾਰਟੀ ਨੂੰ ਵੋਟਾਂ ਨਹੀਂ ਪਾਉਣਗੇ। ਭਾਜਪਾ ਦੇ ਕੁਝ ਆਗੂਆਂ ਵੱਲੋਂ ਪੰਜਾਬ ਅੰਦਰ ਸਰਕਾਰ ਬਣਾਉਣ ਦੇ ਕੀਤੇ ਜਾ ਰਹੇ ਦਾਅਵਿਆਂ ਨੂੰ ਵਿੱਤ ਮੰਤਰੀ ਚੀਮਾ ਨੇ ਮੰਗੇਰੀ ਲਾਲ ਦੇ ਸੁਪਨਿਆਂ ਦੇ ਬਰਾਬਰ ਦੱਸਿਆ ਹੈ ਉਹਨਾਂ ਕਿਹਾ ਕਿ ਸੁਪਨੇ ਲੈਣਾ ਹਰ ਇੱਕ ਮਨੁੱਖ ਦਾ ਅਧਿਕਾਰ ਹੈ ਪਰ ਉਸ ਨੂੰ ਹਕੀਕਤ ਵੀ ਬਦਲਣਾ ਦੂਰ ਦੀ ਗੱਲ ਹੈ। ਉਨ੍ਹਾ ਆਮ ਆਦਮੀ ਪਾਰਟੀ ਦੇ 2027 ਦੇ ਚੋਣਾਂ ਬਾਰੇ ਮੁੱਦੇ ਨੂੰ ਸਪਸ਼ਟ ਕਰਦੇ ਹੋਏ ਕਿਹਾ ਕਿ ਉਹਨਾਂ ਦੀ ਪਾਰਟੀ ਸਾਰੇ ਪੰਜਾਬ ਅੰਦਰ ਵਿਕਾਸ ਦੇ ਮੁੱਦੇ ਉੱਤੇ ਚੋਣਾਂ ਲੜੇਗੀ ਕਿਉਂਕਿ ਪੰਜਾਬ ਅੰਦਰ ਆਮ ਆਦਮੀ ਪਾਰਟੀ ਦੇ ਸ਼ਾਸਨ ਕਾਲ ਅੰਦਰ ਪਿੰਡਾਂ ਤੇ ਸ਼ਹਿਰਾਂ ਦਾ ਮਸਾਲੀ ਵਿਕਾਸ ਹੋਇਆ ਹੈ। ਜੋ ਕਿ ਪਿਛਲੇ 70 ਸਾਲਾਂ ਦੇ ਵਿੱਚ ਨਹੀਂ ਹੋ ਸਕਿਆ ਉਹਨਾਂ ਕਰਕੇ ਵਿਖਾਇਆ ਹੈ। ਇਸ ਦੇ ਨਾਲ ਹੀ ਮੁੱਖ ਮੰਤਰੀ ਭਗਵੰਤ ਸਿੰਘ ਦੀ ਯੋਗ ਅਗਵਾਈ ਹੇਠ ਕੈਪੀਟਲ ਐਕਸਪੈਂਡੀਚਰ ਦੀ ਗੱਲ ਕਰਦੇ ਹੋਏ ਚੀਮਾ ਨੇ ਕਿਹਾ ਕਿ ਕਾਂਗਰਸ ਅਤੇ ਅਕਾਲੀ ਭਾਜਪਾ ਦੇ ਸ਼ਾਸਨ ਕਾਲ ਤੋਂ ਦੁਗਣੇ ਤੋਂ ਵੀ ਜਿਆਦਾ ਵਾਧਾ ਹੋਇਆ ਹੈ ਇਹ ਸਿਰਫ ਸਰਕਾਰ ਵੱਲੋਂ ਟੈਕਸ ਵਿੱਚ ਹੁੰਦੀ ਲੀਕੇਜ ਨੂੰ ਰੋਕ ਕੇ ਸਾਫ ਨੀਤੀ ਅਤੇ ਨੀਅਤ ਨਾਲ ਕੀਤਾ ਹੈ। ਪੰਜਾਬ ਅੰਦਰ ਸੜਕਾਂ ਦੇ ਜਾਲ ਵਿਛਾਏ ਗਏ ਹਰ ਤੀਸਰੇ ਪਿੰਡ ਦੇ ਵਿੱਚ ਸਟੇਡੀਅਮ ਬਣਾਇਆ ਗਿਆ ਸਿੱਖਿਆ ਕ੍ਰਾਂਤੀ ਲਿਆ ਕੇ ਸਰਕਾਰੀ ਸਕੂਲਾਂ ਦਾ ਮਿਆਰ ਉੱਚਾ ਕੀਤਾ ਗਿਆ ਅਤੇ ਇਸ ਦੇ ਨਾਲ ਹਰ ਪਿੰਡ ਦੇ ਵਿੱਚ ਵਿਕਾਸ ਕਾਰਜ ਵੱਡੇ ਪੱਧਰ ਤੇ ਚੱਲਣ ਦਾ ਦਾਅਵਾ ਵੀ ਕੀਤਾ। ਪੰਜਾਬ ਸਰਕਾਰ ਵੱਲੋਂ ਸਿਹਤ ਦੇ ਪੱਖ ਤੋਂ ਕ੍ਰਾਂਤੀਕਾਰੀ ਕਦਮ ਚੁੱਕਦੇ ਹੋਏ ਹਰ ਪੰਜਾਬ ਦੇ ਵਸਨੀਕ ਨੂੰ 10 ਲੱਖ ਰੁਪਏ ਦੀ ਮੁਫਤ ਸਿਹਤ ਸਹੂਲਤ ਦਿੱਤੀ ਗਈ ਹੈ ਜੋ ਕਿ ਇੱਕ ਕਾਰਗਰ ਸਿੱਧ ਹੋ ਰਹੀ ਹੈ। ਮੇਰੀ ਰਸੋਈ ਸਕੀਮ ਤਹਿਤ ਲਾਭਪਾਤਰੀਆਂ ਨੂੰ ਰਾਸ਼ਨ ਦੀਆਂ ਕਿੱਟਾਂ ਵੰਡੀਆਂ ਜਾ ਰਹੀਆਂ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਦਾਅਵਾ ਹੈ ਕਿ ਕੋਈ ਵੀ ਪੰਜਾਬ ਦਾ ਵਸਨੀਕ ਭੁੱਖਾ ਨਹੀਂ ਹੋਵੇਗਾ। ਇਸ ਦੇ ਚਲਦੇ ਸਾਰੇ ਲਾਭਪਾਤਰੀਆਂ ਨੂੰ ਡਿਜੀਟਲ ਰਾਸ਼ਨ ਕਾਰਡ ਵੰਡੇ ਜਾ ਰਹੇ ਹਨ ਤਾਂ ਜੋ ਕੋਈ ਵੀ ਲਾਭਪਾਤਰੀ ਦੇ ਹੱਕ ਦਾ ਫਾਇਦਾ ਨਾ ਉਠਾ ਸਕੇ।

## ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਤਹਿਤ 28 ਕੇਸ ਦਰਜ, 38 ਮੁਲਜ਼ਮ ਗ੍ਰਿਫ਼ਤਾਰ

ਸੰਗਰੂਰ, 15 ਜੂਨ (ਹਰਕੰਵਲ ਸਿੰਘ ਹੈਪੀ): ਡਾ. ਰਵਜੋਤ ਗਰੇਵਾਲ IPS, ਐਸ.ਐਸ.ਪੀ. ਸੰਗਰੂਰ ਵੱਲੋਂ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜਿਲ੍ਹਾ ਪੁਲਿਸ ਸੰਗਰੂਰ ਵੱਲੋਂ "ਯੁੱਧ ਨਸ਼ਿਆਂ ਵਿਰੁੱਧ "ਅਤੇ "ਪਿੰਡਾਂ ਦੇ ਪਹਿਰੇਦਾਰ "ਚਲਾਈ ਗਈ ਮੁਹਿੰਮ ਦੌਰਾਨ ਕਾਰਵਾਈ ਕਰਦੇ ਹੋਏ ਮਿਤੀ 06.06.2026 ਤੋਂ 12.06.2026 ਤੱਕ ਡਰੱਗ ਦੇ 21 ਮੁਕੱਦਮੇਂ ਦਰਜ ਕਰਕੇ 31 ਕਥਿਤ ਦੋਸ਼ੀਆਂ ਨੂੰ ਕਾਬੂ ਕਰਕੇ 119 ਗ੍ਰਾਮ ਹੈਰੋਇਨ, 70 ਕਿੱਲੋ ਭੁੱਕੀ ਚੂਰਾ ਪੋਸਤ, 250 ਗ੍ਰਾਮ ਸੁਲਫਾ/ਗਾਂਜਾ ਅਤੇ 700 ਨਸ਼ੀਲੀਆਂ ਗੋਲੀਆਂ ਬ੍ਰਾਮਦ ਕਰਵਾਈਆਂ ਗਈਆਂ। ਸ਼ਰਾਬ ਦਾ ਧੰਦਾ ਕਰਨ ਵਾਲਿਆਂ ਖਿਲਾਫ 7 ਮੁਕੱਦਮੇਂ ਦਰਜ ਕਰਕੇ 7 ਕਥਿਤ ਦੋਸ਼ੀਆਂ ਨੂੰ ਕਾਬੂ ਕਰਕੇ 35.250 ਲੀਟਰ ਸ਼ਰਾਬ ਠੇਕਾ ਦੇਸੀ, 30.000 ਲੀਟਰ ਸ਼ਰਾਬ ਨਜਾਇਜ਼ ਤੇ 235 ਲੀਟਰ ਲਾਹਣ ਬ੍ਰਾਮਦ ਕਰਵਾਈ ਗਈ। ਇਸ ਤੋਂ ਇਲਾਵਾ ਅਸਲਾ ਐਕਟ ਤਹਿਤ 1 ਮੁਕੱਦਮਾ ਦਰਜ ਕਰਕੇ 1 ਕਥਿਤ ਦੋਸ਼ੀ ਕਾਬੂ ਕੀਤਾ, ਜਿਸ ਪਾਸੋਂ 1 ਦੇਸੀ ਪਿਸਟਲ ਤੇ 2 ਜਿੰਦਾ ਕਾਰਤੂਸ ਬ੍ਰਾਮਦ ਕੀਤੇ ਗਏ। ਥਾਣਾ ਲੌਂਗੋਵਾਲ ਤੇ ਲਹਿਰਾ ਦੇ ਏਰੀਆ ਵਿੱਚ ਚੋਰੀਆਂ/ਲੁੱਟਾਂ-ਖੋਹਾਂ ਕਰਨ ਵਾਲੇ 3 ਕਥਿਤ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ, ਉਨ੍ਹਾ ਪਾਸੋਂ 1 ਕਿੱਲੋ 500 ਗ੍ਰਾਮ ਤਾਂਬਾ, 40 ਕਿੱਲੋ ਜੀਰੀ ਤੇ 1 ਸਿਲੰਡਰ ਬ੍ਰਾਮਦ ਕਰਵਾਇਆ ਗਿਆ। ਪਬਲਿਕ ਨੂੰ ਵੀ ਨਸ਼ਾ ਵਿਰੋਧੀ ਮੁਹਿੰਮ ਵਿੱਚ ਸਹਿਯੋਗ ਦੇਣ ਲਈ ਅਪੀਲ ਕੀਤੀ ਗਈ। ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਪੰਚਾਇਤਾਂ/ਸਪੋਰਟਸ ਕਲੱਬਾਂ/ਮੋਹਤਵਰਾਂ ਨਾਲ ਮੀਟਿੰਗਾਂ/ਸੰਪਰਕ ਮੀਟਿੰਗਾਂ ਕਰਕੇ ਆਮ ਪਬਲਿਕ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਅਰਸੇ ਦੌਰਾਨ ਵੱਖ-ਵੱਖ ਗਜ਼ਟਿਡ ਅਫਸਰਾਂ/ਮੁੱਖ ਅਫਸਰਾਂ ਵੱਲੋਂ 22 ਪਿੰਡਾਂ/ਸ਼ਹਿਰਾਂ ਵਿੱਚ ਆਮ ਪਬਲਿਕ ਨਾਲ ਮੀਟਿੰਗਾਂ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ। ਨਸ਼ੇ ਦਾ ਧੰਦਾ ਕਰਨ ਵਾਲੇ ਤੇ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰਦੇ ਹੋਏ ਨਸ਼ਿਆਂ ਦੀ ਰੋਕਥਾਮ ਲਈ ਠੋਸ ਉਪਰਾਲੇ ਕੀਤੇ ਜਾ ਰਹੇ ਹਨ। ਨਸ਼ਿਆਂ ਖਿਲਾਫ ਜੰਗ ਜਾਰੀ ਹੈ।

## ਗੋਇਲ ਦੇ ਕੰਮਾਂ ਦਾ ਜਲਵਾ, ਪਿੰਡ ਕਰੌਦਾ ਦੇ ਹਰ ਘਰ ਨੇ ਫੜ੍ਹਿਆ 'ਆਪ' ਦਾ ਪੱਲਾ

ਲਹਿਰਾਗਾਗਾ, 15 ਜੂਨ (ਰਾਮੇਸ਼ਵਰ ਸ਼ਰਮਾ/ਖੁਸਵਿੰਦਰ ਸ਼ਰਮਾ): ਕੈਬਨਿਟ ਮੰਤਰੀ ਐਡਵੋਕੇਟ ਬਰਿੰਦਰ ਗੋਇਲ ਵੱਲੋਂ ਸਮੁੱਚੇ ਹਲਕੇ ਅੰਦਰ ਕਰਵਾਏ ਜਾ ਰਹੇ ਵਿਕਾਸ ਕੰਮਾਂ ਤੋਂ ਪ੍ਰਭਾਵਿਤ ਹੁੰਦਿਆਂ ਹਲਕੇ ਦੇ ਪਿੰਡ ਕਰੌਂਦਾ ਦੇ ਲਗਭਗ ਹਰ ਪਰਿਵਾਰ ਨੇ ਅੱਜ ਕੈਬਨਿਟ ਮੰਤਰੀ ਐਡਵੋਕੇਟ ਬਰਿੰਦਰ ਗੋਇਲ ਦੀ ਹਾਜ਼ਰੀ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਦਾ ਐਲਾਨ ਕੀਤਾ। ਪਿੰਡ ਵਿਖੇ ਹੋਏ ਇੱਕ ਪ੍ਰਭਾਵਸ਼ਾਲੀ ਸਮਾਗਮ ਵਿੱਚ ਪਿੰਡ ਦੇ ਹਰ ਪਰਿਵਾਰ ਦੇ ਵਿਅਕਤੀਆਂ ਨੇ ਸ਼ਿਰਕਤ ਕਰਦਿਆਂ ਮੰਤਰੀ ਗੋਇਲ ਤੋਂ ਅਸ਼ੀਰਵਾਦ ਲਿਆ। ਵੱਡੀ ਸੰਖਿਆ ਵਿੱਚ ਆਪ ਵਿੱਚ ਸ਼ਾਮਿਲ ਹੋਣ ਤੋਂ ਹੋਣ ਤੇ ਗਦ ਗਦ ਹੋਏ ਮੰਤਰੀ ਗੋਇਲ ਨੇ ਕਿਹਾ ਕਿ ਪਾਰਟੀ ਵਿੱਚ ਹਰ ਵੱਡੇ ਛੋਟੇ ਵਿਅਕਤੀ ਨੂੰ ਪੂਰਾ ਮਾਨ ਸਨਮਾਨ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸਮੁੱਚੇ ਪੰਜਾਬ ਵਿੱਚ ਹੋ ਰਹੇ ਵਿਕਾਸ ਕੰਮ ਬੋਲ ਰਹੇ ਹਨ, ਪੰਜਾਬ ÷ਰੰਗਲਾ ਪੰਜਾਬ÷ ਬਣ ਰਿਹੈ, ਉਨ੍ਹਾਂ ਵਿਰੋਧੀ ਪਾਰਟੀਆਂ ਤੇ ਤੰਜ ਕਸਦਿਆਂ ਕਿਹਾ ਕਿ ਵਿਰੋਧੀਆਂ ਕੋਲ ਪੰਜਾਬ ਦੇ ਵਿਕਾਸ, ਖੁਸ਼ਹਾਲੀ ਤੇ ਅਮਨ ਸ਼ਾਂਤੀ ਲਈ ਕੋਈ ਏਜੰਡਾ ਨਹੀਂ। ਸਰਕਾਰੀ ਸਕੂਲਾਂ ਵਿੱਚ ਸਕੂਲ ਆਫ ਐਮੀਨੈਂਸ ਖੋਲਣਾ, ਆਮ ਆਦਮੀ ਕਲੀਨਿਕ , ਪੁਲਾਂ ਡਰੇਨਾਂ ਦਾ ਨਿਰਮਾਣ, ਹਰ ਪਰਿਵਾਰ ਨੂੰ 600 ਯੂਨਿਟ ਬਿਜਲੀ ਮਾਫ਼, 65 ਹਜਾਰ ਤੋਂ ਵੱਧ ਬੇਰੁਜ਼ਗਾਰਾਂ ਨੂੰ ਸਰਕਾਰੀ ਨੌਕਰੀ, ਭਰਿਸ਼ਟਾਚਾਰ ਵਿਰੋਧੀ ਹੈਲਪਲਾਈਨ, 'ਮੁੱਖ ਮੰਤਰੀ ਤੀਰਥ ਯਾਤਰਾ' ਦੇ ਤਹਿਤ ਜਨਤਾ ਨੂੰ ਵੱਖ ਵੱਖ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਾਉਣਾ, ਟੇਲਾਂ ਤੱਕ ਪਾਣੀ ਪਹੁੰਚਾਉਣਾ, ਪਿੰਡ ਪਿੰਡ ਸਟੇਡੀਅਮ ਬਣਾਉਣਾ ਅਤੇ ਸੂਬੇ ਦੇ ਹਰ ਖੇਤ ਤੱਕ ਨਹਿਰੀ ਪਾਣੀ ਪਹੁੰਚਾਣਾ ਪੰਜਾਬ ਸਰਕਾਰ ਦੇ ਇਤਿਹਾਸਿਕ ਕੰਮ ਹਨ, ਇਸ ਮੌਕੇ ÷ਆਪ÷ ਵਿੱਚ ਸ਼ਾਮਿਲ ਹੋਣ ਵਾਲੇ ਪਰਿਵਾਰਾਂ ਵੀਰਾ ਸਿੰਘ ਮੈਂਬਰ, ਪਰਜਾਪਤ ਜਿਲੇ ਸਿੰਘ ,ਸਤਪਾਲ ਸਿੰਘ, ਗਜੇ ਸਿੰਘ, ਕ੍ਰਿਸ਼ਨ ਕੁਮਾਰ, ਮਨਦੀਪ ਪੁੱਤਰ ਸੂਰਜ ਮੱਲ, ਸੋਨੂ ਸਿੰਘ ਪੁੱਤਰ ਮਨਿੰਦਰ ਸਿੰਘ ,ਜਿਲੇ ਸਿੰਘ ਪੁੱਤਰ ਮੋਹਨ ਸਿੰਘ, ਗੀਨਾ ਪੁੱਤਰ ਜਗਤ ਰਾਮ, ਵਿੱਕੀ ਪੁੱਤਰ ਕਰਮਵੀਰ, ਕਪਿਲ ਪੁੱਤਰ ਰਾਮ ਨਿਵਾਸ, ਸੰਦੀਪ ਪੁੱਤਰ ਬਸਾਊ, ਅਭਿਸ਼ੇਕ , ਜ਼ੋਰਾ ਸਿੰਘ ਪੁੱਤਰ ਜੈ ਸਿੰਘ, ਅਜੇ ਪੁੱਤਰ ਰਮੇਸ਼ਵਰ ਤੋਂ ਇਲਾਵਾ ਹੋਰਾਂ ਨੇ ਕਿਹਾ ਕਿ ਉਹ ਕੈਬਨਿਟ ਮੰਤਰੀ ਗੋਇਲ ਵੱਲੋਂ ਹਲਕੇ ਅਤੇ ਉਹਨਾਂ ਦੇ ਪਿੰਡ ਵਿੱਚ ਕੀਤੇ ਗਏ ਅਤੇ ਕੀਤੇ ਜਾ ਰਹੇ ਵਿਕਾਸ ਕੰਮਾਂ ਤੋਂ ਖੁਸ਼ ਹੋ ਕੇ 'ਆਮ ਆਦਮੀ ਪਾਰਟੀ' ਵਿੱਚ ਸ਼ਾਮਿਲ ਹੋ ਰਹੇ ਹਨ, ਜੋ ਕੰਮ ਐਡਵੋਕੇਟ ਬਰਿੰਦਰ ਗੋਇਲ ਨੇ ਚਾਰ ਸਾਲਾਂ ਵਿੱਚ ਕੀਤੇ ਹਨ, ਉਹ ਪਿਛਲੀਆਂ ਸਰਕਾਰਾਂ 50 ਸਾਲਾਂ ਵਿੱਚ ਵੀ ਨਹੀਂ ਕਰ ਸਕੀਆਂ। ਇਸ ਮੌਕੇ ਸੈਂਕੜੇ ਆਗੂ ਅਤੇ ਵਲੰਟੀਅਰ ਹਾਜ਼ਰ ਸਨ। ਸਮਾਗਮ ਵਿੱਚ ਸ਼ਿਰਕਤ ਕਰਨ ਤੋਂ ਪਹਿਲਾਂ ਕੈਬਨਿਟ ਮੰਤਰੀ ਐਡਵੋਕੇਟ ਬਰਿੰਦਰ ਗੋਇਲ ਨੇ ਪਿੰਡ ਕਰੌਂਦਾ ਵਿਖੇ ਲੱਖਾਂ ਰੁਪਏ ਦੀ ਲਾਗਤ ਨਾਲ ਬਣੇ ਨਵੇਂ ਬੱਸ ਸਟੈਂਡ ਦਾ ਉਦਘਾਟਨ ਕਰਦਿਆਂ ਲੋਕ ਅਰਪਿਤ ਕੀਤਾ ਅਤੇ ਪਿੰਡ ਵਿੱਚ ਲਗਾਏ ਗਏ ਸ਼ਹੀਦ ਭਗਤ ਸਿੰਘ ਦੇ ਬੁੱਤ ਤੋਂ ਪਰਦਾ ਚੁੱਕਣ ਦੀ ਰਸਮ ਦਾ ਕੀਤੀ, ਨਾਲ ਹੀ ਉਨ੍ਹਾਂ ਵਾਲਮੀਕੀ ਧਰਮਸ਼ਾਲਾ ਦੀ ਨਵੀਂ ਬਿਲਡਿੰਗ ਦਾ ਉਦਘਾਟਨ ਕਰਦਿਆਂ ਕਿਹਾ ਕਿ ਪਿੰਡ ਵਿੱਚ ਵਿਕਾਸ ਕੰਮਾਂ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ, ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਦਾ ਬੁੱਤ ਨੌਜਵਾਨਾਂ ਵਿੱਚ ਦੇਸ਼ ਭਗਤੀ ਦੀ ਭਾਵਨਾ ਤੇ ਜਜ਼ਬਾ ਪੈਦਾ ਕਰਨ ਵਿੱਚ ਸਹਾਈ ਹੋਵੇਗਾ। ਉਹਨਾਂ ਕਿਹਾ ਕਿ ਸਮੁੱਚਾ ਗੋਇਲ ਪਰਿਵਾਰ ਹਲਕੇ ਦੀ ਸੇਵਾ ਵਿੱਚ 24 ਘੰਟੇ ਹਾਜ਼ਰ ਹੈ। ਇਸ ਮੌਕੇ ਓ ਐਸ ਡੀ ਰਕੇਸ਼ ਕੁਮਾਰ ਗੁਪਤਾ ਤੋਂ ਇਲਾਵਾ ਟਰੱਕ ਯੂਨੀਅਨ ਖਨੌਰੀ ਦੇ ਪ੍ਰਧਾਨ ਬੀਰਭਾਨ, ,ਸੁਰਿੰਦਰ ਕਾਂਸਲ ਕਰੌਦਾ, ਅਗਰਵਾਲ ਵੈਲਫੇਅਰ ਬੋਰਡ ਦੇ ਸੂਬਾ ਕਮੇਟੀ ਮੈਂਬਰ ਸੰਜੇ ਸਿੰਗਲਾ ਖਨੌਰੀ, ਪ੍ਰਵੀਨ ਕਰੌਦਾ, ਸ਼ਮਸ਼ੇਰ ਸਿਘ ਸਰਪੰਚ ਪਿੰਡ ਕਰੌਦਾ, ਰਿਸ਼ੀਪਾਲ, ਸੁਲਿੰਦਰ, ਰਾਮ ਕੁਮਾਰ, ਪ੍ਰੇਮ ਸਿੰਘ, ਦਾਨਾ ਰਾਮ ਹਾਜ਼ਰ ਸਨ।

## ਐਸ.ਜੀ.ਪੀ.ਸੀ ਵੱਲੋਂ ਨੌਜਵਾਨ ਵਿੱਚ ਸੇਵਾ ਭਾਵਨਾ ਨੂੰ ਪ੍ਰਫੁੱਲਿਤ ਕਰਨ ਲਈ ਵਿਸ਼ੇਸ਼ ਉਪਰਾਲੇ ਤਹਿਤ ਵਿਦਿਆਰਥੀਆਂ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਕੀਤੀ ਸੇਵਾ



ਧਾਰੀਵਾਲ, 15 ਜੂਨ (ਅਸ਼ੋਕ ਕੁਮਾਰ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਪ੍ਰਿੰਸੀਪਲ ਡਾ.ਗੁਰਜੀਤ ਸਿੰਘ ਦੀ ਦੇਖ-ਰੇਖ ਹੇਠ ਚੱਲ ਰਹੇ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸਨੰਗਲ ਦੇ ਪ੍ਰਿੰਸੀਪਲ, ਸਟਾਫ ਤੇ ਵਿਦਿਆਰਥੀਆਂ ਵੱਲੋਂ ਸ੍ਰੀ ਦਰਬਾਰ ਸਾਹਿਬ ਵਿਖੇ ਪੂਰੀ ਤਨਦੇਹੀ ਨਾਲ ਵੱਖ-ਵੱਖ ਤਰਾਂ ਦੀ ਸੇਵਾ ਨਿਭਾਈ ਗਈ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜੂਨ ਮਹੀਨੇ ਦੀਆਂ ਛੁੱਟੀਆਂ ਦੌਰਾਨ ਅਜੋਕੀ ਨੌਜਵਾਨ ਪੀੜ੍ਹੀ ਨੂੰ ਆਪਣੇ ਧਰਮ, ਸਿੱਖੀ ਅਤੇ ਸੇਵਾ ਭਾਵਨਾ ਨਾਲ ਜੋੜਨ ਲਈ ਸ਼ਲਾਘਾਯੋਗ ਕਾਰਜ ਨੂੰ ਅਮਲ ਵਿੱਚ ਲਿਆਂਦਾ ਗਿਆ ਹੈ। ਜਿਸ ਦੇ ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਸਕੂਲਾਂ ਅਤੇ ਕਾਲਜਾਂ ਦੇ ਸਟਾਫ ਅਤੇ ਵਿਦਿਆਰਥੀਆਂ ਨੂੰ ਜੂਨ ਮਹੀਨੇ ਦੀਆਂ ਛੁੱਟੀਆਂ ਦੌਰਾਨ ਇਕ - ਇਕ ਦਿਨ ਦੀ ਸੇਵਾ ਸੌਂਪੀ ਗਈ ਹੈ। ਇਸ ਵਿਲੱਖਣ ਉਪਰਾਲੇ ਦੀ ਸਲਾਨਾ ਲੜੀ ਤਹਿਤ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸਨੰਗਲ ਦੇ ਪ੍ਰਿੰਸੀਪਲ ਡਾ.ਗੁਰਜੀਤ ਸਿੰਘ, ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਪੂਰੀ ਸ਼ਰਧਾ ਭਾਵਨਾ ਨਾਲ ਸੇਵਾ ਨਿਭਾਈ ਗਈ। ਇਸ ਮੌਕੇ ਸੰਗਤਾਂ ਨੂੰ ਜਲ ਛਕਾਉਣ, ਬਰਤਨ ਸਾਫ ਕਰਨ, ਸੰਗਤਾਂ ਨੂੰ ਅਰਾਮ ਨਾਲ ਬਿਠਾਉਣ, ਨਾਮ ਦਾ ਜਾਪ ਕਰਵਾਉਣ, ਸ਼ਾਂਤੀਪੂਰਵਕ ਬਾਣੀ ਸਰਵਨ ਕਰਨ ਦੀ ਬੇਨਤੀ ਕਰਨ ਆਦਿ ਵੱਖ-ਵੱਖ ਤਰਾਂ ਦੀ ਸੇਵਾ ਕੀਤੀ ਗਈ। ਕਾਲਜ ਪ੍ਰਿੰਸੀਪਲ ਡਾ.ਗੁਰਜੀਤ ਸਿੰਘ ਨੇ ਇਸ ਨਿਵੇਕਲੀ ਕੋਸ਼ਿਸ਼ ਨੂੰ ਇਕ ਸ਼ਲਾਘਾਯੋਗ ਕਦਮ ਦੱਸਿਆ ਅਤੇ ਕਿਹਾ ਕਿ ਸਮੇਂ ਦੀ ਲੋੜ ਅਨੁਸਾਰ ਨੌਜਵਾਨ ਵਰਗ ਨੂੰ ਆਪਣੇ ਧਰਮ, ਵਿਰਸੇ ਅਤੇ ਆਪਣੀਆਂ ਜੜ੍ਹਾਂ ਨਾਲ ਜੋੜਨ ਲਈ ਇਹ ਉਪਰਾਲਾ ਕਾਰਗਰ ਸਾਬਤ ਹੋਵੇਗਾ। ਉਹਨਾਂ ਨੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ,ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰ.ਸੁਖਮਿੰਦਰ ਸਿੰਘ, ਸਕੱਤਰ ਵਿੱਦਿਆ ਦੀ ਦੂਰ-ਅੰਦੇਸ਼ੀ ਸੋਚ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਅਜਿਹੀਆਂ ਸਖਸ਼ੀਅਤਾਂ ਕੌਮ ਦੀਆਂ ਅਸਲ ਵਾਰਿਸ ਹਨ ਜੋ ਧਰਮ ਅਤੇ ਕੌਮ ਦੇ ਹੱਕ ਵਿੱਚ ਇਤਿਹਾਸਕ ਫੈਸਲੇ ਲੈ ਕੇ ਨਵਾਂ ਇਤਿਹਾਸ ਸਿਰਜਦੀਆਂ ਹਨ। ਵਰਨਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੇ ਇਸ ਉਪਰਾਲੇ ਦੀ ਸੰਗਤਾਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਜਾ ਰਹੀ ਹੈ।

## ਮੰਦਰ ਨਾਨਕ ਚੱਕ ਨੇ ਬੱਸ ਅੱਡੇ 'ਤੇ ਛਬੀਲ ਲਗਾਈ




ਫਤਿਹਗੜ੍ਹ ਚੂੜੀਆਂ, 15 ਜੂਨ (ਰਾਜਨ ਸ਼ਰਮਾ): ਫਤਿਹਗੜ੍ਹ ਚੂੜੀਆਂ ਦੇ ਨਜ਼ਦੀਕ ਪਿੰਡ ਨਾਨਕ ਚੱਕ ਭਗਵਾਨ ਸ੍ਰੀ ਚੰਦਰ ਜੀ ਮੰਦਰ ਨਾਨਕ ਚੱਕ ਦੇ ਗੱਦੀ ਨਸ਼ੀਨ ਮਹੰਤ ਹਰੀ ਕੁੰਭ ਦਾਸ ਜੀ ਦੀ ਰਹਿਨੁਮਾਈ ਹੇਠ ਨਾਨਕ ਚੱਕ ਦੇ ਬੱਸ ਅੱਡੇ ਉੱਪਰ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਅਤੇ ਕੜਾਹ ਪ੍ਰਸ਼ਾਦ ਵੀ ਸੰਗਤਾਂ ਵਿੱਚ ਵਰਤਾਇਆ ਗਿਆ । ਮੰਦਰ ਨਾਨਕ ਚੱਕ ਦੇ ਮਹੰਤ ਹਰੀ ਕੁੰਭ ਦਾਸ ਜੀ ਨੇ ਵਿਸ਼ੇਸ਼ ਤੌਰ ਤੇ ਪਹੁੰਚ ਕੇ ਹਾਜਰੀ ਲਗਵਾਈ। ਇਸ ਛਬੀਲ ਦੇ ਵਿੱਚ ਮੰਦਰ ਨਾਨਕ ਚੱਕ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਆਪਣੀ ਹਾਜਰੀ ਲਗਵਾਈ। ਇਸ ਮੌਕੇ ਉੱਪਰ ਮਹੰਤ ਹਰੀ ਕੁੰਭ ਦਾਸ ਜੀ, ਰਵਿੰਦਰ ਮੁਨੀ ਜੀ, ਰੰਮੀ ਅਲੀਵਾਲ, ਧਰਮਵੀਰ, ਜੋਬਨ ਡੁਲਟ, ਰਮਨ ਬਾਜਵਾ, ਸੰਦੀਪ ਬੇਦੀ, ਜਸ਼ਨ ਪੰਨੂ, ਰਮਨ ਬਾਜਵਾ, ਗੁਰੀ , ਕਰਨ ਲੰਗਰਵਾਲ,ਮਾਨਾ ਨਾਨਕ ਚੱਕ, ਪਵਨ, ਹੈਪੀ, ਹੈਪੀ ਕਾਦੀਆਂ , ਦੁਰਲਭ ਸਿੰਘ , ਰਣਜੀਤ ਕੋਟਲੀ, ਜੀਵਨ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਮੰਦਰ ਨਾਨਕ ਚੱਕ ਦੇ ਸੇਵਾਦਾਰ ਅਤੇ ਇਲਾਕੇ ਦੀਆਂ ਸੰਗਤਾਂ ਹਾਜ਼ਰ ਸਨ।

## ਵਿਧਾਇਕ ਐਡ. ਅਮਰਪਾਲ ਸਿੰਘ ਨੇ 'ਮੇਰੀ ਰਸੋਈ' ਯੋਜਨਾ ਤਹਿਤ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ



ਘੁਮਾਣ/ਸ੍ਰੀਹਰਗੋਬਿੰਦਪੁਰ ਸਾਹਿਬ, 15 ਜੂਨ (ਡਾ. ਨਰਿੰਦਰ ਸਿੰਘ ਘੁਮਾਣ/ ਜਗੀਰ ਸਿੰਘ ਮੰਡ): ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਵਲੋਂ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਦੁਆਰਾ ਸ਼ੁਰੂ ਕੀਤੀ ਗਈ 'ਮੇਰੀ ਰਸੋਈ ' ਯੋਜਨਾ ਤਹਿਤ ਸ੍ਰੀ ਹਰਗੋਬਿੰਦਪੁਰ ਸਾਹਿਬ ਸ਼ਹਿਰ ਵਿਖੇ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ ਗਈਆਂ।ਇਸ ਮੌਕੇ ਪਿੰਡ ਵਾਸੀਆਂ ਨਾਲ ਮੁਲਾਕਾਤ ਕਰਦਿਆਂ ਉਨ੍ਹਾਂ ਦੀਆਂ ਸਮੱਸਿਆਵਾਂ ਵੀ ਸੁਣੀਆਂ ਗਈਆਂ ਅਤੇ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਹਮੇਸ਼ਾ ਲੋਕ ਭਲਾਈ ਅਤੇ ਸਮਾਜ ਦੇ ਹਰ ਵਰਗ ਦੀ ਸੇਵਾ ਲਈ ਵਚਨਬੱਧ ਹੈ। ਇਸ ਮੌਕੇ ਗੱਲ ਕਰਦਿਆਂ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਲੋਕ ਹਿੱਤ ਵਿੱਚ ਵੱਡੇ ਉਪਰਾਲੇ ਕੀਤੇ ਗਏ ਹਨ ਤੇ ਲੋਕਾਂ ਦੀ ਸਿਹਤ ਸਹੂਲਤ ਨੂੰ ਮੁੱਖ ਮੰਤਰੀ ਸਿਹਤ ਯੋਜਨਾ ਲਾਗੂ ਕੀਤੀ ਗਈ ਹੈ, ਜਿਸ ਤਹਿਤ ਬਿਮਾਰੀ ਦਾ ਇਲਾਜ ਕਰਵਾਉਣ ਲਈ 10 ਲੱਖ ਰੁਪਏ ਤੱਕ ਦੀ ਕੈਸ਼ਲੈੱਸ ਸਹੂਲਤ ਮੁਹੱਈਆ ਕਰਵਾਈ ਗਈ ਹੈ।

ਉਨ੍ਹਾਂ ਅੱਗੇ ਕਿਹਾ ਕਿ ਇਤਿਹਾਸਕ ਅਤੇ ਧਾਰਮਿਕ ਹਲਕੇ ਸ੍ਰੀ ਹਰਗੋਬਿੰਦਪੁਰ ਸਾਹਿਬ ਵਿਖੇ ਸਰਬਪੱਖੀ ਵਿਕਾਸ ਕੰਮ ਤੇਜ਼ੀ ਨਾਲ ਚੱਲ ਰਹੇ ਹਨ।ਪਿੰਡਾਂ ਦੇ ਵਿੱਚ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਤ ਕਰਨ ਲਈ ਖੇਡ ਮੈਦਾਨ ਤਿਆਰ ਕੀਤੇ ਗਏ ਹਨ। ਪਿੰਡਾਂ ਵਿੱਚ ਸ਼ਾਨਦਾਰ ਪਾਰਕਾਂ ਦੀ ਉਸਾਰੀ ਕੀਤੀ ਗਈ ਹੈ। ਪਿੰਡਾਂ ਵਿੱਚ ਗੰਦੇ ਪਾਣੀ ਦੀ ਨਿਕਾਸੀ ਲਈ ਸੀਵਰੇਜ ਪਾਏ ਜਾ ਰਹੇ ਹਨ।

## ਜ਼ਿਲ੍ਹਾ ਟੀਕਾਕਰਨ ਅਫ਼ਸਰ ਦੇ ਪੱਤਰ ਕਾਰਨ ਆਸ਼ਾ ਵਰਕਰਾਂ ਵਿੱਚ ਫੈਲਿਆ ਰੋਸ

ਸ੍ਰੀ ਹਰਗੋਬਿੰਦਪੁਰ ਸਾਹਿਬ 15 ਜੂਨ(ਸੁਖਅੰਮ੍ਰਿਤ ਸਿੰਘ ਸੋਨੂੰ/ਡਾ ਸਰਬਜੀਤ ਸਿੰਘ ਭਿੰਡਰ): ਜ਼ਿਲ੍ਹਾ ਟੀਕਾਕਰਨ ਅਫ਼ਸਰ ਗੁਰਦਾਸਪੁਰ ਵਲੋਂ ਜਾਰੀ ਪੱਤਰ ਕਾਰਨ ਆਸ਼ਾ ਵਰਕਰਾਂ ਨੂੰ ਬੱਚਿਆਂ ਦੇ ਟੀਕਾਕਰਨ ਦੇ ਮਿਹਨਤਾਨੇ ਵਿਚ ਦੇਰੀ ਹੋ ਰਹੀ ਹੈ। ਜਿਸ ਕਾਰਨ ਪ੍ਰਾਇਮਰੀ ਹੈਲਥ ਸੈਂਟਰ ਭਾਮ ਦੀਆਂ ਆਸ਼ਾ ਵਰਕਰਾਂ ਵਿੱਚ ਰੋਸ ਫੈਲ ਗਿਆ ਹੈ। ਪੱਤਰ ਅਨੁਸਾਰ ਆਸ਼ਾ ਵਰਕਰਾਂ ਨੂੰ ਬੱਚਿਆਂ ਦੇ ਟੀਕਾਕਰਨ ਦੇ ਮਿਹਨਤਾਨੇ ਦੇ ਰੂਪ ਵਿੱਚ ਪੈਸੇ ਉਦੋਂ ਤੱਕ ਜਾਰੀ ਨਾ ਕੀਤੇ ਜਾਣ ਜਦੋਂ ਤੱਕ ਇਹ ਸਾਰਾ ਡੈਟਾ ਪੋਰਟਲ ਤੇ ਚੜ੍ਹ ਨਹੀਂ ਜਾਂਦਾ। ਜਿਸ ਦੀ ਸਾਰੀ ਜ਼ਿੰਮੇਵਾਰੀ ਏ ਐਨ ਐਮ ਭੈਣ ਜੀ ਦੀ ਹੈ। ਡੈਮੋਕ੍ਰੇਟਿਕ ਆਸ਼ਾ ਵਰਕਰਜ ਅਤੇ ਫੈਸੀਲੀਟੇਟਰਜ ਯੂਨੀਅਨ ਵੱਲੋਂ ਬਲਜੀਤ ਕੌਰ, ਪ੍ਰਭਜੋਤ , ਰਾਜਵੰਤ ਔਲਖ , ਪਰਮਜੀਤ ਚੀਮਾ ਖੁੰਡੀ, ਸਰਬਜੀਤ ਬਸਰਾਵਾ,ਉਸ਼ਾ ਮੀਤ ਪ੍ਰਧਾਨ, ਨੇ ਦੱਸਿਆ ਕਿ ਬਲਾਕ ਵਿੱਚ ਵੱਡੀ ਗਿਣਤੀ ਵਿੱਚ ਏ ਐਨ ਐਮ ਭੈਣ ਜੀ ਦੀਆਂ ਅਸਾਮੀਆਂ ਖਾਲੀ ਪਈਆਂ ਹਨ। ਜਿਸ ਕਰਕੇ ਪੱਤਰ ਅਨੁਸਾਰ ਆਸ਼ਾ ਵਰਕਰਾਂ ਨੂੰ ਬਣਦਾ ਮਿਹਨਤਾਨਾ ਨਹੀਂ ਮਿਲ ਸਕਦਾ। ਇਹ ਵਰਨਣਯੋਗ ਹੈ ਕਿ ਹਰ ਬੁੱਧਵਾਰ ਮਮਤਾ ਦਿਵਸ ਮੌਕੇ ਨਵ ਜੰਮੇ ਬੱਚਿਆਂ ਨੂੰ ਵੱਖ ਵੱਖ ਉਮਰ ਅਨੁਸਾਰ ਟੀਕਾਕਰਨ ਕੀਤਾ ਜਾਂਦਾ ਹੈ। ਆਸ਼ਾ ਵਰਕਰਾਂ ਦੀ ਡਿਊਟੀ ਘਰਾਂ ਵਿਚੋਂ ਲਾਭਪਾਤਰੀ ਬੱਚਿਆਂ ਨੂੰ ਮਮਤਾ ਕੇਂਦਰ ਤੇ ਲੈ ਕੇ ਆਉਣਾ ਹੈ ਅਤੇ ਉਨ੍ਹਾਂ ਨੂੰ ਬੱਚਿਆਂ ਦੀ ਗਿਣਤੀ ਅਨੁਸਾਰ ਮਾਣ ਭੱਤਾ ਮਿਲਣਾ ਹੈ। ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਗੁਰਦਾਸਪੁਰ ਦੇ ਆਗੂ ਅਮਰਜੀਤ ਸ਼ਾਸਤਰੀ ਨੇ ਦੱਸਿਆ ਕਿ ਅਸਲ ਵਿੱਚ ਇਹ ਸਮੱਸਿਆ ਉਦੋਂ ਸ਼ੁਰੂ ਸ਼ੁਰੂ ਹੋਈ ਹੈ ਜਦੋਂ ਆਸ਼ਾ ਵਰਕਰਾਂ ਨੇ ਮੁੱਖ ਹਸਪਤਾਲਾਂ ਤੋਂ ਵੈਕਸੀਨਾਂ ਲਿਆਉਣ ਅਤੇ ਛੱਡਣ ਦੀ ਡਿਊਟੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ ਕਿਉਂਕਿ ਵਿਭਾਗ ਵੱਲੋਂ ਇਸ ਕੰਮ ਦੇ ਸਿਰਫ਼ 75 ਰੁਪਏ ਦਿੱਤੇ ਜਾਂਦੇ ਹਨ। ਜੋ ਕਿ ਮਹਿੰਗੇ ਪੈਟਰੋਲ ਕੀਮਤਾਂ ਵਿਚ ਬਹੁਤ ਹੀ ਘੱਟ ਹਨ। ਉਂਝ ਇਹ ਸਾਰੀ ਜ਼ਿੰਮੇਵਾਰੀ ਏ ਐਨ ਐਮ ਭੈਣ ਜੀ ਦੀ ਹੈ।


**ਪੰਜਾਬ ਮੰਡੀ ਬੋਰਡ**
**ਕਿਸਾਨ ਭਵਨ, ਸੈਕਟਰ 35 ਏ, ਚੰਡੀਗੜ੍ਹ**
**ਕਿਸਾਨ ਭਵਨ ਵਿਖੇ ਕੌਫੀ ਸ਼ਾਪ ਖੋਲ੍ਹਣ ਸਬੰਧੀ ਨੋਟਿਸ**
ਕਿਸਾਨ ਭਵਨ, ਸੈਕਟਰ 35 ਏ, ਚੰਡੀਗੜ੍ਹ ਵਿਖੇ ਕੌਫੀ ਸ਼ਾਪ (ਕੈਫੇ) ਖੋਲ੍ਹਿਆ ਜਾਣਾ ਹੈ । ਇਸ ਮੰਤਵ ਲਈ ਚਾਹਵਾਨ ਵਿਅਕਤੀ/ਠੇਕੇਦਾਰਾਂ ਪਾਸੋਂ ਇਸ ਵਿਚ ਭਾਗ ਲੈ ਸਕਦੇ ਹਨ। ਡੀ.ਐਨ. ਆਈ.ਟੀ. ਸ਼ਰਤਾਂ ਦੀ ਡਿਟੇਲ ਪੰਜਾਬ ਮੰਡੀ ਬੋਰਡ ਦੀ ਸਾਈਟ https://mandiboard.nic.in ਤੇ ਵੇਖੀ ਜਾ ਸਕਦੀ ਹੈ। ਇਹ ਟੈਂਡਰ ਸੀਲਬੰਦ ਲਿਫਾਫੇ ਵਿਚ, ਕੇਅਰ ਟੇਕਰ (ਸਟੋਰ ਸ਼ਾਖਾ), ਪੰਜਾਬ ਮੰਡੀ ਬੋਰਡ , ਸੈਕਟਰ 65-ਏ, ਮੋਹਾਲੀ ਵਿਚ ਰੱਖੇ ਬਾਕਸ ਵਿਚ ਮਿਤੀ 30.06.2026 ਤੱਕ ਨੂੰ ਸਵੇਰੇ 11.00 ਵਜੇ ਤੱਕ ਪਾਏ ਜਾ ਸਕਦੇ ਹਨ। ਪ੍ਰਾਪਤ ਹੋਣ ਵਾਲੇ ਟੈਂਡਰ ਮਿਤੀ 30.06.2026 ਨੂੰ ਦੁਪਹਿਰ 12.00 ਵਜੇ ਮੁੱਖ ਦਫਤਰ, ਪੰਜਾਬ ਮੰਡੀ ਬੋਰਡ ਸੈਕਟਰ 65-ਏ,ਐਸ.ਏ.ਐਸ .ਨਗਰ ਵਿਖੇ ਖੋਲ੍ਹੇ ਜਾਣਗੇ। ਕਿਸੇ ਹੋਰ ਜਾਣਕਾਰੀ ਜਾਂ ਸਹਾਇਤਾ ਮੋਬਾਇਲ ਨੰ. 95011-99788 ਜਾਂ ਈ-ਮੇਲ chiefop.pmb@punjab.gov.in ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।
**ਸਕੱਤਰ**
**Ro No PR ADVT NO: 1653/12/2026-27/12341/ Dated CHD: 15/6/2026**

**ਨਗਰ ਨਿਗਮ ਚੰਡੀਗੜ੍ਹ**
**ਟੈਂਡਰ ਸੂਚਨਾ**

| ਲ. ਨੰ. | ਕੰਮ ਦਾ ਨਾਮ | ਬੋਲੀ ਜਮ੍ਹਾਂ ਸੂਚੀ (ਆਨਲਾਈਨ) | ਤਕਨੀਕੀ ਬੋਲੀ ਦਾ ਖੁੱਲ੍ਹਣਾ (ਆਨਲਾਈਨ) |
|---|---|---|---|
| | ਕਾਰਜਕਾਰੀ ਇੰਜੀਨੀਅਰ -ਐਮ.ਸੀ.ਪੀ.ਐਚ. ਡਵੀਜ਼ਨ ਨੰ. 2 | | |
| 1. | ਐਸਡੀਈ ਐਮਸੀਪੀਐਚ ਸਬ ਡਵੀਜ਼ਨ ਨੰ. 20, ਚੰਡੀਗੜ੍ਹ ਦੇ ਅਧਿਕਾਰ ਖੇਤਰ ਅਧੀਨ ਗੋਵਿੰਦਪੁਰਾ, ਵਾਰਡ ਨੰ. 6, ਮਨੀਮਾਜਰਾ ਵਿਚ ਸੀਵਰੇਜ ਨੈਟਵਰਕ ਦਾ ਮਜ਼ਬੂਤੀਕਰਨ (ਪੁਨਰ-ਸੌਦਾ)। ਰਕਮ : ਰੁ. 54,00,194/- ਬਿਆਨਾ ਰਕਮ : ਰੁ. 1,08,003/- ਸਮਾਂ ਹੱਦ : 3 ਮਹੀਨੇ | 15.06.2026 To 22.06.2026 at 11:00 A.M | 22.06.2026 at 12:00 noon |

ਨੋਟ :- ਸਾਰੇ ਹੋਰ ਨਿਯਮ ਅਤੇ ਸ਼ਰਤਾਂ ਅਤੇ ਮੁਕੰਮਲ ਡੀਐਨਆਈਟੀ ਵੈਬਸਾਈਟ https://etenders.chd.nic.in 'ਤੇ ਅਪਲੋਡ ਕੀਤੇ ਗਏ ਹਨ।
**ਕਾਰਜਕਾਰੀ ਇੰਜੀਨੀਅਰ**
ਐਮ.ਸੀ.ਪੀ.ਐਚ. ਡਵੀਜ਼ਨ ਨੰ. 2, ਨੇੜੇ ਕਰੁਣਾ ਸਦਨ, ਸੈਕਟਰ 11, ਚੰਡੀਗੜ੍ਹ


**ਜ਼ਰੂਰੀ ਸੂਚਨਾ**
ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।
**-ਇਸ਼ਤਿਹਾਰ ਮੈਨੇਜਰ**


**ਉੱਤਰ ਰੇਲਵੇ**
**ਮੰਡਲ ਹਸਪਤਾਲ, ਅੰਬਾਲਾ ਮੰਡਲ**
ਫਾਈਲ ਨੰਬਰ UMB0PERS (PP3)/18/2020-O/o DPO-II/UMB/NR – Part (1)
**ਸੰਵਿਦਾ ਚਿਕਿਤਸਾ ਪ੍ਰੈਕਟਿਸ਼ਨਰ ਦੀ ਨਿਯੁਕਤੀ (ਸੀਐਮਸੀ)**
ਉੱਤਰ ਰੇਲਵੇ, ਮੰਡਲ ਹਸਪਤਾਲ, ਅੰਬਾਲਾ ਛਾਉਣੀ-133001 ਵਿਚ ਸੰਵਿਦਾ ਚਿਕਿਤਸਾ ਪ੍ਰੈਕਟਿਸ਼ਨਰ (ਸੀਐਮਪੀ) ਦੀ ਨਿਯੁਕਤੀ ਦੇ ਲਈ ਯੋਗ ਉਮੀਦਵਾਰਾਂ ਤੋਂ ਬਿਨੈ ਪੱਤਰਾਂ ਦੀ ਮੰਗ ਕੀਤੀ ਜਾਂਦੀ ਹੈ। ਪ੍ਰਮੁੱਖ ਖਬਰ ਅਤੇ ਭਰਤੀ ਸੂਚਨਾ ਦੇ ਤਹਿਤ ਅਸਾਮੀਆਂ ਦੀ ਸਥਿਤੀਅ, ਨਿਯਮ, ਸ਼ਰਤਾਂ, ਬਿਨੈ ਪੱਤਰ ਦਾ ਫਾਰਮੈਟ ਵਿਸਤ੍ਰਿਤ ਵਿਗਿਆਪਨ ਦੇ ਨਾਲ ਉ.ਰੇ. ਦੀ ਵੈਬਸਾਈਟ https://nr.indianrailways.gov.in → Division → Ambala Division → Personnel → Notification and Answer Key Page 'ਤੇ ਉਪਲਬਧ ਹੈ।
**ਚੀਫ ਮੈਡੀਕਲ ਸੁਪਰਟੈਂਡੈਂਟ**
**ਉ.ਰੇ. ਮੰਡਲ ਹਸਪਤਾਲ,**
**ਅੰਬਾਲਾ ਛਾਉਣੀ-133001**
2047/26
**ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ**

**ਪੰਜਾਬ ਸਰਕਾਰ**
**ਟੈਂਡਰ ਹਵਾਲਾ ਨੰਬਰ :- ਈ-ਟੈਂਡਰ ਸੂਚਨਾ ਨੰ. 20/ਟੀਆਈਸੀ ਮਿਤੀ 12.06.2026**

| | |
|---|---|
| ਵਿਭਾਗ : | ਨਗਰ ਨਿਗਮ ਮੋਹਾਲੀ, ਐਸਏਐਸ ਨਗਰ ਵੱਲੋਂ 63 ਕੰਮਾਂ ਲਈ ਬੋਲੀਆਂ ਦੀ ਮੰਗ ਕੀਤੀ ਜਾਂਦੀ ਹੈ। |
| ਬੰਦ ਹੋਣ ਦੀ ਮਿਤੀ ਅਤੇ ਸਮਾਂ : | ਬੋਲੀ ਦਸਤਾਵੇਜ਼ ਜਮ੍ਹਾਂ ਕਰਨ ਦੀ ਆਖਰੀ ਮਿਤੀ : 30.06.2026 ਸਮਾਂ 12.30 ਵਜੇ ਤੱਕ। ਟੈਂਡਰ ਦੇ ਖੁੱਲ੍ਹਣ ਦੀ ਮਿਤੀ ਅਤੇ ਸਮਾਂ : 01.07.2026 ਨੂੰ 09.00 ਵਜੇ |
| ਵੇਰਵਿਆਂ ਲਈ ਲਾਗ ਆਨ ਕਰੋ : | http://www.eproc.punjab.gov.in |
| ਨੋਟ : | ਟੈਂਡਰ ਸੂਚਨਾ ਵਿਚ ਕੋਈ ਵੀ ਸੋਧ (ਾਂ) ਕੇਵਲ ਉਕਤ ਵੈਬਸਾਈਟ 'ਤੇ ਹੀ ਪਾਈ ਜਾਵੇਗੀ। |

ਸਹੀ/-ਨਿਗਮ ਇੰਜੀਨੀਅਰ,
ਨਗਰ ਨਿਗਮ, ਐਸਏਐਸ ਨਗਰ
**RO.No.PR-Advt.No:1771/12/2026-27/12334 Dated CHD : 15/6/2026**

**PSPCL Punjab State Power Corporation Limited**
**Regd. Office : PSEB Head Office, The Mall, Patiala - 147001**
**Corporate Identity Number : U40109PP20SGC033813**
**Mobile No.: 96461-23965**
**ਟੈਂਡਰ ਇੰਨਕੁਆਇਰੀ ਨੰ. 03/2026-27** **ਮਿਤੀ : 15.06.2026**
**ਦਫਤਰ :** ਸਹਾਇਕ ਕਾਰਜਕਾਰੀ ਇੰਜੀਨੀਅਰ/ਗਰਿਡ ਉਸਾਰੀ ਉਪ-ਮੰਡਲ ਪਟਿਆਲਾ ਲਈ ਇੱਕ ਨੰਬਰ ਗੱਡੀ 5 ਟੱਨ ਐਲ.ਸੀ.ਵੀ. ਕੈਂਟਰ ਇੱਕ ਸਾਲ ਲਈ ਕਿਰਾਏ ਤੇ ਲੈਣ ਸਬੰਧੀ (ਗੱਡੀ 05 ਸਾਲ ਤੋਂ ਵੱਧ ਪੁਰਾਣੀ ਨਹੀਂ ਹੋਣੀ ਚਾਹੀਦੀ)।

| | |
|---|---|
| ਟੈਂਡਰ ਵੇਚਣ ਦੀ ਆਖਰੀ ਮਿਤੀ | : 24.06.2026 ਸਮਾਂ 16.00 ਤੱਕ |
| ਟੈਂਡਰ ਜਮ੍ਹਾਂ ਕਰਵਾਉਣ ਦੀ ਮਿਤੀ | : 25.06.2026 ਸਮਾਂ 12.30 ਤੱਕ |
| ਟੈਂਡਰ ਖੋਲ੍ਹਣ ਦੀ ਮਿਤੀ | : 26.06.2026 ਸਮਾਂ 13.00 ਵਜੇ |
| ਟੈਂਡਰ ਦੀ ਕੀਮਤ | : 1180/-ਰੁਪਏ |

**ਨੋਟ :** ਟੈਂਡਰ ਦੀਆਂ ਸਪੈਸੀਫਿਕੇਸ਼ਨਾਂ ਅਤੇ ਸ਼ਰਤਾਂ ਪੀ.ਐਸ.ਪੀ.ਸੀ.ਐਲ. ਦੀ ਵੈੱਬਸਾਈਟ (www.pspcl.in) ਤੋਂ ਡਾਊਨਲੋਡ ਕੀਤੀਆਂ ਜਾ ਸਕਦੀਆਂ ਹਨ। ਜੇਕਰ ਕੋਈ ਕੋਰੀਜੰਡਮ ਹੋਇਆ ਤਾਂ ਉਹ ਅਖ਼ਬਾਰ ਵਿੱਚ ਪ੍ਰਕਾਸ਼ਿਤ ਨਹੀਂ ਕੀਤਾ ਜਾਵੇਗਾ। ਕਿਸੇ ਵੀ ਤਰ੍ਹਾਂ ਦੀ ਅਪਡੇਟ ਲਈ ਪੀ.ਐਸ.ਪੀ.ਸੀ.ਐਲ. ਦੀ ਵੈੱਬਸਾਈਟ ਤੇ ਲਗਾਤਾਰ ਦੇਖਿਆ ਜਾਵੇ।
C 655 / 26
**Ro No.: PR-Advt. No.: 1079 / 12 / 2026-27 / 12373 / Dated CHD : 15.06.2026**

**ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਪਟਿਆਲਾ**
**ਥੋੜ੍ਹੇ ਸਮੇਂ ਦੀ ਕੁਟੇਸ਼ਨ ਸੂਚਨਾ**
ਪ.ਡਬਲਯੂ.ਡਾ. (ਬੀ.ਐਂਡ.ਆਰ.)/ਪੁਡਾ/ਕੇਂਦਰੀ/ਰਾਜ ਸਰਕਾਰ ਦੇ ਵਿਭਾਗਾਂ/ਪੀ.ਐਸ.ਯੂ. ਵਿਚ ਸੂਚਬਧ ਯੋਗ ਠੇਕੇਦਾਰਾਂ/ਐਲ.ਐਂਡ.ਸੀ. ਸੋਸਾਇਟੀਆਂ/ਫਰਮਾਂ ਤੋਂ ਦੋ ਲਿਫਾਫਿਆਂ ਵਿੱਚ DNIQ ਰਕਮ 'ਤੇ "ਪ੍ਰਤੀਸ਼ਤ ਦਰ ਦੇ ਆਧਾਰ 'ਤੇ" ਸੀਲਬੰਦ ਕੁਟੇਸ਼ਨਾਂ ਮੰਗੀਆਂ ਜਾਂਦੀਆਂ ਹਨ ਜੋ ਕਿ ਢੁਕਵੀਂ ਸ਼੍ਰੇਣੀ ਅਤੇ ਸ਼੍ਰੇਣੀ ਲਈ ਹਨ:-
1 ਪੀ.ਆਰ.ਟੀ.ਸੀ. ਮੁੱਖ ਦਫ਼ਤਰ ਪਟਿਆਲਾ ਵਿਖੇ ਫਲੋਰਿੰਗ ਦੀ ਮੁਰੰਮਤ (ਕੋਟੇਸ਼ਨ ਲਾਗਤ 4.79 ਲੱਖ ਅਤੇ ਬਿਆਨਾ ਰਕਮ 9600.00)
2 ਪੀ.ਆਰ.ਟੀ.ਸੀ. ਮੁੱਖ ਦਫ਼ਤਰ ਪਟਿਆਲਾ ਵਿਖੇ ਸ਼ੈੱਡ ਦੀ ਮੁਰੰਮਤ (ਕੋਟੇਸ਼ਨ ਲਾਗਤ 4.52 ਲੱਖ ਅਤੇ ਬਿਆਨਾ ਰਕਮ 9100.00)
3 ਪੀ.ਆਰ.ਟੀ.ਸੀ. ਨਵੇਂ ਬੱਸ ਸਟੈਂਡ ਪਟਿਆਲਾ ਵਿਖੇ 3 ਸੀਟਰਾਂ ਵਾਲੇ 15 ਨੰਬਰ ਵੇਟਿੰਗ ਚੇਅਰ ਦੀ ਸਪਲਾਈ (ਕੋਟੇਸ਼ਨ ਲਾਗਤ 0.84 ਲੱਖ ਅਤੇ ਬਿਆਨਾ ਰਕਮ 1700.00)
"ਕੋਟੇਸ਼ਨ ਸੌਦਾ ਦੇਣ ਵਾਲੇ ਵੇਰਵੇ ਨੋਟਿਸ÷ ਦੇ ਸਾਰੇ ਨਿਯਮ ਅਤੇ ਸ਼ਰਤਾਂ 24.06.2026 ਤੱਕ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। 12:00 ਵਜੇ ਦੁਪਹਿਰ ਅਤੇ ਉਸੇ ਦਿਨ ਦੁਪਹਿਰ 3:00 ਵਜੇ ਖੁੱਲ੍ਹੇਗਾ। ਕੁਟੇਸ਼ਨ ਸੰਬੰਧੀ ਸੋਧ/ਜੋੜ, ਜੇਕਰ ਕੋਈ ਹੈ, ਇਸ ਦਫ਼ਤਰ ਦੁਆਰਾ www.pepsurtc.com 'ਤੇ ਜਾਰੀ ਕੀਤਾ ਜਾਵੇਗਾ।
**ਕਾਰਜਕਾਰੀ ਇੰਜੀਨੀਅਰ (ਸੀ.ਡਬਲਯੂ.)**
**ਪੀ.ਆਰ.ਟੀ.ਸੀ. ਪਟਿਆਲਾ**
**RO.No.PR-Advt.No:1044/12/2026-27/12366/Dated CHD : 15/6/2026**

**ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ**
**(ਰਜਿ: ਪੀ.ਐਸ.ਈ.ਬੀ. ਮੁੱਖ ਦਫਤਰ ਦੀ ਮਾਲ, ਪਟਿਆਲਾ)**
**ਕਾਰਪੋਰੇਟ ਆਈ.ਡੀ. ਨੰ. U40109PB2010SGC033813**
**ਵੈੱਬਸਾਈਟ : www.pspcl.in ਸੰਪਰਕ ਨੰਬਰ : 96461-23800**
ਸੀਨੀਅਰ ਕਾਰਜਕਾਰੀ ਇੰਜੀਨੀਅਰ ਸਿਵਲ ਉਸਾਰੀ ਅਤੇ ਸਾਂਭ-ਸੰਭਾਲ ਮੰਡਲ, ਅਫਸਰ ਫਲੈਟ ਨੰਬਰ 18, ਨੇੜੇ 23 ਨੰਬਰ ਰੇਲਵੇ ਫਾਟਕ ਸ਼ਕਤੀ ਵਿਹਾਰ, ਪੀ.ਐਸ.ਪੀ.ਸੀ.ਐਲ. ਪਟਿਆਲਾ ਦੇ ਦਫਤਰ ਵੱਲੋਂ ਹੇਠ ਲਿਖੇ ਕੰਮਾਂ ਦੇ ਖੁੱਲ੍ਹੇ ਟੈਂਡਰ ਈ-ਟੈਂਡਰ ਪ੍ਰਣਾਲੀ ਰਾਹੀਂ ਸੱਦੇ ਜਾਂਦੇ ਹਨ।

| ਕੰਮ ਦਾ ਨਾਮ | ਟੈਂਡਰ ਇੰਨਕੁਆਇਰੀ ਨੰਬਰ/ਮਿਤੀ |
|---|---|
| ਡੀ.ਐਸ. ਸਰਕਲ ਸੰਗਰੂਰ ਅਧੀਨ ਡੀ.ਐਸ. ਡਿਵੀਜ਼ਨ ਲਹਿਰਾਗਾਗਾ ਲਈ ਨਵੀਂ ਦਫਤਰੀ ਇਮਾਰਤ ਦੀ ਉਸਾਰੀ (Short term) | 12/CCM/PTA/2026-27/12.06.2026 |
| ਓ ਐਂਡ ਐਮ ਡਿਵੀਜ਼ਨ, ਪਾਤੜਾਂ ਅਧੀਨ 66kv s/s ਗਿਦਰੀਆਣੀ ਵਿਖੇ ਸਵਿੱਚ ਹਾਊਸ ਬਿਲਡਿੰਗ ਦਾ ਵਿਸਥਾਰ (Short term) | 13/CCM/PTA/2026-27/12.06.2026 |
| ਓ ਐਂਡ ਐਮ ਡਿਵੀਜ਼ਨ ਪਾਤੜਾਂ ਅਧੀਨ 66 ਕਿ.ਵੀ./ਸਟੇਨ ਦੁੱਗਲ ਵਿਖੇ ਸਵਿੱਚ ਹਾਊਸ ਇਮਾਰਤ ਦਾ ਵਿਸਥਾਰ | 14/CCM/PTA/2026-27/12.06.2026 |

ਇਨ੍ਹਾਂ ਕੰਮਾਂ ਦੀ DNIT ਅਤੇ ਟੈਂਡਰ ਸਪੈਸੀਫਿਕੇਸ਼ਨ ਸੰਬੰਧੀ ਡਿਟੇਲ ਨੋਟਿਸ https://eproc.punjab.gov.in ਦੀ ਵੈੱਬਸਾਈਟ ਤੇ ਮਿਤੀ 16.06.2026 ਨੂੰ 1:00 ਸ਼ਾਮ ਤੇ ਦੇਖੇ ਜਾ ਸਕਦੇ ਹਨ।
**ਨੋਟ : ਜੇਕਰ ਕਿਸੇ ਕਾਰਨ ਟੈਂਡਰ ਪ੍ਰਕ੍ਰਿਆ ਪੂਰੀ ਨਹੀਂ ਹੁੰਦੀ ਤਾਂ ਸੋਧ ਸੰਬੰਧੀ ਵੇਰਵੇ https://eproc.punjab.gov.in ਤੇ ਹੀ ਦਿੱਤੇ ਜਾਣਗੇ ਜੀ।**
**C 654 / 26**
**Ro No.: PR-Advt. No.: 1079/12/2026-27/12360/Dated CHD: 15.06.2026**

**ਦਫਤਰ**
**ਨਗਰ ਪੰਚਾਇਤ ਅਮਰਗੜ੍ਹ (ਮਲੇਰਕੋਟਲਾ)**
**E-mail: npamargarh@yahoo.com**
**office of Nagar Panchayat Amargarh (Malerkotla) Ph.01675-284011**
ਨੰਬਰ: NPA/ ਮਿਤੀ
ਨਿਲਾਮੀ ਸ਼ਾਮਲਾਤ ਜ਼ਮੀਨ ਚਕੋਤੇ ਦੇਣ ਸੰਬੰਧੀ
ਹਰ ਆਮ ਵ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਗਰ ਪੰਚਾਇਤ ਅਮਰਗੜ੍ਹ ਦੀ ਵਾਹੀਯੋਗ ਜ਼ਮੀਨ ਇਕ ਸਲ 2026-27 ਲਈ ਹੇਠ ਲਿਖੇ ਅਨੁਸਾਰ ਚਕੋਤੇ ਤੇ ਦਿੱਤੀ ਜਾਣੀ ਹੈ:-
ਇਹ ਬੋਲੀ ਦਫਤਰ ਨਗਰ ਪੰਚਾਇਤ ਅਮਰਗੜ੍ਹ ਵਿਖੇ ਮਿਤੀ 17.06.2026 ਨੂੰ ਕੀਤੀ ਜਾਣੀ ਹੈ।

| ਲੜੀ ਨੰ. | ਚਕੋਤੇ ਤੇ ਦੇਣ ਵਾਲੀ ਜ਼ਮੀਨ ਦਾ ਵੇਰਵਾ | ਬੋਲੀ ਦਾ ਸਮਾਂ |
|---|---|---|
| 1. | ਨਗਰ ਪੰਚਾਇਤ ਅਮਰਗੜ੍ਹ ਦੀ ਮਾਲਕੀ ਵਾਲੀ ਵਾਹੀਯੋਗ ਜ਼ਮੀਨ | ਸਵੇਰੇ 11:00 ਵਜੇ |

**ਸ਼ਰਤਾਂ:-**
1. ਬੋਲੀ ਦੀ ਸਾਰੀ ਰਕਮ ਮੌਕੇ ਤੇ ਨਕਦ ਰੂਪ ਵਿਚ ਲਈ ਜਾਵੇਗੀ। ਬੋਲੀਕਾਰ ਨੂੰ ਬੋਲੀ ਦੇਣ ਤੋਂ ਪਹਿਲਾਂ 50,000/- ਰੁਪਏ ਬਤੌਰ ਸਕਿਉਰਿਟੀ ਜਮ੍ਹਾ ਕਰਵਾਉਣੇ ਹੋਣਗੇ। ਜੋ ਕਿ ਸਿਰਫ ਇਕ ਹੀ ਬੋਲੀ ਦੀ ਸਕਿਉਰਿਟੀ ਹੋਵੇਗੀ। ਜੇਕਰ ਬੋਲੀਕਾਰ ਵੱਲੋਂ ਸਮੇਂ ਅੰਦਰ ਬੋਲੀ ਦੀ ਰਕਮ ਜਮਾਂ ਨਾ ਕਰਵਾਈ ਗਈ ਤਾਂ ਸਕਿਉਰਿਟੀ ਜ਼ਬਤ ਕਰ ਲਈ ਜਾਵੇਗੀ।
2. ਬੋਲੀ ਨੂੰ ਪ੍ਰਵਾਨ ਜਾਂ ਰੱਦ ਕਰਨ ਦਾ ਅਧਿਕਾਰ ਪ੍ਰਸ਼ਾਸਕ/ਕਾਰਜ ਸਾਧਕ ਅਫਸਰ ਨਗਰ ਪੰਚਾਇਤ ਅਮਰਗੜ੍ਹ ਨੂੰ ਹੋਵੇਗਾ। ਬਾਕੀ ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ। ਸ਼ਰਤਾਂ ਅਤੇ ਟੱਕਾਂ ਸਬੰਧੀ ਵੇਰਵੇ ਕਿਸੇ ਕੰਮ ਕਾਰ ਵਾਲੇ ਦਿਨ ਦਫਤਰ ਨਗਰ ਪੰਚਾਇਤ ਅਮਰਗੜ੍ਹ ਵਿਖੇ ਦੇਖੀਆਂ ਜਾ ਸਕਦੀਆਂ ਹਨ।
**ਪ੍ਰਸ਼ਾਸਕ ਨਗਰ ਪੰਚਾਇਤ ਅਮਰਗੜ੍ਹ** **ਸਹੀ/- ਕਾਰਜ ਸਾਧਕ ਅਫਸਰ ਨਗਰ ਪੰਚਾਇਤ ਅਮਰਗੜ੍ਹ**
**Ro No PR ADVT NO: 2338/12/2026-27/12338/ Dated CHD: 15/6/2026**

**ASIRVAD MICRO FINANCE LTD**
CIN U65923TN2007PLC064550
9th and 10th Floor, No 9, Club House Road, Anna Salai, Chennai 600 002. Tamil Nadu.
Tel:044-42124493
**ਸੋਨੇ ਦੀ ਨਿਲਾਮੀ ਦਾ ਨੋਟਿਸ**
ਖਾਸ ਤੌਰ ਤੇ, ਉਧਾਰਕਰਤਾਵਾਂ ਅਤੇ ਆਮ ਤੌਰ ਤੇ, ਜਨਤਾ ਨੂੰ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਹੇਠਾਂ ਦਿੱਤੇ ਖਾਤਿਆਂ ਵਿੱਚ ਗਿਰਵੀ ਰੱਖੇ ਸੋਨੇ ਦੇ ਜੇਵਰਾਂ ਦੀ ਸਮਾਜਿਕ ਨਿਲਾਮੀ ਨੂੰ ੧੯.੦੭.੨੦੨੬ ਨੂੰ ਸਵੇਰੇ ੧੦.੦੦ ਵਜੇ ਤੋਂ ਲੈ ਕੇ ਹੇਠਾਂ ਦਿੱਤੀਆਂ ਸ਼ਾਖਾਵਾਂ ਤੇ ਆਯੋਜਿਤ ਕੀਤੇ ਜਾਣ ਦਾ ਪ੍ਰਸਤਾਵ ਦਿੱਤਾ ਗਿਆ ਹੈ। ਨਿਲਾਮੀ ਡਿਫਾਲਟ ਹੋਏ ਗਾਹਕਾਂ ਦੇ ਸੋਨੇ ਦੇ ਜੇਵਰਾਂ ਦੀ ਹੈ ਜੋ ਪੰਜੀਕ੍ਰਿਤ ਪੱਤਰਾਂ ਦੁਆਰਾ ਸੂਚਿਤ ਕੀਤੇ ਜਾਣ ਦੇ ਬਾਵਜੂਦ ਉਨ੍ਹਾਂ ਦੀ ਲੋਨ ਦੀ ਰਕਮ ਦਾ ਭੁਗਤਾਨ ਕਰਨ ਵਿੱਚ ਵਿਫਲ ਹੋਏ ਹਨ। ਨਿਲਾਮੀ ਨਾ ਹੋਈਆਂ ਵਸਤੂਆਂ ਦੀ ਕੋਈ ਵੀ ਹੋਰ ਨੋਟਿਸ ਤੋਂ ਬਿਨਾਂ ਕਿਸੇ ਹੋਰ ਦਿਨ ਨੂੰ ਨਿਲਾਮੀ ਕੀਤੀ ਜਾਵੇਗੀ। ਸਥਾਨ ਜਾਂ ਮਿਤੀ ਵਿੱਚ ਤਬਦੀਲੀ ਨੂੰ (ਜੇ ਕੋਈ ਹੁੰਦੀ ਹੈ) ਨਿਲਾਮੀ ਦੇ ਕੇਂਦਰ ਵਿਖੇ ਅਤੇ ਕੰਪਨੀ ਦੀ ਵੈਬਸਾਈਟ ਤੇ ਦਰਸਾਇਆ ਜਾਵੇਗਾ। ਥੱਲੇ ਦਿੱਤੇ ਗਏ ਵੇਰਵੇ ਸ਼ਾਖਾ ਦਾ ਨਾਮ, ਲੋਨ ਸੰਖਿਆ ਦੇ ਕ੍ਰਮ ਵਿੱਚ ਹਨ।
ਗਿਰਵੀ ਦੇ ਸਮਾਨ ਦੀ ਸੂਚੀ:-
ਪੰਜਾਬ, ਅੰਮਿਰਤਸਰ, ਮਹਿਤਾ ਚੌਂਕ- ਜੀਐਲ, ੦੩੨੯੪੪੦੭੩੦੦੦੧੯੫੨, ਫਰੀਦਕੋਟ, ਜੈਤੂ ਜੀਐਲ, ੦੩੪੨੭੯੦੭੦੦੦੦੦੭੪੨, ੦੭੫੩, ਫਾਜ਼ਿਲਕਾ, ਅਰਨੀਵਾਲਾ ਸ਼ੇਖ ਸੁਭਾਨ - ਜੀਐਲ, ੦੩੪੦੮੭੦੭੦੦੦੦੧੨੮੯, ੧੨੯੯, ੧੩੧੪, ੦੩੪੦੮੭੦੭੩੦੦੦੦੪੯੨, ੦੩੪੦੮੭੦੭੫੦੦੦੦੦੫੨, ੦੦੫੬, ਮਾਨਸਾ, ਝੁਨੀਰ - ਜੀਐਲ, ੦੩੪੧੬੩੦੭੦੦੦੦੧੪੨੭, ੧੪੩੨, ਮਾਨਸਾ- ਜੀਐਲ, ੦੩੨੯੩੫੦੭੦੦੦੦੨੦੫੬, ਮੋਗਾ, ਬਾਘਾ ਪੁਰਾਣਾ - ਜੀਐਲ, ੦੩੩੦੧੦੦੭੦੦੦੦੧੨੧੪, ਮੁਕਤਸਰ, ਮਲੋਟ- ਜੀਐਲ, ੦੩੨੯੦੮੦੭੦੦੦੦੧੮੬੩, ੦੩੨੯੦੮੦੭੩੦੦੦੦੮੫੦, ੦੮੫੧, ਮੁਕਤਸਰ- ਜੀਐਲ, ੦੩੨੯੩੭੦੭੦੦੦੦੧੭੨੩, ੧੭੩੬, ੦੩੨੯੩੭੦੭੩੦੦੦੦੫੪੭, ਪਟਿਆਲਾ, ਦੇਵੀਗੜ੍ਹ- ਜੀਐਲ, ੦੩੨੯੮੧੦੭੦੦੦੦੧੮੧੯, ਫਤਿਹਗੜ੍ਹ ਸਾਹਿਬ, ਚੁੰਨੀ ਕਲਾਂ- ਜੀਐਲ, ੦੩੪੨੨੭੦੭੦੦੦੦੦੮੯੧, ਸੰਗਰੂਰ, ਚੀਮਾ ਜੀਐਲ, ੦੩੪੨੫੦੦੭੦੦੦੦੦੬੮੫, ੦੬੮੬, ੦੬੮੮,
ਉੱਪਰ ਦਿੱਤੀ ਨਿਲਾਮੀ ਵਿੱਚ ਭਾਗ ਲੈਣ ਦੇ ਇੱਛੁਕ ਵਿਅਕਤੀ ਹੇਠਾਂ ਦੀ ਪਾਲਣਾ ਕਰਨਗੇ:- ਦਿਲਚਸਪੀ ਰੱਖਣ ਵਾਲੇ ਬੋਲੀ ਲਗਾਉਣ ਵਾਲੇ ਵਿਅਕਤੀਆਂ ਨੂੰ ਨਿਲਾਮੀ ਵਾਲੇ ਦਿਨ ਨਕਦੀ ਦੇ ਜ਼ਰੀਏ ਈਐਮਡੀ (ਅਸਫਲ ਬੋਲੀ ਲਗਾਉਣ ਵਾਲੇ ਵਿਅਕਤੀਆਂ ਨੂੰ ਰਿਫੰਡ ਕਰਨ ਯੋਗ) ਵਜੋਂ ਰੁ. ੧੦,੦੦੦/- ਜਮ੍ਹਾਂ ਕਰਨੇ ਚਾਹੀਦੇ ਹਨ। ਬੋਲੀ ਲਗਾਉਣ ਵਾਲੇ ਵਿਅਕਤੀਆਂ ਨੂੰ ਵੈਧ ਆਈਡੀ ਕਾਰਡ/ਪੈਨ ਕਾਰਡ ਨਾਲ ਲਿਆਉਣਾ ਚਾਹੀਦਾ ਹੈ। ਹੋਰ ਵੇਰਵਿਆਂ ਲਈ, ਕਿਰਪਾ ਕਰਕੇ ੯੩੪੫੯੫੪੫੯੮ ਤੇ ਸੰਪਰਕ ਕਰੋ
ਅਧਿਕਾਰਤ ਅਧਿਕਾਰੀ
ਅਸ਼ੀਰਵਾਦ ਮਾਈਕ੍ਰੋ ਫਾਈਨਾਂਸ ਲਮਿਟਿਡ




**ਇੱਕ ਖ਼ਾਮੋਸ਼ ਜੰਗ ਅਤੇ ਵੱਡੀ ਉਮੀਦ :** ਭਾਰਤ ਇਸ ਵੇਲੇ ਇੱਕ ਅਜਿਹੀ ਖ਼ਾਮੋਸ਼ ਪਰ ਭਿਆਨਕ ਮਹਾਂਮਾਰੀ ਨਾਲ ਜੂਝ ਰਿਹਾ ਹੈ, ਜਿਸ ਦਾ ਨਾਮ ਹੈ ਕੈਂਸਰ। ਦੇਸ਼ ਵਿੱਚ ਹਰ ਸਾਲ ਲੱਖਾਂ ਨਵੇਂ ਮਾਮਲੇ ਸਾਹਮਣੇ ਆ ਰਹੇ ਹਨ, ਅਤੇ ਇਸ ਤੋਂ ਵੀ ਵੱਡੀ ਤ੍ਰਾਸਦੀ ਇਹ ਹੈ ਕਿ ਕੈਂਸਰ ਦਾ ਆਧੁਨਿਕ ਇਲਾਜ ਆਮ ਤਾਂ ਕੀ, ਮੱਧ ਵਰਗੀ ਪਰਿਵਾਰਾਂ ਦੀ ਪਹੁੰਚ ਤੋਂ ਵੀ ਕੋਹਾਂ ਦੂਰ ਹੈ। ਜਦੋਂ ਕਿਸੇ ਘਰ ਵਿੱਚ ਕੈਂਸਰ ਦਸਤਕ ਦਿੰਦਾ ਹੈ, ਤਾਂ ਉਹ ਸਿਰਫ਼ ਸਰੀਰ ਨੂੰ ਹੀ ਨਹੀਂ ਰੋਲਦਾ, ਬਲਕਿ ਪੂਰੇ ਪਰਿਵਾਰ ਨੂੰ ਆਰਥਿਕ ਤੌਰ 'ਤੇ ਬਰਬਾਦ ਕਰ ਦਿੰਦਾ ਹੈ। ਨਵੀਨਤਮ ਥੈਰੇਪੀਆਂ ਦੀਆਂ ਅਸਮਾਨ ਛੂੰਹਦੀਆਂ ਕੀਮਤਾਂ ਕਾਰਨ ਕਈ ਮਰੀਜ਼ ਬਿਨਾਂ ਲੜੇ ਹੀ ਹਾਰ ਮੰਨ ਲੈਂਦੇ ਹਨ। ਪਰ ਇਸ ਘੋਰ ਨਿਰਾਸ਼ਾ ਦੇ ਦੌਰ ਵਿੱਚ, ਦਿੱਲੀ ਦੇ ਨਾਲ ਲੱਗਦੇ ਉਦਯੋਗਿਕ ਸ਼ਹਿਰ ਨੋਇਡਾ ਦੀ ਇੱਕ ਸਾਧਾਰਨ ਜਿਹੀ ਇਮਾਰਤ ਵਿੱਚੋਂ ਵਿਗਿਆਨ ਦੀ ਇੱਕ ਅਜਿਹੀ ਚਮਕਦਾਰ ਕਿਰਨ ਨਿਕਲੀ ਹੈ, ਜੋ ਭਾਰਤ ਹੀ ਨਹੀਂ, ਬਲਕਿ ਪੂਰੀ ਦੁਨੀਆ ਵਿੱਚ ਕੈਂਸਰ ਦੇ ਇਲਾਜ ਦੀ ਤਸਵੀਰ ਬਦਲ ਸਕਦੀ ਹੈ। "ਦੇਸੀ ਬਾਇਓਟੈਕ ਕੰਪਨੀ ਸੈਲੋਜਨ ਥੈਰਾਪਿਊਟਿਕਸ" (Cellogen Therapeutics) ਨੇ ਇੱਕ ਅਜਿਹੀ ਅਗਲੀ ਪੀੜ੍ਹੀ (Next-Gen) ਦੀ CAR-T ਸੈੱਲ ਥੈਰੇਪੀ ਵਿਕਸਿਤ ਕੀਤੀ ਹੈ, ਜੋ ਨਾ ਸਿਰਫ਼ ਸਰੀਰ ਵਿੱਚ ਮੌਜੂਦ ਕੈਂਸਰ ਦੇ ਰਾਕਸ਼ਸੀ ਸੈੱਲਾਂ ਨੂੰ ਲੱਭ-ਲੱਭ ਕੇ ਨਸ਼ਟ ਕਰਦੀ ਹੈ, ਬਲਕਿ ਮਨੁੱਖੀ ਸਰੀਰ ਦੇ ਅੰਦਰ ਇੱਕ ਅਜਿਹੀ 'ਇਮਿਊਨ ਮੈਮਰੀ' (ਰੋਗ-ਰੋਧਕ ਯਾਦਦਾਸ਼ਤ) ਪੈਦਾ ਕਰ ਦਿੰਦੀ ਹੈ, ਜਿਸ ਨਾਲ ਕੈਂਸਰ ਦੇ ਮੁੜ ਵਾਪਸ ਆਉਣ (Relapse) ਦੇ ਸਾਰੇ ਰਸਤੇ ਬੰਦ ਹੋ ਜਾਂਦੇ ਹਨ। ਇਹ ਖੋਜ ਭਾਰਤ ਨੂੰ ਮੈਡੀਕਲ ਟੈਕਨਾਲੋਜੀ ਦੇ ਖੇਤਰ ਵਿੱਚ ਆਤਮ-ਨਿਰਭਰ ਬਣਾਉਣ ਵੱਲ ਇੱਕ ਇਤਿਹਾਸਕ ਕਦਮ ਹੈ। **CAR-T ਥੈਰੇਪੀ ਕੀ ਹੈ ਅਤੇ ਇਹ ਕਿਵੇਂ ਕੰਮ ਕਰਦੀ ਹੈ :** ਇਸ ਇਨਕਲਾਬੀ ਖੋਜ ਨੂੰ ਸਮਝਣ ਲਈ ਸਭ ਤੋਂ ਪਹਿਲਾਂ ਇਹ ਸਮਝਣਾ ਜ਼ਰੂਰੀ ਹੈ ਕਿ CAR-T (Chimeric Antigen Receptor T-cell) ਥੈਰੇਪੀ ਅਸਲ ਵਿੱਚ ਕੀ ਹੈ। ਸਾਡੇ ਸਰੀਰ ਦੀ ਰੋਗ-ਪ੍ਰਤੀਰੋਧਕ ਪ੍ਰਣਾਲੀ (Immune System) ਵਿੱਚ 'ਟੀ-ਸੈੱਲ' (T-cells) ਹੁੰਦੇ ਹਨ, ਜਿਨ੍ਹਾਂ ਨੂੰ ਅਸੀ ਸਰੀਰ ਦੇ 'ਪੈਦਲ ਸਿਪਾਹੀ' ਕਹਿ ਸਕਦੇ ਹਾਂ। ਆਮ ਤੌਰ 'ਤੇ ਇਹ ਸਿਪਾਹੀ ਹਰ ਰੋਜ਼ ਸਰੀਰ ਵਿੱਚ ਪੈਦਾ ਹੋਣ ਵਾਲੇ ਹਜ਼ਾਰਾਂ ਖ਼ਰਾਬ ਜਾਂ ਮਿਊਟੇਟਡ ਸੈੱਲਾਂ ਨੂੰ ਪਛਾਣ ਕੇ ਖ਼ਤਮ ਕਰਦੇ ਹਨ। ਪਰ ਕੈਂਸਰ ਦੇ ਸੈੱਲ ਬਹੁਤ ਚਲਾਕ ਹੁੰਦੇ ਹਨ; ਉਹ ਆਪਣੇ ਆਪ ਨੂੰ ਇਸ ਤਰ੍ਹਾਂ ਲੁਕਾ ਲੈਂਦੇ ਹਨ ਕਿ ਇਹ ਟੀ-ਸੈੱਲ ਉਨ੍ਹਾਂ ਨੂੰ ਪਛਾਣ ਹੀ ਨਹੀ ਪਾਉਂਦੇ ਅਤੇ ਕੈਂਸਰ ਸਰੀਰ ਵਿੱਚ ਫੈਲ ਜਾਂਦਾ ਹੈ। CAR-T ਥੈਰੇਪੀ ਦੇ ਤਹਿਤ ਮਰੀਜ਼ ਦੇ ਸਰੀਰ ਵਿੱਚੋਂ ਇਨ੍ਹਾਂ ਟੀ-ਸੈੱਲਾਂ ਨੂੰ ਖੂਨ ਰਾਹੀ ਬਾਹਰ ਕੱਢਿਆ ਜਾਂਦਾ ਹੈ। ਫਿਰ ਲੈਬਾਰਟਰੀ ਵਿੱਚ ਜੈਨੇਟਿਕ ਇੰਜੀਨੀਅਰਿੰਗ (Lentivirus ਦੀ ਮਦਦ ਨਾਲ) ਰਾਹੀ ਇਨ੍ਹਾਂ ਸੈੱਲਾਂ ਦੇ ਡੀਐਨਏ ਵਿੱਚ ਬਦਲਾਅ ਕੀਤਾ ਜਾਂਦਾ ਹੈ। ਇਨ੍ਹਾਂ ਦੇ ਉੱਪਰ ਇੱਕ ਖ਼ਾਸ ਰੀਸੈਪਟਰ (CAR) ਲਗਾਇਆ ਜਾਂਦਾ ਹੈ, ਜੋ ਕੈਂਸਰ ਸੈੱਲਾਂ ਲਈ ਇੱਕ 'ਜੀਪੀਐਸ ਟਰੈਕਰ' ਵਾਂਗ ਕੰਮ ਕਰਦਾ ਹੈ। ਜਦੋ ਇਨ੍ਹਾਂ ਸੋਧੇ ਹੋਏ ਸੁਪਰ-ਸੈੱਲਾਂ ਨੂੰ ਕਰੋੜਾਂ ਦੀ ਗਿਣਤੀ ਵਿੱਚ ਵਧਾ ਕੇ ਮੁੜ ਮਰੀਜ਼ ਦੇ ਸਰੀਰ ਵਿੱਚ ਇਨਫਿਊਜ਼ (ਦਾਖ਼ਲ) ਕੀਤਾ ਜਾਂਦਾ ਹੈ, ਤਾਂ ਇਹ ਸਿੱਧਾ ਕੈਂਸਰ ਸੈੱਲਾਂ 'ਤੇ ਹਮਲਾ ਕਰਕੇ ਉਨ੍ਹਾਂ ਨੂੰ ਤਬਾਹ ਕਰ ਦੇਣਗੇ। **ਮੌਜੂਦਾ ਥੈਰੇਪੀਆਂ ਦੀ ਕਮੀ ਅਤੇ ਸੈਲੋਜਨ ਦੀ ਨਵੀਂ 'ਵੈਕਸੀਨ' ਤਕਨਾਲੋਜੀ :** ਹੁਣ ਤੱਕ ਦੁਨੀਆ ਭਰ ਵਿੱਚ ਵਰਤੀ ਜਾ ਰਹੀ ਪਹਿਲੀ ਪੀੜ੍ਹੀ (First-Generation) ਦੀ CAR-T ਥੈਰੇਪੀ ਨੇ ਬਲੱਡ ਕੈਂਸਰ ਦੇ ਮਰੀਜ਼ਾਂ ਵਿੱਚ ਸ਼ਾਨਦਾਰ ਨਤੀਜੇ ਦਿਖਾਏ ਹਨ, ਪਰ ਇਸ ਦੀ ਇੱਕ ਬਹੁਤ ਵੱਡੀ ਸੀਮਾ (Limitation) ਸੀ। ਇਹ ਥੈਰੇਪੀ 'ਵਨ-ਆਨ-ਵਨ' (One-on-One) ਦੇ ਸਿਧਾਂਤ 'ਤੇ ਕੰਮ ਕਰਦੀ ਸੀ ਯਾਨੀ ਇੱਕ ਇੰਜੀਨੀਅਰਡ ਟੀ-ਸੈੱਲ ਸਿਰਫ਼ ਇੱਕ ਕੈਂਸਰ ਸੈੱਲ ਨੂੰ ਮਾਰ ਸਕਦਾ ਸੀ। ਕੈਂਸਰ ਦੇ ਮਰੀਜ਼ ਦੇ ਸਰੀਰ ਵਿੱਚ ਅਰਬਾਂ ਕੈਂਸਰ ਸੈੱਲ ਹੁੰਦੇ ਹਨ, ਜਦੋ ਕਿ ਲੈਬ ਵਿੱਚੋਂ ਪਾਏ ਗਏ ਸੈੱਲ ਲੱਖਾਂ ਵਿੱਚ ਹੁੰਦੇ ਹਨ। ਨਤੀਜਾ ਇਹ ਹੁੰਦਾ ਸੀ ਕਿ ਕੁਝ ਮਹੀਨਿਆਂ ਜਾਂ ਸਾਲਾਂ ਬਾਅਦ ਕੈਂਸਰ ਦੇ ਬਚੇ ਹੋਏ ਸੈੱਲ ਮੁੜ ਸਰਗਰਮ ਹੋ ਜਾਂਦੇ ਸਨ ਅਤੇ ਮਰੀਜ਼ ਰੀਲੈਪਸ ਦਾ ਸ਼ਿਕਾਰ ਹੋ ਜਾਂਦਾ ਸੀ। ਇਸੇ ਖ਼ਾਮੀ ਨੂੰ ਦੂਰ ਕਰਦਿਆਂ ਸੈਲੋਜਨ ਥੈਰਾਪਿਊਟਿਕਸ ਦੇ ਸਹਿ-ਸੰਸਥਾਪਕ ਅਤੇ ਪ੍ਰਸਿੱਧ ਖੂਨ ਰੋਗ ਮਾਹਰ ਡਾ. ਗੌਰਵ ਖਾਰਿਆ ਅਤੇ ਜੈਨੇਟਿਕਸਿਸਟ ਡਾ. ਤਨਵੀਰ ਅਹਿਮਦ ਦੀ ਟੀਮ ਨੇ ਦੂਜੀ ਪੀੜ੍ਹੀ (Second-Generation) ਦੀ ਥੈਰੇਪੀ ਤਿਆਰ ਕੀਤੀ ਹੈ। ਇਸ ਖੋਜ ਦਾ ਪਹਿਲਾ ਪਹਿਲੂ ਬਾਈ-ਸਪੈਸੀਫਿਕ ਟਾਰਗੇਟਿੰਗ (Bi-specific Targeting) ਹੈ, ਜੋ ਕੈਂਸਰ ਸੈੱਲ ਦੇ ਕਿਸੇ ਇੱਕ ਰੀਸੈਪਟਰ ਦੀ ਬਜਾਏ ਦੋ ਵੱਖ-ਵੱਖ ਰੀਸੈਪਟਰਾਂ ਨੂੰ ਨਿਸ਼ਾਨਾ ਬਣਾਉਂਦੀ ਹੈ। ਇਸ ਨਾਲ ਕੈਂਸਰ ਸੈੱਲ ਦੇ ਬਚਣ ਦੀ ਗੁੰਜਾਇਸ਼ ਨਾ ਦੇ ਬਰਾਬਰ ਰਹਿ ਜਾਂਦੀ ਹੈ। ਇਸ ਦਾ ਦੂਜਾ ਸਭ ਤੋਂ ਖ਼ਾਸ ਪਹਿਲੂ ਹੈ ਇਮਿਊਨ ਮੈਮਰੀ (Immune Memory)। ਖੋਜਕਰਤਾਵਾਂ ਨੇ ਇਨ੍ਹਾਂ ਟੀ-ਸੈੱਲਾਂ ਦੇ ਅੰਦਰ ਇੱਕ ਵਾਧੂ 'ਕੋ-ਸਟਿਮੂਲੇਟਰੀ ਡੋਮੇਨ' (Co-stimulatory domain) ਜੋੜਿਆ ਹੈ। ਇਹ ਡੋਮੇਨ ਇਹ ਯਕੀਨੀ ਬਣਾਉਂਦਾ ਹੈ ਕਿ ਜਦੋਂ ਇਹ ਸੈੱਲ ਸਰੀਰ ਦੇ ਅੰਦਰ ਗੁਣਾ ਹੁੰਦੇ ਹਨ, ਤਾਂ ਇਨ੍ਹਾਂ ਦਾ ਇੱਕ ਹਿੱਸਾ ਸਰੀਰ ਦੀ 'ਕੇਂਦਰੀ ਯਾਦਦਾਸ਼ਤ' (Central Memory) ਵਿੱਚ ਸੁਰੱਖਿਅਤ ਹੋ ਜਾਂਦਾ ਹੈ। ਇਹ ਬਿਲਕੁਲ ਇੱਕ ਵੈਕਸੀਨ (ਟੀਕੇ) ਵਾਂਗ ਕੰਮ ਕਰਦਾ ਹੈ। ਜੇਕਰ ਇਲਾਜ ਦੇ ਦੋ ਜਾਂ ਤਿੰਨ ਸਾਲ ਬਾਅਦ ਵੀ ਸਰੀਰ ਵਿੱਚ ਕੈਂਸਰ ਦਾ ਇੱਕ ਵੀ ਸੈੱਲ ਮੁੜ ਉੱਭਰਨ ਦੀ ਕੋਸ਼ਿਸ਼ ਕਰੇਗਾ, ਤਾਂ ਇਹ ਮੈਮਰੀ ਸੈੱਲ ਤੁਰੰਤ ਉਸ ਨੂੰ ਪਛਾਣ ਲੈਣਗੇ ਅਤੇ ਸਰੀਰ



**ਡਾ. ਸਿਮਰਨ ਕੌਰ ਸਰਾ, ਨਾਰਵੇ (ਯੂਰਪ)**

ਦੇ ਅੰਦਰ ਹੀ ਨਵੇਂ ਸੋਧੇ ਹੋਏ ਟੀ-ਸੈੱਲ ਬਣਾ ਕੇ ਉਸ ਦਾ ਖ਼ਾਤਮਾ ਕਰ ਦੇਣਗੇ। ਮਰੀਜ਼ ਨੂੰ ਬਾਰ-ਬਾਰ ਹਸਪਤਾਲ ਜਾਣ ਜਾਂ ਇਲਾਜ ਕਰਵਾਉਣ ਦੀ ਲੋੜ ਨਹੀ ਪਵੇਗੀ। **ਮਨੁੱਖੀ ਟ੍ਰਾਇਲ ਅਤੇ ਵਿਗਿਆਨਿਕ ਪ੍ਰਮਾਣਿਕਤਾ :** ਕਿਸੇ ਵੀ ਡਾਕਟਰੀ ਖੋਜ ਦੀ ਅਸਲ ਪ੍ਰੀਖਿਆ ਉਸ ਦੇ ਮਨੁੱਖੀ ਟ੍ਰਾਇਲਾਂ (Human Clinical Trials) ਦੌਰਾਨ ਹੁੰਦੀ ਹੈ। ਸੈਲੋਜਨ ਦੀ ਇਸ ਥੈਰੇਪੀ ਨੂੰ ਲੈਬਾਰਟਰੀ ਅਤੇ ਜਾਨਵਰਾਂ (ਪ੍ਰੀ-ਕਲੀਨਿਕਲ) ਦੇ ਪੱਧਰ 'ਤੇ ਸ਼ਾਨਦਾਰ ਸਫਲਤਾ ਮਿਲੀ ਹੈ। ਸਭ ਤੋਂ ਖ਼ਾਸ ਗੱਲ ਇਹ ਹੈ ਕਿ ਇਸ ਦੀ ਸੁਰੱਖਿਆ ਨੂੰ ਪਰਖਣ ਲਈ ਚੂਹਿਆਂ ਦੀ ਬਜਾਏ ਬਾਂਦਰਾਂ 'ਤੇ ਅਧਿਐਨ ਕੀਤੇ ਗਏ ਹਨ, ਤਾਂ ਜੋ ਮਨੁੱਖੀ ਸਰੀਰ 'ਤੇ ਹੋਣ ਵਾਲੇ ਕਿਸੇ ਵੀ ਸੰਭਾਵਿਤ ਮਾੜੇ ਪ੍ਰਭਾਵ (Off-target activities) ਨੂੰ ਬਾਰੀਕੀ ਨਾਲ ਸਮਝਿਆ ਜਾ ਸਕੇ। ਹੁਣ ਕੰਪਨੀ ਡਰੱਗ ਕੰਟਰੋਲਰ ਜਨਰਲ ਆਫ਼ ਇੰਡੀਆ (DCGI) ਦੀਆਂ ਪ੍ਰਵਾਨਗੀਆਂ ਨਾਲ ਇਸ ਦੇ ਫੇਜ਼-1 ਦੇ ਮਨੁੱਖੀ ਟ੍ਰਾਇਲ ਬਹੁਤ ਜਲਦ, ਸ਼ਾਇਦ ਇੱਕ ਮਹੀਨੇ ਦੇ ਅੰਦਰ ਸ਼ੁਰੂ ਕਰਨ ਜਾ ਰਹੀ ਹੈ। ਇਹ ਟ੍ਰਾਇਲ ਭਾਰਤ ਦੇ ਵੱਕਾਰੀ ਮੈਡੀਕਲ ਸੰਸਥਾਨ ਕ੍ਰਿਸਚੀਅਨ ਮੈਡੀਕਲ ਕਾਲਜ (CMC), ਵੇਲੋਰ ਵਿਖੇ ਕੀਤੇ ਜਾਣਗੇ। ਫੇਜ਼-1 ਦੇ ਤਹਿਤ ਇਹ ਟ੍ਰਾਇਲ 18 ਮਰੀਜ਼ਾਂ 'ਤੇ ਹੋਵੇਗਾ, ਜਿਸ ਵਿੱਚ 9 ਐਕਿਊਟ ਲਿਊਕੇਮੀਆ (ਬਲੱਡ ਕੈਂਸਰ) ਅਤੇ 9 ਲਿੰਫੋਮਾ ਦੇ ਮਰੀਜ਼ ਸ਼ਾਮਲ ਹੋਣਗੇ। ਇਸ ਤੋਂ ਬਾਅਦ ਫੇਜ਼-2 ਦਾ ਟ੍ਰਾਇਲ 27 ਮਰੀਜ਼ਾਂ 'ਤੇ ਵੱਖ-ਵੱਖ ਮੈਡੀਕਲ ਸੈਂਟਰਾਂ ਵਿੱਚ ਵਿਆਪਕ ਪ੍ਰਭਾਵ ਦੀ ਜਾਂਚ ਲਈ ਕੀਤਾ ਜਾਵੇਗਾ। ਕਿਉਂਕਿ ਇਹ ਸੈੱਲ ਥੈਰੇਪੀਆਂ "ਲਿਵਿੰਗ ਮੈਡੀਸਨ" (Living Therapies) ਦੀ ਸ਼੍ਰੇਣੀ ਵਿੱਚ ਆਉਂਦੀਆਂ ਹਨ, ਇਸ ਲਈ ਇਨ੍ਹਾਂ ਨੂੰ ਰਵਾਇਤੀ ਦਵਾਈਆਂ ਵਾਂਗ ਫੇਜ਼-3 ਦੇ ਲੰਬੇ ਟ੍ਰਾਇਲਾਂ ਵਿੱਚੋਂ ਨਹੀ ਲੰਘਣਾ ਪੈਂਦਾ। ਜੇਕਰ ਫੇਜ਼-2 ਦੇ ਨਤੀਜੇ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਰਹੇ, ਤਾਂ ਇਹ ਥੈਰੇਪੀ ਬਹੁਤ ਜਲਦੀ ਵਪਾਰਕ ਵਰਤੋਂ ਲਈ ਬਾਜ਼ਾਰ ਵਿੱਚ ਉਪਲਬਧ ਹੋ ਸਕਦੀ ਹੈ। **ਮਿਸ਼ਨ ਕਿਫ਼ਾਇਤੀ ਇਲਾਜ ਅਤੇ "ਆਫ-ਦ-ਸ਼ੈਲਫ" ਤਕਨਾਲੋਜੀ ਦਾ ਚਮਤਕਾਰ :** ਇਸ ਖੋਜ ਦੇ ਵਿਗਿਆਨਿਕ ਪਹਿਲੂ ਤੋਂ ਇਲਾਵਾ ਇਸ ਦਾ ਸਮਾਜਿਕ ਅਤੇ ਆਰਥਿਕ ਪ੍ਰਭਾਵ ਸਭ ਤੋਂ ਵੱਧ ਮਹੱਤਵਪੂਰਨ ਹੈ। ਅੱਜ ਜੇਕਰ ਕੋਈ ਭਾਰਤੀ ਮਰੀਜ਼ ਅਮਰੀਕਾ ਜਾਂ ਯੂਰਪ ਤੋਂ ਵਿਕਸਿਤ CAR-T ਥੈਰੇਪੀ ਲੈਂਦਾ ਹੈ, ਤਾਂ ਉਸ ਦੀ ਕੀਮਤ 2 ਤੋਂ 3 ਕਰੋੜ ਰੁਪਏ ਹੁੰਦੀ ਹੈ। ਭਾਰਤ ਵਿੱਚ ਹਾਲ ਹੀ ਵਿੱਚ ਦੋ ਦੇਸੀ ਥੈਰੇਪੀਆਂ ਨੂੰ ਮਨਜ਼ੂਰੀ ਮਿਲੀ ਹੈ ਇਮਿਊਨਲ ਦੀ 'ਕਾਰਟੇਮੀ' (ਲਗਭਗ 40 ਲੱਖ ਰੁਪਏ) ਅਤੇ ਇਮਿਊਨੋਐਕਟ ਦੀ 'ਨੈਕਸਕਾਰ19' (ਲਗਭਗ 20 ਲੱਖ ਰੁਪਏ)। ਬੇਸ਼ੱਕ 20-40 ਲੱਖ ਰੁਪਏ ਕਰੋੜਾਂ ਦੇ ਮੁਕਾਬਲੇ ਘੱਟ ਹਨ, ਪਰ ਭਾਰਤ ਦੀ ਇੱਕ ਵੱਡੀ ਆਬਾਦੀ ਲਈ ਇਹ ਰਕਮ ਵੀ ਇੱਕ ਵੱਡਾ ਸੁਪਨਾ ਹੈ। ਸੈਲੋਜਨ ਥੈਰਾਪਿਊਟਿਕਸ ਇੱਥੇ ਇੱਕ ਵੱਡੀ ਤਬਦੀਲੀ ਲਿਆ ਰਹੀ ਹੈ। ਉਨ੍ਹਾਂ ਦੀ ਇਸ ਨੈਕਸਟ-ਜਨਰੇਸ਼ਨ ਥੈਰੇਪੀ ਦੀ ਸ਼ੁਰੂਆਤੀ ਲਾਗਤ ਲਗਭਗ 20 ਲੱਖ ਰੁਪਏ ਹੋਣ ਦੀ ਉਮੀਦ ਹੈ, ਜੋ ਕਿ ਇਸ ਦੀ ਲੰਬੇ ਸਮੇ ਤੱਕ ਚੱਲਣ ਵਾਲੀ ਪ੍ਰਭਾਵਸ਼ਾਲੀ ਸਮਰੱਥਾ ਨੂੰ ਦੇਖਦੇ ਹੋਏ ਬਹੁਤ ਕਿਫ਼ਾਇਤੀ ਹੈ।

ਪਰ ਕਹਾਣੀ ਇੱਥੇ ਹੀ ਖ਼ਤਮ ਨਹੀ ਹੁੰਦੀ। ਡਾ. ਖਾਰਿਆ ਅਤੇ ਉਨ੍ਹਾਂ ਦੀ ਟੀਮ ਇੱਕ ਹੋਰ ਬੇਹੱਦ ਆਧੁਨਿਕ ਤਕਨੀਕ 'ਤੇ ਕੰਮ ਕਰ ਰਹੀ ਹੈ ਜਿਸ ਨੂੰ "ਇਨ-ਵਿਵੋ (In-vivo) CAR-T ਥੈਰੇਪੀ" ਕਿਹਾ ਜਾਂਦਾ ਹੈ। ਮੌਜੂਦਾ ਤਰੀਕੇ ਵਿੱਚ ਹਰ ਮਰੀਜ਼ ਦੇ ਸੈੱਲ ਵੱਖਰੇ ਕੱਢਣੇ ਪੈਂਦੇ ਹਨ, ਲੈਬ ਵਿੱਚ ਹਫ਼ਤਿਆਂ ਬੱਧੀ ਪ੍ਰੋਸੈਸ ਕਰਨੇ ਪੈਂਦੇ ਹਨ, ਅਤੇ ਫਿਰ ਵਾਪਸ ਪਾਉਣੇ ਪੈਂਦੇ ਹਨ, ਜਿਸ ਵਿੱਚ ਖ਼ਰਚਾ ਬਹੁਤ ਆਉਂਦਾ ਹੈ। ਨਵੇਂ ਤਰੀਕੇ ਵਿੱਚ ਲੈਬ ਵਿੱਚ ਸੈੱਲ ਬਣਾਉਣ ਦੀ ਬਜਾਏ, ਮਰੀਜ਼ ਦੇ ਸਰੀਰ ਦੇ ਅੰਦਰ ਹੀ ਵਾਇਰਸ ਵੈਕਟਰ ਰਾਹੀ ਸਿੱਧੇ 'ਜੈਨੇਟਿਕ ਨਿਰਦੇਸ਼' (Genetic Instructions) ਭੇਜੇ ਜਾਣਗੇ। ਇਹ ਨਿਰਦੇਸ਼ ਸਿੱਧੇ ਸਰੀਰ ਦੇ ਅੰਦਰੂਨੀ ਟੀ-ਸੈੱਲਾਂ ਦੇ ਡੀਐਨਏ ਵਿੱਚ ਜਾ ਕੇ ਉਨ੍ਹਾਂ ਨੂੰ ਕੈਂਸਰ ਨਾਲ ਲੜਨ ਵਾਲੇ ਸੈੱਲਾਂ ਵਿੱਚ ਬਦਲ ਦੇਣਗੇ। ਇਹ ਇੱਕ ਤਰ੍ਹਾਂ ਦੀ 'ਰੇਡੀਮੇਡ' ਜਾਂ "ਆਫ-ਦ-ਸ਼ੈਲਫ" ਥੈਰੇਪੀ ਹੋਵੇਗੀ, ਜਿਸ ਨੂੰ ਕਿਸੇ ਵੀ ਮਰੀਜ਼ ਨੂੰ ਬਿਨਾਂ ਕਿਸੇ ਸਾਈਡ ਇਫੈਕਟ ਜਾਂ ਮੈਚਿੰਗ ਦੇ ਦਿੱਤਾ ਜਾ ਸਕੇਗਾ। ਜਦੋ ਇਹ ਤਕਨੀਕ ਸਫਲ ਹੋ ਗਈ, ਤਾਂ ਕੈਂਸਰ ਦੇ ਇਸ ਸਭ ਤੋਂ ਮਹਿੰਗੇ ਇਲਾਜ ਦੀ ਕੀਮਤ ਘਟ ਕੇ ਮਹਿਜ਼ 8 ਲੱਖ ਰੁਪਏ ਜਾਂ ਇਸ ਤੋਂ ਵੀ ਘੱਟ ਰਹਿ ਜਾਵੇਗੀ। ਇਹ ਮੈਡੀਕਲ ਜਗਤ ਵਿੱਚ ਇੱਕ ਅਜਿਹਾ ਬਦਲਾਅ ਹੋਵੇਗਾ, ਜਿੱਥੇ ਗਰੀਬ ਤੋਂ ਗਰੀਬ ਵਿਅਕਤੀ ਵੀ ਦੁਨੀਆ ਦਾ ਸਭ ਤੋਂ ਉੱਤਮ ਇਲਾਜ ਕਰਵਾ ਸਕੇਗਾ। **ਅਗਲਾ ਵੱਡਾ ਮੋਰਚਾ ਅਤੇ ਬ੍ਰੈਸਟ ਕੈਂਸਰ ਦੀ ਚੁਣੌਤੀ :** ਹੁਣ ਤੱਕ ਦੁਨੀਆ ਭਰ ਵਿੱਚ CAR-T ਥੈਰੇਪੀ ਦਾ ਸਭ ਤੋਂ ਵੱਡਾ ਨੁਕਸ ਇਹ ਰਿਹਾ ਹੈ ਕਿ ਇਹ ਸਿਰਫ਼ ਲਿਕਵਿਡ ਕੈਂਸਰ (ਖੂਨ ਦੇ ਕੈਂਸਰ ਅਤੇ ਲਿੰਫੋਮਾ) ਵਿੱਚ ਹੀ ਕੰਮ ਕਰਦੀ ਹੈ। ਦੁਨੀਆ ਵਿੱਚ 80-90 ਫ਼ੀਸਦੀ ਕੈਂਸਰ 'ਠੋਸ ਟਿਊਮਰ' (Solid Tumours) ਦੇ ਰੂਪ ਵਿੱਚ ਹੁੰਦੇ ਹਨ, ਜਿਵੇਂ ਕਿ ਫੇਫੜਿਆਂ, ਲਿਵਰ, ਜਾਂ ਬ੍ਰੈਸਟ ਕੈਂਸਰ। ਠੋਸ ਟਿਊਮਰਾਂ ਵਿੱਚ CAR-T ਥੈਰੇਪੀ ਫੇਲ੍ਹ ਹੋ ਜਾਂਦੀ ਹੈ ਕਿਉਂਕਿ ਟਿਊਮਰ ਦੇ ਆਲੇ-ਦੁਆਲੇ ਇੱਕ ਅਜਿਹਾ ਸੁਰੱਖਿਆ ਕਵਚ ਹੁੰਦਾ ਹੈ ਜਿਸ ਨੂੰ ਪਾਰ ਕਰਨਾ ਟੀ-ਸੈੱਲਾਂ ਲਈ ਅਸੰਭਵ ਹੁੰਦਾ ਹੈ। ਨਾਲ ਹੀ, ਠੋਸ ਟਿਊਮਰ ਦੇ ਮਾਰਕਰ ਸਰੀਰ ਦੇ ਹੋਰ ਸਿਹਤਮੰਦ ਸੈੱਲਾਂ 'ਤੇ ਵੀ ਹੁੰਦੇ ਹਨ, ਜਿਸ ਨਾਲ ਸਿਹਤਮੰਦ ਅੰਗਾਂ ਦੇ ਨਸ਼ਟ ਹੋਣ ਦਾ ਖ਼ਤਰਾ ਰਹਿੰਦਾ ਹੈ। ਸੈਲੋਜਨ ਦੀ ਟੀਮ ਇਸ ਵੇਲੇ ਭਾਰਤ ਦੀਆਂ ਔਰਤਾਂ ਵਿੱਚ ਸਭ ਤੋਂ ਵੱਧ ਘਾਤਕ ਮੰਨੇ ਜਾਣ ਵਾਲੇ ਟ੍ਰਿਪਲ ਨੈਗੇਟਿਵ ਬ੍ਰੈਸਟ ਕੈਂਸਰ (Triple Negative Breast Cancer) ਲਈ ਇਸ ਤਕਨਾਲੋਜੀ ਨੂੰ ਵਿਕਸਿਤ ਕਰ ਰਹੀ ਹੈ। ਇਹ ਕੈਂਸਰ ਬਹੁਤ ਹਮਲਾਵਰ ਹੁੰਦਾ ਹੈ ਅਤੇ ਇਸ ਵਿੱਚ ਉਹ ਤਿੰਨ ਰੀਸੈਪਟਰ ਨਹੀ ਹੁੰਦੇ ਜਿਨ੍ਹਾਂ 'ਤੇ ਆਮ ਕੀਮੋਥੈਰੇਪੀ ਜਾਂ ਹਾਰਮੋਨਲ ਥੈਰੇਪੀ ਕੰਮ ਕਰਦੀ ਹੈ। ਜੇਕਰ ਨੋਇਡਾ ਦੀ ਇਹ ਲੈਬ ਬ੍ਰੈਸਟ ਕੈਂਸਰ ਵਰਗੇ ਠੋਸ ਟਿਊਮਰ ਦੇ ਕਵਚ ਨੂੰ ਤੋੜਨ ਵਿੱਚ ਸਫਲ ਹੋ ਜਾਂਦੀ ਹੈ, ਤਾਂ ਇਹ ਮੈਡੀਕਲ ਇਤਿਹਾਸ ਦੀ ਸਭ ਤੋਂ ਵੱਡੀ ਖੋਜਾਂ ਵਿੱਚੋਂ ਇੱਕ ਹੋਵੇਗੀ। ਇਹ ਉਨ੍ਹਾਂ ਲੱਖਾਂ ਮਾਵਾਂ-ਭੈਣਾਂ ਲਈ ਜ਼ਿੰਦਗੀ ਦਾ ਨਵਾਂ ਪੈਗਾਮ ਹੋਵੇਗਾ ਜਿਨ੍ਹਾਂ ਕੋਲ ਇਲਾਜ ਦੇ ਵਿਕਲਪ ਖ਼ਤਮ ਹੋ ਚੁੱਕੇ ਹਨ। **ਭਾਰਤ ਦੀ ਵਿਸ਼ਵ ਪੱਧਰੀ ਪਛਾਣ :** ਇੱਕ ਸਮਾਂ ਸੀ ਜਦੋਂ ਭਾਰਤ ਪੱਛਮੀ ਦੇਸ਼ਾਂ ਵਿੱਚ ਵਿਕਸਿਤ ਹੋਣ ਵਾਲੀਆਂ ਦਵਾਈਆਂ ਅਤੇ ਥੈਰੇਪੀਆਂ ਲਈ ਦਹਾਕਿਆਂ ਤੱਕ ਇੰਤਜ਼ਾਰ ਕਰਦਾ ਸੀ। ਪਰ ਅੱਜ, ਨੋਇਡਾ ਦੀ ਇਸ ਲੈਬ ਨੇ ਸਾਬਤ ਕਰ ਦਿੱਤਾ ਹੈ ਕਿ ਭਾਰਤੀ ਵਿਗਿਆਨੀ ਅਤੇ ਡਾਕਟਰ ਸਿਰਫ਼ ਨਕਲ ਕਰਨ ਵਿੱਚ ਹੀ ਮਾਹਰ ਨਹੀ ਹਨ, ਬਲਕਿ ਉਹ ਦੁਨੀਆ ਨੂੰ ਨਵੀ ਦਿਸ਼ਾ ਦਿਖਾਉਣ ਵਾਲੀ 'ਮੌਲਿਕ ਖੋਜ' (Innovation) ਵੀ ਕਰ ਸਕਦੇ ਹਨ। ਇਸ ਮਾਡਲ ਨੂੰ ਭਾਰਤੀ ਪੇਟੈਂਟ ਦੇ ਨਾਲ-ਨਾਲ ਇੱਕ ਅਸਥਾਈ ਯੂਐਸ ਪੇਟੈਂਟ ਮਿਲਣਾ ਇਸ ਦੀ ਅੰਤਰਰਾਸ਼ਟਰੀ ਗੁਣਵੱਤਾ ਦਾ ਸਬੂਤ ਹੈ। ਨੋਇਡਾ ਦੀ ਸੈਲੋਜਨ ਥੈਰਾਪਿਊਟਿਕਸ ਵੱਲੋਂ ਵਿਕਸਿਤ ਕੀਤੀ ਜਾ ਰਹੀ ਇਹ ਨਵੀ CAR-T ਥੈਰੇਪੀ ਭਾਰਤ ਵਿੱਚ ਕੈਂਸਰ ਦੇ ਇਲਾਜ ਦੇ ਇਤਿਹਾਸ ਨੂੰ ਦੋ ਹਿੱਸਿਆਂ ਵਿੱਚ ਵੰਡਣ ਦੀ ਸਮਰੱਥਾ ਰੱਖਦੀ ਹੈ। ਇਹ ਥੈਰੇਪੀ ਨਾ ਸਿਰਫ਼ ਕੈਂਸਰ ਦੇ ਮੁੜ ਵਾਪਸ ਆਉਣ ਦੇ ਡਰ ਨੂੰ ਖ਼ਤਮ ਕਰਦੀ ਹੈ, ਸਗੋਂ ਇਸ ਨੂੰ ਬੇਹੱਦ ਕਿਫ਼ਾਇਤੀ ਬਣਾ ਕੇ ਹਰ ਭਾਰਤੀ ਦੀ ਪਹੁੰਚ ਵਿੱਚ ਲਿਆਉਣ ਦਾ ਪਵਿੱਤਰ ਕਾਰਜ ਵੀ ਕਰ ਰਹੀ ਹੈ। ਸਰਕਾਰ ਅਤੇ ਦੇਸ਼ ਦੇ ਵੱਡੇ ਕਾਰਪੋਰੇਟ ਜਗਤ ਨੂੰ ਚਾਹੀਦਾ ਹੈ ਕਿ ਉਹ ਅਜਿਹੀਆਂ ਦੇਸੀ ਖੋਜਾਂ ਨੂੰ ਵੱਧ ਤੋਂ ਵੱਧ ਫੰਡਿੰਗ ਅਤੇ ਪ੍ਰਸ਼ਾਸਨਿਕ ਸਹਿਯੋਗ ਦੇਣ। ਜੇਕਰ ਆਉਣ ਵਾਲੇ ਮਨੁੱਖੀ ਟ੍ਰਾਇਲ ਉਮੀਦ ਮੁਤਾਬਕ ਸਫਲ ਰਹਿੰਦੇ ਹਨ, ਤਾਂ ਉਹ ਦਿਨ ਦੂਰ ਨਹੀ ਜਦੋਂ ਭਾਰਤ ਨਾ ਸਿਰਫ਼ 'ਦੁਨੀਆ ਦੀ ਫਾਰਮੇਸੀ' ਕਹਾਏਗਾ, ਬਲਕਿ 'ਕੈਂਸਰ ਇਮਿਊਨੋਥੈਰੇਪੀ ਦੇ ਗਲੋਬਲ ਸੁਪਰਪਾਵਰ' ਵਜੋਂ ਉੱਭਰੇਗਾ। ਇਹ ਖੋਜ ਸਿਰਫ਼ ਵਿਗਿਆਨ ਦੀ ਜਿੱਤ ਨਹੀ, ਬਲਕਿ ਮਨੁੱਖਤਾ ਦੀ ਜ਼ਿੰਦਗੀ ਦੀ ਜਿੱਤ ਹੈ।

# ਸ਼ਹਿਰੀ ਸਿਆਸਤ ਵਿੱਚ ਮੁੜ ਪੈਰ ਜਮਾਉਣ ਦੀਆਂ ਕੋਸ਼ਿਸ਼ਾਂ

## ਕੀ ਅਕਾਲੀ ਦਲ ਲਈ ਖੁੱਲ੍ਹ ਰਹੇ ਹਨ ਨਵੇਂ ਰਾਹ?

**ਵੱਡੀ ਚੁਣੌਤੀ ਆਪਣੀ ਛਵੀ ਨੂੰ ਨਵੇਂ ਸਿਰੇ ਤੋਂ ਤਿਆਰ ਕਰਨਾ ਹੈ। ਨੌਜਵਾਨ ਵੋਟਰ, ਮੱਧ ਵਰਗ ਅਤੇ ਸ਼ਹਿਰੀ ਕਾਰੋਬਾਰੀ ਵਰਗ ਨੂੰ ਆਕਰਸ਼ਿਤ ਕਰਨ ਲਈ ਸਿਰਫ਼ ਰਵਾਇਤੀ ਰਾਜਨੀਤੀ ਕਾਫ਼ੀ ਨਹੀਂ ਹੋਵੇਗੀ। ਰੁਜ਼ਗਾਰ, ਉਦਯੋਗ, ਨਿਵੇਸ਼, ਸਿੱਖਿਆ ਅਤੇ ਸ਼ਹਿਰੀ ਬੁਨਿਆਦੀ ਢਾਂਚੇ ਵਰਗੇ ਮੁੱਦਿਆਂ ਉੱਤੇ ਸਪੱਸ਼ਟ ਨੀਤੀ ਪੇਸ਼ ਕਰਨੀ ਪਵੇਗੀ।**




**ਨਗਰ ਨਿਗਮ, ਨਗਰ ਕੌਂਸਲ ਤੇ ਨਗਰ ਪੰਚਾਇਤ ਚੋਣਾਂ ਦੇ ਨਤੀਜੇ**

| 250 | 10 | 8 | 2 |
|---|---|---|---|
| ਸੀਟਾਂ 'ਤੇ ਅਕਾਲੀ ਦਲ ਦੀ ਜਿੱਤ | ਨਗਰ ਕੌਂਸਲਾਂ ਵਿੱਚ ਅਕਾਲੀ ਦਲ ਦਾ ਪ੍ਰਧਾਨ | ਨਗਰ ਕੌਂਸਲਾਂ ਵਿੱਚ ਕਾਂਗਰਸ ਦੀ ਜਿੱਤ | ਨਗਰ ਕੌਂਸਲਾਂ ਵਿੱਚ ਭਾਜਪਾ ਦੀ ਜਿੱਤ |

ਵਿਸ਼ੇਸ਼ ਰਿਪੋਰਟ/ਪਟਿਆਲਾ

ਪੰਜਾਬ ਦੀ ਸਿਆਸਤ ਵਿੱਚ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸਿਆਸੀ ਸਰਗਰਮੀਆਂ ਤੇਜ਼ ਹੋ ਰਹੀਆਂ ਹਨ। ਇੱਕ ਪਾਸੇ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਪੰਜਾਬ ਦੀਆਂ ਸਾਰੀਆਂ 117 ਵਿਧਾਨ ਸਭਾ ਸੀਟਾਂ 'ਤੇ ਇਕੱਲਿਆਂ ਚੋਣ ਲੜਨ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ, ਉੱਥੇ ਹੀ ਸ਼੍ਰੋਮਣੀ ਅਕਾਲੀ ਦਲ ਵੀ ਆਪਣੀ ਰਵਾਇਤੀ ਪੇਂਡੂ ਪਛਾਣ ਤੋਂ ਅੱਗੇ ਵਧ ਕੇ ਸ਼ਹਿਰੀ ਖੇਤਰਾਂ ਵਿੱਚ ਆਪਣਾ ਆਧਾਰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਹਾਲ ਹੀ ਵਿੱਚ ਹੋਈਆਂ ਨਗਰ ਨਿਗਮ, ਨਗਰ ਕੌਂਸਲ ਅਤੇ ਨਗਰ ਪੰਚਾਇਤ ਚੋਣਾਂ ਦੇ ਨਤੀਜਿਆਂ ਨੇ ਅਕਾਲੀ ਦਲ ਨੂੰ ਇੱਕ ਨਵੀਂ ਸਿਆਸੀ ਉਮੀਦ ਦਿੱਤੀ ਹੈ।

ਸਥਾਨਕ ਸਰਕਾਰਾਂ ਦੀਆਂ ਚੋਣਾਂ ਵਿੱਚ ਅਕਾਲੀ ਦਲ ਵੱਲੋਂ ਲਗਭਗ 250 ਸੀਟਾਂ 'ਤੇ ਜਿੱਤ ਦਰਜ ਕਰਨਾ ਅਤੇ 10 ਨਗਰ ਕੌਂਸਲਾਂ ਵਿੱਚ ਪ੍ਰਧਾਨ ਬਣਾਉਣ ਦੀ ਸਥਿਤੀ ਵਿੱਚ ਪਹੁੰਚਣਾ ਪਾਰਟੀ ਲਈ ਇੱਕ ਮਹੱਤਵਪੂਰਨ ਪ੍ਰਾਪਤੀ ਮੰਨੀ ਜਾ ਰਹੀ ਹੈ। ਇਹ ਨਤੀਜੇ ਉਸ ਵੇਲੇ ਆਏ ਹਨ ਜਦੋਂ ਪਾਰਟੀ ਪਿਛਲੇ ਕੁਝ ਸਾਲਾਂ ਦੌਰਾਨ ਲਗਾਤਾਰ ਚੋਣ ਝਟਕੇ ਸਹਿੰਦੀ ਰਹੀ ਹੈ। ਇਸ ਸਫਲਤਾ ਨੇ ਇਹ ਸੰਕੇਤ ਦਿੱਤਾ ਹੈ ਕਿ ਅਕਾਲੀ ਦਲ ਅਜੇ ਵੀ ਪੰਜਾਬ ਦੀ ਸਿਆਸਤ ਵਿੱਚ ਇੱਕ ਪ੍ਰਭਾਵਸ਼ਾਲੀ ਤਾਕਤ ਬਣਨ ਦੀ ਸਮਰੱਥਾ ਰੱਖਦਾ ਹੈ।

ਅਕਾਲੀ ਦਲ ਦੀ ਸਭ ਤੋਂ ਵੱਡੀ ਚੁਣੌਤੀ ਪਿਛਲੇ ਕੁਝ ਸਾਲਾਂ ਵਿੱਚ ਆਪਣਾ ਘਟਦਾ ਹੋਇਆ ਵੋਟ ਬੈਂਕ ਰਿਹਾ ਹੈ। ਖੇਤੀ ਕਾਨੂੰਨਾਂ ਦੇ ਵਿਵਾਦ, ਭਾਜਪਾ ਨਾਲ ਗੱਠਜੋੜ ਟੁੱਟਣ ਅਤੇ ਪਾਰਟੀ ਅੰਦਰੂਨੀ ਸੰਕਟਾਂ ਕਾਰਨ ਉਸ ਦੀ ਸਿਆਸੀ ਸਥਿਤੀ ਕਮਜ਼ੋਰ ਹੋਈ। ਪੇਂਡੂ ਖੇਤਰਾਂ ਵਿੱਚ ਵੀ ਉਸ ਨੂੰ ਆਮ ਆਦਮੀ ਪਾਰਟੀ ਅਤੇ ਕਾਂਗਰਸ ਤੋਂ ਸਖ਼ਤ ਮੁਕਾਬਲੇ ਦਾ ਸਾਹਮਣਾ ਕਰਨਾ ਪਿਆ। ਅਜਿਹੇ ਹਾਲਾਤਾਂ ਵਿੱਚ ਸ਼ਹਿਰੀ ਖੇਤਰਾਂ ਵਿੱਚ ਮਿਲੀ ਸਫਲਤਾ ਪਾਰਟੀ ਲਈ ਨਵੀਂ ਰਣਨੀਤੀ ਦਾ ਆਧਾਰ ਬਣ ਸਕਦੀ ਹੈ।

### ਸਿਆਸੀ ਮਾਹਿਰਾਂ ਦੀ ਰਾਏ

"ਸਥਾਨਕ ਚੋਣਾਂ ਦੇ ਇਹ ਨਤੀਜੇ ਅਕਾਲੀ ਦਲ ਲਈ ਹੌਸਲਾ ਅਫ਼ਜ਼ਾਈ ਵਾਲੇ ਹਨ। ਜੇਕਰ ਪਾਰਟੀ ਇਸੇ ਤਰ੍ਹਾਂ ਸ਼ਹਿਰੀ ਅਤੇ ਨੌਜਵਾਨ ਵਰਗ ਨਾਲ ਜੁੜਦੀ ਰਹੀ, ਤਾਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਇਸ ਨੂੰ ਲਾਭ ਮਿਲ ਸਕਦਾ ਹੈ।
– ਸਿਆਸੀ ਵਿਸ਼ਲੇਸ਼ਕ

### ਚੁਣੌਤੀਆਂ ਹਾਲੇ ਵੀ ਬਾਕੀ

- ਪੇਂਡੂ ਖੇਤਰਾਂ ਵਿਚ ਮੁਕਾਬਲਾ ਆਪ ਅਤੇ ਕਾਂਗਰਸ ਨਾਲ
- ਨੌਜਵਾਨ ਵੋਟਰਾਂ ਨੂੰ ਆਕਰਸ਼ਿਤ ਕਰਨਾ ਵੱਡੀ ਚੁਣੌਤੀ
- ਸੰਗਠਨ ਵਿੱਚ ਇੱਕਜੁੱਟਤਾ ਅਤੇ ਸਪਸ਼ਟ ਲੀਡਰਸ਼ਿਪ ਦੀ ਲੋੜ

ਰਵਾਇਤੀ ਤੌਰ 'ਤੇ ਅਕਾਲੀ ਦਲ ਨੂੰ ਪੇਂਡੂ ਪੰਜਾਬ ਅਤੇ ਸਿੱਖ ਕਿਸਾਨ ਵਰਗ ਦੀ ਪਾਰਟੀ ਮੰਨਿਆ ਜਾਂਦਾ ਰਿਹਾ ਹੈ। ਸ਼ਹਿਰੀ ਹਿੰਦੂ ਵੋਟਰਾਂ ਵਿੱਚ ਇਸ ਦੀ ਪਹੁੰਚ ਸੀਮਤ ਰਹੀ, ਜਿਸ ਕਾਰਨ ਇਹ ਵਰਗ ਜ਼ਿਆਦਾਤਰ ਭਾਜਪਾ ਜਾਂ ਕਾਂਗਰਸ ਵੱਲ ਝੁਕਦਾ ਰਿਹਾ। ਪਰ ਭਾਜਪਾ ਅਤੇ ਅਕਾਲੀ ਦਲ ਦੇ ਵੱਖ ਹੋਣ ਤੋਂ ਬਾਅਦ ਪੰਜਾਬ ਦੀ ਸ਼ਹਿਰੀ ਸਿਆਸਤ ਵਿੱਚ ਇੱਕ ਨਵਾਂ ਖਾਲੀਪਣ ਪੈਦਾ ਹੋਇਆ ਹੈ। ਅਕਾਲੀ ਦਲ ਹੁਣ ਇਸ ਖਾਲੀ ਥਾਂ ਨੂੰ ਭਰਨ ਦੀ ਕੋਸ਼ਿਸ਼ ਕਰ ਰਿਹਾ ਹੈ।

ਸਥਾਨਕ ਸਰਕਾਰਾਂ ਦੀਆਂ ਚੋਣਾਂ ਵਿੱਚ ਪਾਰਟੀ ਨੇ ਸਿਰਫ਼ ਰਵਾਇਤੀ ਵੋਟਰਾਂ ਉੱਤੇ ਨਿਰਭਰ ਰਹਿਣ ਦੀ ਬਜਾਏ ਸਥਾਨਕ ਮੁੱਦਿਆਂ ਨੂੰ ਉਭਾਰਿਆ। ਵਿਕਾਸ ਕਾਰਜਾਂ, ਸਫ਼ਾਈ, ਪੀਣ ਵਾਲੇ ਪਾਣੀ, ਸੀਵਰੇਜ ਅਤੇ ਸਥਾਨਕ ਪ੍ਰਸ਼ਾਸਨ ਨਾਲ ਜੁੜੇ ਮਸਲਿਆਂ ਨੂੰ ਕੇਂਦਰ ਵਿੱਚ ਰੱਖ ਕੇ ਚੋਣ ਪ੍ਰਚਾਰ ਕੀਤਾ ਗਿਆ। ਇਸ ਰਣਨੀਤੀ ਦਾ ਲਾਭ ਪਾਰਟੀ ਨੂੰ ਮਿਲਦਾ ਦਿਖਾਈ ਦਿੱਤਾ।

ਦੂਜੇ ਪਾਸੇ, ਕਾਂਗਰਸ ਅਤੇ ਭਾਜਪਾ ਦੀ ਕਾਰਗੁਜ਼ਾਰੀ ਨੇ ਵੀ ਅਕਾਲੀ ਦਲ ਨੂੰ ਮੌਕਾ ਦਿੱਤਾ ਹੈ। ਜੇਕਰ ਕਾਂਗਰਸ ਸਿਰਫ਼ 8 ਅਤੇ ਭਾਜਪਾ ਕੇਵਲ 2 ਨਗਰ ਕੌਂਸਲਾਂ ਵਿੱਚ ਪ੍ਰਭਾਵਸ਼ਾਲੀ ਨਤੀਜੇ ਦੇ ਸਕੀਆਂ ਹਨ, ਤਾਂ ਇਹ ਦਰਸਾਉਂਦਾ ਹੈ ਕਿ ਸ਼ਹਿਰੀ ਖੇਤਰਾਂ ਵਿੱਚ ਵੋਟਰ ਅਜੇ ਵੀ ਇੱਕ ਮਜ਼ਬੂਤ ਵਿਕਲਪ ਦੀ ਭਾਲ ਵਿੱਚ ਹਨ। ਅਕਾਲੀ ਦਲ ਇਸ ਸਥਿਤੀ ਨੂੰ ਆਪਣੇ ਹੱਕ ਵਿੱਚ ਬਦਲਣ ਦੀ ਕੋਸ਼ਿਸ਼ ਕਰ ਸਕਦਾ ਹੈ।

ਹਾਲਾਂਕਿ, ਸਥਾਨਕ ਚੋਣਾਂ ਦੀ ਸਫਲਤਾ ਨੂੰ ਸਿੱਧੇ ਤੌਰ 'ਤੇ ਵਿਧਾਨ ਸਭਾ ਚੋਣਾਂ ਨਾਲ ਜੋੜ ਕੇ ਨਹੀਂ ਦੇਖਿਆ ਜਾ ਸਕਦਾ। ਸਥਾਨਕ ਚੋਣਾਂ ਵਿੱਚ ਉਮੀਦਵਾਰਾਂ ਦੀ ਨਿੱਜੀ ਪਛਾਣ ਅਤੇ ਸਥਾਨਕ ਸਮੀਕਰਨ ਵੱਧ ਅਹਿਮ ਹੁੰਦੇ ਹਨ, ਜਦਕਿ ਵਿਧਾਨ ਸਭਾ ਚੋਣਾਂ ਵਿੱਚ ਸੂਬਾਈ ਲੀਡਰਸ਼ਿਪ, ਸਰਕਾਰੀ ਨੀਤੀਆਂ ਅਤੇ ਵੱਡੇ ਰਾਜਨੀਤਿਕ ਮੁੱਦੇ ਪ੍ਰਭਾਵ ਪਾਉਂਦੇ ਹਨ। ਇਸ ਲਈ ਅਕਾਲੀ ਦਲ ਨੂੰ ਆਪਣੀ ਇਸ ਸਫਲਤਾ ਨੂੰ ਇੱਕ ਮਜ਼ਬੂਤ ਸੂਬਾਈ ਮੁਹਿੰਮ ਵਿੱਚ ਤਬਦੀਲ ਕਰਨਾ ਪਵੇਗਾ।

ਪਾਰਟੀ ਲਈ ਦੂਜੀ ਵੱਡੀ ਚੁਣੌਤੀ ਆਪਣੀ ਛਵੀ ਨੂੰ ਨਵੇਂ ਸਿਰੇ ਤੋਂ ਤਿਆਰ ਕਰਨਾ ਹੈ। ਨੌਜਵਾਨ ਵੋਟਰ, ਮੱਧ ਵਰਗ ਅਤੇ ਸ਼ਹਿਰੀ ਕਾਰੋਬਾਰੀ ਵਰਗ ਨੂੰ ਆਕਰਸ਼ਿਤ ਕਰਨ ਲਈ ਸਿਰਫ਼ ਰਵਾਇਤੀ ਰਾਜਨੀਤੀ ਕਾਫ਼ੀ ਨਹੀਂ ਹੋਵੇਗੀ। ਰੁਜ਼ਗਾਰ, ਉਦਯੋਗ, ਨਿਵੇਸ਼, ਸਿੱਖਿਆ ਅਤੇ ਸ਼ਹਿਰੀ ਬੁਨਿਆਦੀ ਢਾਂਚੇ ਵਰਗੇ ਮੁੱਦਿਆਂ ਉੱਤੇ ਸਪੱਸ਼ਟ ਨੀਤੀ ਪੇਸ਼ ਕਰਨੀ ਪਵੇਗੀ।

ਭਾਜਪਾ ਵੱਲੋਂ 117 ਸੀਟਾਂ 'ਤੇ ਇਕੱਲਿਆਂ ਚੋਣ ਲੜਨ ਦੀ ਤਿਆਰੀ ਵੀ ਪੰਜਾਬ ਦੀ ਸਿਆਸਤ ਨੂੰ ਨਵਾਂ ਰੂਪ ਦੇ ਸਕਦੀ ਹੈ। ਇਸ ਨਾਲ ਸ਼ਹਿਰੀ ਵੋਟਾਂ ਦੀ ਵੰਡ ਹੋਣ ਦੀ ਸੰਭਾਵਨਾ ਬਣੇਗੀ, ਜਿਸ ਦਾ ਲਾਭ ਅਕਾਲੀ ਦਲ ਨੂੰ ਮਿਲ ਸਕਦਾ ਹੈ। ਜੇਕਰ ਪਾਰਟੀ ਆਪਣੇ ਸੰਗਠਨ ਨੂੰ ਮਜ਼ਬੂਤ ਕਰਕੇ ਸ਼ਹਿਰੀ ਅਤੇ ਪੇਂਡੂ ਵੋਟਰਾਂ ਵਿਚਕਾਰ ਸੰਤੁਲਨ ਬਣਾਉਣ ਵਿੱਚ ਸਫਲ ਰਹਿੰਦੀ ਹੈ ਤਾਂ ਉਹ ਮੁੜ ਇੱਕ ਪ੍ਰਭਾਵਸ਼ਾਲੀ ਖੇਤਰੀ ਤਾਕਤ ਵਜੋਂ ਉਭਰ ਸਕਦੀ ਹੈ।

ਕੁੱਲ ਮਿਲਾ ਕੇ, ਨਗਰ ਕੌਂਸਲ ਅਤੇ ਨਗਰ ਪੰਚਾਇਤ ਚੋਣਾਂ ਵਿੱਚ ਮਿਲੀ ਸਫਲਤਾ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਇੱਕ ਨਵਾਂ ਸਿਆਸੀ ਮੌਕਾ ਦਿੱਤਾ ਹੈ। ਪਰ ਇਹ ਮੌਕਾ ਤਦ ਹੀ ਵੱਡੀ ਸਿਆਸੀ ਕਾਮਯਾਬੀ ਵਿੱਚ ਬਦਲ ਸਕਦਾ ਹੈ ਜੇਕਰ ਪਾਰਟੀ ਆਪਣੇ ਸੰਗਠਨ ਨੂੰ ਮਜ਼ਬੂਤ ਕਰੇ, ਨਵੀਂ ਲੀਡਰਸ਼ਿਪ ਨੂੰ ਅੱਗੇ ਲਿਆਵੇ ਅਤੇ ਸ਼ਹਿਰੀ ਪੰਜਾਬ ਦੀਆਂ ਬਦਲਦੀਆਂ ਉਮੀਦਾਂ ਨੂੰ ਸਮਝ ਕੇ ਉਨ੍ਹਾਂ ਦੇ ਅਨੁਕੂਲ ਆਪਣੀ ਰਣਨੀਤੀ ਤਿਆਰ ਕਰੇ। ਆਉਣ ਵਾਲੇ ਮਹੀਨੇ ਇਹ ਤੈਅ ਕਰਨਗੇ ਕਿ ਕੀ ਅਕਾਲੀ ਦਲ ਦੀ ਇਹ ਸ਼ਹਿਰੀ ਪਹੁੰਚ ਇੱਕ ਸਥਾਈ ਸਿਆਸੀ ਪੁਨਰ-ਉਭਾਰ ਦਾ ਆਧਾਰ ਬਣਦੀ ਹੈ ਜਾਂ ਫਿਰ ਇਹ ਸਿਰਫ਼ ਸਥਾਨਕ ਚੋਣਾਂ ਤੱਕ ਹੀ ਸੀਮਤ ਰਹਿੰਦੀ ਹੈ।




**ਭਾਰਤ 'ਤੇ ਅਸਰ**
- ਮਾਨਸੂਨ ਕਮਜ਼ੋਰ ਹੋ ਸਕਦਾ ਹੈ
- ਕਈ ਖੇਤਰਾਂ 'ਚ ਘੱਟ ਬਾਰਿਸ਼ ਦੀ ਸੰਭਾਵਨਾ
- ਸੋਕੇ ਵਰਗੀ ਸੰਥਿਤੀ ਬਣ ਸਕਦੀ ਹੈ।

**ਕਿਹੜੇ ਖੇਤਰ ਹੋਣਗੇ ਪ੍ਰਭਾਵਿਤ?**
- ਉੱਤਰ ਭਾਰਤ, ਮੱਧ ਭਾਰਤ ਅਤੇ ਦੱਖਣੀ ਭਾਰਤ
- ਪੰਜਾਬ, ਹਰਿਆਣਾ, ਰਾਜਸਥਾਨ 'ਤੇ ਵੀ ਅਸਰ
- ਖੇਤੀਬਾੜੀ ਅਤੇ ਜਲ ਸਰੋਤਾਂ'ਤੇ ਵੱਡਾ ਪ੍ਰਭਾਵ

**ਕੀ ਕਰੀਏ?**
- ਪਾਣੀ ਦੀ ਬਚਤ ਕਰੋ
- ਫਸਲਾਂ ਦੀ ਯੋਜਨਾ ਸਿਆਣਪ ਨਾਲ ਬਣਾਓ
- ਮੌਸਮ ਦੀਆਂ ਖਬਰਾਂ 'ਤੇ ਨਜ਼ਰ ਰੱਖੋ

ਨਵੀਂ ਦਿੱਲੀ: ਇਸ ਮਾਨਸੂਨ ਸੀਜ਼ਨ ਦੌਰਾਨ ਐਲ ਨੀਨੋ ਦੀ ਬਹੁਤ ਚਰਚਾ ਹੋ ਰਹੀ ਹੈ। ਇਹ ਆ ਗਿਆ ਹੈ, ਅਤੇ ਇਹ 1950 ਤੋਂ ਬਾਅਦ ਸਭ ਤੋਂ ਸ਼ਕਤੀਸ਼ਾਲੀ ਹੋ ਸਕਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਇਹ ਦੁਨੀਆ ਭਰ ਵਿੱਚ ਮੌਸਮ ਚੱਕਰਾਂ ਨੂੰ ਪ੍ਰਭਾਵਿਤ ਕਰੇਗਾ। ਇਸਦੇ ਪ੍ਰਭਾਵ ਭਾਰਤ ਵਿੱਚ ਮਾਨਸੂਨ ਨੂੰ ਕਮਜ਼ੋਰ ਕਰ ਸਕਦੇ ਹਨ ਅਤੇ ਦੇਸ਼ ਦੇ ਕਈ ਹਿੱਸਿਆਂ ਵਿੱਚ ਸੋਕੇ ਵਰਗੀਆਂ ਸਥਿਤੀਆਂ ਪੈਦਾ ਕਰ ਸਕਦੇ ਹਨ। ਸਰਕਾਰ ਨੇ ਪਹਿਲਾਂ ਤੋਂ ਤਿਆਰੀ ਵੀ ਕੀਤੀ ਹੈ ਅਤੇ ਦੇਸ਼ ਭਰ ਦੇ 197 ਜ਼ਿਲ੍ਹਿਆਂ ਦੀ ਪਛਾਣ ਕੀਤੀ ਹੈ ਜੋ ਐਲ ਨੀਨੋ ਦੇ ਪ੍ਰਭਾਵ ਤੋਂ ਸਭ ਤੋਂ ਵੱਧ ਪ੍ਰਭਾਵਿਤ ਹੋ ਸਕਦੇ ਹਨ।

### ਅਸੀਂ ਕਿਵੇਂ ਜਾਣ ਸਕਦੇ ਹਾਂ ਕਿ ਐਲ ਨੀਨੋ ਆ ਰਿਹਾ ਹੈ?

ਮੌਸਮ ਭਵਿੱਖਬਾਣੀ ਕਰਨ ਵਾਲਿਆਂ ਦਾ ਮੰਨਣਾ ਹੈ ਕਿ ਇਸ ਸਾਲ ਦੇ ਅੰਤ ਤੱਕ ਐਲ ਨੀਨੋ ਦੇ ਬਹੁਤ ਮਜ਼ਬੂਤ ਹੋਣ ਦੀ ਸੰਭਾਵਨਾ ਹੈ। ਐਲ ਨੀਨੋ ਅਸਲ ਵਿੱਚ ਕੀ ਹੈ, ਇਹ ਵੱਖ-ਵੱਖ ਮਹਾਂਦੀਪਾਂ ਦੇ ਮੌਸਮ ਨੂੰ ਕਿਵੇਂ ਪ੍ਰਭਾਵਿਤ ਕਰ ਸਕਦਾ ਹੈ, ਅਤੇ ਖੇਤੀਬਾੜੀ ਲਈ ਮਾਨਸੂਨ 'ਤੇ ਨਿਰਭਰ ਭਾਰਤ, ਇਸਦੀ ਇੰਨੀ ਨੇੜਿਓਂ ਨਿਗਰਾਨੀ ਕਿਉਂ ਕਰਦਾ ਹੈ? ਵਿਗਿਆਨੀਆਂ ਦਾ ਕਹਿਣਾ ਹੈ ਕਿ ਐਲ ਨੀਨੋ ਦੇ ਆਉਣ ਦਾ ਇੱਕ ਮੁੱਖ ਸੂਚਕ ਦੱਖਣੀ ਅਮਰੀਕੀ ਤੱਟ ਦੇ ਨੇੜੇ ਪ੍ਰਸ਼ਾਂਤ ਮਹਾਸਾਗਰ ਦੇ ਇੱਕ ਖਾਸ ਹਿੱਸੇ (ਜਿਸਨੂੰ ਨੀਨੋ 3.4 ਕਿਹਾ ਜਾਂਦਾ ਹੈ) ਵਿੱਚ ਤਾਪਮਾਨ ਹੈ। ਵਿਗਿਆਨੀਆਂ ਦੇ ਅਨੁਸਾਰ, ਜਦੋਂ ਇਸ ਖੇਤਰ ਵਿੱਚ ਤਾਪਮਾਨ ਲਗਾਤਾਰ ਪੰਜ ਮਹੀਨਿਆਂ ਲਈ ਆਮ ਨਾਲੋਂ 0.5 ਡਿਗਰੀ ਵੱਧ ਰਹਿੰਦਾ ਹੈ, ਤਾਂ ਇਹ ਇੱਕ ਮਜ਼ਬੂਤ ਸੰਕੇਤ ਹੈ ਕਿ ਐਲ ਨੀਨੋ ਨੇੜੇ ਆ ਰਿਹਾ ਹੈ। ਇਸ ਸਾਲ, ਇਸ ਖੇਤਰ ਵਿੱਚ ਤਾਪਮਾਨ ਤੇਜ਼ੀ ਨਾਲ ਵਧਿਆ ਹੈ, ਅਤੇ ਵਿਸ਼ਵ ਮੌਸਮ ਵਿਗਿਆਨ ਸੰਗਠਨ (WMO) ਨੇ ਕਿਹਾ ਹੈ ਕਿ ਸਾਨੂੰ ਐਲ ਨੀਨੋ ਲਈ ਤਿਆਰ ਰਹਿਣਾ ਚਾਹੀਦਾ ਹੈ।

### ਇਹ ਮੌਸਮ ਨੂੰ ਕਿਵੇਂ ਬੁਰੀ ਤਰ੍ਹਾਂ ਪ੍ਰਭਾਵਿਤ ਕਰੇਗਾ?

ਇਸ ਸਾਲ, ਐਲ ਨੀਨੋ ਜੂਨ ਤੋਂ ਅਗਸਤ ਤੱਕ ਰਹਿਣ ਦੀ ਉਮੀਦ ਹੈ। ਇਹ ਵਰਤਾਰਾ ਹਰ ਦੋ ਤੋਂ ਸੱਤ ਸਾਲਾਂ ਵਿੱਚ ਹੁੰਦਾ ਹੈ; ਇਹ ਅਪ੍ਰੈਲ-ਜੂਨ ਦੌਰਾਨ ਸ਼ੁਰੂ ਹੁੰਦਾ ਹੈ ਅਤੇ ਅਕਤੂਬਰ-ਫਰਵਰੀ ਦੇ ਵਿਚਕਾਰ ਸਭ ਤੋਂ ਪ੍ਰਭਾਵਸ਼ਾਲੀ ਹੁੰਦਾ ਹੈ। ਇਹ ਆਮ ਤੌਰ 'ਤੇ 9-12 ਮਹੀਨਿਆਂ ਤੱਕ ਰਹਿੰਦਾ ਹੈ, ਪਰ ਦੋ ਸਾਲਾਂ ਤੱਕ ਰਹਿ ਸਕਦਾ ਹੈ। ਐਲ ਨੀਨੋ ਸਮੁੰਦਰ ਅਤੇ ਹਵਾ ਦੇ ਕਰੰਟਾਂ ਦੀ ਆਮ ਦਿਸ਼ਾ ਨੂੰ ਉਲਟਾ ਦਿੰਦਾ ਹੈ। ਇਸਦੇ ਪ੍ਰਭਾਵ ਦਾ ਇੱਕ ਸੰਕੇਤ ਭੂਮੱਧ ਰੇਖਾ ਅਤੇ ਮੱਧ ਪ੍ਰਸ਼ਾਂਤ ਵਿੱਚ ਸਤ੍ਹਾ ਦੇ ਪਾਣੀ ਦਾ ਤਾਪਮਾਨ ਆਮ ਨਾਲੋਂ ਵੱਧ ਹੈ। ਇਸ ਸਾਲ, ਨਵੀਨਤਮ ਅੰਕੜੇ 2 ਡਿਗਰੀ ਤੋਂ ਵੱਧ ਦਾ ਅੰਤਰ ਦਰਸਾਉਂਦੇ ਹਨ। 1997-98 ਅਤੇ 2015-16 ਵਿੱਚ ਵੀ ਇਸੇ ਤਰ੍ਹਾਂ ਦੇ ਅੰਤਰ ਦੇਖੇ ਗਏ ਸਨ। ਮਾਹਰ ਇਹ ਵੀ ਚੇਤਾਵਨੀ ਦੇ ਰਹੇ ਹਨ ਕਿ ਇਸ ਸਾਲ ਪ੍ਰਸ਼ਾਂਤ ਮਹਾਸਾਗਰ ਦੀ ਸਤ੍ਹਾ ਦੇ ਬਿਲਕੁਲ ਹੇਠਾਂ ਪਾਣੀ ਪਹਿਲਾਂ ਹੀ 6 ਡਿਗਰੀ ਤੱਕ ਗਰਮ ਹੋ ਗਿਆ ਹੈ। ਪਹਿਲਾਂ ਹੀ ਵਧਿਆ ਹੋਇਆ ਤਾਪਮਾਨ, ਐਲ ਨੀਨੋ ਦੁਆਰਾ ਛੱਡੀ ਗਈ ਵਾਧੂ ਗਰਮੀ ਅਤੇ ਗਲੋਬਲ ਵਾਰਮਿੰਗ ਦੇ ਨਾਲ, ਮੌਸਮ 'ਤੇ ਗੰਭੀਰ ਪ੍ਰਭਾਵ ਪਾ ਸਕਦਾ ਹੈ।

### ਭਾਰਤ ਲਈ ਇਸਦਾ ਕੀ ਅਰਥ ਹੈ

ਡਬਲਯੂਐਮਓ ਨੇ ਕਿਹਾ ਹੈ ਕਿ ਜੂਨ-ਸਤੰਬਰ ਦੱਖਣ-ਪੱਛਮੀ ਮਾਨਸੂਨ ਸੀਜ਼ਨ ਦੌਰਾਨ ਦੱਖਣੀ ਏਸ਼ੀਆ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਬਾਰਿਸ਼ ਆਮ ਤੋਂ ਘੱਟ ਹੋਣ ਦੀ ਸੰਭਾਵਨਾ ਹੈ। ਭਾਰਤ ਮੌਸਮ ਵਿਭਾਗ (ਆਈਐਮਡੀ) ਨੇ ਦੱਖਣ-ਪੱਛਮੀ ਮਾਨਸੂਨ ਲੰਬੇ ਸਮੇਂ ਦੀ ਔਸਤ ਦੇ ਲਗਭਗ 90 ਪ੍ਰਤੀਸ਼ਤ ਹੋਣ ਦੀ ਭਵਿੱਖਬਾਣੀ ਕੀਤੀ ਹੈ, ਜੋ ਕਿ ਆਮ ਤੋਂ ਘੱਟ ਬਾਰਿਸ਼ ਦੇ ਮੌਸਮ ਨੂੰ ਦਰਸਾਉਂਦੀ ਹੈ। ਭਾਰਤ ਮੌਸਮ ਵਿਭਾਗ ਨੇ ਕਿਹਾ ਕਿ ਮੌਨਸੂਨ ਮਿਸ਼ਨ ਕਪਲਡ ਫੋਰਕਾਸ ਸਿਸਟਮ (ਐਮਐਮਸੀਐਫਐਸ) ਤੋਂ ਭਵਿੱਖਬਾਣੀਆਂ ਦਰਸਾਉਂਦੀਆਂ ਹਨ ਕਿ ਦੱਖਣ-ਪੱਛਮੀ ਮਾਨਸੂਨ ਦੌਰਾਨ ਐਲ ਨੀਨੋ ਦੀਆਂ ਸਥਿਤੀਆਂ ਮਜ਼ਬੂਤ ਹੋਣਗੀਆਂ।

### ਲਾ ਨੀਨਾ ਦੇ ਉਲਟ, ਐਲ ਨੀਨੋ ਬਾਰਿਸ਼ ਦੀ ਭਵਿੱਖਬਾਣੀ ਨੂੰ ਘਟਾਉਂਦਾ ਹੈ।

ਜਦੋਂ ਕਿ ਐਲ ਨੀਨੋ ਧਰਤੀ ਦੇ ਤਾਪਮਾਨ ਨੂੰ ਵਧਾਉਂਦਾ ਹੈ, ਇਸਦਾ ਉਲਟ ਪੜਾਅ, ਜਿਸਨੂੰ ਲਾ ਨੀਨਾ ਕਿਹਾ ਜਾਂਦਾ ਹੈ, ਆਮ ਤੌਰ 'ਤੇ ਤਾਪਮਾਨ ਨੂੰ ਘਟਾਉਂਦਾ ਹੈ। ENSO ਦਾ ਇੱਕ ਨਿਰਪੱਖ ਪੜਾਅ ਵੀ ਹੁੰਦਾ ਹੈ। ਮਾਹਿਰਾਂ ਦੇ ਅਨੁਸਾਰ, ਐਲ ਨੀਨੋ ਕਾਰਨ ਭਾਰਤ ਵਿੱਚ ਘੱਟ ਬਾਰਿਸ਼ ਹੁੰਦੀ ਹੈ, ਅਤੇ ਇਸ ਸਾਲ ਮਾਨਸੂਨ ਸੀਜ਼ਨ ਵਿੱਚ ਆਮ ਨਾਲੋਂ ਘੱਟ ਬਾਰਿਸ਼ ਹੋਣ ਦੀ ਉਮੀਦ ਹੈ। 1971 ਤੋਂ 2020 ਦੇ ਅੰਕੜਿਆਂ ਦੇ ਆਧਾਰ 'ਤੇ, ਭਾਰਤ ਦੀ ਮੌਸਮੀ ਬਾਰਿਸ਼ ਔਸਤ 87 ਸੈਂਟੀਮੀਟਰ ਹੈ। ਆਈਐਮਡੀ ਮਾਨਸੂਨ ਸੀਜ਼ਨ ਨੂੰ ਘੱਟ ਬਾਰਿਸ਼ ਵਜੋਂ ਸ਼੍ਰੇਣੀਬੱਧ ਕਰਦਾ ਹੈ ਜੇਕਰ ਇਹ ਐਲਪੀਏ ਦੇ 90 ਪ੍ਰਤੀਸ਼ਤ ਤੋਂ ਘੱਟ ਪ੍ਰਾਪਤ ਕਰਦਾ ਹੈ।



# ਮਾਝਾ-ਦੁਆਬਾ

ਆਸ ਪਾਸ



## ਭਰਤੀ ਸਬੰਧੀ ਪੰਫਲੈਟ ਜਾਅਲੀ ਤੇ ਭਰਮ ਪੈਦਾ ਕਰਨ ਵਾਲਾ : ਵਧੀਕ ਕਮਿਸ਼ਨਰ



ਅੰਮ੍ਰਿਤਸਰ, 15 ਜੂਨ (ਬਬਲੂ ਮਹਾਜਨ): ਨਗਰ ਨਿਗਮ ਅੰਮ੍ਰਿਤਸਰ ਦੇ ਵਧੀਕ ਕਮਿਸ਼ਨਰ ਸ੍ਰੀ ਜੈ ਇੰਦਰ ਸਿੰਘ ਨੇ ਆਮ ਲੋਕਾਂ ਦੇ ਧਿਆਨ ਵਿੱਚ ਲਿਆਂਦਾ ਹੈ ਕਿ ਅੰਮ੍ਰਿਤਸਰ ਦੱਖਣ ਵਿੱਚ 15 ਜੂਨ 2026 ਨੂੰ ਸਰਵੇਖਣ ਲਈ ਵੱਖ-ਵੱਖ ਵਿਅਕਤੀਆਂ ਦੀ ਭਰਤੀ/ਟ੍ਰੇਨਿੰਗ ਸਬੰਧੀ ਇੱਕ ਜਾਅਲੀ ਪੰਫਲੈਟ ਸੋਸ਼ਲ ਮੀਡੀਆ 'ਤੇ ਪ੍ਰਚੱਲਿਤ ਕੀਤਾ ਜਾ ਰਿਹਾ ਹੈ, ਜੋ ਕਿ ਪੂਰੀ ਤਰ੍ਹਾਂ ਗਲਤ ਹੈ।ਉਨ੍ਹਾਂ ਸਪੱਸ਼ਟ ਕੀਤਾ ਕਿ ਪੰਜਾਬ ਸਰਕਾਰ ਵੱਲੋਂ ਸਮਾਜਿਕ-ਆਰਥਿਕ ਜਨਗਣਨਾ ਕਰਵਾਈ ਜਾ ਰਹੀ ਹੈ, ਜਿਸ ਲਈ ਕੇਵਲ ਸਰਕਾਰੀ ਕਰਮਚਾਰੀਆਂ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸੰਸਥਾਵਾਂ ਦੇ ਕਰਮਚਾਰੀਆਂ ਨੂੰ ਹੀ ਤਾਇਨਾਤ ਕੀਤਾ ਗਿਆ ਹੈ। ਇਸ ਸਰਵੇਖਣ ਲਈ ਕਿਸੇ ਵੀ ਹੋਰ ਵਿਅਕਤੀ ਦੀਆਂ ਸੇਵਾਵਾਂ ਨਹੀਂ ਲਈਆਂ ਜਾ ਰਹੀਆਂ ਅਤੇ ਨਾ ਹੀ ਕਿਸੇ ਕਿਸਮ ਦੀ ਨਵੀਂ ਭਰਤੀ ਕੀਤੀ ਜਾ ਰਹੀ ਹੈ।ਸ੍ਰੀ ਜੈ ਇੰਦਰ ਸਿੰਘ ਨੇ ਅੰਮ੍ਰਿਤਸਰ ਦੱਖਣ ਦੇ ਨਾਲ ਸਮੂਹ ਵਸਨੀਕਾਂ ਨੂੰ ਅਪੀਲ ਕੀਤੀ ਕਿ ਉਹ ਅਜਿਹੇ ਇਸ਼ਤਿਹਾਰਾਂ, ਪੰਫਲੈਟਾਂ ਜਾਂ ਸੋਸ਼ਲ ਮੀਡੀਆ ਪੋਸਟਾਂ ਤੋਂ ਸਾਵਧਾਨ ਰਹਿਣ ਜੋ ਮਾਣਭੱਤੇ ਜਾਂ ਭੁਗਤਾਨ ਦਾ ਲਾਲਚ ਦੇ ਕੇ ਸਰਵੇਖਣ ਲਈ ਭਰਤੀ ਕਰਨ ਦਾ ਦਾਅਵਾ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਅਜਿਹੇ ਇਸ਼ਤਿਹਾਰ ਪੂਰੀ ਤਰ੍ਹਾਂ ਜਾਅਲੀ ਅਤੇ ਭਰਮਕ ਹਨ ਅਤੇ ਲੋਕਾਂ ਨੂੰ ਇਨ੍ਹਾਂ ਤੇ ਵਿਸ਼ਵਾਸ ਨਹੀਂ ਕਰਨਾ ਚਾਹੀਦਾ।ਉਨ੍ਹਾਂ ਕਿਹਾ ਕਿ ਜੇਕਰ ਕੋਈ ਵਿਅਕਤੀ ਅਜਿਹੇ ਜਾਅਲੀ ਇਸ਼ਤਿਹਾਰਾਂ ਜਾਂ ਭਰਮਕ ਜਾਣਕਾਰੀ ਰਾਹੀਂ ਲੋਕਾਂ ਨੂੰ ਗੁੰਮਰਾਹ ਕਰਨ ਜਾਂ ਠੱਗਣ ਦੀ ਕੋਸ਼ਿਸ਼ ਕਰਦਾ ਪਾਇਆ ਗਿਆ ਤਾਂ ਉਸ ਖ਼ਿਲਾਫ਼ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

## ਨਵੀਆਂ ਅਣ ਅਧਿਕਾਰਿਤ ਕਲੋਨੀਆਂ 'ਤੇ ਚੱਲਿਆ ਪੀਲਾ ਪੰਜਾ

### ਅੰਮ੍ਰਿਤਸਰ ਵਿਕਾਸ ਅਥਾਰਟੀ, ਪੁੱਡਾ ਦੇ ਜਿਲ੍ਹਾ ਨਗਰ ਯੋਜਨਕਾਰ ਵਿੰਗ ਵੱਲੋਂ ਕੀਤੀ ਗਈ ਕਾਰਵਾਈ



ਅੰਮ੍ਰਿਤਸਰ, 15 ਜੂਨ (ਬਬਲੂ ਮਹਾਜਨ) :ਪੰਜਾਬ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ ਏਡੀਏ ਦੇ ਮੁੱਖ ਪ੍ਰਸ਼ਾਸਕ ਨਿਤੇਸ਼ ਕੁਮਾਰ ਜੈਨ, ਆਈ.ਏ.ਐਸ ਅਤੇ ਵਧੀਕ ਮੁੱਖ ਪ੍ਰਸ਼ਾਸਕ ਇਨਾਯਤ, ਪੀ.ਸੀ.ਐਸ ਵੱਲੋਂ ਜਾਰੀ ਹੁਕਮਾਂ ਦੀ ਪਾਲਣਾ ਕਰਦੇ ਹੋਏ ਜ਼ਿਲ੍ਹਾ ਟਾਊਨ ਪਲਾਨਰ (ਰੈਗੂਲੇਟਰੀ) ਵਿੰਗ ਵੱਲੋਂ ਥਾਣਾ ਚਾਟੀਵਿੰਡ ਦੇ ਪੁਲਿਸ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਪਿੰਡ ਗੁਰੂਵਾਲੀ ਵਿਖੇ ਤਰਨਤਾਰਨ ਰੋਡ ਉੱਪਰ ਸੈਲੀਬ੍ਰੇਸ਼ਨ ਇਨਕਲੇਵ (ਐਕਸਟੈਂਸ਼ਨ) ਸਮੇਤ 02 ਹੋਰ ਅਣ-ਅਧਿਕਾਰਤ ਕਲੋਨੀਆਂ ਵਿਰੁੱਧ ਕਾਰਵਾਈ ਕਰਦੇ ਹੋਏ ਕਲੋਨੀਆਂ ਨੂੰ ਢਾਹ ਦਿੱਤਾ ਗਿਆ। ਜ਼ਿਲ੍ਹਾ ਟਾਊਨ ਪਲਾਨਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਭਵਿੱਖ ਦੇ ਵਿਕਾਸ ਨੂੰ ਨਿਯੰਤਰਣ ਕਰਨ ਲਈ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪਿੰਡ ਗੁਰੂਵਾਲੀ ਵਿਖੇ ਵਿਕਸਿਤ ਕੀਤੀਆਂ ਜਾ ਰਹੀਆਂ ਨਵੀਆਂ ਅਣ-ਅਧਿਕਾਰਤ ਕਲੋਨੀਆਂ ਨੂੰ ਪਾਪਰਾ ਐਕਟ-1995 ਅਧੀਨ ਨੋਟਿਸ ਜਾਰੀ ਕਰਦਿਆਂ ਕੰਮ ਬੰਦ ਕਰਵਾਉਂਦੇ ਹੋਏ ਇਹਨਾਂ ਵਿਰੁੱਧ ਮਿਤੀ 15/06/2026 ਰਾਹੀਂ ਡੈਮੋਲੀਸ਼ਨ ਦੀ ਕਾਰਵਾਈ ਕੀਤੀ ਗਈ ਹੈ। ਉਹਨਾਂ ਦੱਸਿਆ ਕਿ ਇਹਨਾਂ ਅਣ-ਅਧਿਕਾਰਤ ਕਲੋਨੀਆਂ ਦੇ ਮਾਲਕਾਂ ਨੇ ਸਰਕਾਰੀ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਅਤੇ ਨੋਟਿਸ ਜਾਰੀ ਹੋਣ ਦੇ ਬਾਵਜੂਦ ਉਕਤ ਅਣ-ਅਧਿਕਾਰਤ ਕਲੋਨੀਆਂ ਸਬੰਧੀ ਸਪੱਸ਼ਟੀਕਰਨ ਦੇਣ ਦੀ ਬਜਾਏ ਮੌਕੇ ਤੇ ਵਿਕਾਸ ਦੇ ਕੰਮਾਂ ਨੂੰ ਜਾਰੀ ਰੱਖਿਆ ਗਿਆ, ਜਿਸ ਦੇ ਉੱਚ ਅਧਿਕਾਰੀਆਂ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਉਕਤ ਕਾਰਵਾਈ ਅਮਲ ਵਿੱਚ ਲਿਆਂਦੀ ਗਈ।ਇਸ ਤੋਂ ਇਲਾਵਾ ਪਿੰਡ ਗੁਰੂਵਾਲੀ ਵਿਖੇ ਵਿਕਸਿਤ ਸੈਲੀਬ੍ਰੇਸ਼ਨ ਇਨਕਲੇਵ ਦੇ ਇਲਾਕਾ ਨਿਵਾਸੀਆਂ ਵੱਲੋਂ ਸ਼ਿਕਾਇਤ ਪ੍ਰਾਪਤ ਹੋਈ ਸੀ ਕਿ ਕਲੋਨੀਕਾਰ ਵੱਲੋਂ ਉਕਤ ਕਲੋਨੀ ਵਿੱਚ ਪੱਕੀਆਂ ਸੜਕਾਂ, ਸੀਵਰੇਜ਼ ਪ੍ਰਣਾਲੀ, ਪੀਣ ਵਾਲੇ ਪਾਣੀ ਦੀ ਸਹੂਲਤ, ਸਟਰੀਟ ਲਾਈਟਾਂ, ਪਾਰਕਾਂ ਆਦਿ ਦੀਆਂ ਬੁਨਿਆਦੀ ਸੇਵਾਵਾਂ ਦਿੱਤੀਆਂ ਜਾਣਗੀਆਂ। ਪਰੰਤੂ ਕਲੋਨੀਕਾਰ ਵੱਲੋਂ ਇਹ ਸੁਵਿਧਾਵਾਂ ਨਹੀਂ ਦਿੱਤੀਆ ਗਈਆਂ ਅਤੇ ਉਕਤ ਕਲੋਨੀ ਦੀ ਐਕਸਟੈਂਸ਼ਨ ਕਰਦੇ ਹੋਏ ਨਵੀਂ ਪਲਾਟਿੰਗ ਦਾ ਕੰਮ ਕੀਤਾ ਜਾ ਰਿਹਾ ਹੈ ਜਿਸਦੇ ਮੱਦੇਨਜ਼ਰ ਨਵੇਂ ਕੀਤੇ ਵਿਕਾਸ ਕਾਰਜਾਂ ਨੂੰ ਢਾਹਿਆ ਗਿਆ।ਉਨ੍ਹਾਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਅਣ-ਅਧਿਕਾਰਤ ਕਲੋਨੀ ਕੱਟਣ ਵਾਲੇ ਵਿਅਕਤੀ ਵਿਰੁੱਧ ਪਾਪਰਾ ਐਕਟ-1995 ਦੀ ਸੋਧ 2024 ਅਨੁਸਾਰ 5 ਤੋਂ 10 ਸਾਲ ਦੀ ਕੈਦ ਅਤੇ 25 ਲੱਖ ਤੋਂ 5 ਕਰੋੜ ਦਾ ਜੁਰਮਾਨਾ ਕੀਤਾ ਜਾ ਸਕਦਾ ਹੈ ਜਿਸ ਕਰਕੇ ਉਕਤ ਕਲੋਨੀ ਅਧੀਨ ਆਉਂਦੀ ਜ਼ਮੀਨ ਦੇ ਮਾਲਕਾਂ ਅਤੇ ਕਲੋਨੀ ਵਿਕਸਿਤ ਕਰਨ ਵਾਲਿਆਂ ਖ਼ਿਲਾਫ਼ ਲੋੜੀਂਦੀ ਕਾਰਵਾਈ ਕਰਨ ਲਈ ਪੁਲਿਸ ਵਿਭਾਗ ਨੂੰ ਵੀ ਰੈਵੇਨਿਊ ਰਿਕਾਰਡ ਦੇ ਆਧਾਰ ਲਿਖਿਆ ਜਾ ਰਿਹਾ ਹੈ।ਏਡੀਏ ਦੇ ਰੈਗੂਲੇਟਰੀ ਵਿੰਗ ਨੇ ਆਮ ਜਨਤਾ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਗੈਰ-ਕਨੂੰਨੀ ਕਲੋਨੀਆਂ ਜੋ ਕਿ ਪੁੱਡਾ ਵਿਭਾਗ ਤੋਂ ਮੰਜੂਰ ਸ਼ੁਦਾ ਨਹੀਂ ਹਨ, ਉਹਨਾਂ ਵਿੱਚ ਪੈਂਦੇ ਪਲਾਟਾਂ ਦੀ ਵਿਕਰੀ ਸਬੰਧੀ ਕਿਸੇ ਵੀ ਇਸ਼ਤਿਹਾਰ ਅਨੁਸਾਰ ਪਲਾਟ ਖਰੀਦਣ ਤੋਂ ਪਹਿਲਾਂ ਉਸ ਕਲੋਨੀ ਸਬੰਧੀ ਪੁੱਡਾ ਵੱਲੋਂ ਜਾਰੀ ਕੀਤੀ ਗਈ ਮੰਜੂਰੀ ਦੀ ਮੰਗ ਜ਼ਰੂਰ ਕਰਨ ਅਤੇ ਅੰਮ੍ਰਿਤਸਰ ਵਿਕਾਸ ਅਥਾਰਿਟੀ ਦੀ ਵੈਬਸਾਈਟ ਉਪਰ ਉਪਲਬਧ ਅਣ-ਅਧਿਕਾਰਿਤ ਕਲੋਨੀਆਂ ਸਬੰਧੀ ਵੇਰਵਿਆਂ ਨੂੰ ਜ਼ਰੂਰ ਵਾਚ ਲਿਆ ਜਾਵੇ ਤਾਂ ਜੋ ਉਨ੍ਹਾਂ ਦੇ ਧਨ ਮਾਲ ਦਾ ਨੁਕਸਾਨ ਨਾ ਹੋ ਸਕੇ ਅਤੇ ਉਨ੍ਹਾਂ ਲਈ ਪਰੇਸ਼ਾਨੀ ਦਾ ਕਾਰਨ ਨਾ ਬਣੇ। ਇਸ ਤੋਂ ਇਲਾਵਾ ਉਹਨਾਂ ਵੱਲੋਂ ਇਹ ਵੀ ਅਪੀਲ ਕੀਤੀ ਗਈ ਕਿ ਜ਼ਿਲੇ ਅੰਦਰ ਕਿਸੇ ਵੀ ਜਗ੍ਹਾ ਉੱਪਰ ਕਿਸੇ ਵੀ ਪ੍ਰਕਾਰ ਦੀ ਉਸਾਰੀ ਕਰਨ ਤੋਂ ਪਹਿਲਾਂ ਪੁੱਡਾ ਵਿਭਾਗ ਪਾਸੋਂ ਲੋੜੀਂਦੀਆਂ ਪ੍ਰਵਾਨਗੀਆਂ ਪ੍ਰਾਪਤ ਕਰਨ ਉਪਰੰਤ ਹੀ ਉਸਾਰੀ ਕੀਤੀ ਜਾਵੇ।

## ਖ਼ਾਲਸਾ ਕਾਲਜ ਇੰਜੀਨੀਅਰਿੰਗ ਵੱਲੋਂ ਅਧਿਆਪਨ ਪ੍ਰਭਾਵਸ਼ੀਲਤਾ ਨੂੰ ਵਧਾਉਣ ਸਬੰਧੀ ਪ੍ਰੋਗਰਾਮ



ਅੰਮ੍ਰਿਤਸਰ, 15 ਜੂਨ (ਬਬਲੂ ਮਹਾਜਨ):ਖਾਲਸਾ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਰਣਜੀਤ ਐਵੀਨਿਊ ਵੱਲੋਂ ਖਾਲਸਾ ਯੂਨੀਵਰਸਿਟੀ ਦੇ ਸਹਿਯੋਗ ਨਾਲ 'ਬੋਧਾਤਮਕ ਅਤੇ ਵਿਵਹਾਰਕ ਰਣਨੀਤੀਆਂ ਰਾਹੀਂ ਅਧਿਆਪਨ ਪ੍ਰਭਾਵਸ਼ੀਲਤਾ ਨੂੰ ਵਧਾਉਣਾ' ਵਿਸ਼ੇ 'ਤੇ ਛੇ ਰੋਜ਼ਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ (ਐਫ.ਡੀ.ਪੀ.) ਕਰਵਾਇਆ ਗਿਆ। ਇਸ ਪ੍ਰੋਗਰਾਮ ਦਾ ਮਕਸਦ ਅਧਿਆਪਕਾਂ ਨੂੰ ਨਵੀਨਤਮ ਅਧਿਆਪਨ ਪੱਧਤੀਆਂ, ਗਿਆਨਾਤਮਕ ਸਾਧਨਾਂ, ਵਿਹਾਰਕ ਤਕਨੀਕਾਂ ਅਤੇ ਸਮੁੱਚੀ ਸਿਹਤ ਨਾਲ ਸਬੰਧਿਤ ਅਭਿਆਸਾਂ ਨਾਲ ਜਾਣੂੰ ਕਰਵਾਉਣਾ ਸੀ, ਤਾਂ ਜੋ ਸਿੱਖਣ-ਸਿਖਾਉਣ ਦੀ ਪ੍ਰੀਕ੍ਰਿਆ ਨੂੰ ਹੋਰ ਪ੍ਰਭਾਵਸ਼ਾਲੀ ਬਣਾਇਆ ਜਾ ਸਕੇ।ਉਕਤ ਪ੍ਰੋਗਰਾਮ ਦੀ ਸ਼ੁਰੂਆਤ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ ਕਰਕੇ ਕੀਤਾ ਗਿਆ। ਉਪਰੰਤ ਕਾਲਜ ਡਾਇਰੈਕਟਰ ਡਾ. ਮੰਜੂ ਬਾਲਾ ਵੱਲੋਂ ਆਏ ਮਹਿਮਾਨਾਂ ਨੂੰ ਪੌਦੇ ਭੇਟ ਕਰਕੇ ਸਵਾਗਤ ਕੀਤਾ ਗਿਆ। ਇਸ ਮੌਕੇ ਡਾ. ਮੰਜੂ ਬਾਲਾ ਨੇ ਸਮੂਹ ਮਹਿਮਾਨਾਂ, ਵਿਸ਼ਾ ਮਾਹਿਰਾਂ ਅਤੇ ਵਿਦਿਆਰਥੀਆਂ ਦਾ ਸਵਾਗਤ ਕਰਦਿਆਂ ਸਮਾਜ ਨਿਰਮਾਣ 'ਚ ਅਧਿਆਪਕਾਂ ਦੀ ਬਦਲਦੀ ਭੂਮਿਕਾ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਅਧਿਆਪਨ ਸਿਰਫ਼ ਕਲਾਸਰੂਮ ਤੱਕ ਸੀਮਿਤ ਨਹੀਂ, ਸਗੋਂ ਜ਼ਿੰਮੇਵਾਰ ਨਾਗਰਿਕ, ਸੰਵੇਦਨਸ਼ੀਲ ਵਿਅਕਤੀ ਅਤੇ ਜੀਵਨ ਭਰ ਸਿੱਖਣ ਵਾਲੇ ਵਿਦਿਆਰਥੀਆਂ ਦੀ ਘੜਤ ਵੀ ਇਸ ਦਾ ਅਹਿਮ ਹਿੱਸਾ ਹੈ। ਉਨ੍ਹਾਂ ਕਿਹਾ ਕਿ ਸਿੱਖਣ ਦੀ ਗਿਆਨਾਤਮਕ ਅਤੇ ਵਿਹਾਰਕ ਪ੍ਰਕਿਰਿਆ ਨੂੰ ਸਮਝਣਾ ਅਰਥਪੂਰਨ ਸਿੱਖਿਆ ਪ੍ਰਦਾਨ ਕਰਨ ਲਈ ਬਹੁਤ ਜ਼ਰੂਰੀ ਹੈ ਅਤੇ ਉਕਤ ਐਫ.ਡੀ.ਪੀ. ਅਧਿਆਪਕਾਂ ਦੇ ਪੇਸ਼ੇਵਰ ਵਿਕਾਸ, ਆਤਮ-ਚਿੰਤਨ ਅਤੇ ਵਿਚਾਰਾਂ ਦੇ ਆਦਾਨ-ਪ੍ਰਦਾਨ ਲਈ ਮਹੱਤਵਪੂਰਨ ਮੰਚ ਸਾਬਤ ਹੋਵੇਗੀ।ਇਸ ਮੌਕੇ ਡਾ. ਮੰਜੂ ਬਾਲਾ ਨੇ ਕਿਹਾ ਕਿ ਉਦਘਾਟਨੀ ਸੈਸ਼ਨ ਬ੍ਰਹਮਾ ਕੁਮਾਰੀਆਂ ਵੱਲੋਂ ਕੀਤਾ ਗਿਆ, ਜਿਸ ਦੌਰਾਨ ਮਨ ਦੀ ਸ਼ਾਂਤੀ, ਸਕਾਰਾਤਮਕ ਸੋਚ, ਧਿਆਨ ਅਤੇ ਤਣਾਅ ਪ੍ਰਬੰਧਨ ਸਬੰਧੀ ਵਿਚਾਰ ਸਾਂਝੇ ਕੀਤੇ ਗਏ। ਇਸ ਸੈਸ਼ਨ ਨੇ ਭਾਗੀਦਾਰਾਂ ਨੂੰ ਨਿੱਜੀ ਅਤੇ ਪੇਸ਼ੇਵਰ ਜੀਵਨ 'ਚ ਸੰਤੁਲਿਤ ਅਤੇ ਸਕਾਰਾਤਮਕ ਸੋਚ ਅਪਣਾਉਣ ਲਈ ਪ੍ਰੇਰਿਤ ਕੀਤਾ।ਉਨ੍ਹਾਂ ਕਿਹਾ ਕਿ ਪ੍ਰੋਗਰਾਮ ਦੌਰਾਨ ਡਾ.ਕੇ.ਵੀ.ਪੀ.ਸਿੰਘ (ਸਹਾਇਕ ਪ੍ਰੋਫੈਸਰ, ਟੈਕਸਟਾਈਲ ਤਕਨਾਲੋਜੀ ਵਿਭਾਗ, ਐਨ. ਆਈ. ਟੀ., ਜਲੰਧਰ), ਡਾ. ਇੰਦਰਜੀਤ ਸਿੰਘ ਗੋਗੋਆਣੀ (ਡੀਨ, ਧਾਰਮਿਕ ਅਧਿਐਨ, ਖਾਲਸਾ ਯੂਨੀਵਰਸਿਟੀ), ਡਾ. ਦਵਿੰਦਰ ਸਿੰਘ ਜੌਹਲ (ਸਾਬਕਾ ਪ੍ਰੋਫੈਸਰ, ਮਨੋਵਿਗਿਆਨ ਵਿਭਾਗ, ਜੀ. ਐਨ. ਡੀ. ਯੂ.), ਡਾ. ਹਰਸੰਦਲਦੀਪ ਕੌਰ (ਪ੍ਰੋਫੈਸਰ, ਯੂਨੀਵਰਸਿਟੀ ਸਕੂਲ ਆਫ਼ ਫਾਈਨੈਂਸ਼ੀਅਲ ਸਟੱਡੀਜ਼, ਜੀ. ਐਨ. ਡੀ. ਯੂ.), ਸ੍ਰੀਮਤੀ ਮਨਪ੍ਰੀਤ ਕੌਰ (ਸਹਾਇਕ ਪ੍ਰੋਫੈਸਰ, ਯੂਨੀਵਰਸਿਟੀ ਸਕੂਲ ਆਫ਼ ਫਾਈਨੈਂਸ਼ੀਅਲ ਸਟੱਡੀਜ਼, ਗੁਰੂ ਨਾਨਕ ਦੇਵ ਯੂਨੀਵਰਸਿਟੀ), ਸ੍ਰੀਮਤੀ ਰੋਹਿਨੀ ਵੋਹਰਾ (ਪ੍ਰਾਨਿਕ ਹੀਲਰ, ਅੰਤਰਰਾਸ਼ਟਰੀ ਯੋਗਾ ਅਤੇ ਮੈਡੀਟੇਸ਼ਨ ਇੰਸਟ੍ਰਕਟਰ), ਡਾ. ਗਗਨਦੀਪ ਕੌਰ (ਸਹਾਇਕ ਪ੍ਰੋਫੈਸਰ, ਸਿੱਖਿਆ ਵਿਭਾਗ, ਜੀ.ਐਨ.ਡੀ.ਯੂ.), ਡਾ. ਨਵਕੀਰਤ ਢਿੱਲੋਂ (ਫੁਲਕਾਰੀ ਵੂਮੈਨ ਆਫ਼ ਅੰਮ੍ਰਿਤਸਰ (ਡਬਲਯੂ.ਓ.ਏ.), ਡਾ. ਸਮਰਿਤੀ (ਐਸੋਸੀਏਟ ਪ੍ਰੋਫੈਸਰ, ਐਸ.ਐਸ.ਐਸ.ਐਸ. ਕਾਲਜ ਆਫ਼ ਕਾਮਰਸ), ਡਾ. ਬਿੰਦੂ ਸ਼ਰਮਾ (ਐਸੋਸੀਏਟ ਪ੍ਰੋਫੈਸਰ, ਸਕੂਲ ਆਫ਼ ਐਜੂਕੇਸ਼ਨ, ਖਾਲਸਾ ਯੂਨੀਵਰਸਿਟੀ), ਡਾ. ਅਵਨੀਤ ਕੌਰ (ਸਹਾਇਕ ਪ੍ਰੋਫੈਸਰ, ਸਕੂਲ ਆਫ਼ ਐਜੂਕੇਸ਼ਨ, ਖਾਲਸਾ ਯੂਨੀਵਰਸਿਟੀ) ਅਤੇ ਡਾ. ਪੁਨੀਤ ਕੌਰ (ਸਹਾਇਕ ਪ੍ਰੋਫੈਸਰ, ਮਨੋਵਿਗਿਆਨ ਵਿਭਾਗ, ਖਾਲਸਾ ਯੂਨੀਵਰਸਿਟੀ) ਵੱਲੋਂ ਅਕਾਦਮਿਕ, ਪ੍ਰਸ਼ਾਸਨਿਕ, ਮਨੋਵਿਗਿਆਨਕ, ਸਿਹਤ ਅਤੇ ਸਮਾਜਿਕ ਖੇਤਰਾਂ ਨਾਲ ਸਬੰਧਿਤ ਨਾਮਵਰ ਵਿਸ਼ਾ ਮਾਹਿਰਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ।

### ਡਾਇਰੈਕਟਰ ਸਿੱਖਿਆ ਵੱਲੋਂ ਸਮਰ ਕੈਂਪ ਦਾ ਦੌਰਾ

## ਜ਼ਿੰਦਗੀ ਵਿੱਚ ਮੰਜਿਲ ਮਿੱਥਣ ਵਾਲੇ ਲੋਕ ਹੀ ਸਫ਼ਲਤਾ ਦੀ ਪੌੜੀ ਚੜ੍ਹਦੇ ਹਨ : ਬੱਲ



ਅੰਮ੍ਰਿਤਸਰ, 15 ਜੂਨ (ਬਬਲੂ ਮਹਾਜਨ): ਪੰਜਾਬ ਸਰਕਾਰ ਵੱਲੋਂ ਸੂਬੇ ਦੀ ਸਿੱਖਿਆ ਨੂੰ ਵਿਸ਼ਵ ਪੱਧਰੀ ਬਣਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਤਹਿਤ ਸਿੱਖਿਆ ਵਿਭਾਗ ਪੰਜਾਬ ਵੱਲੋਂ ਗਰਮੀਆਂ ਦੀਆਂ ਛੁੱਟੀਆਂ ਦੇ ਚੱਲਦਿਆਂ ਵੱਖ ਵੱਖ ਸਕੂਲ ਆਫ ਐਮੀਨੈਂਸ ਦੇ ਵਿਦਿਆਰਥੀਆਂ ਨੂੰ ਮੁਕਾਬਲੇ ਦੀ ਪ੍ਰੀਖਿਆ ਲਈ ਤਿਆਰ ਕਰਨ ਲਈ ਸਥਾਨਕ ਮੈਰੀਟੋਰੀਅਸ ਸਕੂਲ ਅੰਮ੍ਰਿਤਸਰ ਵਿਖੇ ਵਿਸ਼ੇਸ਼ ਸਮਰ ਕੈਂਪ ਲਗਾਇਆ ਗਿਆ, ਜਿਸ ਵਿੱਚ ਵੱਖ ਵੱਖ ਸਕੂਲਾਂ ਦੇ ਕਰੀਬ 527 ਵਿਦਿਆਰਥੀਆਂ ਨੇ ਹਿੱਸਾ ਲਿਆ। ਜਿਨ੍ਹਾਂ ਨੂੰ ਦੇਸ਼ ਦੇ ਸਰਵਉੱਚ ਸਿੱਖਿਆ ਸੰਸਥਾਵਾਂ ਦੇ ਅਧਿਆਪਕਾਂ ਵੱਲੋਂ ਟਰੇਨਿੰਗ ਦਿੱਤੀ ਜਾ ਰਹੀ ਹੈ। ਸਕੂਲ ਆਫ ਐਮੀਨੈਂਸ ਦੇ ਗਿਆਰ੍ਹਵੀਂ ਅਤੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਲਈ ਐਨ.ਈ.ਈ.ਟੀ., ਜੇ.ਈ.ਈ. ਅਤੇ ਹੋਰਨਾਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਲਈ ਲਗਾਏ ਵਿਸ਼ੇਸ਼ ਕੈਂਪ ਦਾ ਪੰਜਾਬ ਦੇ ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ) ਸਕੱਤਰ ਸਿੰਘ ਬੱਲ ਵੱਲੋਂ ਵਿਸ਼ੇਸ਼ ਤੌਰ 'ਤੇ ਨਿਰੀਖਣ ਕੀਤਾ ਗਿਆ, ਜਿਨ੍ਹਾਂ ਦਾ ਕੈਂਪ ਵਿੱਚ ਪੁੱਜਣ 'ਤੇ ਕੰਵਲਜੀਤ ਸਿੰਘ ਸੰਧੂ ਜ਼ਿਲ੍ਹਾ ਸਿੱਖਿਆ ਅਫਸਰ (ਐ.ਅਤੇ ਸੈ.) ਅੰਮ੍ਰਿਤਸਰ, ਸ਼੍ਰੀ ਰਜੇਸ਼ ਖੰਨਾ ਉਪ ਜ਼ਿਲ੍ਹਾ ਸਿੱਖਿਆ ਅਫਸਰ ਅੰਮ੍ਰਿਤਸਰ, ਪ੍ਰਿੰਸੀਪਲ ਸਵਜੀਤ ਕੌਰ ਵੱਲੋਂ ਫੁੱਲਾਂ ਦੇ ਗੁਲਦਸਤੇ ਦੇ ਕੇ ਸਵਾਗਤ ਕੀਤਾ ਗਿਆ। ਇਸ ਮੌਕੇ ਸਮਰ ਕੈਂਪ ਦੌਰਾਨ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਸਕੱਤਰ ਸਿੰਘ ਬੱਲ ਨੇ ਕਿਹਾ ਕਿ ਹਮੇਸ਼ਾਂ ਮਿਹਨਤ ਕਰਨ ਵਾਲਿਆਂ ਨੂੰ ਆਪਣੀ ਮੰਜਿਲ ਨਸੀਬ ਹੁੰਦੀ ਹੈ।ਬੱਲ ਨੇ ਵਿਦਿਆਰਥੀਆਂ ਨੂੰ ਸਫਲਤਾ ਦਾ ਪਾਠ ਪੜ੍ਹਾਉਂਦਿਆਂ ਕਿਹਾ ਕਿ ਆਪਣੀ ਮੰਜਿਲ ਦੀ ਪਛਾਣ ਕਰਨ ਵਾਲੇ ਵਿਦਿਆਰਥੀ ਹੀ ਸਫਲਤਾ ਦੀ ਪੌੜੀ ਚੜ੍ਹਦੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਆਪਣੀ ਜਿੰਦਗੀ ਦੀ ਮੰਜਿਲ ਮਿੱਥ ਕੇ ਉਸਦੀ ਪ੍ਰਾਪਤੀ ਲਈ ਦਿਨ ਰਾਤ ਮਿਹਨਤ ਕਰਨੀ ਚਾਹੀਦੀ ਹੈ। ਇਸ ਮੌਕੇ ਭਾਰਤੀ ਏਅਰਟੈੱਲ ਫਾਊਂਡੇਸ਼ਨ ਅਧਿਕਾਰੀਆਂ ਵਲੋਂ ਵਿਦਿਆਰਥੀਆਂ ਨੂੰ ਕੈਰੀਅਰ ਗਾਈਡੈਂਸ ਦੇ ਨਾਲ ਨਾਲ ਸਕਾਲਰਸ਼ਿਪ ਲਈ ਤਿਆਰ ਕਰਨ ਵਿੱਚ ਜਿਕਰਯੋਗ ਭੂਮਿਕਾ ਨਿਭਾਈ ਗਈ। ਇਸ ਸਮੇਂ ਕੰਵਲਜੀਤ ਸਿੰਘ ਸੰਧੂ ਡੀ.ਈ.ਓ. (ਸੈ ਤੇ ਐਲੀ), ਰਜੇਸ਼ ਖੰਨਾ ਡਿਪਟੀ ਡੀ.ਈ.ਓ., ਡੀ.ਆਰ.ਸੀ. ਰਾਜਨ, ਪ੍ਰਿੰਸੀਪਲ ਸਵਜੀਤ ਕੌਰ, ਪ੍ਰਿੰਸੀਪਲ ਮਨਮੀਤ ਕੌਰ ਛੇਹਰਟਾ, ਪ੍ਰਿੰਸੀਪਲ ਅਨੂੰ ਬੇਦੀ ਕਰਮਪੁਰਾ, ਪ੍ਰਿੰਸੀਪਲ ਜੀਤ ਕੌਰ, ਪਰਮਿੰਦਰ ਸਿੰਘ ਸਰਪੰਚ ਜ਼ਿਲ੍ਹਾ ਮੀਡੀਆ ਕੋਆਰਡੀਨੇਟਰ, ਲੈਕਚਰਾਰ ਸੁਨੀਲ ਕੁਮਾਰ ਸਿੰਘ, ਡੀ.ਪੀ.ਈ. ਸੁਖਜੀਤ ਸਿੰਘ ਮੈਰੀਟੋਰੀਅਸ, ਸੁਰਿੰਦਰਪਾਲ ਸਿੰਘ, ਪ੍ਰਿੰਸੀਪਲ ਅਨੂੰ ਬੇਦੀ ਕਰਮਪੁਰਾ, ਪ੍ਰਿੰਸੀਪਲ ਜੀਤ ਕੌਰ, ਪਰਮਿੰਦਰ ਸਿੰਘ ਸਰਪੰਚ ਜ਼ਿਲ੍ਹਾ ਮੀਡੀਆ ਕੋਆਰਡੀਨੇਟਰ, ਲੈਕਚਰਾਰ ਸੁਨੀਲ ਕੁਮਾਰ ਸਿੰਘ, ਡੀ.ਪੀ.ਈ. ਸੁਖਜੀਤ ਸਿੰਘ ਮੈਰੀਟੋਰੀਅਸ, ਸੁਰਿੰਦਰਪਾਲ ਸਿੰਘ, ਗੌਰਵ ਮੱਘੂ ਪ੍ਰੋਜੈਕਟ ਕੋਆਰਡੀਨੇਟਰ,ਗੌਰਵ ਮੱਘੂ ਪ੍ਰੋਜੈਕਟ ਕੋਆਰਡੀਨੇਟਰ, ਅਕੈਡਮਿਕ ਮੈਂਟਰ ਪ੍ਰਦੀਪ ਕੁਮਾਰ, ਦਵਿੰਦਰ ਕੁਮਾਰ, ਮੰਗਾ ਸਿੰਘ, ਦੀਪਕ ਕੁਮਾਰ, ਮਨਜੀਤ ਸਿੰਘ, ਰਜੇਸ਼ ਕੁਮਾਰ ਸਮੇਤ ਹੋਰ ਅਧਿਕਾਰੀ ਹਾਜ਼ਰ ਸਨ।

## ਜੰਡਿਆਲਾ ਗੁਰੂ ਨੂੰ ਵਿਰਾਸਤੀ ਦਿਖ ਦੇਣ ਦੇ ਨਾਲ ਬੁਨਿਆਦੀ ਸਹੂਲਤਾਂ ਦੇਣ ਦੇ ਉਪਰਾਲੇ ਕੀਤੇ : ਈਟੀਓ



ਅੰਮਿਤਸਰ, 15 ਜੂਨ ( ਬਬਲੂ ਮਹਾਜਨ): ਪੰਜਾਬ ਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਅੱਜ ਜੰਡਿਆਲਾ ਗੁਰੂ ਦੇ ਵਾਰਡ ਨੰਬਰ 01, 06 ਅਤੇ 11 ਵਿੱਚ ਲੋਕ ਮਿਲਣੀ ਕਰਕੇ ਇਲਾਕਾ ਵਾਸੀਆਂ ਨਾਲ ਰੁਬਰੂ ਹੋ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਨਾਲ ਹੀ ਨਗਰ ਕੌਂਸਲ ਜੰਡਿਆਲਾ ਗੁਰੂ ਵਿੱਚ ਸ਼ਾਨਦਾਰ ਜਿੱਤ ਲਈ ਸਮੂਹ ਵੋਟਰਾਂ ਦਾ ਧੰਨਵਾਦ ਕੀਤਾ।ਇਸ ਮੌਕੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਪਿੰਡਾਂ ਅਤੇ ਸ਼ਹਿਰੀ ਵਾਰਡਾਂ ਵਿੱਚ ਲੋਕ ਮਿਲਣੀ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ, ਜਿਸ ਦਾ ਉਦੇਸ਼ ਲੋਕਾਂ ਦੀਆਂ ਮੁਸ਼ਕਲਾਂ ਨੂੰ ਮੌਕੇ 'ਤੇ ਸੁਣ ਕੇ ਉਨ੍ਹਾਂ ਦਾ ਹੱਲ ਯਕੀਨੀ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਇਸ ਦੌਰਾਨ ਮਾਨ ਸਰਕਾਰ ਦੀਆਂ ਉਪਲੱਬਧੀਆਂ ਅਤੇ ਲੋਕ ਭਲਾਈ ਲਈ ਕੀਤੇ ਗਏ ਕੰਮਾਂ ਬਾਰੇ ਵੀ ਜਾਣਕਾਰੀ ਦਿੱਤੀ ਜਾ ਰਹੀ ਹੈ। ਹਰਭਜਨ ਸਿੰਘ ਈ.ਟੀ.ਓ. ਨੇ ਨਗਰ ਕੌਂਸਲ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਭਾਰੀ ਸਮਰਥਨ ਦੇਣ ਲਈ ਜੰਡਿਆਲਾ ਗੁਰੂ ਦੇ ਵੋਟਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਨਗਰ ਕੌਂਸਲ ਜੰਡਿਆਲਾ ਗੁਰੂ ਵਿੱਚ ਆਮ ਆਦਮੀ ਪਾਰਟੀ ਦੀ ਜਿੱਤ ਪੂਰੇ ਪੰਜਾਬ ਵਿੱਚੋਂ ਦੂਜੇ ਨੰਬਰ 'ਤੇ ਰਹੀ ਹੈ, ਜੋ ਕਿ ਇਲਾਕੇ ਦੇ ਲੋਕਾਂ ਵੱਲੋਂ ਪਾਰਟੀ ਅਤੇ ਸਰਕਾਰ ਦੀਆਂ ਨੀਤੀਆਂ 'ਤੇ ਪ੍ਰਗਟਾਏ ਵਿਸ਼ਵਾਸ ਦਾ ਪ੍ਰਤੀਕ ਹੈ। ਇਸ ਲਈ ਉਹ ਸਮੂਹ ਵੋਟਰਾਂ ਦੇ ਦਿਲੋਂ ਧੰਨਵਾਦੀ ਹਨ। ਉਹਨਾਂ ਕਿਹਾ ਕਿ ਵਾਰਡ ਨੰਬਰ 01 ਤੋਂ ਸਤਿੰਦਰ ਸਿੰਘ ਅਤੇ ਵਾਰਡ ਨੰਬਰ 11 ਤੋਂ ਸ੍ਰੀਮਤੀ ਗੁਰਮੀਤ ਕੌਰ ਪਤਨੀ ਸ੍ਰੀ ਵਿਜੇ ਮੱਟੀ ਨੂੰ ਵੱਡੇ ਫਰਕ ਨਾਲ ਜਿੱਤ ਦਿਵਾਉਣ ਲਈ ਲੋਕ ਵਧਾਈ ਦੇ ਪਾਤਰ ਹਨ।ਕੈਬਨਿਟ ਮੰਤਰੀ ਨੇ ਕਿਹਾ ਕਿ ਜਦੋਂ ਤੋਂ ਹਲਕਾ ਵਾਸੀਆਂ ਨੇ ਉਨ੍ਹਾਂ ਨੂੰ ਵਿਧਾਨ ਸਭਾ ਵਿੱਚ ਭੇਜਿਆ ਹੈ, ਉਦੋਂ ਤੋਂ ਹੀ ਉਨ੍ਹਾਂ ਨੇ ਜੰਡਿਆਲਾ ਗੁਰੂ ਦੇ ਸਰਵਪੱਖੀ ਵਿਕਾਸ ਲਈ ਪੂਰੀ ਤਨਦੇਹੀ ਨਾਲ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਵਿਰਾਸਤੀ ਸ਼ਹਿਰ ਦੀ ਦਿੱਖ ਨੂੰ ਨਿਖਾਰਨ ਦੇ ਨਾਲ-ਨਾਲ ਸ਼ਹਿਰ ਵਿੱਚ ਬੁਨਿਆਦੀ ਸਹੂਲਤਾਂ ਦੇ ਵਿਸਥਾਰ ਲਈ ਕਈ ਮਹੱਤਵਪੂਰਨ ਪ੍ਰੋਜੈਕਟ ਸ਼ੁਰੂ ਕੀਤੇ ਗਏ ਹਨ।ਉਨ੍ਹਾਂ ਭਰੋਸਾ ਦਿੱਤਾ ਕਿ ਆਉਣ ਵਾਲੇ ਸਮੇਂ ਵਿੱਚ ਵਿਕਾਸ ਕਾਰਜਾਂ ਨੂੰ ਹੋਰ ਤੇਜ਼ੀ ਦਿੱਤੀ ਜਾਵੇਗੀ ਅਤੇ ਜੰਡਿਆਲਾ ਗੁਰੂ ਨੂੰ ਵਿਕਾਸ ਪੱਖੋਂ ਪੰਜਾਬ ਦੇ ਮੋਹਰੀ ਹਲਕਿਆਂ ਵਿੱਚ ਸ਼ਾਮਲ ਕੀਤਾ ਜਾਵੇਗਾ।ਇਸ ਮੌਕੇ ਪਾਰਟੀ ਆਗੂ, ਵਾਰਡ ਵਾਸੀ ਅਤੇ ਹੋਰ ਪਤਵੰਤੇ ਵੀ ਹਾਜ਼ਰ ਸਨ।

## ਠੰਢੇ ਮਿੱਠੇ ਜਲ ਦੀ ਛਬੀਲ ਲਗਾਈ



ਰਈਆ, 15 ਜੂਨ (ਰਾਕੇਸ਼ ਸਲਵਾਨ):ਪੰਜਾਬੀ ਵੀਰਾਂ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੇ ਦਿਹਾੜੇ ਨੂੰ ਸਮਰਪਿਤ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ, ਜਿਸ ਵਿੱਚ ਦੁਬਈ ਦੇ ਸਹਿਰ ਜਬਲ ਅਲੀ ਵਿਖੇ ਦੀਆ ਸਮੂਹ ਸਾਧ ਸੰਗਤਾਂ ਨੇ ਹਾਜ਼ਰੀ ਭਰੀ, ਜਿਨ੍ਹਾਂ ਵਿੱਚ ਜੋਧਬੀਰ ਸਿੰਘ ਜੱਲੂਪੁਰ ਖੈੜਾ, ਤੋਤਾ ਸਿੰਘ, ਬਾਜ ਸਹਿਬਾਜ, ਗਗਨਦੀਪ ਸਿੰਘ, ਤਰਸੇਮ ਸਿੰਘ, ਪਲਵਿੰਦਰ ਸਿੰਘ, ਜਗਜੀਤ ਸਿੰਘ, ਨਿਸਾਨ ਸਿੰਘ, ਯੁੱਧਵੀਰ ਸਿੰਘ, ਗੁਰਜੀਤ ਸਿੰਘ, ਬਲਵਿੰਦਰ ਸਿੰਘ, ਪਰਵਜੋਤ ਸਿੰਘ ਅਮਨਜੋਤ ਸਿੰਘ, ਰਾਹੁਲ, ਹਾਕਮ ਰਾਏ, ਅਮਰਜੀਤ ਸਿੰਘ, ਮਨਜਿੰਦਰ ਸਿੰਘ, ਗੁਰਪ੍ਰੀਤ ਸਿੰਘ, ਨਰਿੰਦਰ ਸਿੰਘ, ਭੁਪਿੰਦਰ ਸਿੰਘ,ਹਰਪਾਲ ਸਿੰਘ, ਕੁਲਬੀਰ ਸਿੰਘ, ਰਜਿੰਦਰ, ਪਰਭਜੋਤ ਸਿੰਘ, ਪਰਮਜੀਤ ਸਿੰਘ, ਜੋਗਾ ਸਿੰਘ, ਮਾਸਟਰ, ਮਨਜੀਤ ਸਿੰਘ, ਅਸਵਨੀ ਕੁਮਾਰ ਆਦਿ ਹਾਜ਼ਰ ਸਨ।

## ਰਿੰਕੂ ਨਰੂਲਾ ਨੇ ਡਾਕਟਰੀ ਕੈਂਪ 'ਚ ਕੀਤੀ ਸ਼ਿਰਕਤ



ਅੰਮ੍ਰਿਤਸਰ, 15 ਜੂਨ (ਗੁਰਦਿਆਲ ਸਿੰਘ): ਹਲਕਾ ਦੱਖਣੀ ਤੋਂ ਕਾਂਗਰਸ ਦੇ ਮੁੱਖ ਸੇਵਾਦਾਰ ਅਤੇ ਸਾਬਕਾ ਕੌਂਸਲਰ ਜਗਦੀਪ ਸਿੰਘ ਰਿੰਕੂ ਨਰੂਲਾ ਨੇ ਗੁਰਦੁਆਰਾ ਭਾਈ ਕਰਮ ਸਿੰਘ ਜੀ ਸ਼ਹੀਦ (ਪੰਜਾ ਸਾਹਿਬ ਵਾਲੇ) ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਗਾਏ ਗਏ ਮੁਫ਼ਤ ਮੈਡੀਕਲ ਕੈਂਪ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾਂ ਕੈਂਪ ਦੌਰਾਨ ਲੋਕਾਂ ਨੂੰ ਪ੍ਰਦਾਨ ਕੀਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਦਾ ਜਾਇਜ਼ਾ ਲੈਂਦਿਆਂ ਇਸ ਉਪਰਾਲੇ ਨੂੰ ਸਮਾਜ ਲਈ ਬੇਹੱਦ ਲਾਭਕਾਰੀ ਦੱਸਿਆ। ਮੈਡੀਕਲ ਕੈਂਪ ਦੌਰਾਨ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ ਵੱਡੀ ਗਿਣਤੀ ਵਿੱਚ ਪਹੁੰਚੇ ਇਲਾਕਾ ਨਿਵਾਸੀਆਂ ਦੀ ਸਿਹਤ ਜਾਂਚ ਕੀਤੀ ਗਈ। ਇਸ ਤੋਂ ਇਲਾਵਾ ਮਰੀਜ਼ਾਂ ਨੂੰ ਉਨ੍ਹਾਂ ਦੀ ਸਿਹਤ ਸਬੰਧੀ ਮੁਫ਼ਤ ਡਾਕਟਰੀ ਸਲਾਹ ਦੇਣ ਦੇ ਨਾਲ-ਨਾਲ ਲੋੜ ਅਨੁਸਾਰ ਮੁਫ਼ਤ ਦਵਾਈਆਂ ਵੀ ਪ੍ਰਦਾਨ ਕੀਤੀਆਂ ਗਈਆਂ। ਕੈਂਪ ਵਿੱਚ ਵੱਖ-ਵੱਖ ਉਮਰ ਵਰਗ ਦੇ ਲੋਕਾਂ ਨੇ ਪਹੁੰਚ ਕੇ ਸਿਹਤ ਸਹੂਲਤਾਂ ਦਾ ਲਾਭ ਉਠਾਇਆ।ਇਸ ਮੌਕੇ ਜਗਦੀਪ ਸਿੰਘ ਰਿੰਕੂ ਨਰੂਲਾ ਨੇ ਕਿਹਾ ਕਿ ਅੱਜ ਦੇ ਦੌਰ ਵਿੱਚ ਸਿਹਤ ਸਹੂਲਤਾਂ ਨੂੰ ਹਰ ਵਿਅਕਤੀ ਤੱਕ ਪਹੁੰਚਾਉਣਾ ਸਮੇਂ ਦੀ ਮੁੱਖ ਲੋੜ ਹੈ ਅਤੇ ਇਸ ਤਰ੍ਹਾਂ ਦੇ ਮੁਫ਼ਤ ਮੈਡੀਕਲ ਕੈਂਪ ਸਮਾਜ ਦੇ ਹਰ ਵਰਗ, ਖਾਸ ਕਰਕੇ ਲੋੜਵੰਦ ਪਰਿਵਾਰਾਂ ਲਈ ਬਹੁਤ ਫਾਇਦੇਮੰਦ ਸਾਬਤ ਹੁੰਦੇ ਹਨ। ਉਨ੍ਹਾਂ ਕਿਹਾ ਕਿ ਗੁਰੂ ਘਰ ਹਮੇਸ਼ਾ ਹੀ ਮਨੁੱਖਤਾ ਦੀ ਸੇਵਾ ਅਤੇ ਸਰਬੱਤ ਦੇ ਭਲੇ ਦੀ ਭਾਵਨਾ ਨੂੰ ਪ੍ਰਮੁੱਖਤਾ ਦਿੰਦੇ ਆਏ ਹਨ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵੱਲੋਂ ਕੀਤੇ ਜਾ ਰਹੇ ਅਜਿਹੇ ਉਪਰਾਲੇ ਸਮਾਜ ਵਿੱਚ ਸੇਵਾ ਭਾਵਨਾ ਨੂੰ ਹੋਰ ਮਜ਼ਬੂਤ ਕਰਦੇ ਹਨ। ਉਨ੍ਹਾਂ ਕਿਹਾ ਕਿ ਮਨੁੱਖਤਾ ਦੀ ਸੇਵਾ ਸਭ ਤੋਂ ਵੱਡੀ ਸੇਵਾ ਹੈ ਅਤੇ ਸਮਾਜ ਦੇ ਸਮਰੱਥ ਵਰਗ ਨੂੰ ਅਜਿਹੇ ਲੋਕ ਭਲਾਈ ਦੇ ਕਾਰਜਾਂ ਵਿੱਚ ਅੱਗੇ ਆ ਕੇ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਮੁਫ਼ਤ ਮੈਡੀਕਲ ਕੈਂਪ ਨਾ ਸਿਰਫ਼ ਲੋਕਾਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰਦੇ ਹਨ, ਸਗੋਂ ਸਿਹਤ ਪ੍ਰਤੀ ਜਾਗਰੂਕਤਾ ਪੈਦਾ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ। ਜਗਦੀਪ ਸਿੰਘ ਰਿੰਕੂ ਨਰੂਲਾ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਸੇਵਾਦਾਰਾਂ ਵੱਲੋਂ ਲੋਕ ਭਲਾਈ ਲਈ ਕੀਤੇ ਜਾ ਰਹੇ ਇਸ ਸ਼ਲਾਘਾਯੋਗ ਉਪਰਾਲੇ ਦੀ ਭਰਪੂਰ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਸਮਾਜਿਕ ਸੰਸਥਾਵਾਂ ਅਤੇ ਧਾਰਮਿਕ ਅਦਾਰੇ ਜਦੋਂ ਇਸ ਤਰ੍ਹਾਂ ਦੇ ਸੇਵਾ ਕਾਰਜਾਂ ਵਿੱਚ ਆਪਣਾ ਯੋਗਦਾਨ ਪਾਉਂਦੇ ਹਨ ਤਾਂ ਇਸ ਨਾਲ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਵੱਡਾ ਸਹਾਰਾ ਮਿਲਦਾ ਹੈ।

## ਸਾਂਸਦ ਔਜਲਾ ਨੇ ਕੀਤਾ ਰੇਲ ਮੰਤਰੀ ਦਾ ਧੰਨਵਾਦ



ਅੰਮ੍ਰਿਤਸਰ, 15 ਜੂਨ (ਬਬਲੂ ਮਹਾਜਨ): ਅੰਮ੍ਰਿਤਸਰ ਤੋਂ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਅੰਮ੍ਰਿਤਸਰ-ਕਟੜਾ ਟ੍ਰੇਨ ਦੇ ਰੂਟ ਵਿੱਚ ਕੀਤੇ ਗਏ ਅਹਿਮ ਬਦਲਾਅ ਦਾ ਸਵਾਗਤ ਕਰਦਿਆਂ ਕੇਂਦਰੀ ਰੇਲ ਮੰਤਰੀ ਅਸ਼ਵਿਨੀ ਵੈਸ਼ਣਵ ਅਤੇ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦਾ ਧੰਨਵਾਦ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਫ਼ੈਸਲੇ ਨਾਲ ਅੰਮ੍ਰਿਤਸਰ, ਬਟਾਲਾ, ਗੁਰਦਾਸਪੁਰ ਅਤੇ ਪਠਾਨਕੋਟ ਖੇਤਰ ਦੇ ਹਜ਼ਾਰਾਂ ਸ਼ਰਧਾਲੂਆਂ ਅਤੇ ਯਾਤਰੀਆਂ ਨੂੰ ਵੱਡੀ ਰਾਹਤ ਮਿਲੇਗੀ ਅਤੇ ਉਨ੍ਹਾਂ ਦੇ ਸਫ਼ਰ ਦਾ ਸਮਾਂ ਵੀ ਘੱਟ ਹੋਵੇਗਾ। ਸਾਂਸਦ ਗੁਰਜੀਤ ਸਿੰਘ ਔਜਲਾ ਨੇ ਦੱਸਿਆ ਕਿ ਜਦੋਂ ਇਸ ਟ੍ਰੇਨ ਸੇਵਾ ਦੀ ਸ਼ੁਰੂਆਤ ਕੀਤੀ ਗਈ ਸੀ, ਉਸ ਵੇਲੇ ਉਨ੍ਹਾਂ ਨੇ ਰੇਲ ਮੰਤਰੀ ਕੋਲ ਮੰਗ ਰੱਖੀ ਸੀ ਕਿ ਟ੍ਰੇਨ ਦਾ ਰੂਟ ਅੰਮ੍ਰਿਤਸਰ ਤੋਂ ਬਟਾਲਾ, ਗੁਰਦਾਸਪੁਰ ਅਤੇ ਪਠਾਨਕੋਟ ਰਾਹੀਂ ਨਿਰਧਾਰਤ ਕੀਤਾ ਜਾਵੇ, ਤਾਂ ਜੋ ਇਨ੍ਹਾਂ ਇਲਾਕਿਆਂ ਦੇ ਲੋਕਾਂ ਨੂੰ ਵੀ ਇਸ ਸਹੂਲਤ ਦਾ ਸਿੱਧਾ ਲਾਭ ਮਿਲ ਸਕੇ। ਉਨ੍ਹਾਂ ਕਿਹਾ ਕਿ ਰੇਲ ਮੰਤਰਾਲੇ ਨੇ ਲੋਕਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਦੀ ਮੰਗ ਨੂੰ ਮਨਜ਼ੂਰ ਕੀਤਾ ਹੈ, ਜਿਸ ਲਈ ਉਹ ਰੇਲ ਮੰਤਰੀ ਅਸ਼ਵਿਨੀ ਵੈਸ਼ਣਵ ਅਤੇ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦੇ ਵਿਸ਼ੇਸ਼ ਤੌਰ ਤੇ ਧੰਨਵਾਦੀ ਹਨ। ਔਜਲਾ ਨੇ ਕਿਹਾ ਕਿ ਪਹਿਲਾਂ ਇਹ ਟ੍ਰੇਨ ਅੰਮ੍ਰਿਤਸਰ ਤੋਂ ਜਲੰਧਰ ਹੁੰਦੀ ਹੋਈ ਪਠਾਨਕੋਟ ਪਹੁੰਚਦੀ ਸੀ, ਜਿਸ ਕਾਰਨ ਯਾਤਰੀਆਂ ਨੂੰ ਵਧੇਰੇ ਸਮਾਂ ਲੱਗਦਾ ਸੀ। ਪਰ ਹੁਣ ਨਵੇਂ ਰੂਟ ਤਹਿਤ ਇਹ ਟ੍ਰੇਨ ਅੰਮ੍ਰਿਤਸਰ ਤੋਂ ਸਿੱਧੀ ਬਟਾਲਾ, ਗੁਰਦਾਸਪੁਰ ਅਤੇ ਪਠਾਨਕੋਟ ਰਾਹੀਂ ਕਟੜਾ ਜਾਵੇਗੀ। ਇਸ ਨਾਲ ਨਾ ਸਿਰਫ਼ ਯਾਤਰਾ ਦਾ ਸਮਾਂ ਘੱਟ ਹੋਵੇਗਾ, ਸਗੋਂ ਸ਼ਰਧਾਲੂਆਂ ਨੂੰ ਹੋਰ ਵਧੀਆ ਅਤੇ ਸੁਵਿਧਾਜਨਕ ਰੇਲ ਸੇਵਾ ਵੀ ਪ੍ਰਾਪਤ ਹੋਵੇਗੀ। ਉਨ੍ਹਾਂ ਕਿਹਾ ਕਿ ਮਾਤਾ ਵੈਸ਼ਣੋ ਦੇਵੀ ਦੇ ਦਰਸ਼ਨਾਂ ਲਈ ਪੰਜਾਬ ਦੇ ਸਰਹੱਦੀ ਅਤੇ ਮਾਝਾ ਖੇਤਰ ਤੋਂ ਵੱਡੀ ਗਿਣਤੀ ਵਿੱਚ ਸ਼ਰਧਾਲੂ ਕਟੜਾ ਜਾਂਦੇ ਹਨ। ਨਵੇਂ ਰੂਟ ਦੇ ਲਾਗੂ ਹੋਣ ਨਾਲ ਅੰਮ੍ਰਿਤਸਰ, ਬਟਾਲਾ, ਗੁਰਦਾਸਪੁਰ ਅਤੇ ਪਠਾਨਕੋਟ ਦੇ ਲੋਕਾਂ ਨੂੰ ਸਿੱਧੀ ਰੇਲ ਸਹੂਲਤ ਮਿਲੇਗੀ, ਜਿਸ ਨਾਲ ਉਨ੍ਹਾਂ ਦੀ ਯਾਤਰਾ ਪਹਿਲਾਂ ਨਾਲੋਂ ਵਧੇਰੇ ਆਸਾਨ ਅਤੇ ਆਰਾਮਦਾਇਕ ਬਣੇਗੀ। ਸਾਂਸਦ ਔਜਲਾ ਨੇ ਕਿਹਾ ਕਿ ਇਹ ਇਲਾਕੇ ਦੇ ਲੋਕਾਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਸੀ, ਜਿਸ ਨੂੰ ਕੇਂਦਰ ਸਰਕਾਰ ਅਤੇ ਰੇਲ ਮੰਤਰਾਲੇ ਨੇ ਪੂਰਾ ਕੀਤਾ ਹੈ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਇਸ ਫ਼ੈਸਲੇ ਨਾਲ ਧਾਰਮਿਕ ਸੈਰ-ਸਪਾਟੇ ਨੂੰ ਉਤਸ਼ਾਹ ਮਿਲੇਗਾ ਅਤੇ ਆਮ ਯਾਤਰੀਆਂ ਨੂੰ ਵੀ ਇਸ ਦਾ ਵੱਡਾ ਲਾਭ ਪ੍ਰਾਪਤ ਹੋਵੇਗਾ। ਉਨ੍ਹਾਂ ਦੱਸਿਆ ਕਿ ਕੱਲ੍ਹ ਤੋਂ ਇਹ ਟ੍ਰੇਨ ਆਪਣੇ ਨਵੇਂ ਰੂਟ ਤੇ ਨਿਯਮਿਤ ਤੌਰ ਤੇ ਚੱਲਣੀ ਸ਼ੁਰੂ ਹੋ ਜਾਵੇਗੀ। ਇਸ ਨੂੰ ਉਨ੍ਹਾਂ ਨੇ ਖੇਤਰ ਦੇ ਲੋਕਾਂ ਲਈ ਇੱਕ ਵੱਡੀ ਸੌਗਾਤ ਕਰਾਰ ਦਿੰਦਿਆਂ ਕਿਹਾ ਕਿ ਲੋਕ-ਹਿੱਤ ਨਾਲ ਜੁੜੇ ਮੁੱਦਿਆਂ ਨੂੰ ਅੱਗੇ ਵੀ ਪਹਿਲ ਦੇ ਆਧਾਰ ਤੇ ਉਠਾਇਆ ਜਾਂਦਾ ਰਹੇਗਾ, ਤਾਂ ਜੋ ਲੋਕਾਂ ਨੂੰ ਬਿਹਤਰ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਸਕਣ। ਅੰਤ ਵਿੱਚ ਸਾਂਸਦ ਗੁਰਜੀਤ ਸਿੰਘ ਔਜਲਾ ਨੇ ਰੇਲ ਮੰਤਰੀ ਅਸ਼ਵਿਨੀ ਵੈਸ਼ਣਵ ਅਤੇ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦਾ ਮੁੜ ਧੰਨਵਾਦ ਕਰਦਿਆਂ ਕਿਹਾ ਕਿ ਜਨ ਪ੍ਰਤੀਨਿਧੀਆਂ ਅਤੇ ਸਰਕਾਰ ਦੇ ਸਾਂਝੇ ਯਤਨਾਂ ਨਾਲ ਹੀ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕੀਤਾ ਜਾ ਸਕਦਾ ਹੈ।

## ਨਗਰ ਨਿਗਮ ਨੇ ਮਹਾਨ ਸਿੰਘ ਗੇਟ ਚੌਂਕ ਤੱਕ ਨਾਜਾਇਜ਼ ਕਬਜੇ ਹਟਾਏ



ਅੰਮ੍ਰਿਤਸਰ, 15 ਜੂਨ: ਗੁਰਦਿਆਲ ਸਿੰਘ : ਨਗਰ ਨਿਗਮ ਅੰਮ੍ਰਿਤਸਰ ਵੱਲੋਂ ਨਗਰ ਨਿਗਮ ਕਮਿਸ਼ਨਰ ਦੇ ਦਿਸ਼ਾ-ਨਿਰਦੇਸ਼ਾਂ ਤੇ ਵਧੀਕ ਨਗਰ ਨਿਗਮ ਕਮਿਸ਼ਨਰ ਦੇ ਹੁਕਮਾਂ ਅਨੁਸਾਰ ਬੱਸ ਸਟੈਂਡ ਦੇ ਬਾਹਰ ਤੋਂ ਮਹਾਨ ਸਿੰਘ ਗੇਟ ਚੌਂਕ ਤੱਕ ਸੜਕ ਦੇ ਦੋਵੇਂ ਪਾਸਿਆਂ ਵਿਸ਼ੇਸ਼ ਐਂਟੀ-ਇਨਕਰੋਚਮੈਂਟ ਮੁਹਿੰਮ ਚਲਾਈ ਗਈ। ਇਹ ਮੁਹਿੰਮ ਸਕੱਤਰ-ਕਮ-ਐਸਟੇਟ ਅਫ਼ਸਰ ਦੀ ਨਿਗਰਾਨੀ ਹੇਠ ਐਸਟੇਟ ਵਿਭਾਗ ਦੇ ਇੰਸਪੈਕਟਰ ਅਮਨ ਸ਼ਰਮਾ, ਇੰਸਪੈਕਟਰ ਪ੍ਰੀਤੀ ਚੌਹਾਨ ਅਤੇ ਉਨ੍ਹਾਂ ਦੀ ਟੀਮ ਵੱਲੋਂ ਚਲਾਈ ਗਈ। ਮੁਹਿੰਮ ਦੌਰਾਨ ਬੱਸ ਸਟੈਂਡ ਦੇ ਸਾਹਮਣੇ ਫੁੱਟਪਾਥਾਂ 'ਤੇ ਗੈਰ-ਕਾਨੂੰਨੀ ਤੌਰ 'ਤੇ ਲਗਾਈਆਂ ਗਈਆਂ ਰੇਹੜੀਆਂ, ਢਾਬਿਆਂ ਅਤੇ ਹੋਰ ਨਾਜਾਇਜ਼ ਕਬਜ਼ਿਆਂ ਨੂੰ ਹਟਾਇਆ ਗਿਆ। ਇਨ੍ਹਾਂ ਕਬਜ਼ਿਆਂ ਕਾਰਨ ਟ੍ਰੈਫਿਕ ਦੀ ਆਵਾਜਾਈ ਪ੍ਰਭਾਵਿਤ ਹੋ ਰਹੀ ਸੀ ਅਤੇ ਪੈਦਲ ਯਾਤਰੀਆਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ।ਐਸਟੇਟ ਵਿਭਾਗ ਦੀ ਟੀਮ ਨੇ ਫੁੱਟਪਾਥਾਂ ਤੇ ਸੜਕ ਕਿਨਾਰਿਆਂ ਤੋਂ ਨਾਜਾਇਜ਼ ਕਬਜ਼ੇ ਹਟਾ ਕੇ ਆਵਾਜਾਈ ਨੂੰ ਸੁਚਾਰੂ ਬਣਾਇਆ ਤੇ ਪੈਦਲ ਯਾਤਰੀਆਂ ਦੀ ਸੁਰੱਖਿਆ ਤੇ ਸੁਵਿਧਾ ਨੂੰ ਯਕੀਨੀ ਬਣਾਇਆ। ਨਗਰ ਨਿਗਮ ਕਮਿਸ਼ਨਰ ਨੇ ਕਿਹਾ ਕਿ ਸ਼ਹਿਰ ਦੀਆਂ ਸੜਕਾਂ ਤੇ ਜਨਤਕ ਥਾਵਾਂ ਨੂੰ ਕਬਜ਼ਾ-ਮੁਕਤ ਬਣਾਉਣ ਲਈ ਅਜਿਹੀਆਂ ਮੁਹਿੰਮਾਂ ਅੱਗੇ ਵੀ ਨਿਰੰਤਰ ਜਾਰੀ ਰਹਿਣਗੀਆਂ। ਉਨ੍ਹਾਂ ਨੇ ਰੇਹੜੀ-ਫੜ੍ਹੀ ਚਾਲਕਾਂ ਤੇ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਉਹ ਫੁੱਟਪਾਥਾਂ ਤੇ ਜਨਤਕ ਥਾਵਾਂ 'ਤੇ ਗੈਰ-ਕਾਨੂੰਨੀ ਕਬਜ਼ੇ ਨਾ ਕਰਨ, ਨਹੀਂ ਤਾਂ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਵਧੀਕ ਨਗਰ ਨਿਗਮ ਕਮਿਸ਼ਨਰ ਨੇ ਕਿਹਾ ਕਿ ਬਿਹਤਰ ਟ੍ਰੈਫਿਕ ਪ੍ਰਬੰਧਨ, ਨਾਗਰਿਕ ਸਹੂਲਤਾਂ ਵਿੱਚ ਸੁਧਾਰ ਅਤੇ ਆਮ ਲੋਕਾਂ ਦੀ ਸੁਵਿਧਾ ਲਈ ਅਜਿਹੀਆਂ ਮੁਹਿੰਮਾਂ ਨਿਯਮਿਤ ਤੌਰ 'ਤੇ ਚਲਾਈਆਂ ਜਾਣਗੀਆਂ।

## ਸ਼੍ਰੋਮਣੀ ਕਮੇਟੀ ਦੇ ਵਿਦਿਅਕ ਅਦਾਰਿਆਂ ਦੇ ਧਾਰਮਿਕ ਅਧਿਆਪਕਾਂ ਦਾ ਪੰਜ ਦਿਨਾਂ ਕੈਂਪ ਸੰਪੂਰਨ



ਅੰਮ੍ਰਿਤਸਰ, 15 ਜੂਨ (ਗੁਰਦਿਆਲ ਸਿੰਘ) :ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਧਰਮ ਪ੍ਰਚਾਰ ਕਮੇਟੀ ਦੇ ਪ੍ਰਬੰਧ ਹੇਠ ਚਲਾਏ ਜਾ ਰਹੇ ਸਿੱਖ ਮਿਸ਼ਨਰੀ ਕਾਲਜਾਂ, ਗੁਰਮਤਿ ਅਕੈਡਮੀਆਂ ਤੇ ਵਿਦਿਆਲਿਆਂ ਦੇ ਪ੍ਰਿੰਸੀਪਲ, ਅਧਿਆਪਕਾਂ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਸਕੂਲਾਂ ਕਾਲਜਾਂ ਦੇ ਧਾਰਮਿਕ ਅਧਿਆਪਕਾਂ ਦਾਉਗੁਰਮਤਿ ਸਿੱਖਿਆ ਅਤੇ ਅਧਿਆਪਨ ਸੇਧਾਂ" ਵਿਸ਼ੇ ਤਹਿਤ ਭਾਈ ਨੰਦ ਲਾਲ ਪਬਲਿਕ ਸਕੂਲ, ਸ੍ਰੀ ਅਨੰਦਪੁਰ ਸਾਹਿਬ ਵਿਖੇ ਲਗਾਏ ਗਏ ਪੰਜ ਰੋਜ਼ਾ ਕੈਂਪ ਦੀ ਬੀਤੇ ਕੱਲ੍ਹ ਸੰਪੂਰਨਤਾ ਹੋਈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਭਗਤ ਰਵਿਦਾਸ ਜੀ ਦੇ 650 ਸਾਲਾ ਜਨਮ ਦਿਹਾੜੇ ਤੇ ਸ੍ਰੀ ਅੰਮ੍ਰਿਤਸਰ ਦੇ 450 ਸਾਲਾ ਸਥਾਪਨਾ ਦਿਵਸ ਨੂੰ ਸਮਰਪਿਤ ਲਗਾਏ ਗਏ ਇਸ ਕੈਂਪ ਦੌਰਾਨ ਵੱਖ-ਵੱਖ ਸਿੱਖ ਵਿਦਵਾਨਾਂ ਨੇ ਧਾਰਮਿਕ ਅਧਿਆਪਕਾਂ ਨਾਲ ਗੁਰਮਤਿ ਸਿੱਖਿਆ ਅਤੇ ਅਧਿਆਪਨ ਖੇਤਰ ਬਾਰੇ ਵਿਚਾਰ ਸਾਂਝੇ ਕੀਤੇ। ਕੈਂਪ ਦੀ ਸਮਾਪਤੀ ਸਮੇਂ ਕਰਵਾਏ ਗਏ ਸਮਾਗਮ 'ਚ ਅੰਤ੍ਰਿੰਗ ਕਮੇਟੀ ਮੈਂਬਰ ਸ. ਦਲਜੀਤ ਸਿੰਘ ਭਿੰਡਰ, ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਅਜੈਬ ਸਿੰਘ ਅਭਿਆਸੀ, ਸ. ਸੁਖਵਰਸ਼ ਸਿੰਘ ਪੰਨੂ, ਸਕੱਤਰ ਸ. ਗੁਰਿੰਦਰ ਸਿੰਘ ਮਥਰੇਵਾਲ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ।ਪੰਜ ਰੋਜ਼ਾ ਗੁਰਮਤਿ ਕੈਂਪ ਦਾ ਉਦਘਾਟਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਕੀਤਾ ਗਿਆ। ਕੈਂਪ ਦੌਰਾਨ ਬੁਲਾਰਿਆ ਨੇ ਕਿਹਾ ਕਿ ਕੌਮ ਦੀ ਚੜ੍ਹਦੀ ਕਲਾ ਅਤੇ ਨੌਜੁਆਨ ਪੀੜ੍ਹੀ ਨੂੰ ਗੁਰਮਤਿ ਨਾਲ ਜੋੜਨ ਲਈ ਅਜਿਹੇ ਉਪਰਾਲੇ ਲਗਾਤਾਰ ਜਾਰੀ ਰਹਿਣੇ ਚਾਹੀਦੇ ਹਨ। ਇਸ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਗੁਰਿੰਦਰ ਸਿੰਘ ਮਥਰੇਵਾਲ ਨੇ ਕੈਂਪ ਦੀ ਸਫਲਤਾ ਲਈ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਵਿਦਵਾਨਾਂ ਵੱਲੋਂ ਸਾਂਝੇ ਕੀਤੇ ਗਏ ਵਿਚਾਰਾਂ ਤੋਂ ਪ੍ਰੇਰਣਾ ਲੈ ਕੇ ਉੱਚ ਕੋਟੀ ਦੇ ਰਾਗੀ, ਢਾਡੀ ਅਤੇ ਪ੍ਰਚਾਰਕ ਤਿਆਰ ਕਰਨ ਲਈ ਹੋਰ ਯਤਨ ਕੀਤੇ ਜਾਣਗੇ। ਉਨ੍ਹਾਂ ਅਧਿਆਪਕਾਂ ਨੂੰ ਅਪੀਲ ਕੀਤੀ ਕਿ ਉਹ ਬੱਚਿਆਂ ਨੂੰ ਗੁਰਮਤਿ ਨਾਲ ਜੋੜਨ ਲਈ ਹੋਰ ਵੱਧ ਉਤਸ਼ਾਹ ਨਾਲ ਕੰਮ ਕਰਨ। ਇਸ ਮੌਕੇ ਭਾਈ ਨੰਦ ਲਾਲ ਪਬਲਿਕ ਸਕੂਲ ਦੇ ਪ੍ਰਿੰਸੀਪਲ ਸ. ਸਤਨਾਮ ਸਿੰਘ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਨੇ ਵੀ ਅਧਿਆਪਕਾਂ ਨਾਲ ਵਿਚਾਰਾਂ ਦੀ ਸਾਂਝ ਪਾਈ।ਕੈਂਪ ਦੇ ਪਹਿਲੇ ਦਿਨ ਡਾ. ਇੰਦਰਜੀਤ ਸਿੰਘ ਗੋਗੋਆਣੀ ਨੇ ਗੁਰਬਾਣੀ ਸੰਥਿਆਂ ਅਤੇ ਸਿਖਲਾਈ ਦੇ ਬੁਨਿਆਦੀ ਨੁਕਤਿਆਂ ਬਾਰੇ ਜਾਣਕਾਰੀ ਦਿੱਤੀ, ਜਦਕਿ ਪ੍ਰਿੰਸੀਪਲ ਸੁਰਜੀਤ ਸਿੰਘ ਨੇ ਗੁਰਮਤਿ ਸੰਗੀਤ ਨਾਲ ਸਬੰਧਤ ਵਿਚਾਰ ਸਾਂਝੇ ਕੀਤੇ।ਦੂਜੇ ਦਿਨ ਡਾ. ਸਰਬਜੀਤ ਰੇਣੁਕਾ ਨੇ ਵਿਦਿਆਥੀਆਂ ਵਿਚ ਚੜ੍ਹਦੀ ਕਲਾ ਦੀ ਭਾਵਨਾ ਪੈਦਾ ਕਰਨ ਦੇ ਤਰੀਕਿਆਂ ਅਤੇ ਪ੍ਰਿੰਸੀਪਲ ਕੁਲਰਾਜ ਸਿੰਘ ਨੇ ਨਿੱਜੀ ਜੀਵਨ ਅਤੇ ਉੱਚੀ ਸੁੱਚੀ ਰਹਿਣੀ ਬਾਰੇ ਆਪਣੇ ਵਿਚਾਰ ਰੱਖੇ।ਇਸੇ ਤਰ੍ਹਾਂ ਤੀਜੇ ਦਿਨ ਡਾ. ਦਵਿੰਦਰ ਸਿੰਘ ਜੌਹਲ ਨੇ ਸਿੱਖਿਆ, ਮਨੋਵਿਗਿਆਨਕ ਅਤੇ ਡਾ. ਰਵਿੰਦਰ ਸਿੰਘ ਨੇ ਭਗਤ ਰਵਿਦਾਸ ਜੀ ਦੀ ਬਾਣੀ ਦੇ ਸਮਾਜਿਕ ਸੰਸਕਾਰਾਂ ਬਾਰੇ ਚਾਨਣਾ ਪਾਇਆ।

## ਤੀਰਥ ਯਾਤਰਾ ਤਹਿਤ 22ਵੀਂ ਬੱਸ ਰਵਾਨਾ



ਚੋਗਾਵਾਂ, 15 ਜੂਨ (ਸੁਬੇਗ ਸਿੰਘ ਸੋਨਾ ਮੁੱਖ) ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਵੱਲੋਂ ਤੀਰਥ ਯਾਤਰਾ ਯੋਜਨਾ ਦੇ ਉਪਰਾਲੇ ਤਹਿਤ ਸ਼ਰਧਾਲੂਆਂ ਨੂੰ ਵੱਖ ਵੱਖ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਵਾਏ ਜਾ ਰਹੇ ਹਨ। ਜਿਸ ਤਹਿਤ ਅੱਜ ਹਲਕਾ ਰਾਜਾਸਾਂਸੀ ਦੇ ਅਧੀਨ ਆਉਂਦੇ ਸਰਹੱਦੀ ਪਿੰਡ ਭੱਗੂਪੁਰ ਬੇਟ ਤੋਂ ਸ਼ਰਧਾਲੂਆਂ ਦੇ ਜਥੇ ਦੀ 22 ਵੀ ਬੱਸ ਹਲਕਾ ਇੰਚਾਰਜ ਸੋਨੀਆ ਮਾਨ ਦੀ ਅਗਵਾਈ ਹੇਠ ਸਰਪੰਚ ਮੱਸੂ ਸਿੰਘ ਵੱਲੋ ਹਰੀ ਝੰਡੀ ਦੇ ਕੇ ਸ਼ਰਧਾਲੂਆਂ ਦੀ ਬੱਸ ਰਵਾਨਾ ਕੀਤੀ ਗਈ, ਇਸ ਮੌਕੇ ਤੇ ਉਹਨਾਂ ਦੇ ਨਾਲ਼ ਸਰਪੰਚ ਤਰਸੇਮ ਸਿੰਘ ਕੋਟਲੀ ਦਸੰਧੀ, ਸਰਪੰਚ ਅਮਰਜੋਤ ਸਿੰਘ ਜੈਰਾਮਕੋਟ, ਪੰਚਾਇਤ ਅਫ਼ਸਰ ਸਾਹਬ ਸਿੰਘ, ਸੈਕਟਰੀ ਗੁਰਵਿੰਦਰ ਸਿੰਘ, ਸੈਕਟਰੀ ਜਗਵਿੰਦਰ ਸਿੰਘ, ਵਿਰਾਸਤ ਸੇਵਾ ਸੰਗਠਨ ਦੇ ਇੰਚਾਰਜ ਅੰਮ੍ਰਿਤਪਾਲ ਸਿੰਘ ਸਹੂਰਾ ਨਾਲ ਮੌਜੂਦ ਸਨ। ਇਸ ਮੌਕੇ ਸਰਪੰਚ ਮੱਸੂ ਸਿੰਘ ਨੇ ਦੱਸਿਆ ਕਿ ਇਹ ਸ਼ਰਧਾਲੂਆਂ ਦਾ ਜਥਾ ਸ੍ਰੀ ਅਨੰਦਪੁਰ ਸਾਹਿਬ, ਕੀਰਤਪੁਰ ਸਾਹਿਬ, ਨੈਣਾਂ ਦੇਵੀ ਅਤੇ ਹੋਰ ਕਈ ਗੁਰੂਧਾਮਾਂ ਦੇ ਦਰਸ਼ਨ ਦੀਦਾਰ ਕਰਨ ਲਈ ਰਵਾਨਾ ਕੀਤਾ ਹੈ। ਸ਼ਰਧਾਲੂਆਂ ਦੇ ਵਿੱਚ ਤੀਰਥ ਯਾਤਰਾ ਦੇ ਪ੍ਰਤੀ ਭਾਰੀ ਉਤਸ਼ਾਹ ਹੈ। ਇਸ ਮੌਕੇ ਸਰਪੰਚ ਮੱਸੂ ਸਿੰਘ ਵੱਲੋਂ ਸੋਨੀਆ ਮਾਨ ਦਾ ਅਤੇ ਸਮੁੱਚੀ ਹਾਈ ਕਮਾਂਡ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਤੇ ਮੈਂਬਰ ਮਲਕੀਤ ਸਿੰਘ , ਮੈਂਬਰ ਭੋਲੀ ਕੌਰ, ਮੈਂਬਰ ਮੁਖਤਾਰ ਸਿੰਘ, ਮੈਂਬਰ ਗੱਜਣ ਸਿੰਘ ਆਦਿ ਹਾਜ਼ਰ ਸਨ।

# ਵਿਧਾਇਕ ਛੀਨਾ ਨੇ ਸੀਵਰੇਜ ਪ੍ਰੋਜੈਕਟ ਦੀ ਕੀਤੀ ਸ਼ੁਰੂਆਤ



ਲੁਧਿਆਣਾ, 15 ਜੂਨ (ਵਿਸ਼ਾਲ ਸ਼ਰਮਾ): ਵਿਧਾਨ ਸਭਾ ਹਲਕਾ ਲੁਧਿਆਣਾ ਦੱਖਣੀ ਦੇ ਲੋਕਾਂ ਨੂੰ ਇੱਕ ਹੋਰ ਵੱਡੀ ਸੌਗਾਤ ਦਿੰਦਿਆਂ ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਨੇ ਵਾਰਡ ਨੰ. 32 ਵਿੱਚ ਸਿੰਗਲਾ ਸਾਈਕਲ ਰੋਡ ਤੋਂ ਈਸਟਮੈਨ ਚੌਕ ਤੱਕ 24 ਇੰਚ ਸੀਵਰ ਲਾਈਨ ਪਾਉਣ ਦੇ ਕਾਰਜਾਂ ਦਾ ਉਦਘਾਟਨ ਕੀਤਾ। ਵਿਧਾਇਕ ਛੀਨਾ ਨੇ ਕਿਹਾ ਕਿ ਕਰੀਬ 92 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਣ ਵਾਲਾ ਇਹ ਪ੍ਰੋਜੈਕਟ ਇਲਾਕੇ ਦੇ ਸੀਵਰੇਜ ਪ੍ਰਬੰਧਨ ਨੂੰ ਹੋਰ ਮਜ਼ਬੂਤ ਕਰੇਗਾ ਅਤੇ ਲੋਕਾਂ ਨੂੰ ਲੰਬੇ ਸਮੇਂ ਤੋਂ ਦਰਪੇਸ਼ ਸਮੱਸਿਆਵਾਂ ਤੋਂ ਰਾਹਤ ਮਿਲੇਗੀ। ਉਨ੍ਹਾਂ ਅੱਗੇ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਦੀਆਂ ਬੁਨਿਆਦੀ ਲੋੜਾਂ ਨੂੰ ਪਹਿਲ ਦੇ ਆਧਾਰ ’ਤੇ ਪੂਰਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਹਲਕਾ ਦੱਖਣੀ ਵਿੱਚ ਵਿਕਾਸ ਕਾਰਜ ਬਿਨਾਂ ਕਿਸੇ ਭੇਦਭਾਵ ਦੇ ਤੇਜ਼ੀ ਨਾਲ ਜਾਰੀ ਹਨ ਅਤੇ ਹਰ ਵਾਰਡ ਵਿੱਚ ਲੋਕਾਂ ਦੀਆਂ ਜ਼ਰੂਰਤਾਂ ਮੁਤਾਬਕ ਕੰਮ ਕਰਵਾਏ ਜਾ ਰਹੇ ਹਨ। ਸਮਾਗਮ ਮੌਕੇ ‘ਆਪ’ ਆਗੂ ਸੁਖਦੇਵ ਸਿੰਘ ਗਰਚਾ, ਕਿਸ਼ਨ ਕੁਮਾਰ, ਸਤਨਾਮ ਸਿੰਘ ਮੱਕੜ, ਪ੍ਰਭਜੀਤ ਭੋਲਾ, ਹਰਪ੍ਰੀਤ ਕੰਗਣਵਾਲ ਅਤੇ ਕੁਲਵੰਤ ਸਿੰਘ ਗਰਚਾ ਵੀ ਮੌਜੂਦ ਰਹੇ ਜਿਨ੍ਹਾਂ ਇੱਕ ਸੁਰ ਵਿੱਚ ਕਿਹਾ ਕਿ ਵਿਧਾਇਕ ਛੀਨਾ ਦੀ ਅਗਵਾਈ ਹੇਠ ਹਲਕਾ ਦੱਖਣੀ ਵਿੱਚ ਵਿਕਾਸ ਕਾਰਜਾਂ ਦੀ ਲੜੀ ਲਗਾਤਾਰ ਜਾਰੀ ਹੈ, ਜਿਸ ਨਾਲ ਲੋਕਾਂ ਦਾ ਸਰਕਾਰ ਉੱਤੇ ਭਰੋਸਾ ਹੋਰ ਮਜ਼ਬੂਤ ਹੋਇਆ ਹੈ।

# ਪਿੰਡ ਪੱਧੀ ਵਿਖੇ ‘ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ’ ਸਮਾਗਮ ਕਰਵਾਇਆ



ਡੇਹਲੋਂ /ਗਿੱਲ, 15 ਜੂਨ (ਸੰਜੀਵ ਲਹਿਲ) : ਵਿਧਾਨ ਸਭਾ ਹਲਕਾ ਗਿੱਲ ਦੇ ਪਿੰਡ ਪੱਧੀ ਵਿਖੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਦੀ ਅਗਵਾਈ ਹੇਠ ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਸਮਾਗਮ ਦਾ ਆਯੋਜਨ ਕੀਤਾ ਗਿਆ। ਸਮਾਗਮ ਦੌਰਾਨ ਇਲਾਕੇ ਦੀਆਂ ਮਾਵਾਂ ਅਤੇ ਧੀਆਂ ਦਾ ਸਨਮਾਨ ਕਰਦਿਆਂ ਉਨ੍ਹਾਂ ਦੇ ਸਮਾਜਿਕ ਯੋਗਦਾਨ ਦੀ ਸ਼ਲਾਘਾ ਕੀਤੀ ਗਈ।

ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਜੀਵਨ ਸਿੰਘ ਸੰਗੋਵਾਲ ਨੇ ਕਿਹਾ ਕਿ ਮਾਵਾਂ ਅਤੇ ਧੀਆਂ ਸਮਾਜ ਦੀ ਅਸਲ ਤਾਕਤ ਹਨ ਅਤੇ ਉਨ੍ਹਾਂ ਦੇ ਸਤਿਕਾਰ ਤੋਂ ਬਿਨਾਂ ਇੱਕ ਖੁਸ਼ਹਾਲ ਅਤੇ ਤਰੱਕੀਸ਼ੀਲ ਸਮਾਜ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਮਹਿਲਾਵਾਂ ਦੀ ਭਲਾਈ, ਸੁਰੱਖਿਆ ਅਤੇ ਸਸ਼ਕਤੀਕਰਨ ਲਈ ਵਚਨਬੱਧ ਹੈ ਅਤੇ ਇਸ ਦਿਸ਼ਾ ਵਿੱਚ ਲਗਾਤਾਰ ਲੋਕ-ਹਿੱਤ ਯੋਜਨਾਵਾਂ ਲਾਗੂ ਕੀਤੀਆਂ ਜਾ ਰਹੀਆਂ ਹਨ।

ਪਿੰਡ ਦੇ ਸਰਪੰਚ ਸਤਬੀਰ ਸਿੰਘ ਲਾਲੀ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਮਾਵਾਂ ਅਤੇ ਧੀਆਂ ਦਾ ਸਨਮਾਨ ਕਰਨਾ ਸਾਡੀ ਸੰਸਕ੍ਰਿਤੀ ਅਤੇ ਪਰੰਪਰਾ ਦਾ ਅਹਿਮ ਹਿੱਸਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮ ਸਮਾਜ ਵਿੱਚ ਔਰਤਾਂ ਪ੍ਰਤੀ ਸਤਿਕਾਰ ਅਤੇ ਬਰਾਬਰੀ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਦੇ ਹਨ। ਸਰਪੰਚ ਲਾਲੀ ਨੇ ਸਮਾਗਮ ਦੇ ਸਫਲ ਆਯੋਜਨ ਲਈ ਵਿਧਾਇਕ ਜੀਵਨ ਸਿੰਘ ਸੰਗੋਵਾਲ ਅਤੇ ਸਮੂਹ ਪਿੰਡ ਵਾਸੀਆਂ ਦਾ ਧੰਨਵਾਦ ਵੀ ਕੀਤਾ।

ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਮਾਵਾਂ, ਧੀਆਂ, ਪਿੰਡ ਵਾਸੀਆਂ ਅਤੇ ਇਲਾਕੇ ਦੀਆਂ ਪ੍ਰਮੁੱਖ ਸ਼ਖਸੀਅਤਾਂ ਨੇ ਸ਼ਮੂਲੀਅਤ ਕੀਤੀ। ਹਾਜ਼ਰ ਬੁਲਾਰਿਆਂ ਨੇ ਵੀ ਮਹਿਲਾਵਾਂ ਦੇ ਸਮਾਜਿਕ, ਪਰਿਵਾਰਕ ਅਤੇ ਰਾਸ਼ਟਰ ਨਿਰਮਾਣ ਵਿੱਚ ਪਾਏ ਜਾ ਰਹੇ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ।

ਅੰਤ ਵਿੱਚ ਵਿਧਾਇਕ ਜੀਵਨ ਸਿੰਘ ਸੰਗੋਵਾਲ ਨੇ ਸਮਾਗਮ ਵਿੱਚ ਸ਼ਾਮਲ ਹੋਈਆਂ ਮਾਵਾਂ, ਧੀਆਂ ਅਤੇ ਸਮੂਹ ਸੰਗਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਔਰਤਾਂ ਨੂੰ ਬਣਦਾ ਮਾਣ-ਸਨਮਾਨ ਦੇਣਾ ਹਰ ਨਾਗਰਿਕ ਦੀ ਨੈਤਿਕ ਜ਼ਿੰਮੇਵਾਰੀ ਹੈ ਅਤੇ ਇਸ ਦਿਸ਼ਾ ਵਿੱਚ ਸਮਾਜ ਨੂੰ ਮਿਲ ਕੇ ਕੰਮ ਕਰਨ ਦੀ ਲੋੜ ਹੈ।

# ਨਗਰ ਨਿਗਮ ਦੇ ਐਸ.ਈ. ਨੂੰ ਥੱਪੜ ਮਾਰਨ ਵਾਲੇ ਕੌਂਸਲਰ ਵਿਰੁੱਧ ਐਫ.ਆਈ.ਆਰ. ਦਰਜ

ਲੁਧਿਆਣਾ, 15 ਜੂਨ (ਵਿਸ਼ਾਲ ਸ਼ਰਮਾ) : ਲੁਧਿਆਣਾ ਦੇ ਨਗਰ ਨਿਗਮ ਜ਼ੋਨ ਬੀ ਦਫ਼ਤਰ ਵਿੱਚ ਸੁਪਰਡੈਂਟ ਇੰਜੀਨੀਅਰ (ਐਸਈ) ਨਾਲ ਕਥਿਤ ਹਮਲੇ ਅਤੇ ਦੁਰਵਿਵਹਾਰ ਦਾ ਮਾਮਲਾ ਤੇਜ਼ ਹੁੰਦਾ ਜਾ ਰਿਹਾ ਹੈ। ਪੁਲਿਸ ਨੇ ਸ਼੍ਰੋਮਣੀ ਅਕਾਲੀ ਦਲ ਦੇ ਕੌਂਸਲਰ ਚਤਰਵੀਰ ਸਿੰਘ ਉਰਫ਼ ਕਮਲ ਅਰੋੜਾ ਖ਼ਿਲਾਫ਼ ਐਫ.ਆਈ.ਆਰ. ਦਰਜ ਕੀਤੀ ਹੈ। ਇਹ ਕਾਰਵਾਈ ਨਗਰ ਨਿਗਮ ਕਮਿਸ਼ਨਰ ਵੱਲੋਂ ਪੁਲਿਸ ਕਮਿਸ਼ਨਰ ਨੂੰ ਭੇਜੀ ਗਈ ਸ਼ਿਕਾਇਤ ਦੇ ਆਧਾਰ ’ਤੇ ਕੀਤੀ ਗਈ ਹੈ।12 ਜੂਨ ਨੂੰ, ਪੁਲਿਸ ਨੇ ਕੌਂਸਲਰ ਵਿਰੁੱਧ ਥਾਣਾ ਡਿਵੀਜ਼ਨ ਨੰਬਰ 3 ਵਿਖੇ ਮਾਮਲਾ ਦਰਜ ਕੀਤਾ। ਦੋਸ਼ ਹੈ ਕਿ 10 ਜੂਨ ਨੂੰ ਨਗਰ ਨਿਗਮ ਦੇ ਜ਼ੋਨ ਬੀ ਦਫ਼ਤਰ ਵਿੱਚ ਐਸਈ ਪ੍ਰਵੀਨ ਸਿੰਗਲਾ ’ਤੇ ਹਮਲਾ ਕੀਤਾ ਗਿਆ ਸੀ। ਪ੍ਰਵੀਨ ਸਿੰਗਲਾ ਨੇ ਆਪਣੀ ਸ਼ਿਕਾਇਤ ਵਿੱਚ ਕਿਹਾ ਕਿ 10 ਜੂਨ ਨੂੰ ਦੁਪਹਿਰ 1 ਵਜੇ ਦੇ ਕਰੀਬ ਉਹ ਆਪਣੇ ਦਫ਼ਤਰ ਵਿੱਚ ਰੁਟੀਨ ਸਰਕਾਰੀ ਕੰਮ ਵਿੱਚ ਸ਼ਾਮਲ ਹੋ ਰਿਹਾ ਸੀ। ਉਸ ਸਮੇਂ ਵਾਰਡ ਨੰਬਰ 20 ਦੇ ਕੌਂਸਲਰ ਚਤਰਵੀਰ ਸਿੰਘ ਉਰਫ਼ ਕਮਲ ਅਰੋੜਾ, ਇੱਕ ਅਣਪਛਾਤੇ ਸਾਥੀ ਨਾਲ ਉਸਦੇ ਕੈਬਿਨ ਵਿੱਚ ਪਹੁੰਚਿਆ। ਸ਼ਿਕਾਇਤ ਅਨੁਸਾਰ, ਕੌਂਸਲਰ ਸੜਕ ਨਿਰਮਾਣ ਦੇ ਕੰਮ ਨੂੰ ਲੈ ਕੇ ਬਹੁਤ ਗੁੱਸੇ ਵਿੱਚ ਸੀ ਅਤੇ ਦਫ਼ਤਰ ਪਹੁੰਚਦੇ ਹੀ ਗਾਲੀ-ਗਲੋਚ ਕਰਨ ਲੱਗ ਪਿਆ। ਜਦੋਂ ਐਸਈ ਨੇ ਉਸਨੂੰ ਦੱਸਿਆ ਕਿ ਇਹ ਕੰਮ ਸਥਾਨਕ ਵਿਧਾਇਕ ਦਲਜੀਤ ਸਿੰਘ ਗਰੇਵਾਲ ਦੀ ਜਾਣਕਾਰੀ ਨਾਲ ਕੀਤਾ ਜਾ ਰਿਹਾ ਹੈ ਤਾਂ ਕੌਂਸਲਰ ਹੋਰ ਵੀ ਗੁੱਸੇ ਵਿੱਚ ਆ ਗਿਆ। ਦੋਸ਼ ਹੈ ਕਿ ਉਸਨੇ ਡਿਊਟੀ ’ਤੇ ਮੌਜੂਦ ਅਧਿਕਾਰੀ ਨੂੰ ਕਾਲਰ ਤੋਂ ਫੜ ਲਿਆ ਅਤੇ ਹੱਥੋਪਾਈ ਸ਼ੁਰੂ ਕਰ ਦਿੱਤੀ। ਪ੍ਰਵੀਨ ਸਿੰਗਲਾ ਨੇ ਦੋਸ਼ ਲਗਾਇਆ ਕਿ ਉਸਦੀ ਮੇਜ਼ ’ਤੇ ਰੱਖੀਆਂ ਮਹੱਤਵਪੂਰਨ ਸਰਕਾਰੀ ਫਾਈਲਾਂ ਅਤੇ ਦਸਤਾਵੇਜ਼ ਪਾੜ ਦਿੱਤੇ। ਉਨ੍ਹਾਂ ਕਿਹਾ ਮੁਲਜ਼ਮ ਨਾਲ ਇਕ ਹੋਰ ਵਿਅਕਤੀ ਵੀ ਸੀ ਦੋਵੇਂ ਮੁਲਜ਼ਮਾਂ ਨੇ ਉਸ ਨਾਲ ਦੁਰਵਿਵਹਾਰ ਅਤੇ ਧੱਕਾ ਕਰਦੇ ਰਹੇ ਸਰਕਾਰੀ




ਰਿਕਾਰਡ ਨੂੰ ਨੁਕਸਾਨ ਪਹੁੰਚਾਇਆ। ਸ਼ਿਕਾਇਤ ਵਿੱਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਝੜਪ ਦੌਰਾਨ, ਦੋਵੇਂ ਮੁਲਜ਼ਮ ਵਾਰ-ਵਾਰ ਅਧਿਕਾਰੀ ਨੂੰ ਜਾਨੋਂ ਮਾਰਨ ਦੀ ਧਮਕੀ ਦਿੰਦੇ ਸਨ। ਐਸਈ ਦਾ ਕਹਿਣਾ ਹੈ ਕਿ ਉਸਨੂੰ ਗੰਭੀਰ ਨਤੀਜਿਆਂ ਦੀ ਚੇਤਾਵਨੀ ਦਿੱਤੀ ਗਈ ਸੀ ਅਤੇ ਦਫਤਰ ਦੇ ਅਹਾਤੇ ਵਿੱਚ ਖੁੱਲ੍ਹੇਆਮ ਧਮਕੀਆਂ ਦਿੱਤੀਆਂ ਗਈਆਂ ਸਨ। ਦੂਜੇ ਪਾਸੇ ਕੌਂਸਲਰ ਕਮਲ ਅਰੋੜਾ ਨੇ ਹਮਲੇ ਦੇ ਦੋਸ਼ਾਂ ਨੂੰ ਪੂਰੀ ਤਰ੍ਹਾਂ ਨਕਾਰਿਆ ਹੈ। ਉਹ ਕਹਿੰਦਾ ਹੈ ਕਿ ਉਸ ਅਤੇ ਅਧਿਕਾਰੀ ਵਿਚਕਾਰ ਸਿਰਫ਼ ਗਰਮਾ-ਗਰਮ ਬਹਿਸ ਹੋਈ ਸੀ, ਪਰ ਕੋਈ ਸਰੀਰਕ ਝਗੜਾ ਨਹੀਂ ਹੋਇਆ। ਉਸਨੇ ਦਾਅਵਾ ਕੀਤਾ ਕਿ ਉਸਨੂੰ ਦੋ ਦਿਨ ਬਾਅਦ ਐਫਆਈਆਰ ਬਾਰੇ ਪਤਾ ਲੱਗਾ। ਘਟਨਾ ਤੋਂ ਬਾਅਦ ਜਾਰੀ ਕੀਤੇ ਗਏ ਇੱਕ ਵੀਡੀਓ ਵਿੱਚ ਕਮਲ ਅਰੋੜਾ ਨੇ ਆਪਣੀ ਕਹਾਣੀ ਦਾ ਪੱਖ ਪੇਸ਼ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੇ ਵਾਰਡ ਨਾਲ ਸਬੰਧਤ ਵਿਕਾਸ ਕਾਰਜਾਂ ਦੀਆਂ ਫਾਈਲਾਂ ਲੰਬੇ ਸਮੇਂ ਤੋਂ ਲਟਕ ਰਹੀਆਂ ਸਨ। ਉਨ੍ਹਾਂ ਦੋਸ਼ ਲਗਾਇਆ ਕਿ ਸਬੰਧਤ ਅਧਿਕਾਰੀ ਫਾਈਲਾਂ ਨੂੰ ਮਨਜ਼ੂਰੀ ਨਹੀਂ ਦੇ ਰਹੇ ਸਨ ਅਤੇ ਵਾਰ-ਵਾਰ ਬੇਨਤੀਆਂ ਕਰਨ ਦੇ ਬਾਵਜੂਦ ਕਾਰਵਾਈ ਕੀਤੀ ਜਾ ਰਹੀ ਹੈ। ਪੁਲਿਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਦੋਵਾਂ ਧਿਰਾਂ ਦੇ ਬਿਆਨਾਂ ਅਤੇ ਉਪਲੱਬਧ ਸਬੂਤਾਂ ਦੇ ਆਧਾਰ ’ਤੇ ਅੱਗੇ ਦੀ ਕਾਰਵਾਈ ਕੀਤੀ ਜਾਵੇਗੀ। ਇਹ ਮਾਮਲਾ ਹੁਣ ਲੁਧਿਆਣਾ ਦੇ ਰਾਜਨੀਤਿਕ ਅਤੇ ਨਗਰਪਾਲਿਕਾ ਪ੍ਰਸ਼ਾਸਨ ਵਿੱਚ ਚਰਚਾ ਦਾ ਇੱਕ ਵੱਡਾ ਵਿਸ਼ਾ ਬਣ ਗਿਆ ਹੈ।

# ਵਾਰਾਨਸੀ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਤੱਕ ਨਿਕਲਣ ਵਾਲੇ ਨਗਰ ਕੀਰਤਨ ਵਿੱਚ ਸ਼ਮੂਲੀਅਤ ਕਰੇਗੀ ਸਤਿਗੁਰ ਰਵਿਦਾਸ ਸੁਸਾਇਟੀ



ਲੁਧਿਆਣਾ, 15 ਜੂਨ (ਰਵਿੰਦਰ ਸਿੰਘ ਨਿੱਝਰ) : ਸ੍ਰੀ ਗੁਰੂ ਰਵਿਦਾਸ ਜੀ ਦੇ 650 ਸਾਲਾਂ ਆਗਮਨ ਪੁਰਬ ਨੂੰ ਸਮਰਪਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਵਿਸ਼ਾਲ ਗੁਰਬਾਣੀ ਮਾਰਗ ਨਗਰ ਕੀਰਤਨ ਗੁਰਦੁਆਰਾ ਸਾਹਿਬ ਗੁਰੂ ਬਾਗ ਵਾਰਾਨਸੀ ਤੋਂ 13 ਨਵੰਬਰ ਨੂੰ ਰਵਾਨਾ ਹੋ ਕੇ 19 ਨਵੰਬਰ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਪਹੁੰਚੇਗਾ। ਇਸ ਸਬੰਧੀ ਸਤਿਗੁਰ ਰਵਿਦਾਸ ਵੈਲਫੇਅਰ ਐਂਡ ਐਜੂਕੇਸ਼ਨ ਸੁਸਾਇਟੀ ਦੇ ਪ੍ਰਧਾਨ ਗੁਰਦੇਵ ਸਿੰਘ ਦੀ ਅਗਵਾਈ ਹੇਠ ਇੱਕ ਵਿਸ਼ੇਸ਼ ਮੀਟਿੰਗ ਲੁਧਿਆਣਾ ਵਿਖੇ ਹੋਈ। ਉਹਨਾਂ ਦੱਸਿਆ ਕਿ ਨਗਰ ਕੀਰਤਨ ਵਿੱਚ ਸ਼ਮੂਲੀਅਤ ਕਰਨ ਲਈ ਸਾਡੀ ਜਥੇਬੰਦੀ ਦੇ ਵੱਲੋਂ ਵੀ 11 ਨਵੰਬਰ ਨੂੰ ਪੁਲਿਸ ਲਾਈਨ ਤੋਂ ਚਾਲੇ ਪਾਏ ਜਾਣਗੇ। ਨਗਰ ਕੀਰਤਨ ਦਾ ਲੁਧਿਆਣਾ ਵਿਖੇ ਪਹੁੰਚਣ ’ਤੇ ਸ਼ਰਧਾ ਸਤਿਕਾਰ ਸਹਿਤ ਸਨਮਾਨ ਕਰਨ ਲਈ ਅਤੇ ਹੋਰ ਪ੍ਰਬੰਧਾਂ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ ’ਤੇ ਪਹੁੰਚੇ ਸਮਾਜਸੇਵੀ ਜਗਜੀਤ ਸਿੰਘ ਅਰੋੜਾ ਨੇ ਵੀ ਕਿਹਾ ਕਿ ਸਮੁੱਚੀਆਂ ਸੰਗਤਾਂ ਨੂੰ ਆਪਣੀ ਨੇਕ ਕਮਾਈ ਦੇ ਵਿੱਚੋਂ ਦਸਵੰਧ ਦੇਣ ਸਮੇਤ ਤਨ ਮਨ ਦੇ ਨਾਲ ਵੀ ਵੱਧ ਚੜ੍ਹ ਕੇ ਸੇਵਾ ਕਰਦੇ ਹੋਏ ਇਸ ਨਗਰ ਕੀਰਤਨ ਦਾ ਭਰਵਾਂ ਸਵਾਗਤ ਕਰਨਾ ਚਾਹੀਦਾ ਹੈ। ਇਸ ਮੌਕੇ ਗੁਰਦੀਪ ਸਿੰਘ ਸਾਹਨੇਵਾਲ, ਕੁਲਦੀਪ ਕੌਰ, ਜਸਕਿਰਨ ਕੌਰ, ਅਨੀਤਾ, ਮਾਸਟਰ ਮੇਲਾ ਸਿੰਘ, ਰੋਸ਼ਨ ਸਿੰਘ ਸਾਗਰ, ਆਰ.ਐਲ ਸੁਮਨ ਐਡਵੋਕੇਟ, ਬਲਵੰਤ ਸਿੰਘ ਨੰਦਪੁਰ, ਗੁਰਮੀਤ ਸਿੰਘ ਤਲਵਾੜਾ, ਪ੍ਰਕਾਸ਼ ਸਿੰਘ ਫੁੱਲਾਂਵਾਲ, ਪਰਮਿੰਦਰ ਸਿੰਘ ਪੁਲਿਸ ਲਾਈਨ, ਅਰੁਨਜੀਤ ਸਿੰਘ, ਲਖਵਿੰਦਰ ਸਿੰਘ ਸਰਪੰਚ, ਕਰਮਜੀਤ ਸਿੰਘ, ਲਵਪ੍ਰੀਤ ਸਿੰਘ, ਤਜਿੰਦਰ ਸਿੰਘ, ਪਰਵਿੰਦਰ ਸਿੰਘ, ਜਸਪ੍ਰੀਤ ਸਿੰਘ, ਸਵਰਨ ਸਿੰਘ, ਨਾਹਰ ਸਿੰਘ, ਬੂਟਾ ਸਿੰਘ ਮੋਹਾਲੀ, ਹਰਜਿੰਦਰ ਸਿੰਘ ਅਮਰਗੜ੍ਹ, ਜਸਪਾਲ ਸਿੰਘ, ਰਿਸ਼ਭ ਗਰਗ, ਅਮਰਪਾਲ ਸਿੰਘ ਗਰੇਵਾਲ, ਸੂਬੇਦਾਰ ਬਹਾਦਰ ਸਿੰਘ ਆਦਿ ਸਮੇਤ ਵੱਡੀ ਗਿਣਤੀ ਵਿੱਚ ਹੋਰ ਆਗੂ ਹਾਜ਼ਰ ਸਨ।

# ਮਜ਼ਦੂਰ ਦੀ ਧੀ ਲਈ ਜ਼ਿਲ੍ਹਾ ਪ੍ਰਸ਼ਾਸਨ ਬਣਿਆ ਸਹਾਰਾ ਆਈ.ਆਈ.ਟੀ. ਗੁਹਾਟੀ ਦਾ ਸੁਪਨਾ ਹੋਇਆ ਪੂਰਾ



ਲੁਧਿਆਣਾ/ਸਾਹਨੇਵਾਲ, 15 ਜੂਨ (ਅਰਸ਼ ਸ਼ਰਮਾ/ਸੰਜੀਵ ਲਹਿਲ) : ਲੁਧਿਆਣਾ ਦੇ ਸਾਹਨੇਵਾਲ ਦੀ ਰਹਿਣ ਵਾਲੀ ਹਰਪ੍ਰੀਤ ਕੌਰ, ਜੋ ਇੱਕ ਦਿਹਾੜੀਦਾਰ ਮਜ਼ਦੂਰ ਦੀ ਧੀ ਹੈ, ਨੇ ਦੇਸ਼ ਦੇ ਮਾਣਯੋਗ ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ (IIT) ਗੁਹਾਟੀ ਵਿੱਚ ਦਾਖਲਾ ਹਾਸਲ ਕੀਤਾ ਹੈ, ਅਤੇ ਸਮਾਜ ਨੇ ਇਹ ਯਕੀਨੀ ਬਣਾਇਆ ਕਿ ਉਸ ਦੇ ਰਾਹ ਵਿੱਚ ਕੋਈ ਰੁਕਾਵਟ ਨਾ ਆਵੇ। ਹਰਪ੍ਰੀਤ ਦੀ ਚੋਣ IIT ਗੁਹਾਟੀ ਦੇ B.Sc (Honours) ਡਾਟਾ ਸਾਇੰਸ ਅਤੇ ਆਰਟੀਫ਼ਿਸ਼ਲ ਇੰਟੈਲੀਜੈਂਸ ਕੋਰਸ ਲਈ ਹੋਈ ਹੈ। ਉਸ ਨੇ TechBee ਚੋਣ ਪ੍ਰਕਿਰਿਆ ਦੇ ਸਾਰੇ ਪੜਾਅ-ਲਿਖਤੀ ਪ੍ਰੀਖਿਆ, ਗਰੁੱਪ ਡਿਸਕਸ਼ਨ ਅਤੇ ਇੰਟਰਵਿਊ - ਸਫਲਤਾਪੂਰਵਕ ਪਾਰ ਕਰਕੇ IIT ਵਿੱਚ ਆਪਣੀ ਜਗ੍ਹਾ ਬਣਾਈ। ਪਰ ਇਸ ਵੱਡੀ ਕਾਮਯਾਬੀ ਦੇ ਪਿੱਛੇ ਇੱਕ ਔਖੀ ਹਕੀਕਤ ਵੀ ਸੀ। ਹਰਪ੍ਰੀਤ ਦੇ ਪਿਤਾ ਖੇਤੀਬਾੜੀ ਮਜ਼ਦੂਰ ਹਨ ਅਤੇ ਮਾਤਾ ਗ੍ਰਹਿਣੀ ਹਨ। ਛੇ ਮੈਂਬਰੀ ਪਰਿਵਾਰ— ਮਾਪੇ ਅਤੇ ਤਿੰਨ ਛੋਟੇ ਭੈਣ-ਭਰਾ, ਜੋ ਖੁਦ ਵੀ ਹੋਣਹਾਰ ਵਿਦਿਆਰਥੀ ਹਨ— ਲੱਗਭੱਗ 10,000 ਮਹੀਨਾਵਾਰ ਆਮਦਨ ’ਤੇ ਗੁਜ਼ਾਰਾ ਕਰਦਾ ਹੈ। 16 ਜੂਨ ਤੱਕ ਜਮ੍ਹਾਂ ਕਰਵਾਉਣੀ 50,000 ਦੀ ਦਾਖਲਾ ਫੀਸ ਪਰਿਵਾਰ ਲਈ ਇੱਕ ਵੱਡੀ ਚੁਣੌਤੀ ਸੀ। ਜਦੋਂ ਹਰਪ੍ਰੀਤ ਦੀ ਕਹਾਣੀ ਲੋਕਾਂ ਤੱਕ ਪਹੁੰਚੀ ਤਾਂ ਲੁਧਿਆਣਾ ਅਤੇ ਹੋਰ ਥਾਵਾਂ ਦੇ ਲੋਕ ਭਾਵੁਕ ਹੋ ਗਏ। ਲੁਧਿਆਣਾ ਦੇ ਡਿਪਟੀ ਕਮਿਸ਼ਨਰ ਸ਼੍ਰੀ ਹਿਮਾਂਸ਼ੂ ਜੈਨ (IAS) ਨੇ ਹਰਪ੍ਰੀਤ ਦੀ ਯੋਗਤਾ ਅਤੇ ਪਰਿਵਾਰ ਦੀ ਆਰਥਿਕ ਲੋੜ ਨੂੰ ਦੇਖਦਿਆਂ, ਉਨ੍ਹਾਂ ਨੇ ਨਿੱਜੀ ਤੌਰ ’ਤੇ 1,00,000 (ਇੱਕ ਲੱਖ ਰੁਪਏ) ਦਾ ਚੈਕ ਦੇ ਕੇ ਸਹਾਇਤਾ ਕੀਤੀ। ਇਸ ਮੱਦਦ ਨਾਲ ਨਾ ਸਿਰਫ਼ ਉਸ ਦਾ ਦਾਖਲਾ ਯਕੀਨੀ ਬਣਿਆ, ਸਗੋਂ ਇਹ ਵੀ ਸਾਬਤ ਹੋਇਆ ਕਿ ਜ਼ਿਲ੍ਹਾ ਪ੍ਰਸ਼ਾਸਨ ਲੁਧਿਆਣਾ ਪ੍ਰਤਿਭਾ ਨੂੰ ਗਰੀਬੀ ਕਾਰਨ ਪਿੱਛੇ ਨਹੀਂ ਰਹਿਣ ਦੇਣਾ ਚਾਹੁੰਦਾ। ਪ੍ਰਸਿੱਧ ਉਦਯੋਗਪਤੀ ਰਾਕੇਸ਼ ਭਾਰਤੀ ਮਿੱਤਲ ਨੇ ਇੱਕ ਹੋਰ ਵੱਡਾ ਕਦਮ ਚੁੱਕਦਿਆਂ ਆਪਣੀ ਨੇਹਰੂ ਸਿਧਾਂਤ ਕੇਂਦਰ ਟਰੱਸਟ ਰਾਹੀਂ ਹਰਪ੍ਰੀਤ ਦੀ ਪੂਰੇ B.Sc (Honours) ਕੋਰਸ ਦੌਰਾਨ ਸਿੱਖਿਆ ਦਾ ਖਰਚਾ ਚੁੱਕਣ ਦਾ ਫ਼ੈਸਲਾ ਕੀਤਾ। ਇਸ ਤਰ੍ਹਾਂ ਉਸ ਨੂੰ IIT ਗੁਹਾਟੀ ਵਿੱਚ ਆਪਣੀ ਪੜ੍ਹਾਈ ਜਾਰੀ ਰੱਖਣ ਲਈ ਲਗਾਤਾਰ ਸਹਾਇਤਾ ਮਿਲੇਗੀ। ਆਪਣੇ ਸੰਘਰਸ਼ ਬਾਰੇ ਗੱਲ ਕਰਦਿਆਂ ਹਰਪ੍ਰੀਤ ਨੇ ਪਹਿਲਾਂ ਕਿਹਾ, ਇਹ ਦਾਖਲਾ ਮੇਰਾ ਭਵਿੱਖ ਬਦਲ ਸਕਦਾ ਹੈ ਅਤੇ ਮੈਨੂੰ ਆਪਣੇ ਪਰਿਵਾਰ ਦੀ ਮੱਦਦ ਕਰਨ ਦੇ ਯੋਗ ਬਣਾ ਸਕਦਾ ਹੈ।

# ਵਿਧਾਇਕ ਗਰੇਵਾਲ ਵੱਲੋਂ ਵਾਟਰ ਸਪਲਾਈ ਦੇ ਕੰਮਾਂ ਦਾ ਉਦਘਾਟਨ

ਲੁਧਿਆਣਾ, 15 ਜੂਨ (ਵਿਸ਼ਾਲ ਸ਼ਰਮਾ) : ਵਿਧਾਨ ਸਭਾ ਹਲਕਾ ਪੂਰਬੀ ਦੇ ਵਿਧਾਇਕ ਦਲਜੀਤ ਸਿੰਘ ਗਰੇਵਾਲ ਭੋਲਾ ਵੱਲੋਂ ਵਾਰਡ ਨੰਬਰ 28 ਹੀਰਾ ਨਗਰ ਵਿਖੇ ਕਰੀਬ 87 ਲੱਖ ਦੀ ਲਾਗਤ ਨਾਲ ਨਵੀਆਂ ਵਾਟਰ ਸਪਲਾਈ ਦੀਆਂ ਪਾਈਪਾਂ ਪਾਉਣ ਦੇ ਕੰਮਾ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ’ਤੇ ਸੰਬੋਧਨ ਕਰਦਿਆਂ ਵਿਧਾਇਕ ਗਰੇਵਾਲ ਨੇ ਕਿਹਾ ਕਿ ਵਾਰਡ ਨੰਬਰ 28 ਦੇ ਕਰੀਬ 90 ਫੀਸਦੀ ਵਿਕਾਸ ਕਾਰਜ ਪਹਿਲਾਂ ਹੀ ਮੁਕੰਮਲ ਕਰਵਾਏ ਜਾ ਚੁੱਕੇ ਹਨ। ਉਹਨਾਂ ਕਿਹਾ ਕਿ ਇਲਾਕਾ ਵਾਸੀਆਂ ਦੀ ਮੰਗ ਨੂੰ ਦੇਖਦੇ ਹੋਏ ਅੱਜ 87 ਲੱਖ ਦੀ ਲਾਗਤ ਨਾਲ ਵਾਟਰ ਸਪਲਾਈ ਦੇ ਕੰਮਾਂ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ, ਇਹਨਾਂ ਵਿਕਾਸ ਕਾਰਜਾਂ ਨੂੰ ਆਉਣ ਵਾਲੇ ਦਿਨਾਂ ਚ ਜਲਦ ਹੀ ਮੁਕੰਮਲ ਕਰ ਲਿਆ ਜਾਵੇਗਾ। ਇਸ ਮੌਕੇ ’ਤੇ ਹਾਜ਼ਰ ਇਲਾਕਾ ਵਾਸੀਆਂ ਨੇ ਪੰਜਾਬ ਸਰਕਾਰ ਅਤੇ ਖਾਸ ਕਰ ਵਿਧਾਇਕ ਦਲਜੀਤ ਸਿੰਘ ਗਰੇਵਾਲ ਭੋਲਾ ਦਾ ਧੰਨਵਾਦ ਕਰਦੇ ਹਾਂ ਕਿਹਾ ਕਿ ਵਾਟਰ ਸਪਲਾਈ ਦੀਆਂ ਪਾਈਪਾਂ ਸਬੰਧੀ ਉਹਨਾਂ ਵੱਲੋਂ ਵਿਧਾਇਕ ਗਰੇਵਾਲ ਜੀ ਨੇ ਅਪੀਲ ਕੀਤੀ ਗਈ ਸੀ, ਉਹਨਾਂ ਨੇ ਪਹਿਲ ਦੇ ਆਧਾਰ ਤੇ ਇਸ ਕੰਮ ਦੀ ਸ਼ੁਰੂਆਤ ਕਰਵਾ ਦਿੱਤੀ ਗਈ ਹੈ। ਸੋ ਸਮੂਹ ਇਲਾਕਾ ਵਾਸੀ ਉਨਾਂ ਦੇ ਧੰਨਵਾਦੀ ਹਨ। ਇਸ ਮੌਕੇ ’ਤੇ ਕੌਂਸਲਰ ਅਮਰਜੀਤ ਸਿੰਘ, ਹਰਸ਼ਰਨ ਗਿਫਟੀ, ਰਾਮੇਸ਼ ਪਿੰਕਾ ਨਿਰਮਲ ਸਿੰਘ, ਗੁਰਮੀਤ ਸਿੰਘ, ਜਸਵੀਰ ਸਿੰਘ, ਸਤੀਸ਼ ਕੁਮਾਰ, ਰਾਕੇਸ਼ ਕੁਮਾਰ, ਬਲਵਿੰਦਰ ਸਿੰਘ, ਮੋਹਨ ਲਾਲ, ਸੂਰਜ ਕੁਮਾਰ, ਸੁਖਦੀਪ ਸਿੰਘ, ਸੁਨੀਲ ਕੁਮਾਰ ਤੋਂ ਇਲਾਵਾ ਵੱਡੀ ਗਿਣਤੀ ’ਚ ਹੋਰ ਵੀ ਪ੍ਰਮੁੱਖ ਸ਼ਖਸੀਅਤਾਂ ਹਾਜ਼ਰ ਸਨ।

# 22 ਦੇ ਜ਼ਿਲ੍ਹਾ ਪੱਧਰੀ ਮਾਰਚ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣਗੇ ਫਰੰਟ ਦੇ ਕਾਰਕੁੰਨ



ਲੁਧਿਆਣਾ, 15 ਜੂਨ (ਰਵਿੰਦਰ ਸਿੰਘ ਨਿੱਝਰ) : ਫਾਸ਼ੀ ਹਮਲਿਆਂ ਵਿਰੋਧੀ ਫਰੰਟ ਪੰਜਾਬ ਦੇ ਸੱਦੇ ’ਤੇ 22 ਜੂਨ ਨੂੰ ਜ਼ਿਲ੍ਹਾ ਪੱਧਰੀ ਮਾਰਚ ਵਿਚ ਲੁਧਿਆਣਾ ਦੀਆਂ ਸੰਬੰਧਿਤ ਧਿਰਾਂ ਦੇ ਕਾਰਕੁੰਨ ਅਤੇ ਆਗੂ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣਗੇ। ਇਹ ਫੈਸਲਾ ਅੱਜ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਹੋਈ ਮੀਟਿੰਗ, ਜਿਸ ਵਿੱਚ ਸ਼ਾਮਿਲ ਸੀਪੀਆਈ, ਆਰਐਮਪੀ ਆਈ, ਸੀਪੀ ਆਈ (ਐਮਐਲ ) ਲਿਬਰੇਸ਼ਨ, ਸੀਪੀਆਈ (ਐਮਐਲ) ਨਿਊ ਡੈਮੋਕਰੇਸੀ ਦੇ ਲੁਧਿਆਣਾ ਜ਼ਿਲ੍ਹੇ ਨਾਲ ਸਬੰਧਿਤ ਸ਼ਾਮਿਲ ਹੋਏ ਆਗੂਆਂ ਵਿੱਚ ਕੀਤਾ ਗਿਆ। ਇਸ ਲਈ ਸਵੇਰੇ 10. 30 ਵਜੇ ਪੰਜਾਬੀ ਭਵਨ ਦੇ ਸਾਹਮਣੇ ਇਕੱਠੇ ਹੋਣਗੇ। ਜਿਥੇ ਵੱਖ-ਵੱਖ ਪਾਰਟੀਆਂ ਦੇ ਆਗੂ ਸੰਬੋਧਨ ਕਰਨਗੇ। ਇੱਥੋਂ ਇੱਕ ਮਾਰਚ ਦੀ ਸ਼ਕਲ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਭਾਈ ਵਾਲਾ ਚੌਂਕ ਸਥਿਤ ਬੁੱਤ ’ਤੇ ਜਾਇਆ ਜਾਏਗਾ ।

ਅੱਜ ਦੀ ਮੀਟਿੰਗ ਵਿੱਚ ਸਾਥੀ ਚਮਕੌਰ ਸਿੰਘ ਸਾਥੀ ਰਘਬੀਰ ਸਿੰਘ ਬੈਨੀਪਾਲ ਜੈ ਪ੍ਰਕਾਸ਼ ਨਰਾਇਣ, ਅਵਤਾਰ ਸਿੰਘ ਰਸੂਲਪੁਰ, ਡਾਕਟਰ ਰਜਿੰਦਰ ਪਾਲ ਸਿੰਘ ਔਲਖ, ਹਰਨੇਕ ਸਿੰਘ ਗੁੱਜਰਵਾਲ, ਗੁਰਦੀਪ ਸਿੰਘ ਕਲਸੀ, ਪਰਮਜੀਤ ਸਿੰਘ, ਗੁਰਦੀਪ ਸਿੰਘ ਰਾਏਕੋਟ ਆਦਿ ਸ਼ਾਮਿਲ ਸਨ।

# ਐਸ.ਆਈ.ਆਰ. ਲਈ ਚੋਣ ਅਮਲੇ ਦੀ ਦੂਜੇ ਦਿਨ ਦੀ ਸਿਖਲਾਈ ਸੰਪੰਨ



ਲੁਧਿਆਣਾ, 15 ਜੂਨ (ਵਿਸ਼ਾਲ ਸ਼ਰਮਾ) : ਪੰਜਾਬ ਵਿੱਚ ਵੋਟਰ ਸੂਚੀਆਂ ਦੀ ਸਪੈਸ਼ਲ ਇਨਟੈਂਸਿਵ ਰਵੀਜ਼ਨ (ਐਸ.ਆਈ.ਆਰ)-2026 ਨੂੰ ਸਫ਼ਲ ਬਣਾਉਣ ਲਈ, ਜ਼ਿਲ੍ਹਾ ਪੱਧਰੀ ਮਾਸਟਰ ਟ੍ਰੇਨਰਾਂ ਵੱਲੋਂ ਚੋਣ ਹਲਕਾ ਪੱਧਰ ਦੇ ਮਾਸਟਰ ਟ੍ਰੇਨਰਾਂ ਨੂੰ ਸਿਖਲਾਈ ਦੇਣ ਲਈ ਦੂਜੇ ਦਿਨ ਦੀ ਟ੍ਰੇਨਿੰਗ ਵਰਕਸ਼ਾਪ ਸੋਮਵਾਰ ਨੂੰ ਬੱਚਤ ਭਵਨ ਲੁਧਿਆਣਾ ਦੇ ਮੀਟਿੰਗ ਹਾਲ ਵਿਖੇ ਆਯੋਜਿਤ ਕਰਕੇ ਵੱਖ-ਵੱਖ ਦੋ ਬੈਚ ਵਿੱਚ ਸਿਖਲਾਈ ਦਿੱਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਐਸ.ਆਈ. ਆਰ. ਪ੍ਰਕਿਰਿਆ ਨੂੰ ਪ੍ਰਭਾਵਸ਼ਾਲੀ ਅਤੇ ਸੁਚਾਰੂ ਢੰਗ ਨਾਲ ਲਾਗੂ ਕਰਨ ਲਈ 15 ਜੂਨ ਨੂੰ ਜ਼ਿਲ੍ਹਾ ਪੱਧਰੀ ਮਾਸਟਰ ਟ੍ਰੇਨਰਾਂ (ਡੀ.ਐਲ.ਐਮ.ਟੀ) ਵੱਲੋਂ ਚੋਣ ਹਲਕਾ 60-ਲੁਧਿਆਣਾ ਪੂਰਬੀ, 63-ਲੁਧਿਆਣਾ ਕੇਂਦਰੀ, 64-ਲੁਧਿਆਣਾ ਪੱਛਮੀ, 65-ਲੁਧਿਆਣਾ ਉੱਤਰੀ ਦੇ ਸਹਾਇਕ ਚੋਣ ਰਜਿਸਟਰੇਸ਼ਨ ਅਫਸਰਾਂ, ਅਸੈਂਬਲੀ ਲੈਵਲ ਮਾਸਟਰ ਟ੍ਰੇਨਰਾਂ, ਟੈਕਨੀਕਲ ਸਟਾਫ ਅਤੇ ਕਲੈਰੀਕਲ ਸਟਾਫ਼ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਸਿਖਲਾਈ ਦਿੱਤੀ ਜਦਕਿ ਚੋਣ ਹਲਕਾ 68-ਦਾਖਾ, 69-ਰਾਏਕੋਟ ਅਤੇ 70-ਜਗਰਾਓਂ ਦੇ ਅਮਲੇ ਨੂੰ ਦੁਪਹਿਰ 2 ਵਜੇ ਤੋਂ ਸ਼ਾਮ 5 ਵਜੇ ਤੱਕ ਸਿਖਲਾਈ ਦਿੱਤੀ ਗਈ। ਹਿਮਾਂਸ਼ੂ ਜੈਨ ਨੇ ਦੱਸਿਆ ਕਿ ਟ੍ਰੇਨਿੰਗ ਦੌਰਾਨ ਜ਼ਿਲ੍ਹਾ ਮਾਸਟਰ ਟ੍ਰੇਨਰਾਂ ਵੱਲੋਂ ਸਹਾਇਕ ਚੋਣ ਰਜਿਸਟਰੇਸ਼ਨ ਅਫਸਰਾਂ, ਅਸੈਂਬਲੀ ਲੈਵਲ ਮਾਸਟਰ ਟ੍ਰੇਨਰਾਂ, ਟੈਕਨੀਕਲ ਸਟਾਫ ਅਤੇ ਕਲੈਰੀਕਲ ਸਟਾਫ਼ ਨੂੰ ਵੋਟਰ ਸੂਚੀ ਦੀ ਸਪੈਸ਼ਲ ਇਨਟੈਂਸਿਵ ਰਵੀਜ਼ਨ (ਐਸ. ਆਈ. ਆਰ) ਪ੍ਰਕਿਰਿਆ ਅਤੇ ਗਣਨਾ ਫਾਰਮ ਭਰਨ ਦੇ ਤਰੀਕੇ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਉਨ੍ਹਾਂ ਨੂੰ ਫਾਰਮ ਵਿੱਚ ਦਰਜ ਕੀਤੇ ਜਾਣ ਵਾਲੇ ਵੇਰਵਿਆਂ, ਲੋੜੀਂਦੇ ਦਸਤਾਵੇਜ਼ਾਂ ਅਤੇ ਆਨਲਾਈਨ ਅਪਲੋਡਿੰਗ ਪ੍ਰਕਿਰਿਆ ਤੋਂ ਵੀ ਜਾਣੂੰ ਕਰਵਾਇਆ ਗਿਆ। ਡੀ.ਸੀ ਨੇ ਕਿਹਾ ਕਿ ਐਸ. ਆਈ. ਆਰ. ਦਾ ਮੁੱਖ ਉਦੇਸ਼ ਵੋਟਰ ਸੂਚੀ ਨੂੰ 100 ਪ੍ਰਤੀਸ਼ਤ ਸ਼ੁੱਧ ਅਤੇ ਅੱਪਡੇਟ ਕਰਨਾ ਹੈ। ਇਸ ਲਈ ਹਰੇਕ ਬੀ.ਐਲ.ਓ ਵੱਲੋਂ 25 ਜੂਨ ਤੋਂ 24 ਜੁਲਾਈ 2026 ਤੱਕ ਆਪਣੇ-ਆਪਣੇ ਬੂਥ ਖੇਤਰ ਵਿੱਚ ਘਰ-ਘਰ ਜਾ ਕੇ ਗਣਨਾ ਫਾਰਮ ਭਰਨ ਦਾ ਕੰਮ ਪੂਰੀ ਤਨਦੇਹੀ ਅਤੇ ਨਿਰਪੱਖਤਾ ਨਾਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਫਾਰਮ ਭਰਨ ਸਮੇਂ ਕਿਸੇ ਵੀ ਯੋਗ ਵੋਟਰ ਦਾ ਨਾਮ ਛੁੱਟਣ ਨਾ ਦਿੱਤਾ ਜਾਵੇ ਅਤੇ ਕੋਈ ਵੀ ਗਲਤ ਜਾਣਕਾਰੀ ਦਰਜ ਨਾ ਕੀਤੀ ਜਾਵੇ।

# ਤੀਸਰਾ ਬਾਲ ਸਿਰਜਣਾਤਮਕ ਕੈਂਪ ਲਗਾਇਆ



ਲੁਧਿਆਣਾ, 15 ਜੂਨ (ਰਵਿੰਦਰ ਸਿੰਘ ਨਿੱਝਰ) : ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਵੱਲੋਂ ਸ਼ਹੀਦ ਬਾਬਾ ਭਾਨ ਸਿੰਘ ਗਦਰ ਮੈਮੋਰੀਅਲ ਟ੍ਰੱਸਟ ਦੇ ਬਾਨੀ ਪ੍ਰਧਾਨ ਮਰਹੂਮ ਲੈਫ ਕਰਨਲ ਜਗਦੀਸ਼ ਸਿੰਘ ਬਰਾੜ ਨੂੰ ਸਮਰਪਿਤ ਤੀਸਰਾ ਬਾਲ ਸਿਰਜਣਾਤਮਕ ਕੈਂਪ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ, ਭਾਈ ਰਣਧੀਰ ਸਿੰਘ ਨਗਰ ਵਿਖੇ ਲਗਾਇਆ ਗਿਆ। ਅਖੀਰਲੇ ਦਿਨ ਸ਼ਾਮ ਨੂੰ ਬੱਚਿਆਂ ਨੇ ਇਸ ਕੈਂਪ ਦੌਰਾਨ ਸਿੱਖੀ ਕਲਾ ਦਾ ਯਾਦਗਾਰ ਦੇ ਮੰਚ ’ਤੇ ਸੈਂਕੜੇ ਦਰਸ਼ਕਾਂ-ਮਾਪਿਆਂ ਸਾਹਮਣੇ ਪ੍ਰਦਰਸ਼ਨ ਕੀਤਾ ਅਤੇ ਬੱਚਿਆਂ ਵੱਲੋਂ ਬਣਾਈ ਗਈ ਚਿੱਤਰਕਾਰੀ ਅਤੇ ਮਿੱਟੀ ਦੇ ਖਿਡੌਣਿਆਂ ਦੀ ਪ੍ਰਦਰਸ਼ਨੀ ਲਗਾਈ ਗਈ।

ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਦੇ ਪ੍ਰਧਾਨ ਐਡਵੋਕੇਟ ਹਰਪ੍ਰੀਤ ਜ਼ੀਰਖ ਅਤੇ ਜਨਰਲ ਸਕੱਤਰ ਰਾਕੇਸ਼ ਆਜ਼ਾਦ ਨੇ ਦੱਸਿਆ ਕਿ ਕੈਂਪ ਵਿੱਚ ਰੱਖਦਿਆਂ ਬੱਚਿਆਂ ਵਿੱਚ ਨਾਟਕ, ਕੋਰਿਓਗ੍ਰਾਫੀ, ਕਵਿਤਾ/ਗੀਤ ਗਾਇਨ, ਮਿੱਟੀ ਦੇ ਖਿਡੌਣੇ, ਗੱਤਕਾ, ਗਿੱਧਾ, ਭੰਗੜਾ ਅਤੇ ਵਿਗਿਆਨਕ ਚੇਤਨਾ, ਚੰਗੇ ਖਾਣ-ਪੀਣ, ਸਿਹਤ ਸੰਭਾਲ ਅਤੇ ਸਮਾਜਿਕ ਕਦਰਾਂ ਕੀਮਤਾਂ ਬਾਰੇ ਸਿਖਲਾਈ ਦਿੱਤੀ ਗਈ। ਕੋਰਿਓਗ੍ਰਾਫੀ ਅਤੇ ਨਾਟਕ ਵੀ ਖੇਡੇ ਗਏ। ਬੱਚਿਆਂ ਨੂੰ ਜਾਤ-ਪਾਤ, ਰੰਗ, ਧਰਮ, ਨਸਲ ਆਦਿ ਦੇ ਵਿਤਕਰੇ ਤੋਂ ਉੱਪਰ ਉੱਠ ਕੇ ਸਾਂਝੇ ਕਾਰਜ ਕਰਨ, ਪੌਸ਼ਟਿਕ ਭੋਜਨ ਖਾਣ ਅਤੇ ਬਜ਼ਾਰੂ ਭੋਜਨ ਨੂਡਲ, ਬਰਗਰ, ਪੀਜ਼ਾ ਆਦਿ ਤੋਂ ਦੂਰ ਰਹਿਣ ਨੂੰ ਅਤੇ ਮੋਬਾਇਲ ਦੀ ਵਰਤੋਂ ਤੋਂ ਦੂਰ ਰਹਿ ਕੇ ਹੋਰ ਰਵਾਇਤੀ ਖੇਡਾਂ ਖੇਡਣ ਲਈ ਪ੍ਰੇਰਿਆ ਗਿਆ । ਅਖੀਰਲੇ ਦਿਨ ਬੱਚਿਆਂ ਨੇ ਆਪਣੇ ਮਾਪਿਆਂ ਸਾਹਮਣੇ ਕੈਂਪ ਦੌਰਾਨ ਸਿੱਖੀ ਕਲਾ ਦਾ ਅਤੇ ਆਪਣੇ ਤਜਰਬੇ ਮੰਚ ਤੋਂ ਸਾਂਝੇ ਕੀਤੇ । ਨਾਟਕਕਾਰ ਤਰਲੋਚਨ ਸਿੰਘ ਅਤੇ ਕਮਲਦੀਪ ਕੌਰ ਨੂੰ ਸਨਮਾਨਿਤ ਕੀਤਾ ਗਿਆ । ਟ੍ਰੱਸਟ ਦੇ ਪ੍ਰਧਾਨ ਪ੍ਰੋ ਜਗਮੋਹਨ ਸਿੰਘ ਅਤੇ ਜਨਰਲ ਸਕੱਤਰ ਜਸਵੰਤ ਜ਼ੀਰਖ ਨੇ ਨੌਜਵਾਨ ਸਭਾ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਤਜਿੰਦਰ ਕੁਮਾਰ ਨੇ ਕੈਂਪ ਦੌਰਾਨ ਬੱਚਿਆਂ ਦੇ ਖਾਣ-ਪੀਣ ਦਾ ਵਿਸ਼ੇਸ਼ ਧਿਆਨ ਰੱਖਿਆ। ਮੀਨੂੰ ਸ਼ਰਮਾ ਨੇ ਮੰਚ ਸੰਚਾਲਕ ਦੀ ਭੂਮਿਕਾ ਨਿਭਾਈ। ਕਸਤੂਰੀ ਲਾਲ, ਬਲਵਿੰਦਰ ਲਾਲਬਾਗ, ਡਾ. ਹਰਬੰਸ ਗਰੇਵਾਲ, ਜਸਵੀਰ ਕੌਰ ਵੀ ਇਸ ਮੌਕੇ ਵਿਸ਼ੇਸ਼ ਤੌਰ ’ਤੇ ਹਾਜ਼ਰ ਸਨ । ਅਖੀਰ ਵਿੱਚ ਕੈਂਪ ਵਿੱਚ ਭਾਗ ਲੈਣ ਵਾਲੇ ਬੱਚਿਆਂ ਨੂੰ ਸਰਟੀਫਿਕੇਟ ਅਤੇ ਕਿਤਾਬਾਂ ਵੰਡ ਕੇ ਸਨਮਾਨਿਤ ਕੀਤਾ ਗਿਆ । ਕਲਪਨਾ, ਪ੍ਰਤਾਪ ਸਿੰਘ, ਜਗਜੀਤ ਸਿੰਘ , ਕੁਲਵਿੰਦਰ ਸਿੰਘ, ਮਹੇਸ਼ ਕੁਮਾਰ, ਨੀਲ, ਰਾਜੀਵ ਕੁਮਾਰ, ਸੰਦੀਪ ਕੌਰ ਆਦਿ ਨੇ ਵਲੰਟੀਅਰ ਡਿਊਟੀਆਂ ਨਿਭਾਈਆਂ।

# ਬੌਬੀ ਬਣੇ ਸ੍ਰੋ.ਅ.ਦ.ਬੀ.ਸੀ. ਵਿੰਗ ਹਲਕਾ ਪੱਛਮੀ ਦੇ ਪ੍ਰਧਾਨ



ਲੁਧਿਆਣਾ, 15 ਜੂਨ (ਰਵਿੰਦਰ ਸਿੰਘ ਨਿੱਝਰ) : ਸ਼੍ਰੋਮਣੀ ਅਕਾਲੀ ਦਲ ਬੀਸੀ ਵਿੰਗ ਦੇ ਕੌਮੀ ਪ੍ਰਧਾਨ ਜੱਥੇਦਾਰ ਹੀਰਾ ਸਿੰਘ ਗਾਬੜੀਆ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਬੀਤੇ ਦਿਨੀਂ ਬੀਸੀ ਵਿੰਗ ਦੇ ਵਿਧਾਨ ਸਭਾ ਹਲਕਿਆਂ ਦੇ ਪ੍ਰਧਾਨਾਂ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ। ਇਸ ਤਹਿਤ ਜਤਿੰਦਰ ਸਿੰਘ ਬੌਬੀ ਨੂੰ ਵਿਧਾਨ ਸਭਾ ਹਲਕਾ ਪੱਛਮੀ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਨਿਯੁਕਤੀ ’ਤੇ ਸਮਾਜਸੇਵਕ ਜਰਨੈਲ ਸਿੰਘ ਖੇੜਾ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਬੌਬੀ ਦਾ ਸਨਮਾਨ ਕੀਤਾ ਗਿਆ ਅਤੇ ਉਨ੍ਹਾਂ ਨੂੰ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਵਧਾਈ ਦਿੱਤੀ ਗਈ। ਬੌਬੀ ਨੇ ਖੇੜਾ ਅਤੇ ਉਨ੍ਹਾਂ ਦੇ ਸਾਥੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਹਾਈਕਮਾਂਡ ਵੱਲੋਂ ਉਨ੍ਹਾਂ ’ਤੇ ਜੋ ਭਰੋਸਾ ਪ੍ਰਗਟਾਇਆ ਗਿਆ ਹੈ, ਉਹ ਉਸ ’ਤੇ ਪੂਰੀ ਤਰ੍ਹਾਂ ਖਰਾ ਉਤਰਨ ਦਾ ਯਤਨ ਕਰਨਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਰਮੇਸ਼ ਕੁਮਾਰ, ਜਸਵਿੰਦਰ ਸਿੰਘ ਲਾਡੀ, ਗੁਰਪ੍ਰੀਤ ਸਿੰਘ, ਗੁਰਜੋਤ ਸਿੰਘ, ਰਾਜੀਵ ਬਾਂਸਲ, ਰਾਜਾ, ਵਿੱਕੀ ਜੈਸਵਾਲ, ਮਨੋਜ ਅਰੋੜਾ ਅਤੇ ਰਾਹੁਲ ਵੀ ਮੌਜੂਦ ਸਨ।

# ਸੰਗਰਾਂਦ, ਸੋਮਾਵਤੀ ਮੱਸਿਆ ਅਤੇ ਜਪਤਪ-ਚੁਪਹਿਰਾ ਸਮਾਗਮ ਕਰਵਾਇਆ



ਲੁਧਿਆਣਾ, 15 ਜੂਨ (ਰਵਿੰਦਰ ਸਿੰਘ ਨਿੱਝਰ) : ਗੁਰਦੁਆਰਾ ਸ਼ਹੀਦਾਂ ਫੇਰੂਮਾਨ ਢੋਲੇਵਾਲ ਚੌਕ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਾੜ ਮਹੀਨੇ ਦੀ ਸੰਗਰਾਂਦ, ਸੋਮਾਵਤੀ ਮੱਸਿਆ ਅਤੇ ਜਪਤਪ ਚੌਪਹਿਰਾ ਸਮਾਗਮ ਅਯੋਜਿਤ ਕੀਤਾ ਗਿਆ। ਅੰਮ੍ਰਿਤ ਵੇਲੇ ਤੋਂ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਜਥਿਆਂ ਭਾਈ ਗੁਰਮੇਲ ਸਿੰਘ ਬਰਨਾਲਾ ਵਾਲੇ, ਭਾਈ ਗੁਰਦੀਪ ਸਿੰਘ ਜੈਪੁਰ ਵਾਲੇ, ਭਾਈ ਹਰਪ੍ਰੀਤ ਸਿੰਘ ਖਾਲਸਾ, ਭਾਈ ਪਰਮਵੀਰ ਸਿੰਘ ਲੁਧਿਆਣਾ ਵਾਲਿਆਂ ਵੱਲੋਂ ਇਲਾਹੀ ਬਾਣੀ ਦੇ ਕੀਰਤਨ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਜੱਪਤੱਪ ਚੌਪਹਿਰਾ ਸਮਾਗਮ ਦੌਰਾਨ ਸੰਗਤਾਂ ਵੱਲੋਂ ਜਪੁਜੀ ਸਾਹਿਬ, ਚੌਪਈ ਸਾਹਿਬ ਅਤੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਬੜੀ ਭਾਵਨਾ ਨਾਲ ਕੀਤੇ ਗਏ । ਉਪਰੰਤ ਸਮੂਹ ਸੰਗਤ ਵੱਲੋਂ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਐਡਵੋਕੇਟ ਬਲਵਿੰਦਰ ਸਿੰਘ ਲਾਇਲਪੁਰੀ ਨੇ ਸੰਗਤਾਂ ਦਾ ਧੰਨਵਾਦ ਕੀਤਾ । ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਹੋਰਨਾਂ ਤੋਂ ਇਲਾਵਾ ਦਵਿੰਦਰ ਕੌਰ ਸੋਹਲ, ਹਰਭਜਨ ਕੌਰ, ਹਰਮਿੰਦਰ ਕੌਰ, ਪਰਵਿੰਦਰ ਕੌਰ ਲਾਇਲਪੁਰੀ, ਜਸਮੇਲ ਕੌਰ ਖੇੜੀਕਲਾਂ, ਅਰਵਿੰਦਰ ਕੌਰ, ਰਵਨੀਤ ਕੌਰ ਖੇੜੀਕਲਾਂ, ਅਮਰਜੀਤ ਕੌਰ, ਬਲਜੀਤ ਕੌਰ, ਅਨੂਪ ਕੌਰ, ਰਣਜੀਤ ਕੌਰ, ਮਨਜੀਤ ਕੌਰ ਬੱਬਲ, ਕੁਲਵੰਤ ਕੌਰ ਡੰਗ, ਪਰਮਜੀਤ ਕੌਰ, ਜਸਵਿੰਦਰ ਕੌਰ, ਸੁਰਿੰਦਰ ਕੌਰ, ਨਰਿੰਦਰ ਕੌਰ, ਸੁਖਵਿੰਦਰ ਕੌਰ, ਗੁਰਿੰਦਰ ਕੌਰ, ਬਲਵਿੰਦਰ ਕੌਰ, ਬਲਜੀਤ ਕੌਰ, ਜਸਵੀਰ ਕੌਰ, ਹਰਦੀਪ ਕੌਰ, ਮਨਪ੍ਰੀਤ ਕੌਰ, ਰਜਿੰਦਰ ਕੌਰ, ਪਰਮਜੀਤ ਕੌਰ, ਲਵਦੀਪ ਕੌਰ, ਜੱਥੇਦਾਰ ਹੀਰਾ ਸਿੰਘ ਗਾਬੜੀਆ, ਤਰਲੋਚਨ ਸਿੰਘ ਬੱਬਰ, ਗੁਰਜੀਤ ਸਿੰਘ ਗਿੱਲ ਟੋਨੀ ਐਨਆਰਆਈ, ਮਨਪ੍ਰੀਤ ਸਿੰਘ ਪ੍ਰਿੰਸ, ਅਰਜਨ ਸਿੰਘ ਚੀਮਾ, ਇੰਦਰਜੀਤ ਸਿੰਘ ਮੱਕੜ, ਬਲਜੀਤ ਸਿੰਘ ਦੁਖੀਆ, ਤੇਜਿੰਦਰ ਸਿੰਘ ਡੰਗ, ਪਰਮਜੀਤ ਸਿੰਘ ਲਾਇਲਪੁਰੀ, ਸੁਰਿੰਦਰਜੀਤ ਸਿੰਘ ਮੱਕੜ, ਇੰਦਰਜੀਤ ਸਿੰਘ ਗੋਲਾ, ਮੋਹਨ ਸਿੰਘ ਚੌਹਾਨ, ਜੱਥੇਦਾਰ ਲਖਵਿੰਦਰ ਸਿੰਘ ਲੱਖਾ, ਅਵਤਾਰ ਸਿੰਘ ਪਨੇਸਰ, ਪ੍ਰੀਤਮ ਸਿੰਘ ਮਣਕੂ, ਭਾਈ ਸੁਖਦੇਵ ਸਿੰਘ, ਦਵਿੰਦਰ ਸਿੰਘ ਸਿੱਬਲ, ਗੁਰਮੀਤ ਸਿੰਘ, ਸੁਰਿੰਦਰ ਸਿੰਘ ਨਾਰੰਗ ਵੀ ਗੁਰੂ ਘਰ ਨਤਮਸਤਕ ਹੋਏ।

# ਹਲਕਾ ਦੱਖਣੀ ਦੀਆਂ ਸੜਕਾਂ 50 ਸਾਲ ਪਹਿਲਾਂ ਦੇ ਪਿੰਡਾਂ ਦਾ ਦ੍ਰਿਸ਼ ਪੇਸ਼ ਕਰਦੀਆਂ ਨੇ : ਬਾਵਾ



ਲੁਧਿਆਣਾ, 15 ਜੂਨ (ਰਵਿੰਦਰ ਸਿੰਘ ਨਿੱਝਰ) : ਅੱਜ ਦੱਖਣੀ ਵਿਧਾਨ ਸਭਾ ਹਲਕੇ ਵਿੱਚ ਸੀਨੀਅਰ ਕਾਂਗਰਸੀ ਨੇਤਾ ਕ੍ਰਿਸ਼ਨ ਕੁਮਾਰ ਬਾਵਾ ਕੋਆਰਡੀਨੇਟਰ ਕੁੱਲ ਹਿੰਦ ਕਾਂਗਰਸ ਓ.ਬੀ.ਸੀ ਇੰਚਾਰਜ ਹਿਮਾਚਲ ਪ੍ਰਦੇਸ਼ ਨੇ ਨੁੱਕੜ ਮੀਟਿੰਗਾਂ ਕੀਤੀਆਂ ਜੋ ਸਭ ਤੋਂ ਪਹਿਲਾਂ ਸੂਬੇਦਾਰ ਮੋਹਨ ਸਿੰਘ ਦੇ ਗ੍ਰਹਿ ਵਿਖੇ ਹੋਈ ਜਿਸ ਵਿੱਚ ਗੁਰਦਾਸਪੁਰ ਅਤੇ ਦੀਨਾ ਨਗਰ ਦੀ ਕਾਂਗਰਸ ਪਾਰਟੀ ਦੀ ਜਿੱਤ ’ਤੇ ਲੱਡੂ ਵੰਡੇ ਗਏ। ਫਿਰ ਮਹੇਸ਼ ਊਜਾ, ਪ੍ਰਧਾਨ ਅਮਿਤ ਕੁਮਾਰ ਦੀ ਅਗਵਾਈ ਵਿੱਚ ਲੱਡੂ ਵੰਡੇ ਗਏ। ਇਸ ਸਮੇਂ ਮਾਸਟਰ ਹਰੀਦੇਵ ਬਾਵਾ ਨੇ ਐਸ.ਆਈ.ਆਰ ਬਾਰੇ ਵਰਕਰਾਂ ਨੂੰ ਜਾਣਕਾਰੀ ਦਿੱਤੀ।ਇਸ ਸਮੇਂ ਸ਼੍ਰੀ ਬਾਵਾ ਨੇ ਵਰਕਰ ਮੀਟਿੰਗ ਵਿੱਚ ਕਿਹਾ ਕਿ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵੱਲੋਂ ਅਮਰੀਕਾ ਅੱਗੇ ਗੋਡੇ ਟੇਕਣਾ ਭਾਰਤ ਦੇ ਗੌਰਵਮਈ ਇਤਿਹਾਸ ਨੂੰ ਕਲੰਕਿਤ ਕਰਨਾ ਹੈ। ਉਨ੍ਹਾਂ ਕਿਹਾ ਕਿ ਭਾਰਤ ਨੂੰ ਮਹਿੰਗਾ ਤੇਲ ਲੈਣ ਲਈ ਮਜਬੂਰ ਕਰਨਾ, ਸਾਡੇ ਸਮੁੰਦਰੀ ਜਹਾਜ ਤੇ ਬੰਬਾਰੀ ਕਰਕੇ ਜਾਨੀ ਮਾਲੀ ਨੁਕਸਾਨ ਕਰਨਾ, ਪਰ ਭਾਰਤ ਵੱਲੋਂ ਚੁੱਪੀ ਸਾਧਨਾ, ਭਾਰਤ ਦੇ ਵੱਕਾਰ ਨੂੰ ਸੱਟ ਮਾਰਨਾ ਹੈ। ਉਹਨਾਂ ਕਿਹਾ ਕਿ ਪੰਡਿਤ ਜਵਾਹਰ ਲਾਲ ਨਹਿਰੂ ਦੇ ਕਾਰਜਕਾਲ ਨਾਲੋਂ ਸ੍ਰੀ ਮੋਦੀ ਦਾ ਕਾਰਜਕਾਲ ਵਧਣ ’ਤੇ ਭਾਰਤ ਸਰਕਾਰ ਵੱਲੋਂ ਜਸ਼ਨ ਮਨਾਉਣੇ ਆਪਣੀ ਪਿੱਠ ਆਪ ਥਾਪੜਨਾ ਹੈ। ਉਹਨਾਂ ਕਿਹਾ ਕਿ ਪੰਡਿਤ ਨਹਿਰੂ ਦੇ ਕੀਤੇ ਕੰਮ ਭਾਰਤ ਦੇ ਵਿਕਾਸ ਦੇ ਮੀਲ ਪੱਥਰ ਹਨ। ਉਹਨਾਂ ਵੱਲੋਂ ਬਣਾਏ ਵੱਡੇ ਅਦਾਰੇ, ਰੇਲਵੇ, ਬੰਦਰਗਾਹਾਂ, ਹਸਪਤਾਲ, ਵੱਡੇ ਕਾਰਖਾਨੇ ਮੋਦੀ ਵੱਲੋਂ ਅਡਾਨੀ ਨੂੰ ਵੇਚਣਾ ਕੀ ਇਹ ਭਾਰਤ ਸਰਕਾਰ ਦੀ ਪ੍ਰਾਪਤੀ ਹੈ ਜਾਂ ਨਾਲਾਇਕੀ..? ਇਸ ਦਾ ਫੈਸਲਾ ਭਾਰਤ ਦੇ ਲੋਕ ਰਾਹੁਲ ਗਾਂਧੀ ਦੀ ਉਸਾਰੂ ਸੋਚ ’ਤੇ ਪਹਿਰਾ ਦੇ ਕੇ 2029 ਵਿੱਚ ਕਰਨਗੇ।ਬਾਵਾ ਨੇ ਕਿਹਾ ਕਿ ਅੱਜ ਅਸੀਂ ਦੇਖ ਰਹੇ ਹਾਂ ਕਿ ਦੱਖਣੀ ਹਲਕੇ ਦੀ ਸੜਕਾਂ ਪੰਜਾਬ ਦੇ 50 ਸਾਲ ਪਹਿਲਾਂ ਦੇ ਪਿੰਡਾਂ ਦੇ ਰਾਹਾਂ ਦਾ ਸੀਨ ਪੇਸ਼ ਕਰ ਰਹੀਆਂ ਹਨ। ਉਹਨਾਂ ਕਿਹਾ ਕਿ ਲਾਅ ਐਂਡ ਆਰਡਰ ਦੀ ਹਾਲਾਤ ਚਿੰਤਾਜਨਕ ਹੈ। ਇਸ ਮੌਕੇ ਸੰਜੀਵ ਕੁਮਾਰ, ਰੁਲਦੂ ਸਿੰਘ, ਗੁਰਵਿੰਦਰ ਸਿੰਘ, ਵਿਧੀ ਚੰਦ ਰਾਣਾ, ਸੂਰਜ ਭਾਨ ਜੈਸਵਾਲ, ਜਤਿੰਦਰ ਯਾਦਵ, ਜਗਦੀਸ਼ ਸਿੰਘ, ਅੰਕੁਸ਼ ਪਰਜਾਪਤ, ਹੰਸਰਾਜ, ਪ੍ਰਮੋਦ ਪਾਂਡੇ, ਹਰੀ ਓਮ ਪਾਂਡੇ, ਚੰਦ੍ਰਿਕਾ ਸਿੰਘ, ਜੈ ਰਾਮ, ਧਰਮਿੰਦਰ, ਸੁਰੇਸ਼ ਕੁਮਾਰ, ਤੇਜੀ ਸਿੰਘ, ਅਮਿਤ ਸ਼ੁਕਲਾ ਆਦਿ ਹਾਜ਼ਰ ਸਨ।



ਸ੍ਰੀ ਸੰਦੀਪ ਗੋਇਲ ਆਈ.ਪੀ.ਐਸ. ਦੇ ਲੁਧਿਆਣਾ ਰੇਂਜ ਦੇ ਡੀ.ਆਈ.ਜੀ. ਨਿਯੁਕਤ ਹੋਣ ਤੇ ਸੀਨੀਅਰ ‘ਆਪ’ ਆਗੂ ਤੇ ਅਕਾਲ ਮਾਰਕੀਟ ਰੈਡੀਮੇਡ ਗਾਰਮੈਂਟਸ ਐਸੋਸੀਏਸ਼ਨ ਦੇ ਪ੍ਰਧਾਨ ਮਨਪ੍ਰੀਤ ਸਿੰਘ ਬੰਟੀ ਉਹਨਾਂ ਦਾ ਸਨਮਾਨ ਕਰਦੇ ਹੋਏ। (ਫੋਟੋ ਤੇ ਵੇਰਵਾ : ਰਵਿੰਦਰ ਸਿੰਘ ਨਿੱਝਰ)

# ਪਿੰਡ ਭੁੱਟਾ ਵਿਖੇ ਧਾਰਮਿਕ ਸਮਾਗਮ ਕਰਵਾਇਆ



ਡੇਹਲੋਂ, 15 ਜੂਨ (ਸੰਜੀਵ ਲਹਿਲ) : ਪਿੰਡ ਭੁੱਟਾ ਵਿਖੇ ਗੁਰਦੁਆਰਾ ਭਗਤ ਸ਼੍ਰੀ ਗੁਰੂ ਰਵੀਦਾਸ ਜੀ ਵਿੱਚ ਸੰਤ ਬਾਬਾ ਭਗਵਾਨ ਸਿੰਘ ਜੀ (ਰਾੜਾ ਸਾਹਿਬ ਬੇਗੋਵਾਲ ਵਾਲੇ) ਅਤੇ ਸੰਤ ਗਿਆਨੀ ਜਸਵੰਤ ਸਿੰਘ ਜੀ ਭੁੱਟੇ ਵਾਲਿਆਂ ਦੀ ਪਾਵਨ ਅਤੇ ਨਿੱਘੀ ਯਾਦ ਨੂੰ ਸਮਰਪਿਤ ਮਹਾਨ ਧਾਰਮਿਕ ਸਮਾਗਮ ਬੜੀ ਸ਼ਰਧਾ, ਸਤਿਕਾਰ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਅਤੇ ਸਾਰਾ ਦਿਨ ਸੰਤ-ਮਹਾਂਪੁਰਸ਼ਾਂ, ਰਾਗੀ ਅਤੇ ਢਾਡੀ ਜਥਿਆਂ ਵੱਲੋਂ ਗੁਰਬਾਣੀ ਕੀਰਤਨ ਅਤੇ ਹਰਿ ਜਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ।

ਇਸ ਪਵਿੱਤਰ ਅਵਸਰ ’ਤੇ ਸੰਤ ਬਾਬਾ ਅਮਰੀਕ ਸਿੰਘ ਜੀ ਜਨਹੇੜੀ ਵਾਲੇ, ਭਾਈ ਜਸਕਰਨ ਸਿੰਘ ਜੀ, ਭਾਈ ਕਿਰਪਾਲ ਸਿੰਘ ਜੀ ਸਮੇਤ ਅਨੇਕਾਂ ਰਾਗੀ ਅਤੇ ਢਾਡੀ ਜਥਿਆਂ ਨੇ ਹਾਜ਼ਰੀ ਭਰ ਕੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ।

ਸਮਾਗਮ ਵਿੱਚ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਖੇਤਰ ਦੀਆਂ ਪ੍ਰਮੁੱਖ ਸ਼ਖਸੀਅਤਾਂ ਨੇ ਵੀ ਆਪਣੀਆਂ ਹਾਜ਼ਰੀਆਂ ਲਗਵਾਈਆਂ। ਇਸ ਮੌਕੇ ਜਗਦੀਸ਼ ਸਿੰਘ ਗਰਚਾ (ਸਾਬਕਾ ਮੰਤਰੀ), ਚਰਨ ਸਿੰਘ ਆਲਮਗੀਰ (ਮੈਂਬਰ ਸ਼੍ਰੋਮਣੀ ਕਮੇਟੀ), ਹਰਪਾਲ ਸਿੰਘ ਜੱਲ੍ਹਾ (ਮੈਂਬਰ ਐਸ.ਜੀ.ਪੀ.ਸੀ.), ਜਰਨੈਲ ਸਿੰਘ ਸ਼ਿਮਲਾਪੁਰੀ, ਬੀਬੀ ਸਰਬਜੀਤ ਕੌਰ (ਸਾਬਕਾ ਡਿਪਟੀ ਮੇਅਰ), ਸਾਬਕਾ ਸਰਪੰਚ ਜਗਮੇਲ ਸਿੰਘ, ਸਾਬਕਾ ਸਰਪੰਚ ਪਿਆਰਾ ਸਿੰਘ, ਜਰਨੈਲ ਸਿੰਘ ਭੁੱਟਾ, ਗਿਆਨੀ ਗੁਰਚਰਨ ਸਿੰਘ, ਪ੍ਰਿਤਪਾਲ ਸਿੰਘ ਭੁੱਟਾ, ਦਰਸ਼ਨ ਸਿੰਘ ਮੰਡ ਭੁੱਟਾ, ਅਮਨਦੀਪ ਸਿੰਘ ਪੰਚ ਭੁੱਟਾ ਅਤੇ ਇਲਾਕੇ ਦੀਆਂ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕਰਕੇ ਸਮਾਗਮ ਦੀ ਸ਼ੋਭਾ ਵਧਾਈ।

ਅੰਤ ਵਿੱਚ ਜਗਤਾਰ ਸਿੰਘ ਭੋਲਾ ਨੇ ਸਟੇਜ ਅਤੇ ਸਪੀਕਰ ਦੀ ਸੇਵਾ ਨਿਭਾਉਂਦਿਆਂ ਪਹੁੰਚੀਆਂ ਸਮੂਹ ਸੰਗਤਾਂ, ਮਹਾਂਪੁਰਸ਼ਾਂ ਅਤੇ ਮਹਿਮਾਨਾਂ ਦਾ ਦਿਲੋਂ ਧੰਨਵਾਦ ਕੀਤਾ ਅਤੇ ਸਮਾਗਮ ਦੀ ਸਫ਼ਲਤਾ ਲਈ ਸਹਿਯੋਗ ਦੇਣ ਵਾਲਿਆਂ ਦਾ ਵਿਸ਼ੇਸ਼ ਆਭਾਰ ਪ੍ਰਗਟਾਇਆ।

# ਕਾਂਗਰਸ ਨੂੰ ਝਟਕਾ: ਰਿੰਕਾ ਹਸਨਪੁਰ ਸਾਥੀਆਂ ਸਮੇਤ 'ਆਪ' ਵਿੱਚ ਸ਼ਾਮਲ



ਧੂਰੀ, 15 ਜੂਨ (ਰਾਜੇਸ਼ਵਰ ਪਿੰਟੂ ਅਮਨ ਗਰਗ) : ਹਲਕਾ ਧੂਰੀ ਵਿੱਚ ਕਾਂਗਰਸ ਪਾਰਟੀ ਨੂੰ ਉਸ ਸਮੇਂ ਇੱਕ ਬਹੁਤ ਵੱਡਾ ਸਿਆਸੀ ਝਟਕਾ ਲੱਗਿਆ, ਜਦੋਂ ਪਿੰਡ ਹਸਨਪੁਰ ਦੇ ਮੌਜੂਦਾ ਸਰਪੰਚ ਦੇ ਪਤੀ ਅਤੇ ਸੀਨੀਅਰ ਕਾਂਗਰਸੀ ਆਗੂ ਰਵਿੰਦਰ ਕੁਮਾਰ ਰਿੰਕਾ ਹਸਨਪੁਰ ਆਪਣੇ ਦਰਜਨਾਂ ਸਾਥੀਆਂ ਅਤੇ ਸਮਰਥਕਾਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ।ਰਿੰਕਾ ਹਸਨਪੁਰ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਓ.ਐਸ.ਡੀ. ਸੁਖਵੀਰ ਸਿੰਘ ਨੇ ਰਸਮੀ ਤੌਰ ਤੇ ਸਿਰੋਪਾਓ ਪਾ ਕੇ ਆਪ ਪਰਿਵਾਰ ਵਿੱਚ ਜੀ ਆਇਆਂ ਨੂੰ ਆਖਿਆ। ਇਸ ਮੌਕੇ ਸੁਖਵੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਲੋਕ-ਪੱਖੀ ਅਤੇ ਵਿਕਾਸ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਵੱਖ-ਵੱਖ ਪਾਰਟੀਆਂ ਦੇ ਆਗੂ ਲਗਾਤਾਰ ਆਮ ਆਦਮੀ ਪਾਰਟੀ ਨਾਲ ਜੁੜ ਰਹੇ ਹਨ।ਦੂਜੇ ਪਾਸੇ,ਆਪ ਵਿੱਚ ਸ਼ਾਮਲ ਹੋਣ ਉਪਰੰਤ ਰਵਿੰਦਰ ਕੁਮਾਰ ਰਿੰਕਾ ਹਸਨਪੁਰ ਨੇ ਕਿਹਾ ਕਿ ਉਹ ਪਾਰਟੀ ਦੀਆਂ ਨੀਤੀਆਂ ਤੇ ਪੂਰਾ ਪਹਿਰਾ ਦੇਣਗੇ। ਉਨ੍ਹਾਂ ਭਰੋਸਾ ਦਿਵਾਇਆ ਕਿ ਉਹ ਅਤੇ ਉਨ੍ਹਾਂ ਦੀ ਟੀਮ ਹਲਕਾ ਧੂਰੀ ਅਤੇ ਪਿੰਡ ਹਸਨਪੁਰ ਦੇ ਵਿਕਾਸ ਲਈ ਦਿਨ-ਰਾਤ ਇੱਕ ਕਰਕੇ ਕੰਮ ਕਰਨਗੇ ਤਾਂ ਜੋ ਸਰਕਾਰ ਦੀਆਂ ਸਕੀਮਾਂ ਨੂੰ ਹਰ ਲੋੜਵੰਦ ਤੱਕ ਪਹੁੰਚਾਇਆ ਜਾ ਸਕੇ।

# ਅੱਗਰਵਾਲ ਚੈਰੀਟੇਬਲ ਟਰੱਸਟ ਵੱਲੋਂ ਕੌਂਸਲਰ ਸੋਨੀ ਬਾਂਸਲ ਦਾ ਸਨਮਾਨ



ਧੂਰੀ, 15 ਜੂਨ (ਰਾਜੇਸ਼ਵਰ ਪਿੰਟੂ, ਅਮਨ ਗਰਗ) :ਧੂਰੀ ਸ਼ਹਿਰ ਦੇ ਵਾਰਡ ਨੰਬਰ 14 ਤੋਂ ਕੌਂਸਲਰ ਬਣੇ ਸੰਦੀਪ ਸੋਨੀ ਬਾਂਸਲ ਦਾ ਅੱਜ ਅੱਗਰਵਾਲ ਚੈਰੀਟੇਬਲ ਟਰੱਸਟ, ਪ੍ਰਾਚੀਨ ਸ਼ਿਵ ਮੰਦਿਰ, ਕ੍ਰਾਂਤੀ ਚੌਂਕ ਧੂਰੀ ਵਿਖੇ ਪ੍ਰਧਾਨ ਐਡਵੋਕੇਟ ਰਾਜ ਕੁਮਾਰ ਸਿੰਗਲਾ ਅਤੇ ਚੇਅਰਮੈਨ ਡਾ. ਰਾਕੇਸ਼ ਸਿੰਗਲਾ ਦੀ ਅਗਵਾਈ ਹੇਠ ਸਨਮਾਨ ਕਰਦਿਆ ਮੁਬਾਰਕਬਾਦ ਦਿੱਤੀ ਗਈ। ਇਸ ਮੌਕੇ ਸੰਸਥਾਂ ਦੇ ਆਗੂ ਰੋਸ਼ਨ ਲਾਲ, ਮਨਜੀਤ ਸਿੰਘ ਬਖ਼ਸੀ ਆਦਿ ਵੀ ਹਾਜਰ ਸਨ।ਸੰਸਥਾਂ ਦੇ ਪ੍ਰਧਾਨ ਐਡਵੋਕੇਟ ਰਾਜ ਕੁਮਾਰ ਸਿੰਗਲਾ ਅਤੇ ਚੇਅਰਮੈਨ ਡਾ. ਰਾਕੇਸ਼ ਸਿੰਗਲਾ ਨੈ ਸੰਬੋਧਨ ਕਰਦਿਆਂ ਨਵੇਂ ਚੁਣੇ ਗਏ ਕੌਂਸਲਰ ਸੰਦੀਪ ਸੋਨੀ ਬਾਂਸਲ ਨੂੰ ਸਿਰੋਪਾਓ ਭੇਟ ਕਰਕੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਅਤੇ ਭਵਿੱਖ ਵਿੱਚ ਸ਼ਹਿਰ ਦੀ ਸੇਵਾ ਲਈ ਮੁਬਾਰਕਬਾਦ ਦਿੱਤੀ।ਇਸ ਮੌਕੇ ਹਾਜ਼ਰ ਬੁਲਾਰਿਆਂ ਨੇ ਉਮੀਦ ਜਤਾਈ ਕਿ ਸੰਦੀਪ ਸੋਨੀ ਬਾਂਸਲ ਆਪਣੇ ਵਾਰਡ ਦੇ ਨਾਲ-ਨਾਲ ਪੂਰੇ ਧੂਰੀ ਸ਼ਹਿਰ ਦੇ ਵਿਕਾਸ ਲਈ ਦਿਨ-ਰਾਤ ਇੱਕ ਕਰਨਗੇ। ਸਮਾਰੋਹ ਦੌਰਾਨ ਸੰਸਥਾ ਦੇ ਪ੍ਰਮੁੱਖ ਆਗੂ ਰੋਸ਼ਨ ਲਾਲ, ਮਨਜੀਤ ਸਿੰਘ ਬਖ਼ਸੀ ਅਤੇ ਹੋਰ ਪਤਵੰਤੇ ਸੱਜਣ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ, ਜਿਨ੍ਹਾਂ ਨੇ ਨਵ-ਨਿਯੁਕਤ ਕੌਂਸਲਰ ਨੂੰ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਜਤਾਇਆ। ਅਖੀਰ ਵਿੱਚ ਕੌਂਸਲਰ ਸੰਦੀਪ ਸੋਨੀ ਬਾਂਸਲ ਨੇ ਟਰੱਸਟ ਅਤੇ ਸ਼ਹਿਰ ਨਿਵਾਸੀਆਂ ਦਾ ਇਸ ਮਾਨ-ਸਨਮਾਨ ਲਈ ਤਹਿ ਦਿਲੋਂ ਧੰਨਵਾਦ ਕੀਤਾ।

# ਆਕਸਫੋਰਡ ਦੇ ਵਿਦਿਆਰਥੀਆਂ ਨੇ ਮਾਣਿਆ ਹਿਮਾਚਲ ਦੀਆਂ ਸੁੰਦਰ ਵਾਦੀਆਂ ਦਾ ਆਨੰਦ



ਭਗਤਾ ਭਾਈ ਕਾ, 15 ਜੂਨ (ਸਵਰਨ ਸਿੰਘ ਭਗਤਾ) : ਦਾ ਆਕਸਫ਼ੋਰਡ ਸਕੂਲ ਆਫ ਐਜੂਕੇਸ਼ਨ ,ਇੱਕ ਅਜਿਹੀ ਵਿੱਦਿਅਕ ਸੰਸਥਾ ਹੈ, ਜੋ ਵਿਦਿਆਰਥੀਆਂ ਦੇ ਬੌਧਿਕ ਅਤੇ ਮਾਨਸਿਕ ਪੱਧਰ ਨੂੰ ਉੱਚਾ ਚੁੱਕਣ ਲਈ ਯਤਨਸ਼ੀਲ ਰਹਿੰਦੀ ਹੈ। ਇਸ ਯਤਨ ਦੇ ਤਹਿਤ ਹੀ ਇਹ ਸੰਸਥਾ ਵੱਲੋਂ ਵਿਦਿਆਰਥੀਆਂ ਲਈ ਜੂਨ ਦੀਆਂ ਛੁੱਟੀਆਂ ਨੂੰ ਮੱਦੇਨਜ਼ਰ ਰੱਖਦੇ ਹੋਏ ਇੱਕ ਟੂਰ ਉਲੀਕਿਆ ਗਿਆ। ਸਕੂਲ ਦੇ ਪ੍ਰਿੰਸੀਪਲ ਰੂਪ ਲਾਲ ਬਾਂਸਲ ਦੀ ਅਗਵਾਈ ਵਿੱਚ 104 ਵਿਦਿਆਰਥੀ , ਸੱਤ ਅਧਿਆਪਕਾਂ ਅਤੇ ਇੱਕ ਗਾਈਡ ਸਮੇਤ ਸਕੂਲ ਕੈਂਪਸ ਵਿੱਚੋਂ ਰਵਾਨਾ ਹੋਏ। ਇਹ ਟੂਰ ਵਿੱਚ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਲਿਜਾਇਆ ਗਿਆ। ਇਸ ਸਮੇਂ ਸ਼ਿਮਲਾ ਅਤੇ ਕੁਫਰੀ ਵਰਗੇ ਰਮਣੀਕ ਅਤੇ ਠੰਢੇ ਸਥਾਨ 'ਤੇ ਜਾਣ ਕਾਰਨ ਵਿਦਿਆਰਥੀ ਬੜੇ ਉਤਸ਼ਾਹਿਤ ਨਜ਼ਰ ਆ ਰਹੇ ਸਨ। ਵਿਦਿਆਰਥੀਆਂ ਨੇ ਸ਼ਿਮਲਾ ਪਹੁੰਚ ਕੇ ਬਹੁਤ ਹੀ ਪੁਰਾਤਨ ਅਤੇ ਇਤਿਹਾਸਿਕ ਜਾਖੂ ਮੰਦਰ ਦੇ ਦਰਸ਼ਨ ਕੀਤੇ। ਵਿਦਿਆਰਥੀਆਂ ਨੇ ਸ਼ਿਮਲੇ ਵਿੱਚ ਲੱਕੜ ਬਾਜ਼ਾਰ ਅਤੇ ਮਾਲ ਰੋਡ ਦੀ ਰੌਣਕ ਦਾ ਆਨੰਦ ਵੀ ਮਾਣਿਆ। ਕੁਫਰੀ ਵਿੱਚ ਵਿਦਿਆਰਥੀਆਂ ਨੇ ਟਰੈਕਿੰਗ ਕਰਕੇ ਚਿੜੀਆ ਘਰ ਦੀ ਸੈਰ ਕੀਤੀ ।ਸਕੂਲ ਵਾਪਸ ਪਹੁੰਚਣ 'ਤੇ ਵਿਦਿਆਰਥੀਆਂ ਨੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨ ਸਰਪ੍ਰਸਤ ਹਰਦੇਵ ਸਿੰਘ ਬਰਾੜ (ਸਾਬਕਾ ਚੇਅਰਮੈਨ), ਹਰਗੁਰਪ੍ਰੀਤ ਸਿੰਘ ਗਗਨ ਬਰਾੜ (ਚੇਅਰਮੈਨ), ਗੁਰਮੀਤ ਸਿੰਘ ਗਿੱਲ (ਪ੍ਰਧਾਨ), ਪਰਮਪਾਲ ਸਿੰਘ 'ਸ਼ੈਰੀ ਢਿੱਲੋਂ' (ਵਾਈਸ ਚੇਅਰਮੈਨ), ਰਾਜਵਿੰਦਰ ਸਿੰਘ ਸੋਢੀ (ਜਨਰਲ ਸਕੱਤਰ), ਗੁਰਮੀਤ ਸਿੰਘ ਗਿੱਲ (ਸਰਪੰਚ) ਅਤੇ ਸਕੂਲ ਦੇ ਪ੍ਰਿੰਸੀਪਲ ਰੂਪ ਲਾਲ ਬਾਂਸਲ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਅਸੀਂ 'ਆਪ' ਦੇ ਯਤਨਾ ਸਦਕਾ ਹੀ ਇਸ ਟੂਰ ਦਾ ਆਨੰਦ ਮਾਣ ਸਕੇ ਹਾਂ।

# ਈਟੀਟੀ ਅਧਿਆਪਕਾਂ ਨੇ ਪਰਿਵਾਰਾਂ ਸਮੇਤ ਦਿੜ੍ਹਬਾ ਦੇ ਪਿੰਡਾਂ ਵਿੱਚ ਕੀਤਾ ਪ੍ਰਦਰਸ਼ਨ



ਦਿੜ੍ਹਬਾ ਮੰਡੀ, 15 ਜੂਨ (ਸੁਖਵਿੰਦਰ ਸਿੰਘ ਵਿਰਕ ) :ਈਟੀਟੀ ਟੈਟ ਪਾਸ ਅਧਿਆਪਕ ਐਸੋਸੀਏਸ਼ਨ ਜੈ ਸਿੰਘ ਵਾਲਾ ਵੱਲੋਂ ਪਿਛਲੇ ਦਿਨੀ ਦਿੜ੍ਹਬਾ ਹਲਕਾ ਦੇ ਕਈ ਪਿੰਡਾਂ ਵਿੱਚ ਸਰਕਾਰ ਖਿਲਾਫ ਰੋਸ ਮੁਜ਼ਾਹਰੇ ਕਰਨ ਤੋਂ ਇਲਾਵਾ ਦਿੜ੍ਹਬਾ ਸ਼ਹਿਰ ਵਿਖੇ ਰਾਤ ਨੂੰ ਜਾਗੋ ਕੱਢਣ ਤੋਂ ਬਾਅਦ 180 ਈਟੀਟੀ ਅਧਿਆਪਕ ਯੂਨੀਅਨ ਪਰਿਵਾਰਾਂ ਸਮੇਤ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਅਤੇ ਗੌਰਮਿੰਟ ਟੀਚਰ ਯੂਨੀਅਨ ਪੰਜਾਬ ਨਾਲ ਮਿਲ ਕੇ ਹਲਕਾ ਦਿੜ੍ਹਬਾ ਦੇ ਪਿੰਡ ਖੇਤਲਾ ਅਤੇ ਕਾਕੂਵਾਲਾ ਵਿਖੇ ਪੰਜਾਬ ਸਰਕਾਰ ਦੇ ਖਿਲਾਫ ਪ੍ਰਚਾਰ ਕੀਤਾ ਗਿਆ। ਇਸ ਰੈਲੀ ਵਿੱਚ ਗੌਰਮਿੰਟ ਟੀਚਰਜ਼ ਯੂਨੀਅਨ ਤੋਂ ਜ਼ਿਲ੍ਹਾ ਪਟਿਆਲਾ ਦੇ ਪ੍ਰਧਾਨ ਜਸਵਿੰਦਰ ਸਿੰਘ ਸਮਾਣਾ, ਬਲਾਕ ਆਗੂ ਗੁਰਵਿੰਦਰ ਸਿੰਘ ਖੰਗੂੜਾ; ਜ਼ਿਲ੍ਹਾ ਸੰਗਰੂਰ ਪ੍ਰਧਾਨ ਦੇਵੀ ਦਿਆਲ, ਜ਼ਿਲ੍ਹਾ ਜਨਰਲ ਸਕੱਤਰ ਫਕੀਰ ਸਿੰਘ ਸਮੇਤ ਪਿੰਡਾਂ ਵਿੱਚ ਅਧਿਆਪਕ ਅਤੇ ਕਿਸਾਨ ਪੈਦਲ ਮਾਰਚ ਕਰਕੇ ਘਰ ਘਰ ਵਿੱਚ ਸਰਕਾਰ ਖਿਲਾਫ ਪੈਂਫਲੇਟ ਵੰਡੇ। ਸੂਬਾ ਪ੍ਰਧਾਨ ਕਮਲ ਠਾਕੁਰ ਨੇ ਦੱਸਿਆ ਕਿ ਇਸ ਰੈਲੀ ਨਾਲ ਪੰਜਾਬ ਸਰਕਾਰ ਦੁਆਰਾ ਲੋਕਾਂ ਨਾਲ ਕੀਤੇ ਗਏ ਝੂਠੇ ਵਾਅਦਿਆਂ ਦੀ ਪੋਲ ਖੋਲੀ ਗਈ ਹੈ। ਇਸ ਤਹਿਤ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਇਸ ਸਮੇਂ ਇਹਨਾਂ ਅਧਿਆਪਕਾਂ ਵੱਲੋਂ ਝੂਠੇ ਵਾਅਦਿਆਂ ਸੰਬੰਧੀ ਪਿੰਡ ਖੇਤਲਾ ਅਤੇ ਕਾਕੂਵਾਲਾ ਦੇ ਹਰ ਗਲੀ ਮੁਹੱਲੇ ਵਿੱਚ ਪੋਸਟਰ ਵੀ ਚਿਪਕਾਏ ਗਏ ਸੂਬਾ ਜਨਰਲ ਸਕੱਤਰ ਸੋਹਨ ਸਿੰਘ ਨੇ ਦੱਸਿਆ ਕਿ ਲੰਬੇ ਸਮੇਂ ਤੋਂ 180 ਈ ਟੀ ਟੀ ਅਧਿਆਪਕਾਂ ਨਾਲ ਲਾਰੇਬਾਜ਼ੀ ਕਰਕੇ ਟਾਈਮ ਟਪਾਇਆ ਜਾ ਰਿਹਾ ਹ।ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਗੰਡੂਆਂ, ਬਲਾਕ ਦਿੜ੍ਹਬਾ ਪ੍ਰਧਾਨ ਹਰਜੀਤ ਸਿੰਘ ਮਹਿਲਾਂ, ਬਲਾਕ ਆਗੂ ਮਿਸ਼ਰਾ ਸਿੰਘ, ਬਲਾਕ ਆਗੂ ਹਰਬੰਸ ਸਿੰਘ ਦਿੜ੍ਹਬਾ, ਖੇਤਲਾ ਇਕਾਈ ਪ੍ਰਧਾਨ ਹਰਪਾਲ ਸਿੰਘ, ਪਿੰਡ ਖੇਤਲਾ ਅਤੇ ਕਾਕੂਵਾਲਾ ਤੋਂ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ । ਇਸ ਮੌਕੇ ਗੁਰਪ੍ਰੀਤ ਸਿੱਧੂ ਪਟਿਆਲਾ, ਗੁਰਮੁਖ ਸਿਰਸਾ, ਪਰਿਵਾਰਾਂ ਸਮੇਤ ਹਾਜ਼ਰ ਸਨ।

# ਬਠਿੰਡਾ ਨਗਰ ਨਿਗਮ ਨੇ 6 ਸਾਲਾਂ 'ਚ ਮਹਿਜ਼ 3950 ਰੇਹੜੀਆਂ ਦੇ ਲਾਇਸੰਸ ਕੀਤੇ ਜਾਰੀ, ਕਮਾਈ ਵੀ ਨਾਂਮਾਤਰ

## *ਨਿਗਮ ਕੋਲ ਨਾ ਤਾਂ ਰੇਹੜੀ ਵਾਲਿਆਂ ਦੀ ਮੌਜੂਦਾ ਗਿਣਤੀ ਹੈ ਅਤੇ ਨਾ ਹੀ ਕਿਸੇ ਤਾਜ਼ਾ ਸਰਵੇਖਣ ਦਾ ਰਿਕਾਰਡ*

ਬਠਿੰਡਾ, 15 ਜੂਨ (ਦੀਪਕ ਸ਼ਰਮਾ) : ਸ਼ਹਿਰ ਦੀਆਂ ਸੜਕਾਂ, ਬਾਜ਼ਾਰਾਂ ਅਤੇ ਜਨਤਕ ਥਾਵਾਂ 'ਤੇ ਹਜ਼ਾਰਾਂ ਰੇਹੜੀ-ਫ਼ੜੀ ਵਾਲੇ ਰੋਜ਼ਾਨਾ ਆਪਣਾ ਕਾਰੋਬਾਰ ਕਰ ਰਹੇ ਹਨ, ਪਰ ਨਗਰ ਨਿਗਮ ਬਠਿੰਡਾ ਕੋਲ ਉਹਨਾਂ ਦੀ ਅਸਲ ਗਿਣਤੀ ਦਾ ਕੋਈ ਰਿਕਾਰਡ ਮੌਜੂਦ ਨਹੀਂ ਹੈ। ਸੂਚਨਾ ਦੇ ਅਧਿਕਾਰ ਤਹਿਤ ਸਾਹਮਣੇ ਆਏ ਤੱਥਾਂ ਨੇ ਨਿਗਮ ਦੇ ਰੇਹੜੀ-ਫ਼ੜੀ ਪ੍ਰਬੰਧ, ਰਿਕਾਰਡ ਰੱਖਣ ਦੇ ਤਰੀਕੇ ਅਤੇ ਨਿਗਰਾਨੀ ਪ੍ਰਣਾਲੀ 'ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਪਿਛਲੇ ਛੇ ਸਾਲਾਂ ਦੌਰਾਨ ਨਿਗਮ ਨੇ ਸਿਰਫ਼ 3950 ਰੇਹੜੀ ਲਾਇਸੰਸ ਜਾਰੀ ਕੀਤੇ ਅਤੇ ਇਸ ਦੇ ਬਦਲੇ ਮਹਿਜ਼ 3 ਲੱਖ 1 ਹਜ਼ਾਰ ਰੁਪਏ ਦੀ ਆਮਦਨ ਦਰਜ ਕੀਤੀ ਹੈ। ਆਰ.ਟੀ.ਆਈ. ਕਾਰਕੁਨ ਅਤੇ ਗਾਹਕ ਜਾਗੋ ਸੰਸਥਾ ਦੇ ਸਕੱਤਰ ਸੰਜੀਵ ਗੋਇਲ ਵੱਲੋਂ ਦਾਇਰ ਕੀਤੀ ਗਈ ਅਰਜ਼ੀ ਦੇ ਜਵਾਬ ਵਿੱਚ ਨਗਰ ਨਿਗਮ ਨੇ ਮੰਨਿਆ ਹੈ ਕਿ ਸ਼ਹਿਰ ਵਿੱਚ ਮੌਜੂਦ ਰੇਹੜੀ-ਫ਼ੜੀ ਵਾਲਿਆਂ ਦੀ ਕੁੱਲ ਜਾਂ ਅੰਦਾਜ਼ਨ ਗਿਣਤੀ ਦਾ ਕੋਈ ਰਿਕਾਰਡ ਉਪਲਬਧ ਨਹੀਂ ਹੈ ਅਤੇ ਸਾਲ 2016 ਤੋਂ ਬਾਅਦ ਇਹਨਾਂ ਦੀ ਗਿਣਤੀ ਲਈ ਕੋਈ ਸਰਵੇਖਣ ਵੀ ਨਹੀਂ ਕਰਵਾਇਆ ਗਿਆ।ਨਗਰ ਨਿਗਮ ਦੇ ਸੁਪਰਡੈਂਟ ਅਤੇ ਲੋਕ ਸੂਚਨਾ ਅਫ਼ਸਰ ਵੱਲੋਂ ਮੁਹੱਈਆ ਕਰਵਾਏ ਗਏ ਰਿਕਾਰਡ ਅਨੁਸਾਰ ਸਾਲ 2018-19 ਤੋਂ ਸਾਲ 2025-26 ਤੱਕ ਕੁੱਲ 3950 ਲਾਇਸੰਸ ਜਾਰੀ ਕੀਤੇ ਗਏ, ਜਿਸ ਤੋਂ ਨਿਗਮ ਨੂੰ ਕੁੱਲ 3.01 ਲੱਖ ਰੁਪਏ ਦੀ ਆਮਦਨ ਹੋਈ। ਸਾਲ 2019-20 ਵਿੱਚ ਸਭ ਤੋਂ ਵੱਧ 1321 ਲਾਇਸੰਸ ਜਾਰੀ ਕੀਤੇ ਗਏ, ਜਦੋਂ ਕਿ ਸਾਲ 2020-21 ਵਿੱਚ 890 ਅਤੇ ਸਾਲ 2022-23 ਵਿੱਚ 868 ਲਾਇਸੰਸ ਬਣਾਏ ਗਏ। ਰਿਕਾਰਡ ਅਨੁਸਾਰ ਸਾਲ 2018-19 ਵਿੱਚ 470 ਲਾਇਸੰਸਾਂ ਤੋਂ 8 ਹਜ਼ਾਰ ਰੁਪਏ, ਸਾਲ 2019-20 ਵਿੱਚ 1321 ਲਾਇਸੰਸਾਂ ਤੋਂ 1.20 ਲੱਖ ਰੁਪਏ, ਸਾਲ 2020-21 ਵਿੱਚ 890 ਲਾਇਸੰਸਾਂ ਤੋਂ 77 ਹਜ਼ਾਰ ਰੁਪਏ, ਸਾਲ 2021-22 ਵਿੱਚ 175 ਲਾਇਸੰਸਾਂ ਤੋਂ 11 ਹਜ਼ਾਰ ਰੁਪਏ, ਸਾਲ 2022-23 ਵਿੱਚ 868 ਲਾਇਸੰਸਾਂ ਤੋਂ 70 ਹਜ਼ਾਰ ਰੁਪਏ ਅਤੇ ਸਾਲ 2025-26 ਵਿੱਚ 226 ਲਾਇਸੰਸਾਂ ਤੋਂ 15 ਹਜ਼ਾਰ ਰੁਪਏ ਦੀ ਆਮਦਨ ਦਿਖਾਈ ਗਈ ਹੈ। ਹਾਲਾਂਕਿ, ਵਿੱਤੀ ਸਾਲ 2023-24 ਅਤੇ 2024-25 ਦਾ ਕੋਈ ਵੀ ਰਿਕਾਰਡ ਬਿਨੈਕਾਰ ਨੂੰ ਮੁਹੱਈਆ ਨਹੀਂ ਕਰਵਾਇਆ ਗਿਆ, ਜਿਸ ਨਾਲ ਇਹ ਸਵਾਲ ਉੱਠ ਰਿਹਾ ਹੈ ਕਿ ਕੀ ਇਹਨਾਂ ਸਾਲਾਂ ਦਾ ਰਿਕਾਰਡ ਨਿਗਮ ਕੋਲ ਹੈ ਹੀ ਨਹੀਂ ਜਾਂ ਫਿਰ ਸੂਚਨਾ ਅਧੂਰੀ ਦਿੱਤੀ ਗਈ ਹੈ।ਸ਼ਹਿਰ ਦੇ ਕੋਰਟ ਰੋਡ, ਅਮਰੀਕ ਸਿੰਘ ਰੋਡ, ਮਾਲ ਰੋਡ, ਸਦਰ ਬਾਜ਼ਾਰ, ਹਸਪਤਾਲ ਬਾਜ਼ਾਰ, ਸਬਜ਼ੀ ਮੰਡੀ ਖੇਤਰ, ਬਿਜਲੀ ਘਰ ਰੋਡ, ਬੱਸ ਸਟੈਂਡ ਅਤੇ ਸਿਵਲ ਹਸਪਤਾਲ ਦੇ ਆਲੇ-ਦੁਆਲੇ ਵੱਡੀ ਗਿਣਤੀ ਵਿੱਚ ਰੇਹੜੀਆਂ ਲੱਗਦੀਆਂ ਹਨ। ਇਹਨਾਂ ਖੇਤਰਾਂ ਵਿੱਚ ਅਕਸਰ ਆਵਾਜਾਈ ਜਾਮ ਅਤੇ ਨਾਜਾਇਜ਼ ਕਬਜ਼ਿਆਂ ਦੀਆਂ ਸ਼ਿਕਾਇਤਾਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਇਸ ਦੇ ਬਾਵਜੂਦ ਨਿਗਮ ਕੋਲ ਨਾ ਤਾਂ ਰੇਹੜੀ ਵਾਲਿਆਂ ਦੀ ਮੌਜੂਦਾ ਗਿਣਤੀ ਹੈ ਅਤੇ ਨਾ ਹੀ ਕਿਸੇ ਤਾਜ਼ਾ ਸਰਵੇਖਣ ਦਾ ਕੋਈ ਰਿਕਾਰਡ ਮੌਜੂਦ ਹੈ। ਇਸ ਤੋਂ ਪਹਿਲਾਂ ਜਨਵਰੀ 2026 ਵਿੱਚ ਇੱਕ ਹੋਰ ਆਰ.ਟੀ.ਆਈ. ਦੇ ਜਵਾਬ ਵਿੱਚ ਨਗਰ ਨਿਗਮ ਨੇ ਦੱਸਿਆ ਸੀ ਕਿ ਸਾਲ 2016 ਤੋਂ ਬਾਅਦ ਰੇਹੜੀ-ਫ਼ੜੀ ਵਾਲਿਆਂ ਦੀ ਗਿਣਤੀ ਸੰਬੰਧੀ ਕੋਈ ਸਰਵੇਖਣ ਨਹੀਂ ਹੋਇਆ, ਯਾਨੀ ਲਗਭਗ ਇੱਕ ਦਹਾਕੇ ਤੋਂ ਸ਼ਹਿਰ ਵਿੱਚ ਸਟ੍ਰੀਟ ਵੈਂਡਰਾਂ ਦਾ ਕੋਈ ਅਧਿਕਾਰਤ ਮੁਲਾਂਕਣ ਨਹੀਂ ਕੀਤਾ ਗਿਆ। ਇਸ ਦੇ ਨਾਲ ਹੀ ਰੇਹੜੀ-ਫ਼ੜੀ ਵਾਲਿਆਂ ਲਈ ਨਿਰਧਾਰਿਤ ਵੈਂਡਿੰਗ ਜ਼ੋਨ ਵਿਕਸਿਤ ਕਰਕੇ ਆਵਾਜਾਈ ਅਤੇ ਨਾਜਾਇਜ਼ ਕਬਜ਼ਿਆਂ ਦੀ ਸਮੱਸਿਆ ਦਾ ਪੱਕਾ ਹੱਲ ਕੀਤਾ ਜਾਵੇ। ਹੁਣ ਇਹ ਦੇਖਣਾ ਬਾਕੀ ਹੈ ਕਿ ਨਿਗਮ ਪ੍ਰਸ਼ਾਸਨ ਇਸ ਖੁਲਾਸੇ ਤੇ ਕੀ ਸਪਸ਼ਟੀਕਰਨ ਦਿੰਦਾ ਹੈ ਅਤੇ ਵਿਵਸਥਾ ਨੂੰ ਸੁਧਾਰਨ ਲਈ ਕੀ ਕਦਮ ਚੁੱਕਦਾ ਹੈ।

# ਨਿਊਜ਼ਕਲਿੱਕ ਦੇ ਸੰਪਾਦਕ ਵਿਰੁੱਧ ਐਫ. ਆਈ. ਆਰ ਰੱਦ ਕਰਨ ਦਾ ਇੰਡੀਅਨ ਜਰਨਲਿਸਟ ਯੂਨੀਅਨ ਵੱਲੋਂ ਜ਼ੋਰਦਾਰ ਸੁਆਗਤ



ਭੁੱਚੋ ਮੰਡੀ ਨਥਾਣਾ , 15 ਜੂਨ (ਹਰਬੰਸ ਸਿੰਘ ਭੋਲਾ) :ਇੰਡੀਅਨ ਜਰਨਲਿਸਟ ਯੂਨੀਅਨ (ਆਈ. ਜੇ. ਯੂ) ਨੇ ਦਿੱਲੀ ਹਾਈ ਕੋਰਟ ਵਲੋਂ ਦਿੱਲੀ ਪੁਲਿਸ ਦੀ ਆਰਥਿਕ ਅਪਰਾਧ ਸ਼ਾਖਾ ਅਤੇ ਇਨਫੋਰਸਮੈਂਟ ਡਾਇਰੈਕਟੋਰੇਟ ਵਲੋਂ ਨਿਊਜ਼ਕਲਿਕ ਪੋਰਟਲ ਅਤੇ ਇਸ ਦੇ ਸੰਪਾਦਕ ਪ੍ਰਬੀਰ ਪੁਰਕਾਇਸਥ ਵਿਰੁੱਧ ਦਰਜ ਕੀਤੀ ਗਈ ਐਫ. ਆਈ. ਆਰ. ਨੂੰ ਰੱਦ ਕਰਨ ਦੇ ਫੈਸਲੇ ਦਾ ਸਵਾਗਤ ਕੀਤਾ ਹੈ।ਇੰਡਅਨ ਜਰਨਲਿਸਟ ਯੂਨੀਅਨ ਦੇ ਕੌਮੀ ਪ੍ਰਧਾਨ ਬਲਵਿੰਦਰ ਸਿੰਘ ਜੰਮੂ, ਸਕੱਤਰ ਜਨਰਲ ਡੀ. ਸੋਮਾ ਸੁੰਦਰ, ਅਤੇ ਸਕੱਤਰ ਵਾਈ. ਨਰਿੰਦਰ ਰੈਡੀ ਨੇ ਕਿਹਾ ਕਿ ਇਹ ਫੈਸਲਾ ਦੇਸ਼ ਵਿੱਚ ਮੀਡੀਆ ਦੀ ਆਜ਼ਾਦੀ ਦੀ ਵਕਾਲਤ ਕਰਨ ਵਾਲੇ ਹਰ ਵਿਅਕਤੀ ਲਈ ਨੈਤਿਕ ਜਿੱਤ ਹੈ। ਉਨ੍ਹਾਂ ਕਿਹਾ ਕਿ ਇਹ ਸੁਤੰਤਰ ਆਵਾਜ਼ਾਂ ਅਤੇ ਆਲੋਚਨਾਤਮਕ ਪੱਤਰਕਾਰੀ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀਆਂ ਸਰਕਾਰਾਂ ਦੇ ਮੂੰਹ ਤੇ ਕਰਾਰੀ ਚਪੇੜ ਹੈ।ਇੰਡੀਅਨ ਜਰਨਲਿਸਟ ਯੂਨੀਅਨ ਨੇ ਯਾਦ ਕੀਤਾ ਕਿ ਇਕ ਸਮੇਂ ਜਦੋਂ ਅਖੌਤੀ ਮੁੱਖ ਧਾਰਾ ਮੀਡੀਆ ਸੰਗਠਨ ਕਾਰਪੋਰੇਟ ਹਿੱਤਾਂ ਅਤੇ ਰਾਜਨੀਤਕ ਪ੍ਰਚਾਰ ਦੀ ਸੇਵਾ ਕਰ ਰਹੇ ਹਨ, ਨਿਊਜ਼ਕਲਿੱਕ ਨੇ ਜਨਤਾ ਦੀ ਆਵਾਜ਼ ਨੂੰ ਜ਼ੋਰਦਾਰ ਢੰਗ ਨਾਲ ਵਧਾਉਣ ਦੀ ਕੋਸ਼ਿਸ਼ ਕੀਤੀ। ਪੋਰਟਲ ਨੇ ਨਵੀਂ ਦਿੱਲੀ ਵਿਚ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਤੇ ਲਗਾਤਾਰ ਰਿਪੋਰਟਿੰਗ ਕੀਤੀ ਅਤੇ ਸੱਤਾ ਵਿਚ ਬੈਠੇ ਲੋਕਾਂ 'ਤੇ ਸਵਾਲ ਉਠਾਏ। ਨਤੀਜੇ ਵਜੋਂ ਸੱਤਾਧਾਰੀ ਨਿਜ਼ਾਮ ਨੇ ਨਿਊਜ਼ਕਲਿੱਕ ਦੀ ਆਵਾਜ਼ ਨੂੰ ਦਬਾਉਣ ਲਈ ਝੂਠੇ ਦੋਸ਼ਾਂ ਦੇ ਆਧਾਰ ਤੇ ਕੇਸ ਦਰਜ ਕੀਤੇ। ਆਗੂਆਂ ਨੇ ਇਸ ਗੱਲ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਕਿ ਸਰਕਾਰ ਨੇ ਨਿਊਜ਼ਕਲਿਕ ਦੇ ਮੁੱਖ ਸੰਪਾਦਕ ਪ੍ਰਬੀਰ ਪੁਰਕਾਇਸਥ ਵਿਰੁੱਧ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (ਯੂਏਪੀਏ) ਵਰਗੇ ਕਠੋਰ ਕਾਨੂੰਨਾਂ ਦੀ ਵਰਤੋਂ ਕੀਤੀ ਅਤੇ ਉਨ੍ਹਾਂ ਸਮੇਤ ਕੁਝ ਹੋਰ ਪੱਤਰਕਾਰਾਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ, ਕਾਰਨ ਪੋਰਟਲ ਨਾਲ ਕੰਮ ਕਰਨ ਵਾਲੇ ਲਗਭਗ ਸੌ ਪੱਤਰਕਾਰ ਸੜਕਾਂ 'ਤੇ ਆ ਗਏ। ਆਈਜੇਯੂ ਨੇ ਨਿਊਜ਼ਕਲਿਕ ਵਿਰੁੱਧ ਦਰਜ ਕੀਤੇ ਗਏ ਹੋਰ ਸਾਰੇ ਮਨਘੜਤ ਮਾਮਲਿਆਂ ਨੂੰ ਤੁਰੰਤ ਰੱਦ ਕਰਨ ਦੀ ਮੰਗ ਕੀਤੀ।

# ਲੌਂਗੋਵਾਲ ਪੁਲਿਸ ਵੱਲੋਂ ਹੈਰੋਇਨ ਸਮੇਤ ਦੋਸ਼ੀ ਕਾਬੂ



ਲੌਂਗੋਵਾਲ, 15 ਜੂਨ (ਭਗਵੰਤ ਸ਼ਰਮਾ) : ਥਾਣਾ ਲੌਂਗੋਵਾਲ ਦੀ ਪੁਲਿਸ ਨੇ ਸ਼ੱਕੀ ਪੁਰਸ਼ਾਂ ਦੇ ਦੌਰਾਨ ਮੁੱਖਬਰੀ ਮਿਲਣ ਪਰ ਸੁਖਦੀਪ ਸਿੰਘ ਉਰਫ ਗੱਗੀ ਪੁੱਤਰ ਗੁਰਨੈਬ ਸਿੰਘ ਵਾਸੀ ਜੈਦ ਪੱਤੀ ਲੌਂਗੋਵਾਲ ਨੂੰ 10 ਗ੍ਰਾਮ ਹੈਰੋਇਨ/ਚਿੱਟਾ ਦੇ ਕਾਬੂ ਕਰਕੇ ਉਸ ਦੇ ਵਿਰੁੱਧ ਮੁਕੱਦਮਾ ਨੰਬਰ: 100 ਮਿਤੀ: 14.06.2026 ਅ/ਧ 21/61/85 ਥਾਣਾ ਲੌਂਗੋਵਾਲ ਦਰਜ ਰਜਿਸਟਰ ਕਰਵਾਇਆ ਗਿਆ। ਦੋਸੀ ਉਕਤ ਨੂੰ ਅੱਜ ਮਾਨਯੋਗ ਅਦਾਲਤ ਸੰਗਰੂਰ ਵਿੱਚ ਪੇਸ਼ ਕੀਤਾ ਜਾ ਰਿਹਾ ਹੈ।

# ਬਰਿੰਦਰ ਗੋਇਲ ਨੇ ਕਰੋਦਾ ਵਿਚ ਬਸ ਅੱਡੇ ਅਤੇ ਐਸ. ਸੀ. ਭਾਈਚਾਰੇ ਦੀ ਧਰਮਸ਼ਾਲਾ ਦਾ ਕੀਤਾ ਉਦਘਾਟਨ



ਖਨੌਰੀ, 15 ਜੂਨ (ਓਮਪ੍ਰਕਾਸ ਮੁਆਲ) : ਨਜ਼ਦੀਕੀ ਪਿੰਡ ਕਰੋਦਾ ਵਿਚ ਕੈਬਨਿਟ ਮੰਤਰੀ ਬਰਿੰਦਰ ਗੋਇਲ ਨੇ ਬਸ ਸਟੈਂਡ, ਸ਼ਹੀਦ ਭਗਤ ਸਿੰਘ ਦੇ ਬੁੱਤ ਅਤੇ ਐਸ. ਸੀ. ਭਾਈਚਾਰੇ ਦੀ ਧਰਮਸ਼ਾਲਾ ਦਾ ਉਦਘਾਟਨ ਕੀਤਾ। ਇਸ ਮੌਕੇ ਬੋਲਦਿਆਂ ਉਨ੍ਹਾਂ ਕਿਹਾ ਕਿ ਪਿੰਡ ਵਾਸੀਆਂ ਦਾ ਪ੍ਰਸ਼ਸਾ ਯੋਗ ਉਪਰਾਲਾ ਹੈ । ਜਿਨ੍ਹਾਂ ਨੇ ਸ਼ਹੀਦ ਭਗਤ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਬਸ ਸਟੈਂਡ ਦੇ ਨਾਲ ਹੀ ਇਹ ਬੁੱਤ ਲਾਇਆ ਹੈ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਜੀ ਦਾ ਬੁੱਤ ਨੌਜਵਾਨਾਂ ਵਿੱਚ ਦੇਸ਼ ਭਗਤੀ ਦੀ ਭਾਵਨਾ ਤੇ ਜਜ਼ਬਾ ਪੈਦਾ ਕਰਨ ਵਿੱਚ ਸਹਾਈ ਹੋਵੇਗਾ। ਇਸ ਮੌਕੇ ਗੋਇਲ ਸਾਹਿਬ ਨੇ ਕਿਹਾ ਕਿ ਪੰਜਾਬ ਸਰਕਾਰ ਸ਼ਹੀਦ ਭਗਤ ਸਿੰਘ ਜੀ ਅਤੇ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦੀ ਵਿਚਾਰਧਾਰਾ ਨੂੰ ਅਪਣਾ ਕੇ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਨਾਲ ਕੀਤੇ ਸਾਰੇ ਵਾਅਦੇ ਪੂਰੇ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਸਾਡੇ ਕੋਲ ਪਾਣੀ ਵੰਡਣ ਅਤੇ ਪਾਣੀ ਨੂੰ ਬਚਾਉਣ ਲਈ ਉਪਰਾਲੇ ਕਰਨ ਦੇ ਦੋਵੇਂ ਮਹਿਕਮੇ ਹਨ। ਜਿਸ ਨਾਲ ਅਸੀਂ ਕਿਸਾਨਾਂ ਨੂੰ ਨਹਿਰਾਂ, ਰਜਵਾਹਿਆਂ ਰਾਹੀਂ ਖੇਤੀਬਾੜੀ ਲਈ ਪੂਰਾ ਪਾਣੀ ਦੇ ਰਹੇ ਹਾਂ। ਇਸਦੇ ਨਾਲ ਹੀ ਭਾਖੜਾ ਨਹਿਰ ਵਿੱਚੋਂ ਝੋਨੇ ਦੀ ਫ਼ਸਲ ਲਈ ਆਰਜ਼ੀ ਮੋਘੇ ਲਾ ਕੇ ਪਾਣੀ ਦਿੱਤਾ ਜਾ ਰਿਹਾ ਹੈ। ਤਾਂ ਜ਼ੋ ਧਰਤੀ ਹੇਠਲੇ ਪਾਣੀ ਨੂੰ ਬਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਪਿੰਡ ਵਿੱਚ ਵਿਕਾਸ ਕੰਮਾਂ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ । ਇਸ ਮੌਕੇ ਓ ਐਸ ਡੀ ਰਕੇਸ਼ ਕੁਮਾਰ ਗੁਪਤਾ ਤੋਂ ਇਲਾਵਾ ਟਰੱਕ ਯੂਨੀਅਨ ਖਨੌਰੀ ਦੇ ਪ੍ਰਧਾਨ ਬੀਰਭਾਨ, ,ਸੁਰਿੰਦਰ ਕਾਂਸਲ ਕਰੋਦਾ, ਅਗਰਵਾਲ ਵੈਲਫੇਅਰ ਬੋਰਡ ਦੇ ਸੂਬਾ ਕਮੇਟੀ ਮੈਂਬਰ ਸੰਜੇ ਸਿੰਗਲਾ ਖਨੌਰੀ, ਨਾਹਰ ਸਿੰਘ ਠਸਕਾ, ਤੇਜਵੀਰ ਸਿੰਘ ਠਸਕਾ ਵਾਇਸ ਚੇਅਰਮੈਨ ਬਲਾਕ ਸੰਮਤੀ ਅਨਦਾਨਾ ਐਟ ਮੂਨਕ, ਪ੍ਰਵੀਨ ਕਰੋਦਾ, ਸ਼ਮਸ਼ੇਰ ਸਿਘ ਸਰਪੰਚ ਪਿੰਡ ਕਰੋਦਾ, ਆਦਿ ਨਾਲ ਪਿੰਡ ਵਾਸੀ ਭਾਰੀ ਗਿਣਤੀ ਵਿੱਚ ਹਾਜ਼ਰ ਸਨ।

# ਸੋਨੀ ਅਤੇ ਜੁਨੇਜਾ ਨੇ ਵਾਰਡ 'ਚ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ



ਸੁਨਾਮ, 15 ਜੂਨ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ) : ਆਮ ਆਦਮੀ ਪਾਰਟੀ ਵਾਰਡ ਨੰਬਰ 17 ਦੀ ਸਾਬਕਾ ਕੌਂਸਲਰ ਸ਼੍ਰੀਮਤੀ ਦੀਪਿਕਾ ਗੋਇਲ ਦੇ ਪਤੀ ਮੁਨੀਸ਼ ਕੁਮਾਰ ਸੋਨੀ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਸੁਨਾਮ ਅਤੇ ਚੇਅਰਮੈਨ ਮਾਰਕੀਟ ਕਮੇਟੀ ਸੁਨਾਮ ਮੁਕੇਸ਼ ਜੁਨੇਜਾ ਨੇ ਵਾਰਡ ਨੰਬਰ 17 ਵਿੱਚ ਚੱਲ ਰਹੇ ਕੰਮ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਨੇ ਵਾਰਡ ਨਿਵਾਸੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਨਾਲ ਆ ਰਹੀਆਂ ਸਮੱਸਿਆਵਾਂ ਬਾਰੇ ਗੱਲਬਾਤ ਕੀਤੀ। ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਵਾਰਡ ਨੰਬਰ 17 ਵਿੱਚ ਇੰਟਰਲਾਕਿੰਗ ਟਾਈਲਾਂ, ਨਾਲੀਆਂ ਅਤੇ ਪਾਣੀ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਵੱਡੇ ਪੱਧਰ 'ਤੇ ਕੰਮ ਕਰਵਾਏ ਜਾ ਰਹੇ ਹਨ। ਇਸ ਮੌਕੇ ਮੁਨੀਸ਼ ਕੁਮਾਰ ਸੋਨੀ ਨੇ ਕਿਹਾ, ਕਿ ਵਾਰਡ ਸਾਡਾ ਪਰਿਵਾਰ ਹੈ। ਅਸੀਂ ਚੋਣਾਂ ਤੋਂ ਪਹਿਲਾਂ ਵਾਰਡ ਨਿਵਾਸੀਆ ਨਾਲ ਜੋ ਵਾਦੇ ਕੀਤੇ ਸੀ ਉਹਨਾਂ ਨੂੰ ਜਲਦੀ ਤੋਂ ਜਲਦੀ ਪੂਰੇ ਕਰ ਰਹੇ ਹਾਂ। ਇਸ ਮੌਕੇ ਮਾਰਕੀਟ ਕਮੇਟੀ ਚੇਅਰਮੈਨ ਮੁਕੇਸ਼ ਜੁਨੇਜਾ ਨੇ ਕਿਹਾ ਕਿ ਇਸ ਵੇਲੇ ਜੋ ਵੀ ਕੰਮ ਚੱਲ ਰਿਹਾ ਹੈ, ਉਹ ਵੀ ਜਲਦੀ ਤੋਂ ਜਲਦੀ ਪੂਰੇ ਕੀਤੇ ਜਾਣਗੇ।ਉਨ੍ਹਾਂ ਕਿਹਾ ਕਿ ਅਮਨ ਅਰੋੜਾ ਨੇ ਸ਼ਹਿਰ ਦੇ ਹਰੇਕ ਕੌਂਸਲਰ ਨੂੰ ਆਪਣੇ-ਆਪਣੇ ਵਾਰਡਾਂ ਵਿੱਚ ਚੱਲ ਰਹੇ ਕੰਮ ਨੂੰ ਸਮੇਂ ਸਿਰ ਪੂਰਾ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਸ ਮੌਕੇ ਉਨ੍ਹਾਂ ਨਾਲ ਕੌਂਸਲਰ ਯਾਦਵਿੰਦਰ ਨਿਰਮਾਣ ਵੀ ਮੌਜੂਦ ਸਨ। ਇਸ ਮੌਕੇ ਵਾਰਡ ਨੰਬਰ 17 ਦੇ ਸਾਰੇ ਲੋਕਾਂ ਨੇ ਮੰਤਰੀ ਅਮਨ ਅਰੋੜਾ ਦਾ ਧੰਨਵਾਦ ਕੀਤਾ।

# ਲੈਂਡਮਾਰਟਗੇਜ ਬੈਂਕਾਂ ਅੱਗੇ ਧਰਨੇ ਜਾਂਚ ਮੁਕੰਮਲ ਹੋਣ ਤੱਕ ਰਹਿਣਗੇ ਜਾਰੀ : ਕਿਸਾਨ ਆਗੂ



ਲਹਿਰਾਗਾਗਾ, 15 ਜੂਨ ( ਰਾਮੇਸ਼ਵਰ ਸ਼ਰਮਾ /ਖੁਸ਼ਵਿੰਦਰ ਸ਼ਰਮਾ) : ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੀ ਬਲਾਕ ਪੱਧਰੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਭੂਰਾ ਸਿੰਘ ਸਲੇਮਗੜ੍ਹ ਦੀ ਅਗਵਾਈ ਹੇਠ ਗੁਰਦੁਆਰਾ ਸਾਹਿਬ ਧੰਨਾ ਭਗਤ ਲਹਿਰਾਗਾਗਾ ਵਿਖੇ ਹੋਈ ਜਿਸ ਵਿੱਚ ਵੱਡੀ ਗਿਣਤੀ ਚ ਪਿੰਡ ਇਕਾਈਆਂ ਦੇ ਆਗੂਆਂ ਨੇ ਹਿੱਸਾ ਲਿਆ । ਇਸ ਮੌਕੇ ਗੱਲਬਾਤ ਕਰਦਿਆਂ ਬਲਾਕ ਪ੍ਰਧਾਨ ਭੂਰਾ ਸਿੰਘ ਸਲੇਮਗੜ੍ਹ, ਜਨਰਲ ਸਕੱਤਰ ਰਾਮਫਲ ਸਿੰਘ ਜਲੂਰ, ਜਤਿੰਦਰ ਸਿੰਘ ਜਲੂਰ, ਮਨਿੰਦਰ ਸਿੰਘ ਲਦਾਲ,ਮੇਜਰ ਸਿੰਘ ਸੁਰਜਣ ਭੈਣੀ ਨੇ ਕਿਹਾ ਕਿ ਲੈਂਡਮਾਰਗੇਜ ਬੈਂਕ ਦੇ ਸਤਾਏ ਖੁਦਕੁਸ਼ੀ ਕਰਨ ਵਾਲੇ ਪਿੰਡ ਹਰੀ ਨੌਂ ਦੇ ਸਕੇ ਭਰਾਵਾਂ ਨੂੰ ਇਨਸਾਫ ਦਿਵਾਉਣ ਤੇ ਇਸੇ ਬੈਂਕ ਵੱਲੋਂ ਪੂਰਾ ਲੋਨ ਭਰਨ ਤੋਂ ਬਾਅਦ ਕਿਸਾਨਾਂ ਨੂੰ ਕਲੀਅਰੈਂਸ ਸਰਟੀਫਿਕੇਟ ਦੇਣ ਦੇ ਬਾਵਜੂਦ ਪਹਿਲਾਂ ਤੋਂ ਲੈ ਕੇ ਰੱਖੇ ਖਾਲੀ ਚੈਕਾਂ ਰਾਹੀਂ ਕੋਰਟਾਂ ਚ ਕੇਸ ਲਗਾ ਕੇ ਤੰਗ ਭਰੇ ਕਿਸਾਨ ਕਰਨ ਦੇ ਖਿਲਾਫ 30 ਮਾਰਚ ਤੋਂ ਫਰੀਦਕੋਟ ਬੈਂਕ ਤੇ 11 ਮਈ ਤੋਂ 12 ਹੋਰ ਜ਼ਿਲ੍ਹਿਆਂ 'ਚ ਬੈਂਕ ਬੰਦ ਕਰਕੇ ਚੱਲ ਰਹੇ ਪੱਕੇ ਮੋਰਚੇ ਲਗਾਤਾਰ ਜਾਰੀ ਹਨ, ਜਦੋਂ ਤੱਕ ਇਹ ਜਾਂਚ ਪੂਰੀ ਕਰਕੇ ਜਿੰਮੇਵਾਰ ਅਧਿਕਾਰੀਆਂ ਖਿਲਾਫ ਕਾਰਵਾਈ ਨਹੀਂ ਹੁੰਦੀ ਉਦੋਂ ਤੱਕ ਬੈਂਕ ਬੰਦ ਕਰਕੇ ਚੱਲ ਰਹੇ ਧਰਨੇ ਪ੍ਰਦਰਸ਼ਨ ਲਗਾਤਾਰ ਜਾਰੀ ਰਹਿਣਗੇ

# ਭਾਰਤੀ ਫ਼ੌਜ ਦੀ ਵੀਡੀਓ ਪਾਕਿਸਤਾਨ ਅਤੇ ਕੈਨੇਡਾ ਭੇਜਣ ਵਾਲੇ ਦੋ ਗ੍ਰਿਫ਼ਤਾਰ



ਬਠਿੰਡਾ, 15 ਜੂਨ (ਦੀਪਕ ਸ਼ਰਮਾ) :ਏਸ਼ੀਆ ਦੀ ਸਭ ਤੋਂ ਵੱਡੀ ਫ਼ੌਜੀ ਛਾਉਣੀ ਅਤੇ ਬਠਿੰਡਾ ਵਿੱਚ ਸਥਿਤ ਏਅਰ ਫੋਰਸ ਸਟੇਸ਼ਨ ਦੀ ਸੁਰੱਖਿਆ ਨੂੰ ਲੈ ਕੇ ਇੱਕ ਬਹੁਤ ਹੀ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਪਾਕਿਸਤਾਨ ਲਈ ਜਾਸੂਸੀ ਕਰਨ ਅਤੇ ਦੇਸ਼ ਖ਼ਿਲਾਫ਼ ਸਾਜ਼ਿਸ਼ ਰਚਣ ਦੇ ਦੋਸ਼ ਹੇਠ ਥਾਣਾ ਥਰਮਲ ਦੀ ਪੁਲਿਸ, ਕਾਊਂਟਰ ਇੰਟੈਲੀਜੈਂਸ ਅਤੇ ਸੀਆਈਏ ਵਨ ਦੀਆਂ ਟੀਮਾਂ ਨੇ ਇੱਕ ਸਾਂਝੇ ਆਪਰੇਸ਼ਨ ਨੂੰ ਅੰਜਾਮ ਦਿੰਦਿਆਂ ਹਾਈ-ਟੈਕ ਜਾਸੂਸੀ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ। ਇਸ ਮਾਮਲੇ ਵਿੱਚ ਪੁਲਿਸ ਨੇ ਦੋ ਕਥਿਤ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਵੱਡੀ ਸਫ਼ਲਤਾ ਹਾਸਲ ਕੀਤੀ ਹੈ, ਜਿਨ੍ਹਾਂ ਦੀ ਪਛਾਣ ਅਸ਼ੋਕ ਸਿੰਘ ਵਾਸੀ ਸਰਾਏ ਨਾਗਾ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਅਤੇ ਅਕਾਸ਼ਦੀਪ ਸਿੰਘ ਵਾਸੀ ਅੰਮ੍ਰਿਤਸਰ ਸਾਹਿਬ ਵਜੋਂ ਹੋਈ ਹੈ। ਪੁਲਿਸ ਨੇ ਥਾਣਾ ਥਰਮਲ ਵਿਖੇ ਇਹਨਾਂ ਖ਼ਿਲਾਫ਼ ਆਫੀਸ਼ੀਅਲ ਸੀਕਰੇਟ ਐਕਟ ਅਤੇ ਦੇਸ਼ ਧ੍ਰੋਹ ਦੀਆਂ ਧਾਰਾਵਾਂ ਤਹਿਤ ਮੁਕੱਦਮਾ ਦਰਜ ਕੀਤਾ ਹੈ।ਸਥਾਨਕ ਸੈਕਟਰੀਏਟ ਵਿੱਚ ਕੀਤੀ ਗਈ ਪ੍ਰੈੱਸ ਕਾਨਫਰੰਸ ਦੌਰਾਨ ਐੱਸਪੀ ਸਿਟੀ ਨਰਿੰਦਰ ਸਿੰਘ ਨੇ ਦੱਸਿਆ ਕਿ ਮੁੱਢਲੀ ਪੁੱਛਗਿੱਛ ਦੌਰਾਨ ਫੜੇ ਗਏ ਮੁਲਜ਼ਮਾਂ ਨੇ ਮੰਨਿਆ ਕਿ ਉਹਨਾਂ ਨੇ ਇਹ ਹਾਈ-ਟੈਕ ਸੋਲਰ ਕੈਮਰਾ ਮਾਰਚ ਮਹੀਨੇ ਵਿੱਚ ਮਲੋਟ ਰੋਡ ਤੇ ਅੰਬੂਜਾ ਸੀਮੈਂਟ ਫੈਕਟਰੀ ਦੇ ਬਿਲਕੁਲ ਸਾਹਮਣੇ, ਸੜਕ ਦੇ ਵਿਚਕਾਰ ਲੱਗੇ ਇੱਕ ਪੋਲ ਉੱਤੇ ਲਗਾਇਆ ਸੀ। ਇਹ ਸੜਕ ਸੁਰੱਖਿਆ ਦੇ ਲਿਹਾਜ਼ ਨਾਲ ਬੇਹੱਦ ਅਹਿਮ ਹੈ, ਕਿਉਂਕਿ ਰਾਜਸਥਾਨ ਵਿੱਚ ਸਥਿਤ ਫ਼ੌਜੀ ਰੇਂਜਾਂ ਵਿੱਚ ਜਾਣ ਲਈ ਆਰਮੀ ਦੀ ਮੂਵਮੈਂਟ ਇਸੇ ਸੜਕ ਤੋਂ ਹੁੰਦੀ ਹੈ। ਮੁਲਜ਼ਮਾਂ ਨੇ ਕਬੂਲ ਕੀਤਾ ਹੈ ਕਿ ਉਹ ਇਸ ਕੈਮਰੇ ਦੀ ਲਾਈਵ ਵੀਡੀਓ ਫੁਟੇਜ ਸਿੱਧਾ ਪਾਕਿਸਤਾਨ ਅਤੇ ਕੈਨੇਡਾ ਭੇਜਦੇ ਸਨ। ਹਾਲਾਂਕਿ ਪੁਲਿਸ ਨੇ ਅਜੇ ਇਹ ਸਪੱਸ਼ਟ ਨਹੀਂ ਕੀਤਾ ਕਿ ਇਹ ਫੁਟੇਜ ਕਿਸ ਏਜੰਸੀ ਨੂੰ ਭੇਜਦੇ ਸਨ, ਪਰ ਪਾਕਿਸਤਾਨ ਵਾਲਾ ਪੱਖ ਦੇਖਦਿਆਂ ਇਹ ਪੱਕਾ ਮੰਨਿਆ ਜਾ ਰਿਹਾ ਹੈ ਕਿ ਇਹ ਸਿੱਧਾ ਪਾਕਿਸਤਾਨ ਦੀ ਖੁਫੀਆ ਏਜੰਸੀ ਆਈਐੱਸਆਈ ਲਈ ਕੰਮ ਕਰ ਰਹੇ ਸਨ।ਐੱਸਪੀ ਨਰਿੰਦਰ ਸਿੰਘ ਨੇ ਦੱਸਿਆ ਕਿ ਇਹਨਾਂ ਮੁਲਜ਼ਮਾਂ ਨੇ ਕੈਮਰਾ ਲਗਾਉਣ ਤੋਂ ਪਹਿਲਾਂ ਮਾਰਚ ਮਹੀਨੇ ਵਿੱਚ ਬਠਿੰਡਾ ਛਾਉਣੀ ਦੀ ਰੈਕੀ ਕੀਤੀ ਸੀ। ਉੱਥੇ ਕੈਮਰਾ ਲਾਉਣ ਲਈ ਕੋਈ ਢੁਕਵੀਂ ਜਗ੍ਹਾ ਨਾ ਮਿਲਣ ਕਾਰਨ ਉਹਨਾਂ ਨੇ ਮਲੋਟ ਰੋਡ ਨੂੰ ਚੁਣਿਆ, ਕਿਉਂਕਿ ਇੱਥੇ ਆਰਮੀ ਦੀ ਮੂਵਮੈਂਟ ਜ਼ਿਆਦਾ ਹੁੰਦੀ ਹੈ। ਫਿਲਹਾਲ ਅਦਾਲਤ ਵੱਲੋਂ ਮੁਲਜ਼ਮਾਂ ਦਾ ਰਿਮਾਂਡ ਲੈ ਕੇ ਅਗਲੀ ਜਾਂਚ ਕੀਤੀ ਜਾ ਰਹੀ ਹੈ।**ਤਿੰਨ ਮਹੀਨੇ ਹੁੰਦੀ ਰਹੀ ਬਠਿੰਡੇ ਚ ਫੌਜ ਦੀ ਜਾਸੂਸੀ**, ਇਸ ਮਾਮਲੇ ਦਾ ਇੱਕ ਵੱਡਾ ਨੈਗੇਟਿਵ ਪੁਆਇੰਟ ਇਹ ਵੀ ਹੈ ਕਿ ਤਿੰਨ ਮਹੀਨੇ ਬਠਿੰਡੇ ਵਿੱਚ ਇਹ ਕੈਮਰਾ ਲੱਗਿਆ ਰਿਹਾ ਅਤੇ ਪਾਕਿਸਤਾਨ ਦੇ ਜਾਸੂਸ ਇੱਥੇ ਜਾਸੂਸੀ ਕਰਦੇ ਰਹੇ, ਪਰ ਪੁਲਿਸ ਨੂੰ ਤਿੰਨ ਮਹੀਨਿਆਂ ਬਾਅਦ ਪਤਾ ਲੱਗਿਆ।

# ਕਾਰ ਦੀ ਡਿੱਗੀ 'ਚੋਂ ਮਿਲੀ 4 ਕਿੱਲੋ 100 ਗ੍ਰਾਮ ਅਫੀਮ, ਦੋ ਅੰਤਰਰਾਜੀ ਤਸਕਰ ਗ੍ਰਿਫ਼ਤਾਰ




ਬਠਿੰਡਾ, 15 ਜੂਨ (ਦੀਪਕ ਸ਼ਰਮਾ) :ਨਸ਼ਾ ਤਸਕਰੀ ਖ਼ਿਲਾਫ਼ ਚਲਾਈ ਮੁਹਿੰਮ ਤਹਿਤ ਕਾਰਵਾਈ ਕਰਦਿਆਂ ਬਠਿੰਡਾ ਪੁਲਿਸ ਨੇ ਦੋ ਕਥਿਤ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਹਨਾਂ ਦੇ ਕਬਜ਼ੇ ਵਿੱਚੋਂ 4 ਕਿੱਲੋ 100 ਗ੍ਰਾਮ ਅਫੀਮ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ। ਪੁਲਿਸ ਨੇ ਤਸਕਰੀ ਲਈ ਵਰਤੀ ਜਾ ਰਹੀ ਇੱਕ ਚਿੱਟੇ ਰੰਗ ਦੀ ਵਰਨਾ ਕਾਰ ਵੀ ਜ਼ਬਤ ਕੀਤੀ ਹੈ। ਫੜੇ ਗਏ ਮੁਲਜ਼ਮਾਂ ਦੀ ਪਛਾਣ ਬਲਰਾਜ ਸ਼ਰਮਾ ਉਰਫ਼ ਬਬਲੂ ਵਾਸੀ ਫੂਲ ਅਤੇ ਰਾਜ ਕੁਮਾਰ ਉਰਫ਼ ਮੰਦਰ ਵਾਸੀ ਜਨਤਾ ਕਾਲੋਨੀ, ਰਾਮਪੁਰਾ ਵਜੋਂ ਹੋਈ ਹੈ। ਪੁਲਿਸ ਮੁਤਾਬਕ ਇਹਨਾਂ ਤਸਕਰਾਂ ਦਾ ਨੈੱਟਵਰਕ ਸਿੱਧਾ ਝਾਰਖੰਡ ਸੂਬੇ ਨਾਲ ਜੁੜਿਆ ਹੋਇਆ ਹੈ, ਜਿੱਥੋਂ ਇਹ ਨਸ਼ੇ ਦੀ ਵੱਡੀ ਖੇਪ ਲਿਆ ਕੇ ਪੰਜਾਬ ਵਿੱਚ ਸਪਲਾਈ ਕਰਦੇ ਸਨ।ਸਥਾਨਕ ਸੈਕਟਰੀਏਟ ਵਿੱਚ ਕੀਤੀ ਗਈ ਪ੍ਰੈੱਸ ਕਾਨਫਰੰਸ ਦੌਰਾਨ ਐੱਸਪੀ ਸਿਟੀ ਨਰਿੰਦਰ ਸਿੰਘ ਨੇ ਦੱਸਿਆ ਕਿ ਐੱਸਐੱਸਪੀ ਡਾਕਟਰ ਜਯੋਤੀ ਯਾਦਵ ਦੇ ਦਿਸ਼ਾ-ਨਿਰਦੇਸ਼ਾਂ ਤੇ ਸੀਆਈਏ ਸਟਾਫ਼-2 ਅਤੇ ਇੰਟੈਲੀਜੈਂਸ ਵਿੰਗ ਦੀਆਂ ਟੀਮਾਂ ਨੇ ਇਹ ਸਾਂਝੀ ਕਾਰਵਾਈ ਕੀਤੀ ਹੈ। ਪੁਲਿਸ ਪਾਰਟੀ ਬਠਿੰਡਾ-ਬਰਨਾਲਾ ਮੁੱਖ ਮਾਰਗ 'ਤੇ ਪੈਂਦੇ ਪਿੰਡ ਜੇਠੂਕੇ ਦੇ ਬੱਸ ਸਟੈਂਡ ਦੇ ਸਾਹਮਣੇ ਨਾਕਾਬੰਦੀ ਕਰਕੇ ਸ਼ੱਕੀ ਵਾਹਨਾਂ ਦੀ ਚੈਕਿੰਗ ਕਰ ਰਹੀ ਸੀ। ਇਸੇ ਦੌਰਾਨ ਬਰਨਾਲਾ ਵਾਲੇ ਪਾਸੇ ਤੋਂ ਆ ਰਹੀ ਇੱਕ ਵਰਨਾ ਕਾਰ, ਨੂੰ ਪੁਲਿਸ ਮੁਲਾਜ਼ਮਾਂ ਨੇ ਰੁਕਣ ਦਾ ਇਸ਼ਾਰਾ ਕੀਤਾ। ਪੁਲਿਸ ਨੂੰ ਦੇਖ ਕੇ ਕਾਰ ਚਲਾ ਰਿਹਾ ਵਿਅਕਤੀ ਘਬਰਾ ਗਿਆ ਅਤੇ ਉਸ ਨੇ ਗੱਡੀ ਪਿੱਛੇ ਮੋੜਨ ਦੀ ਕੋਸ਼ਿਸ਼ ਕੀਤੀ ਪਰ ਇੰਜਣ ਬੰਦ ਹੋਣ ਕਾਰਨ ਪੁਲਿਸ ਟੀਮ ਨੇ ਉਸ ਨੂੰ ਮੌਕੇ ਤੇ ਹੀ ਦਬੋਚ ਲਿਆ।ਐੱਸਪੀ ਨਰਿੰਦਰ ਸਿੰਘ ਨੇ ਅੱਗੇ ਦੱਸਿਆ ਕਿ ਗੱਡੀ ਦੇ ਚਾਲਕ ਬਲਰਾਜ ਸ਼ਰਮਾ ਨੂੰ ਕਾਬੂ ਕਰਨ ਤੋਂ ਬਾਅਦ ਜਦੋਂ ਸ਼ੱਕ ਪਿਆ ਤਾਂ ਡੀਐੱਸਪੀ ਕੁਲਦੀਪ ਸਿੰਘ ਦੀ ਮੌਜੂਦਗੀ ਵਿੱਚ ਕਾਰ ਦੀ ਤਲਾਸ਼ੀ ਲਈ ਗਈ। ਇਸ ਦੌਰਾਨ ਕਾਰ ਦੀ ਡਿੱਗੀ ਵਿੱਚੋਂ 4 ਕਿਲੋ 100 ਗ੍ਰਾਮ ਅਫੀਮ ਬਰਾਮਦ ਹੋਈ। ਮੌਕੇ ਤੇ ਕੀਤੀ ਮੁੱਢਲੀ ਪੁੱਛਗਿੱਛ ਦੌਰਾਨ ਮੁਲਜ਼ਮ ਬਲਰਾਜ ਸ਼ਰਮਾ ਨੇ ਕਬੂਲ ਕੀਤਾ ਕਿ ਉਹ ਇਹ ਅਫੀਮ ਦੀ ਖੇਪ ਰਾਮਪੁਰਾ ਦੀ ਜਨਤਾ ਕਾਲੋਨੀ ਦੇ ਰਹਿਣ ਵਾਲੇ ਰਾਜ ਕੁਮਾਰ ਉਰਫ਼ ਮੰਦਰ ਤੱਕ ਪਹੁੰਚਾਉਣ ਜਾ ਰਿਹਾ ਸੀ, ਜਿਸ ਤੋਂ ਬਾਅਦ ਪੁਲਿਸ ਨੇ ਮੁਸਤੈਦੀ ਦਿਖਾਉਂਦੇ ਹੋਏ ਦੂਜੇ ਮੁਲਜ਼ਮ ਰਾਜ ਕੁਮਾਰ ਨੂੰ ਵੀ ਤੁਰੰਤ ਗ੍ਰਿਫ਼ਤਾਰ ਕਰ ਲਿਆ।

# ਅਦਾਲਤਾਂ 'ਚ ਸਬੂਤ ਚੱਲਦੇ ਨੇ, ਗੱਲਾਂ ਨਹੀਂ : ਇੰਦਰਜੀਤ ਘਨੌਰੀ



ਧੂਰੀ, 15 ਜੂਨ (ਰਾਜੇਸ਼ਵਰ ਪਿੰਟੂ, ਅਮਨ ਗਰਗ) :ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਸੂਬਾਈ ਆਗੂ ਅਤੇ ਮਾਰਕੀਟ ਕਮੇਟੀ ਸ਼ੇਰਪੁਰ ਦੇ ਸਾਬਕਾ ਚੇਅਰਮੈਨ ਇੰਦਰਜੀਤ ਸਿੰਘ ਘਨੌਰੀ ਨੇ ਗੱਲਬਾਤ ਕਰਦਿਆਂ ਕਿਹਾਕਿ ਪੰਜਾਬ ਸਰਕਾਰ ਵੱਲੋਂ ਅਕਾਲੀ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਦਰਜ ਕੀਤਾ ਗਿਆ ਮੁਕੱਦਮਾ ਸਿਆਸੀ ਬਦਲਾਖੋਰੀ ਤੋਂ ਪ੍ਰੇਰਿਤ ਅਤੇ ਮੁੱਢੋਂ ਹੀ ਝੂਠਾ ਸੀ। ਘਨੌਰੀ ਨੇ ਕਿਹਾ ਕਿ ਸੱਚ ਨੂੰ ਝੂਠੇ ਹੱਥਕੰਡਿਆਂ ਨਾਲ ਦਬਾਇਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ, ਅੱਜ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਅਦਾਲਤ ਵੱਲੋਂ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਜ਼ਮਾਨਤ ਦਿੱਤੀ ਗਈ ਹੈ, ਜੋ ਕਿ ਸੱਚ ਦੀ ਜਿੱਤ ਹੈ। ਅਸੀਂ ਮੁੱਖ ਮੰਤਰੀ ਨੂੰ ਇਹ ਗੱਲ ਸਪੱਸ਼ਟ ਕਰਨਾ ਚਾਹੁੰਦੇ ਹਾਂ ਕਿ ਅਦਾਲਤਾਂ ਦੇ ਅੰਦਰ ਸਿਰਫ਼ ਸਬੂਤ ਹੀ ਚਲਦੇ ਹਨ, ਹਵਾ ਵਿੱਚ ਕੀਤੀਆਂ ਗੱਲਾਂ ਜਾਂ ਸਿਆਸੀ ਬਿਆਨਬਾਜ਼ੀ ਦਾ ਕੋਈ ਮੁੱਲ ਨਹੀਂ ਹੁੰਦਾ।ਉਨ੍ਹਾਂ ਅੱਗੇ ਕਿਹਾ ਕਿ ਮੌਜੂਦਾ ਸਰਕਾਰ ਨੇ ਸੱਤਾ ਦੀ ਦੁਰਵਰਤੋਂ ਕਰਦਿਆਂ ਵਿਰੋਧੀ ਆਗੂਆਂ ਨੂੰ ਨਿਸ਼ਾਨਾ ਬਣਾਉਣ ਲਈ ਝੂਠੇ ਪਰਚੇ ਦਰਜ ਕਰਨ ਦਾ ਰਾਹ ਚੁਣਿਆ ਹੈ। ਪਰ ਨਿਆਂਪਾਲਿਕਾ ਨੇ ਇੱਕ ਵਾਰ ਫਿਰ ਇਹ ਸਾਬਤ ਕਰ ਦਿੱਤਾ ਹੈ ਕਿ ਕਾਨੂੰਨ ਦੇ ਸਾਹਮਣੇ ਸਭ ਬਰਾਬਰ ਹਨ ਅਤੇ ਝੂਠ ਦੀ ਉਮਰ ਬਹੁਤੀ ਲੰਮੀ ਨਹੀਂ ਹੁੰਦੀ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਆਉਣ ਵਾਲੇ ਸਮੇਂ ਵਿੱਚ ਵੀ ਸਾਰੇ ਝੂਠੇ ਕੇਸਾਂ ਦਾ ਅਜਿਹਾ ਹੀ ਹਸ਼ਰ ਹੋਵੇਗਾ ਅਤੇ ਅਕਾਲੀ ਦਲ ਦੇ ਆਗੂਆਂ ਉੱਤੇ ਲੱਗੇ ਬੇਬੁਨਿਆਦ ਦੋਸ਼ ਖਾਰਜ ਹੋਣਗੇ। ਇਸ ਮੌਕੇ ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਸਿਆਸੀ ਖੁੰਦਕ ਕੱਢਣ ਦੀ ਬਜਾਏ ਪੰਜਾਬ ਦੇ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਅਤੇ ਸੂਬੇ ਦੇ ਵਿਕਾਸ ਵੱਲ ਧਿਆਨ ਦੇਣ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਅਜਿਹੀ ਬਦਲਾਖੋਰੀ ਦੀ ਰਾਜਨੀਤੀ ਨਾ ਛੱਡੀ ਤਾਂ ਪੰਜਾਬ ਦੀ ਜਨਤਾ ਆਉਣ ਵਾਲੇ ਸਮੇਂ ਵਿੱਚ ਇਸ ਦਾ ਮੂੰਹ ਤੋੜਵਾਂ ਜਵਾਬ ਦੇਵੇਗੀ।

# ਆਪਣੀ ਡਿਊਟੀ ਤਨਦੇਹੀ ਨਾਲ ਨਿਭਾਵਾਂਗਾ : ਸੰਦੀਪ ਜਿੰਦਲ



ਸੁਨਾਮ ਊਧਮ ਸਿੰਘ ਵਾਲਾ, 15 ਜੂਨ( ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ) : ਬੀਤੀ ਕੱਲ੍ਹ ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਸੰਦੀਪ ਜਿੰਦਲ ਦੇ ਘਰ ਪਹੁੰਚੇ ਜਿੱਥੇ ਸੰਦੀਪ ਜਿੰਦਲ ਤੇ ਉਨਾਂ ਦੇ ਸਾਥੀਆਂ ਨੇ ਅਮਨ ਅਰੋੜਾ ਜੀ ਦਾ ਭਰਵਾਂ ਸਵਾਗਤ ਕੀਤਾ। ਕੈਬਨਟ ਮੰਤਰੀ ਅਮਨ ਅਰੋੜਾ ਨੇ ਸੰਦੀਪ ਜਿੰਦਲ ਨੂੰ ਕਿਹਾ ਕਿ ਉਹ ਆਪਣੀ ਬਲਾਕ ਪ੍ਰਧਾਨ ਦੀ ਡਿਊਟੀ ਨੂੰ ਪਹਿਲਾਂ ਦੀ ਤਰ੍ਹਾਂ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਉਣ ਉਹਨਾਂ ਇਹ ਵੀ ਕਿਹਾ ਕਿ ਸੰਦੀਪ ਜਿੰਦਲ ਨੇ ਹਮੇਸ਼ਾ ਪਾਰਟੀ ਦੀ ਨੀਤੀਆਂ ਨੂੰ ਹੇਠਲੇ ਪੱਧਰ ਤੱਕ ਪਹੁੰਚਾਇਆ ਹੈ ਪਾਰਟੀ ਨੂੰ ਮਜਬੂਤ ਕਰਨ ਲਈ ਆਪਣੀਆਂ ਸੇਵਾਵਾਂ ਦਿੰਦੇ ਰਹੇ ਹਨ। ਸੰਦੀਪ ਜਿੰਦਲ ਨੇ ਕਿਹਾ ਕਿ ਸ੍ਰੀ ਅਮਨ ਅਰੋੜਾ ਨੇ ਹਮੇਸ਼ਾ ਵਿਧਾਨ ਸਭਾ ਹਲਕਾ ਸੁਨਾਮ ਦੇ ਸਰਬਪੱਖੀ ਵਿਕਾਸ ਅਤੇ ਲੋਕ ਹਿੱਤ ਵਿੱਚ ਬਹੁਤ ਜਬਰਦਸਤ ਕੰਮ ਕੀਤੇ ਹਨ ਜਿਸ ਕਰਕੇ ਹਰ ਵਿਅਕਤੀ ਪਾਰਟੀ ਪੱਧਰ ਤੋਂ ਉੱਪਰ ਉੱਠ ਕੇ ਅਮਨ ਅਰੋੜਾ ਜੀ ਦੇ ਨਾਲ ਹੈ ਉਹਨਾਂ ਨੇ ਕਿਹਾ ਕਿ ਜੋ ਪਾਰਟੀ ਬਲਾਕ ਪ੍ਰਧਾਨ ਦੀ ਜਿੰਮੇਵਾਰੀ ਸ੍ਰੀ ਅਮਨ ਅਰੋੜਾ ਜੀ ਨੇ ਉਹਨਾਂ ਨੂੰ ਦਿੱਤੀ ਹੈ ਉਹ ਉਸ ਨੂੰ ਪੂਰੀ ਜਿੰਮੇਵਾਰੀ ਤੇ ਤਨਦੇਹੀ ਨਾਲ ਨਿਭਾਉਣਗੇ। ਇਸ ਸਮੇਂ ਉਹਨਾਂ ਨਾਲ ਗੀਤੂ ਜਿੰਦਲ, ਮੀਰਾ ਰਾਣੀ, ਹਰੀਸ਼ ਗੋਇਲ, ਸ਼ੀਤਲ ਜੁਗਨੀ, ਰੇਨੂ, ਰਜਨੀ ਗੋਇਲ, ਦਕਸ਼ ਜਿੰਦਲ, ਅਮਰੀਕ ਧਾਲੀਵਾਲ, ਮੁਕੇਸ਼ ਜੁਨੇਜਾ ਚੇਅਰਮੈਨ ਮਾਰਕੀਟ ਕਮੇਟੀ ਸੁਨਾਮ, ਮਨਪ੍ਰੀਤ ਬਾਂਸਲ, ਯਸ਼ਪਾਲ ਮੰਗਲਾ ਅਤੇ ਹੋਰ ਹਾਜ਼ਰ ਸਨ।

# ਟੇਲਾਂ ਵਾਲੇ ਪਿੰਡਾਂ ਨੂੰ ਵਾਟਰ ਰੀਚਾਰਜਿੰਗ ਪ੍ਰੋਜੈਕਟ ਸਕੀਮ ਅਧੀਨ ਲਿਆਂਦਾ ਜਾਵੇ : ਮਾਖਾ



ਸਰਦੂਲਗੜ੍ਹ, 15 ਜੂਨ ( ਲਛਮਣ ਸਿੱਧੂ ) :ਪੰਜਾਬ ਸਰਕਾਰ ਵੱਲੋਂ ਧਰਤੀ ਹੇਠਲੇ ਪਾਣੀ ਦਾ ਪੱਧਰ ਉੱਚਾ ਚੁੱਕਣ ਲਈ ਪੂਰੇ ਪੰਜਾਬ ਅੰਦਰ ਜੋ ਵਾਟਰ ਰੀਚਾਰਜਿੰਗ ਪ੍ਰੋਜੈਕਟ ਨਹਿਰੀ ਮੋਗਿਆਂ ਦੇ ਉਪਰ ਲਗਾਏ ਜਾ ਰਹੇ ਹਨ, ਜੋ ਕਿ ਮਾਨ ਸਰਕਾਰ ਦਾ ਇੱਕ ਵਧੀਆਂ ਉਪਰਾਲਾ ਹੈ ਪਰ ਇਹ ਪ੍ਰੋਜੈਕਟ ਸਿਰਫ ਉੱਥੇ ਲਗਾਏ ਜਾ ਰਹੇ ਹਨ ਜਿੱਥੇ ਪਾਣੀ ਦਾ ਹੇਠਲਾ ਪੱਧਰ 50 ਫੁੱਟ ਦੇ ਕਰੀਬ ਹੈ ਸਿਰਫ ਓਥੇ ਹੀ ਸਬੰਧਤ ਮਹਿਕਮੇ ਵੱਲੋਂ ਮਨਜੂਰ ਕੀਤੇ ਜਾ ਰਹੇ ਹਨ ਪਰ ਜੋ ਪਿੰਡ ਜਿਵੇ ਕਿ ਝੇਰਿਆਂਵਾਲੀ , ਰਾਏਪੁਰ , ਦਸੋਧੀਆ, ਭਲਾਈ ਕੇ ਆਦਿ ਪਿੰਡਾ ਵਿੱਚ ਜਿੱਥੇ ਪਾਣੀ ਦਾ ਪੱਧਰ ਤਾਂ 20-25 ਫੁੱਟ ਦੇ ਕਰੀਬ ਹੈ ਭਾਵ ਜਿਹੜੇ ਪਿੰਡ ਟੇਲਾ ਤੇ ਹਨ ਪਰ ਉਨ੍ਹਾਂ ਬਾਰਿਸ਼ ਦੇ ਸਮੇਂ ਵਿਚ ਪਿੱਛੋਂ ਨਹਿਰੀ ਮੋਗੇ ਬੰਦ ਕਰ ਦਿੱਤੇ ਜਾਂਦੇ ਹਨ। ਜਿਸ ਕਾਰਨ ਸੂਏ ਅਤੇ ਕੱਸੀਆਂ ਹਰ ਸਾਲ ਵਾਧੂ ਪਾਣੀ ਆਉਣ ਕਾਰਨ ਟੁੱਟਣ ਦਾ ਖਤਰਾ ਬਣਿਆ ਰਹਿੰਦਾ ਹੈ। ਸਮਾਜ ਸੇਵੀ ਸੇਵਕ ਸਿੰਘ ਮਾਖਾ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਹਨਾਂ ਟੇਲਾਂ ਵਾਲੇ ਪਿੰਡਾਂ ਨੂੰ ਵੀ ਇਸ ਸਕੀਮ ਵਿਚ ਲਿਆਂਦਾ ਜਾਵੇ ਤਾਂ ਤਾਂ ਜੋ ਟੇਲ ਉੱਪਰ ਪੈਂਦੇ ਪਿੰਡਾ ਨੂੰ ਵਾਰਿਸਾ ਦੇ ਸਮੇ ਵਾਧੂ ਪਾਣੀ ਨਾਲ ਹੋਣ ਵਾਲੇ ਨੁਕਸਾਨ ਤੋਂ ਬਚਿਆ ਜਾ ਸਕੇ !ਇਸ ਮੌਕੇ ਪਿੰਡਾਂ ਦੇ ਮੋਹਤਬਰ ਕਿਸਾਨ ਹਾਜ਼ਰ ਸਨ।

# ਤਰਸੇਮ ਭੱਠਲ ਮਾਮਲਾ : ਐੱਸ.ਐੱਚ.ਓ. ਨੇ ਪ੍ਰਗਟਾਇਆ ਅਫ਼ਸੋਸ, ਜੱਥੇਬੰਦੀਆਂ ਨੇ ਟਾਲੀ ਗੇਟ ਰੈਲੀ



ਬਰਨਾਲਾ, 15 ਜੂਨ (ਬਘੇਲ ਸਿੰਘ ਧਾਲੀਵਾਲ/ਹਮੀਰ ਸਿੰਘ) : ਮੁਲਾਜ਼ਮ ਡਿਫੈਂਸ ਕਮੇਟੀ ਬਰਨਾਲਾ ਦੇ ਸੱਦੇ 'ਤੇ ਅੱਜ ਡੀ.ਸੀ. ਕੰਪਲੈਕਸ ਬਰਨਾਲਾ ਦੇ ਪਾਰਕ ਵਿੱਚ ਜ਼ਿਲ੍ਹੇ ਦੀਆਂ ਸਮੂਹ ਮੁਲਾਜ਼ਮ, ਪੈਨਸ਼ਨਰ, ਕਿਸਾਨ, ਮਜ਼ਦੂਰ ਅਤੇ ਜਨਤਕ ਜਮਹੂਰੀ ਜੱਥੇਬੰਦੀਆਂ ਦੀ ਅਹਿਮ ਮੀਟਿੰਗ ਹੋਈ। ਮੀਟਿੰਗ ਦੌਰਾਨ 9 ਜੂਨ ਨੂੰ ਸੇਵਾ ਕੇਂਦਰ ਮੁਲਾਜ਼ਮਾਂ ਦੇ ਧਰਨੇ ਦੌਰਾਨ ਪੁਲਿਸ ਵੱਲੋਂ ਕੀਤੀ ਗਈ ਕਾਰਵਾਈ ਅਤੇ ਪੰਜਾਬ ਸਟੇਟ ਮਨਿਸਟਰੀਅਲ ਸਰਵਿਸ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਤਰਸੇਮ ਭੱਠਲ ਨਾਲ ਹੋਏ ਦੁਰਵਿਵਹਾਰ ਦੇ ਮਾਮਲੇ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਕਰਮਜੀਤ ਬੀਹਲਾ, ਰਾਜੀਵ ਕੁਮਾਰ, ਰਮੇਸ਼ ਹਮਦਰਦ, ਰਵਿੰਦਰ ਸ਼ਰਮਾ, ਨਿਰਮਲਜੀਤ ਸਿੰਘ, ਨਰੈਣ ਦੱਤ, ਕੌਰ ਸਿੰਘ, ਹਾਕਮ ਸਿੰਘ ਨੂਰ ਅਤੇ ਮੋਹਣ ਸਿੰਘ ਛੰਨਾਂ ਨੇ ਕਿਹਾ ਕਿ ਧਰਨੇ ਦੌਰਾਨ ਐੱਸਐੱਚਓ ਲਖਵਿੰਦਰ ਸਿੰਘ ਵੱਲੋਂ ਤਰਸੇਮ ਭੱਠਲ ਨਾਲ ਗੈਰ-ਉਚਿਤ ਵਿਵਹਾਰ ਅਤੇ ਅਣਉਚਿਤ ਭਾਸ਼ਾ ਦੀ ਵਰਤੋਂ ਕੀਤੀ ਗਈ ਸੀ, ਜਿਸ ਨਾਲ ਮੁਲਾਜ਼ਮ ਆਗੂ ਦੀ ਸ਼ਖ਼ਸੀਅਤ ਨੂੰ ਠੇਸ ਪਹੁੰਚੀ ਸੀ। ਇਸ ਦੌਰਾਨ ਡੀਐੱਸਪੀ ਸਤਿਵੀਰ ਸਿੰਘ ਬੈਂਸ ਦੀ ਪਹਿਲ 'ਤੇ ਪੁਲਿਸ ਪ੍ਰਸ਼ਾਸਨ ਅਤੇ ਵੱਖ-ਵੱਖ ਜੱਥੇਬੰਦੀਆਂ ਵਿਚਾਲੇ ਮੀਟਿੰਗ ਵੀ ਹੋਈ। ਮੀਟਿੰਗ ਵਿੱਚ ਐੱਸਐੱਚਓ ਲਖਵਿੰਦਰ ਸਿੰਘ ਨੇ 9 ਜੂਨ ਦੀ ਘਟਨਾ ਸਬੰਧੀ ਆਪਣੀ ਗਲਤੀ ਦਾ ਅਹਿਸਾਸ ਪ੍ਰਗਟ ਕੀਤਾ, ਜਦਕਿ ਡੀਐੱਸਪੀ ਸਤਿਵੀਰ ਸਿੰਘ ਬੈਂਸ ਨੇ ਭਰੋਸਾ ਦਿੱਤਾ ਕਿ ਭਵਿੱਖ ਵਿੱਚ ਅਜਿਹੀ ਘਟਨਾ ਦੁਬਾਰਾ ਨਹੀਂ ਵਾਪਰੇਗੀ ਅਤੇ ਸਮੂਹ ਮੁਲਾਜ਼ਮ ਤੇ ਜਨਤਕ ਜੱਥੇਬੰਦੀਆਂ ਦੇ ਸਨਮਾਨ ਨੂੰ ਹਰ ਹਾਲ ਵਿੱਚ ਬਰਕਰਾਰ ਰੱਖਿਆ ਜਾਵੇਗਾ। ਜੱਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਐੱਸਐੱਚਓ ਵੱਲੋਂ ਆਪਣੀ ਗਲਤੀ ਮੰਨਣ ਅਤੇ ਜਨਤਕ ਤੌਰ 'ਤੇ ਅਫ਼ਸੋਸ ਪ੍ਰਗਟ ਕਰਨ ਨਾਲ ਆਗੂਆਂ ਦਾ ਸਤਿਕਾਰ ਬਹਾਲ ਹੋਇਆ ਹੈ। ਇਸ ਲਈ ਸਰਵਸੰਮਤੀ ਨਾਲ ਫ਼ੈਸਲਾ ਕੀਤਾ ਗਿਆ ਕਿ 16 ਜੂਨ ਨੂੰ ਦਫ਼ਤਰੀ ਕਾਮਿਆਂ ਵੱਲੋਂ ਕੀਤੀ ਜਾਣ ਵਾਲੀ ਗੇਟ ਰੈਲੀ ਅਤੇ ਡਿਪਟੀ ਕਮਿਸ਼ਨਰ ਤੇ ਐੱਸਐੱਸਪੀ ਨੂੰ ਦਿੱਤੇ ਜਾਣ ਵਾਲੇ ਮਾਸ ਡੈਪੂਟੇਸ਼ਨ ਦਾ ਸੱਦਾ ਵਾਪਸ ਲਿਆ ਜਾਂਦਾ ਹੈ। ਮੀਟਿੰਗ ਵਿੱਚ ਦਰਸ਼ਨ ਚੀਮਾ, ਹਰਿੰਦਰ ਮੱਲੀਆਂ, ਨਿਰਮਲ ਚੁਹਾਨਕੇ, ਤਜਿੰਦਰ ਤੇਜੀ, ਸੁਖਜੀਤ ਸਿੰਘ, ਚਮਕੌਰ ਸਿੰਘ ਨੈਣੇਵਾਲ, ਹਰਦੀਪ ਟੱਲੇਵਾਲ, ਬਾਬੂ ਸਿੰਘ ਖੁੱਡੀਕਲਾਂ, ਪਵਿੱਤਰ ਲਾਲੀ, ਮਨਜੀਤ ਰਾਜ, ਮੋਹਣ ਸਿੰਘ ਰੂੜੇਕੇ, ਕੈਪਟਨ ਹਰਦੀਪ ਸਿੰਘ, ਗੁਰਪ੍ਰੀਤ ਰੂੜੇਕੇ, ਖੁਸ਼ੀਆ ਸਿੰਘ, ਡਾ. ਸੋਹਣ ਸਿੰਘ ਮਾਝੀ, ਬਿਕਰ ਸਿੰਘ ਔਲਖ, ਰਾਜਿੰਦਰਪਾਲ, ਰਮਨਪ੍ਰੀਤ ਕੌਰ, ਤੀਰਥ ਦਾਸ, ਮੋਹਣ ਸਿੰਘ, ਅਮਰਜੀਤ ਸਿੰਘ ਅਤੇ ਬਲਵੰਤ ਸਿੰਘ ਸਮੇਤ ਵੱਖ-ਵੱਖ ਜੱਥੇਬੰਦੀਆਂ ਦੇ ਨੁਮਾਇੰਦੇ ਹਾਜ਼ਰ ਸਨ। ਅੰਤ ਵਿੱਚ ਤਰਸੇਮ ਭੱਠਲ ਨੇ ਮੁਲਾਜ਼ਮ ਡਿਫੈਂਸ ਕਮੇਟੀ ਦੇ ਬੈਨਰ ਹੇਠ ਸੰਘਰਸ਼ ਵਿੱਚ ਸਾਥ ਦੇਣ ਲਈ ਕਿਸਾਨ, ਮਜ਼ਦੂਰ, ਪੈਨਸ਼ਨਰ ਅਤੇ ਮੁਲਾਜ਼ਮ ਜੱਥੇਬੰਦੀਆਂ ਦਾ ਧੰਨਵਾਦ ਕੀਤਾ ਅਤੇ ਲੋਕ-ਵਿਰੋਧੀ ਨੀਤੀਆਂ ਖ਼ਿਲਾਫ਼ ਭਵਿੱਖ ਵਿੱਚ ਵੀ ਸਾਂਝੇ ਸੰਘਰਸ਼ ਜਾਰੀ ਰੱਖਣ ਦੀ ਅਪੀਲ ਕੀਤੀ।

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ ਠੰਢੇ-ਮਿੱਠੇ ਜਲ ਦੀ **ਛਬੀਲ** ਲਗਾਈ



ਤਪਾ ਮੰਡੀ, 15 ਜੂਨ (ਰਾਜੂ ਮਹਿਰਾ) : ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਬਾਬਾ ਨਾਮਦੇਵ ਪ੍ਰਬੰਧਕ ਕਮੇਟੀ ਵੱਲੋਂ ਠੰਢੇ ਮਿੱਠੇ ਪਾਣੀ ਦੀ ਛਬੀਲ ਲਗਾਈ ਗਈ। ਇਸ ਮੌਕੇ ਰਾਹਗੀਰਾਂ ਅਤੇ ਸੰਗਤਾਂ ਨੂੰ ਮਿੱਠਾ ਠੰਢਾ ਪਾਣੀ ਛਕਾਇਆ ਗਿਆ। ਛਬੀਲ ਸੇਵਾ ਦੌਰਾਨ ਕਮੇਟੀ ਦੇ ਪ੍ਰਧਾਨ ਜੋਗਿੰਦਰ ਸਿੰਘ ਮੋਗਾ, ਬਿੱਕਰ ਸਿੰਘ ਪ੍ਰਜਾਪਤ, ਸੁਰਜੀਤ ਪੁਰਬਾ, ਚਰਨਜੀਤ ਪੁਰਬਾ, ਮਨਪ੍ਰੀਤ ਪੁਰਬਾ, ਬਲਵੰਤ ਸਰੋਏ, ਹਰਦੀਪ ਸਿੰਘ ਦੀਪਾ, ਗੁਰਸੇਵਕ ਸਿੰਘ, ਬਿੰਦਰ ਸਿੰਘ, ਨਵਦੀਪ ਸਿੰਘ, ਮਹਿਕਪ੍ਰੀਤ, ਗੁਰਜੰਟ ਪੁਰਬਾ, ਹਰਜੀਤ ਪੁਰਬਾ, ਗਜਿੰਦਰ ਸਿੰਘ ਕੈਂਥ ਅਤੇ ਗੁਰਪ੍ਰੀਤ ਪੁਰਬਾ ਸਮੇਤ ਹੋਰ ਸੇਵਾਦਾਰ ਹਾਜ਼ਰ ਸਨ। ਇਸ ਮੌਕੇ ਸੰਗਤਾਂ ਨੂੰ ਗੁਰੂ ਸਾਹਿਬ ਦੀਆਂ ਸਿੱਖਿਆਵਾਂ 'ਤੇ ਚੱਲਣ ਦਾ ਸੰਦੇਸ਼ ਵੀ ਦਿੱਤਾ ਗਿਆ।

# ਜ਼ਿਲ੍ਹਾ ਤੇ ਸੈਸਨਜ਼ ਜੱਜ ਵੱਲੋਂ ਜ਼ਿਲ੍ਹਾ ਜੇਲ੍ਹ ਦਾ ਦੌਰਾ, ਕੈਦੀਆਂ ਦੀਆਂ ਸਹੂਲਤਾਂ ਦਾ ਜਾਇਜ਼ਾ ਲਿਆ



ਬਰਨਾਲਾ, 15 ਜੂਨ (ਬਘੇਲ ਸਿੰਘ ਧਾਲੀਵਾਲ) : ਮਿਸ ਅੰਸ਼ੁਲ ਬੇਰੀ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਸਹਿਤ ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਰਨਾਲਾ ਵੱਲੋਂ ਜ਼ਿਲ੍ਹਾ ਜੇਲ੍ਹ ਬਰਨਾਲਾ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਮਦਨ ਲਾਲ, ਮਾਨਯੋਗ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਰਨਾਲਾ, ਗੁਰਮੇਲ ਸਿੰਘ ਗਿੱਲ, ਚੀਫ ਲੀਗਲ ਏਡ ਡਿਫੈਂਸ ਕਾਊਂਸਲ ਮਨਿੰਦਰ ਸਿੰਘ, ਅਸਿਸਟੈਂਟ ਲੀਗਲ ਏਡ ਡਿਫੈਂਸ ਕੌਂਸਲ ਬਰਨਾਲਾ ਹਾਜ਼ਰ ਸਨ।ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਸਹਿਤ ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਰਨਾਲਾ ਨੇ ਜੇਲ੍ਹ ਬੰਦੀਆਂ ਨੂੰ ਆ ਰਹੀਆਂ ਮੁਸ਼ਕਿਲਾਂ ਦਾ ਜਾਇਜ਼ਾ ਲਿਆ ਅਤੇ ਹਰ ਸੰਭਵ ਮੱਦਦ ਕਰਨ ਦਾ ਭਰੋਸਾ ਦਵਾਇਆ। ਉਨ੍ਹਾਂ ਜੇਲ੍ਹ ਸੁਪਰਡੰਟ ਨੂੰ ਹਦਾਇਤ ਕੀਤੀ ਕਿ ਜੋ ਵੀ ਵਿਅਕਤੀ ਸਰਕਾਰੀ ਖਰਚੇ 'ਤੇ ਆਪਣੇ ਕੇਸ ਦੀ ਪੈਰਵਾਈ ਕਰਵਾਉਣਾ ਚਾਹੁੰਦਾ ਹੈ, ਉਸਦਾ ਫਾਰਮ ਭਰਕੇ ਦੋ ਦਿਨ ਦੇ ਵਿੱਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਰਨਾਲਾ ਦੇ ਦਫ਼ਤਰ ਵਿਖੇ ਭੇਜਣਾ ਯਕੀਨੀ ਬਣਾਇਆ ਜਾਵੇ, ਤਾਂ ਜੋ ਅਗਲੇਰੀ ਕਾਰਵਾਈ ਕੀਤੀ ਜਾ ਸਕੇ। ਇਸ ਤੋਂ ਇਲਾਵਾ ਮਦਨ ਲਾਲ, ਮਾਨਯੋਗ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਰਨਾਲਾ ਨੇ ਦੱਸਿਆ ਕਿ ਜ਼ਿਲ੍ਹਾ ਜੇਲ੍ਹ, ਬਰਨਾਲਾ ਵਿਖੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਰਨਾਲਾ ਵੱਲੋਂ ਇੱਕ ਲੀਗਲ ਏਡ ਕਲੀਨਿਕ ਚੱਲ ਰਿਹਾ ਹੈ ਜਿੱਥੇ ਪੈਰਾ ਲੀਗਲ ਵਲੰਟੀਅਰ ਨਿਯੁਕਤ ਕੀਤਾ ਗਿਆ ਹੈ। ਇਸ ਦੌਰੇ ਦੌਰਾਨ ਜਿਹੜੇ ਕੈਦੀਆਂ ਵੱਲੋਂ ਸਕਿੱਲ ਡਿਵੈਲਪਮੈਂਟ ਦਾ ਕੋਰਸ ਕੀਤਾ ਗਿਆ ਸੀ ਓਹਨਾਂ ਨੂੰ ਮਾਨਯੋਗ ਸੈਸ਼ਨ ਜੱਜ ਵੱਲੋਂ ਸਰਟੀਫਿਕੇਟ ਵੰਡੇ ਗਏ। ਇਸ ਤੋਂ ਇਲਾਵਾ ਇਸ ਦੌਰੇ ਦੌਰਾਨ ਟ੍ਰੇਨਿਗ ਸਕੂਲ ਵਿਖੇ ਕੈਦੀਆਂ ਅਤੇ ਹਵਾਲਾਤੀਆਂ ਨੂੰ ਅੰਗਰੇਜ਼ੀ ਵਿਸ਼ੇ ਦੀ ਸਿਖਲਾਈ ਦਿੱਤੀ ਜਾ ਰਹੀ ਸੀ।

# ਮਲੇਰੀਆ ਖ਼ਿਲਾਫ਼ ਜੰਗ : ਸਿਹਤ ਵਿਭਾਗ ਦੀਆਂ ਟੀਮਾਂ ਸਰਗਰਮ



ਬਰਨਾਲਾ, 15 ਜੂਨ (ਬਘੇਲ ਸਿੰਘ ਧਾਲੀਵਾਲ) : ਸਿਹਤ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾਇਰੈਕਟਰ ਸਿਹਤ ਵਿਭਾਗ ਦੇ ਪੱਤਰ ਅਨੁਸਾਰ ਜੂਨ ਮਹੀਨੇ ਨੂੰ ਮਲੇਰੀਆ ਵਿਰੋਧੀ ਮਹੀਨੇ ਵਜੋਂ ਮਨਾਇਆ ਜਾ ਰਿਹਾ ਹੈ। ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਪਿੰਡਾਂ, ਸ਼ਹਿਰਾਂ ਅਤੇ ਸਲੱਮ ਖੇਤਰਾਂ ਵਿੱਚ ਘਰ-ਘਰ ਜਾ ਕੇ ਮਲੇਰੀਆ ਤੋਂ ਬਚਾਅ ਅਤੇ ਜਾਗਰੂਕ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ, ਇਨ੍ਹਾਂ ਸਬਦਾਂ ਦਾ ਪ੍ਰਗਟਾਵਾ ਸਿਵਲ ਸਰਜਨ ਬਰਨਾਲਾ ਡਾ. ਹਰੀਪਾਲ ਸਿੰਘ ਸਿੱਧੂ ਵੱਲੋਂ ਕੀਤਾ ਗਿਆ। ਡਾ. ਮੁਨੀਸ਼ ਕੁਮਾਰ ਜ਼ਿਲ੍ਹਾ ਐਪੀਡੇਮੋਲੋਜਿਸਟ ਗੁਰਮੇਲ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਸ਼ਹਿਣਾ ਅਤੇ ਸੁਰਿੰਦਰ ਸਿੰਘ ਸਿਹਤ ਸੁਪਰਵਾਇਜ਼ਰ ਨੇ ਦੱਸਿਆ ਕਿ ਮਲੇਰੀਆ ਮਾਦਾ ਐਨਾਫਲੀਜ਼ ਮੱਛਰ ਦੇ ਕੱਟਣ ਨਾਲ ਫੈਲਦਾ ਹੈ। ਜੇਕਰ ਤੇਜ਼ ਬੁਖਾਰ, ਸਿਰ ਦਰਦ, ਉਲਟੀ ਜੀ ਕੱਚਾ ਹੋਣਾ, ਕਾਂਬੇ ਨਾਲ ਬੁਖਾਰ ਹੋਣ ਤੋਂ ਬਾਅਦ ਸਰੀਰ ਦਰਦ ਅਤੇ ਪਸੀਨਾ ਆਉਣਾ ਆਦਿ ਲੱਛਣ ਹੋਣ ਤਾਂ ਤੁਰੰਤ ਖ਼ੂਨ ਦੀ ਜਾਂਚ ਅਤੇ ਡਾਕਟਰੀ ਸਹਾਇਤਾ ਲੈਣੀ ਚਾਹੀਦੀ ਹੈ। ਕੁਲਦੀਪ ਸਿੰਘ ਮਾਨ ਜ਼ਿਲ੍ਹਾ ਮਾਸ ਮੀਡੀਆ ਤੇ ਸੂਚਨਾ ਅਫ਼ਸਰ ਅਤੇ ਬਲਰਾਜ ਸਿੰਘ ਡਿਪਟੀ ਮਾਸ ਮੀਡੀਆ ਤੇ ਸੂਚਨਾ ਅਫ਼ਸਰ ਨੇ ਦੱਸਿਆ ਕਿ ਮਲੇਰੀਆ ਤੋਂ ਬਚਾਅ ਲਈ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਜਾਗਰੂਕਤਾ ਪੈਂਫਲੈਟਸ ਅਤੇ ਸੱਥਾਂ 'ਚ ਗਰੁੱਪ ਮੀਟਿੰਗਾਂ ਅਤੇ ਸਕੂਲਾਂ 'ਚ ਮਲੇਰੀਆ ਤੋਂ ਬਚਾਅ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਬੁਖਾਰ ਹੋਣ 'ਤੇ ਖ਼ੂਨ ਦੀ ਜਾਂਚ ਜ਼ਰੂਰ ਕਰਵਾਉਣੀ ਚਾਹੀਦੀ ਹੈ। ਸਿਹਤ ਵਿਭਾਗ ਵੱਲੋਂ ਮਲੇਰੀਆ ਦਾ ਟੈਸਟ ਅਤੇ ਇਲਾਜ ਬਿਲਕੁਲ ਮੁਫਤ ਕੀਤਾ ਜਾਂਦਾ ਹੈ।

# ਖ਼ੁਦਕੁਸ਼ੀ ਤੋਂ ਪਹਿਲਾਂ ਲਿਖੇ ਨੋਟ ਨੇ **ਖੋਲ੍ਹੇ ਕਈ ਰਾਜ਼**, ਦੋ ਕਾਲੋਨਾਈਜ਼ਰਾਂ 'ਤੇ ਲੱਗੇ ਦੋਸ਼



ਬਰਨਾਲਾ, 15 ਜੂਨ (ਬਘੇਲ ਸਿੰਘ ਧਾਲੀਵਾਲ) : ਸ਼ਹਿਰ ਦੇ ਸੰਧੂ ਪੱਤੀ ਇਲਾਕੇ ਵਿੱਚ ਉਸ ਵੇਲੇ ਸੋਗ ਦੀ ਲਹਿਰ ਫੈਲ ਗਈ ਜਦੋਂ ਸਾਬਕਾ ਪਾਰਸ਼ਦ ਨਛੱਤਰ ਸਿੰਘ ਜੱਗਾ ਐਮ.ਸੀ. (56) ਨੇ ਆਪਣੇ ਘਰ ਵਿੱਚ ਛੱਤ ਦੇ ਪੱਖੇ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਘਟਨਾ ਸੋਮਵਾਰ ਤੜਕੇ ਕਰੀਬ 2 ਵਜੇ ਦੀ ਦੱਸੀ ਜਾ ਰਹੀ ਹੈ। ਸੂਚਨਾ ਮਿਲਣ 'ਤੇ ਥਾਣਾ ਸਿਟੀ-1 ਬਰਨਾਲਾ ਦੀ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਥਾਣਾ ਸਿਟੀ-1 ਦੇ ਮੁਖੀ ਇੰਸਪੈਕਟਰ ਲਖਵਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਵੱਲੋਂ ਇੱਕ ਸੁਸਾਈਡ ਨੋਟ ਮਿਲਣ ਦੀ ਜਾਣਕਾਰੀ ਦਿੱਤੀ ਗਈ ਹੈ। ਸੁਸਾਈਡ ਨੋਟ ਵਿੱਚ ਧੂਰੀ ਦੇ ਰਹਿਣ ਵਾਲੇ ਦੋ ਕਾਲੋਨਾਈਜ਼ਰਾਂ ਅਸ਼ਵਨੀ ਕੁਮਾਰ ਬੌਬੀ ਅਤੇ ਵਿਨੋਦ ਕੁਮਾਰ ਟੀਟੂ ਨੂੰ ਖੁਦਕੁਸ਼ੀ ਲਈ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਮ੍ਰਿਤਕ ਦੇ ਭਰਾ ਮਲਕੀਤ ਸਿੰਘ ਮੀਤਾ ਅਤੇ ਹੋਰ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਕਤ ਕਾਲੋਨਾਈਜ਼ਰਾਂ ਨਾਲ ਸੇਖਾ ਰੋਡ ਸਥਿਤ ਇੱਕ ਕਾਲੋਨੀ ਸਬੰਧੀ ਲੱਖਾਂ ਰੁਪਏ ਦੇ ਲੈਣ-ਦੇਣ ਦਾ ਮਾਮਲਾ ਚੱਲ ਰਿਹਾ ਸੀ ਅਤੇ ਉਨ੍ਹਾਂ ਦੇ ਪੈਸੇ ਵਾਪਸ ਨਹੀਂ ਕੀਤੇ ਜਾ ਰਹੇ ਸਨ। ਪਰਿਵਾਰ ਦਾ ਦੋਸ਼ ਹੈ ਕਿ ਇਸੇ ਕਾਰਨ ਨਛੱਤਰ ਸਿੰਘ ਜੱਗਾ ਮਾਨਸਿਕ ਤਣਾਅ ਵਿੱਚ ਸਨ। ਪਰਿਵਾਰਕ ਮੈਂਬਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਜਦੋਂ ਤੱਕ ਨਾਮਜ਼ਦ ਵਿਅਕਤੀਆਂ ਖ਼ਿਲਾਫ਼ ਕਾਰਵਾਈ ਕਰਕੇ ਉਨ੍ਹਾਂ ਨੂੰ ਕਾਬੂ ਨਹੀਂ ਕੀਤਾ ਜਾਂਦਾ, ਉਦੋਂ ਤੱਕ ਮ੍ਰਿਤਕ ਦਾ ਅੰਤਿਮ ਸੰਸਕਾਰ ਨਹੀਂ ਕੀਤਾ ਜਾਵੇਗਾ। ਇੰਸਪੈਕਟਰ ਲਖਵਿੰਦਰ ਸਿੰਘ ਨੇ ਦੱਸਿਆ ਕਿ ਪੁਲਿਸ ਵੱਲੋਂ ਪਰਿਵਾਰ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ ਅਤੇ ਮਾਮਲੇ ਦੇ ਹਰ ਪੱਖ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ।

# ਪਬਲਿਕ ਖੇਡ ਸਟੇਡੀਅਮ ਭਦੌੜ ਵਿਖੇ ਛੋਟੇ ਬੱਚਿਆਂ ਦੀ ਐਥਲੈਟਿਕਸ ਮੀਟ ਕਰਵਾਈ



ਭਦੌੜ, 15 ਜੂਨ (ਸੁਖਵਿੰਦਰ ਪਲਾਹਾ) : ਸਥਾਨਕ ਮਿਉਂਸਪਲ ਪਬਲਿਕ ਖੇਡ ਸਟੇਡੀਅਮ ਭਦੌੜ ਵਿਖੇ ਜੂਨੀਅਰ ਬੱਚਿਆਂ ਦੀ ਸ਼ਾਨਦਾਰ ਐਥਲੈਟਿਕਸ ਮੀਟ ਕਰਵਾਈ ਗਈ। ਇਹ ਐਥਲੈਟਿਕਸ ਮੀਟ ਜੂਨੀਅਰ ਫਿਟਨਸ ਕਲੱਬ ਭਦੌੜ ਵੱਲੋਂ ਕਰਵਾਈ ਗਈ, ਜਿਸ ਵਿੱਚ 102 ਬੱਚਿਆਂ ਨੇ ਹਿੱਸਾ ਲਿਆ। ਜੂਨੀਅਰ ਬੱਚਿਆਂ ਦੀਆਂ ਕਰਵਾਈ ਗਈ ਇਸ ਦੌੜ ਵਿੱਚ 5 ਸਾਲ ਤੋਂ 12 ਸਾਲ ਤੱਕ ਦੇ ਬੱਚਿਆਂ ਨੇ ਹਿੱਸਾ ਲਿਆ। ਇਸ ਐਥਲੈਟਿਕਸ ਮੀਟ ਵਿੱਚ ਛੋਟੇ ਬੱਚਿਆਂ ਨੇ ਸਾਢੇ ਤਿੰਨ ਕਿਲੋਮੀਟਰ ਦੀ ਰੇਸ ਪੂਰੀ ਕੀਤੀ ਅਤੇ ਵੱਡੇ ਬੱਚਿਆਂ ਵੱਲੋਂ ਪੰਜ ਕਿਲੋਮੀਟਰ ਦੀ ਰੇਸ ਨੂੰ ਪੂਰਾ ਕੀਤਾ ਗਿਆ। ਇਹ ਐਥਲੈਟਿਕਸ ਮੀਟ ਜੂਨੀਅਰ ਫਿਟਨੈੱਸ ਕਲੱਬ ਦੇ ਪ੍ਰਧਾਨ ਆਰਮੀ ਰਿਟਾਇਰਡ ਗੁਰਭਜਨ ਸਿੰਘ ਬਾਜਵਾ ਵੱਲੋਂ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਕਰਵਾਈ ਗਈ ।ਇਸ ਮੌਕੇ ਗੁਰਭਜਨ ਸਿੰਘ ਨੇ ਕਿਹਾ ਕਿ ਇਹ ਐਥਲੈਟਿਕ ਮੀਟ ਕਰਵਾਉਣ ਦਾ ਮੁੱਖ ਮਕਸਦ ਇਹ ਹੈ ਕਿ ਬੱਚਿਆਂ ਨੂੰ ਖੇਡ ਭਾਵਨਾ ਨਾਲ ਪਿਆਰ ਹੋਵੇ ਅਤੇ ਬੱਚੇ ਨਸ਼ਿਆਂ ਤੋਂ ਦੂਰ ਰਹਿ ਸਕਣ । ਇਸ ਕਰਵਾਈ ਗਈ ਐਥਲੈਟਿਕਸ ਮੀਟ ਵਿੱਚ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਜੂਨੀਅਰ ਫਿਟਨੈੱਸ ਕਲੱਬ ਭਦੌੜ ਵੱਲੋਂ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਫਿਟਨੈੱਸ ਕਲੱਬ ਦੇ ਮੈਂਬਰ ਰਵਿੰਦਰ ਸਿੰਘ ਰਵੀ ਬੈਂਸ, ਬਲਜਿੰਦਰ ਸਿੰਘ ਡੀ ਪੀ, ਬਖਸ਼ੀਸ਼ ਸਿੰਘ ਨੇ ਆਪਣਾ ਭਰਪੂਰ ਸਹਿਯੋਗ ਦਿੰਦਿਆਂ ਹੋਇਆ,ਇਸ ਐਥਲੇਟਿਕਸ ਮੀਟ ਨੂੰ ਯਾਦਗਾਰੀ ਬਣਾ ਦਿੱਤਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗੁਰਭਜਨ ਸਿੰਘ ਬਾਜਵਾ ਨੇ ਕਿਹਾ ਕਿ ਜੂਨੀਅਰ ਫਿਟਨਸ ਕਲੱਬ ਵੱਲੋਂ ਆਉਣ ਵਾਲੇ ਸਮੇਂ ਵਿੱਚ ਹੋਰ ਖੇਡਾਂ ਨੂੰ ਵੀ ਸ਼ਾਮਿਲ ਕੀਤਾ ਜਾਵੇਗਾ, ਕਿਉਂਕਿ ਕੁੱਝ ਬੱਚਿਆਂ ਦਾ ਧਿਆਨ ਇਸ ਖੇਡ ਤੋਂ ਇਲਾਵਾ ਹੋਰ ਖੇਡਾਂ ਵੱਲ ਹੁੰਦਾ ਹੈ, ਜਿਸ ਕਰਕੇ ਆਉਂਦੇ ਦਿਨਾਂ ਵਿੱਚ ਬੱਚਿਆਂ ਦੀ ਮੰਗ ਨੂੰ ਮੁੱਖ ਰੱਖਦਿਆਂ ਹੋਇਆਂ ਅਜਿਹੇ ਪ੍ਰੋਗਰਾਮਾਂ ਨੂੰ ਵੱਡੀ ਪੱਧਰ 'ਤੇ ਉਲੀਕਿਆ ਜਾਵੇਗਾ। ਇਸ ਮੌਕੇ ਖੇਡ ਪ੍ਰੇਮੀ ਅਭੈ ਕੁਮਾਰ ਗਰਗ, ਕੁਲਦੀਪ ਸਿੰਘ ਬਾਜਵਾ, ਸ਼ਮਸ਼ਾਦ ਮੁਹੰਮਦ, ਗੁਰਵਿੰਦਰ ਸਿੰਘ, ਸੁਖਵਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਬੱਚਿਆਂ ਦੇ ਮਾਪੇ ਮੌਜੂਦ ਸਨ।

# ਪੰਛੀਆਂ ਨੂੰ ਗਰਮੀ ਦੀ ਮਾਰ ਤੋਂ ਬਚਾਉਣ ਲਈ ਪਾਣੀ ਰੱਖਿਆ ਜਾਵੇ : ਰਾਜੇਸ਼ ਨੀਟੂ ਸਰਾਫ਼



ਬਰਨਾਲਾ, 15 ਜੂਨ (ਸੁਖਵਿੰਦਰ ਸਿੰਘ ਭੰਡਾਰੀ) : ਅੱਤ ਦੀ ਪੈ ਰਹੀ ਗਰਮੀ ਨੇ ਜਿੱਥੇ ਮਨੁੱਖੀ ਜਿੰਦਗੀ ਨੂੰ ਬੇਹਾਲ ਕਰਕੇ ਰੱਖ ਦਿੱਤਾ ਹੈ, ਉਥੇ ਨਾਲ ਹੀ ਪੰਛੀਆਂ ਅਤੇ ਜਾਨਵਰਾਂ ਨੂੰ ਵੀ ਜਾਨਲੇਵਾ ਗਰਮੀ ਦਾ ਸੰਤਾਪ ਭੋਗਣਾ ਪੈ ਰਿਹਾ ਹੈ, ਇਸ ਲਈ ਸਾਨੂੰ ਚਾਹੀਦਾ ਹੈ ਕਿ ਆਪੋ ਆਪਣੇ ਘਰਾਂ ਦੀਆਂ ਛੱਤਾਂ ਉੱਪਰ ਪੰਛੀਆਂ ਲਈ ਮਿੱਟੀ ਦੇ ਬਰਤਨਾਂ 'ਚ ਪੀਣ ਵਾਲਾ ਪਾਣੀ ਭਰਕੇ ਜ਼ਰੂਰ ਰੱਖਿਆ ਜਾਵੇ, ਤਾਂ ਜੋ ਪੰਛੀਆਂ ਨੂੰ ਪੀਣ ਲਈ ਪਾਣੀ ਮਿਲ ਸਕੇ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸਮਾਜ ਸੇਵੀ ਰਾਜੇਸ਼ ਕੁਮਾਰ ਨੀਟੂ ਸਰਾਫ਼ ਬਰਨਾਲਾ ਨੇ ਗੱਲਬਾਤ ਕਰਦਿਆਂ ਕੀਤਾ। ਸਾਨੂੰ ਪੰਛੀਆਂ ਦਾ ਵੀ ਖਾਸ ਧਿਆਨ ਰੱਖਣਾ ਚਾਹੀਦਾ ਹੈ ਤਾਂ ਜੋ ਪੰਛੀਆਂ ਨੂੰ ਵੀ ਸਮੇਂ ਸਿਰ ਪੀਣ ਦੇ ਲਈ ਪਾਣੀ ਮਿਲ ਸਕੇ। ਉਹਨਾਂ ਕਿਹਾ ਕਿ ਇਸ ਵੇਲੇ ਗਰਮੀ ਦਾ ਤਾਪਮਾਨ ਬਹੁਤ ਜਿਆਦਾ ਵੱਧ ਚੁੱਕਾ ਹੈ, ਇਸ ਲਈ ਜਿੱਥੇ ਸਾਨੂੰ ਆਪਣੀ ਸਿਹਤ ਦਾ ਧਿਆਨ ਰੱਖਣਾ ਚਾਹੀਦਾ ਹੈ ਉੱਥੇ ਨਾਲ ਹੀ ਇਨਸਾਨੀਅਤ ਦੀਆਂ ਕਦਰਾਂ ਕੀਮਤਾਂ ਨੂੰ ਹੋਰ ਉੱਚਾ ਚੁੱਕਦਿਆਂ ਕੋਮਲ ਪੰਛੀਆਂ ਦਾ ਵੀ ਖਾਸ ਧਿਆਨ ਰੱਖਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਹਰ ਗਰਮੀ ਦੇ ਮੌਸਮ 'ਚ ਮਿੱਟੀ ਦੇ ਭਾਂਡਿਆਂ 'ਚ ਪੰਛੀਆਂ ਦੇ ਪੀਣ ਲਈ ਪਾਣੀ ਘਰਾਂ ਦੀਆਂ ਛੱਤਾਂ ਅਤੇ ਹੋਰ ਜਨਤਕ ਥਾਵਾਂ 'ਤੇ ਰੱਖਣਾ ਚਾਹੀਦਾ ਹੈ ਤਾਂ ਜੋ ਪੰਛੀ ਆ ਕੇ ਪਾਣੀ ਪੀ ਸਕਣ।

# ਐੱਸ.ਡੀ. ਕਾਲਜ ਬਰਨਾਲਾ ਵਿੱਚ **ਰਵਾਇਤੀ ਤੇ ਪ੍ਰੋਫੈਸ਼ਨਲ ਕੋਰਸਾਂ** ਲਈ ਵਧੀ ਮੰਗ




ਬਰਨਾਲਾ, 15 ਜੂਨ (ਹਮੀਰ ਸਿੰਘ) : ਮਾਲਵਾ ਖਿੱਤੇ ਦੇ ਨਾਮਵਰ ਐੱਸ ਡੀ ਕਾਲਜ ਵਿਚ ਹਰ ਸਾਲ ਵਾਂਗ ਬਰਨਾਲਾ ਸਮੇਤ ਨਜ਼ਦੀਕੀ ਜ਼ਿਲ੍ਹਿਆਂ ਦੇ ਵਿਦਿਆਰਥੀ ਦਾਖ਼ਲਾ ਲੈਣ ਵਿਚ ਬਹੁਤ ਰੁਚੀ ਵਿਖਾ ਰਹੇ ਹਨ। ਕਾਲਜ ਦੇ ਪੀ.ਆਰ.ਓ. ਪ੍ਰੋ. ਸ਼ੋਇਸ਼ ਜ਼ਫ਼ਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਵਾਰ ਰਵਾਇਤੀ ਕੋਰਸਾਂ ਦੇ ਨਾਲ-ਨਾਲ ਕਿੱਤਾਮੁਖੀ ਕੋਰਸਾਂ ਵਿਚ ਵਿਦਿਆਰਥੀਆਂ ਦਾ ਦਾਖ਼ਲਾ ਲੈਣ ਦਾ ਵਿਸ਼ੇਸ਼ ਰੁਝਾਨ ਵੇਖਣ ਨੂੰ ਮਿਲ ਰਿਹਾ ਹੈ। ਦਾਖ਼ਲੇ ਲਈ ਮੈਰਿਟ ਨੂੰ ਹੀ ਮੁੱਖ ਅਧਾਰ ਬਣਾਇਆ ਜਾ ਰਿਹਾ ਹੈ। ਮਾਨਤਾ ਪ੍ਰਾਪਤ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਸਬੰਧ ਇਸ ਵੱਕਾਰੀ ਸੰਸਥਾ ਵਿੱਚ ਵਿਦਿਆਰਥੀਆਂ ਲਈ ਵੱਖ-ਵੱਖ ਤਰ੍ਹਾਂ ਦੇ ਡਿਗਰੀ ਅਤੇ ਡਿਪਲੋਮਾ ਕੋਰਸ ਜਿਵੇਂ ਕਿ ਬੀ.ਏ., ਬੀ.ਕਾਮ., ਬੀ.ਐਸਸੀ. (ਮੈਡੀਕਲ/ਨਾਨ-ਮੈਡੀਕਲ), ਬੀ.ਲਿਬ., ਐਮ.ਏ. (ਪੰਜਾਬੀ, ਅੰਗਰੇਜ਼ੀ), ਐਮ.ਐਸਸੀ. (ਗਣਿਤ), ਐਮ.ਕਾਮ. ਅਤੇ ਪੀ.ਜੀ.ਡੀ.ਸੀ.ਏ. ਤੋਂ ਇਲਾਵਾ ਇਸ ਵਾਰ ਨਵਾਂ ਕੋਰਸ ਆਈ.ਟੀ.ਈ.ਪੀ.-ਬੀ.ਏ. ਬੀ.ਐਡ. ਵੀ ਸ਼ੁਰੂ ਕੀਤਾ ਗਿਆ ਹੈ। ਇਸ ਦੇ ਨਾਲ ਹੀ ਕਾਲਜ ਵਿੱਚ ਏ.ਆਈ.ਸੀ.ਟੀ.ਈ. ਤੋਂ ਪ੍ਰਵਾਨਿਤ ਪ੍ਰੋਫੈਸ਼ਨਲ ਕੋਰਸ ਜਿਵੇਂ ਕਿ ਬੀ.ਸੀ.ਏ. ਅਤੇ ਬੀ.ਬੀ.ਏ. ਸਮੇਤ ਕਈ ਵੋਕੇਸ਼ਨਲ ਕੋਰਸ ਵੀ ਕਰਵਾਏ ਜਾ ਰਹੇ ਹਨ। ਵਿਦਿਆਰਥੀਆਂ ਦੀ ਸਹੂਲਤ ਲਈ ਕਾਲਜ ਵਿੱਚ ਤਜਰਬੇਕਾਰ ਸਟਾਫ਼, ਆਧੁਨਿਕ ਵਿਗਿਆਨ ਤੇ ਕੰਪਿਊਟਰ ਲੈਬਾਂ, ਵਾਈ-ਫਾਈ ਕੈਂਪਸ, ਪਲੇਸਮੈਂਟ ਦੇ ਮੌਕੇ, ਐਨ.ਐਸ.ਐਸ., ਐਨ.ਸੀ.ਸੀ. ਅਤੇ ਖਿਡਾਰੀਆਂ ਲਈ ਵਿਸ਼ੇਸ਼ ਸਹੂਲਤਾਂ ਮੌਜੂਦ ਹਨ। ਯੋਗ ਵਿਦਿਆਰਥੀਆਂ ਲਈ ਵੱਖ-ਵੱਖ ਵਜੀਫ਼ਾ ਸਕੀਮਾਂ ਵੀ ਉਪਲੱਬਧ ਹਨ।

# ਹਰਚਰਨ ਸਿੰਘ ਮਾਨ ਸਰਬਸੰਮਤੀ ਨਾਲ ਵੈਸਟ ਸਿਟੀ ਕਲੋਨੀ ਸੁਸਾਇਟੀ ਦੇ **ਪ੍ਰਧਾਨ** ਚੁਣੇ



ਬਰਨਾਲਾ, 15 ਜੂਨ (ਸੁਖਵਿੰਦਰ ਸਿੰਘ ਭੰਡਾਰੀ) : ਵੈਸਟ ਸਿਟੀ ਕਲੋਨੀ ਦੇ ਵਾਸੀਆਂ ਦੀ ਇੱਕ ਅਹਿਮ ਮੀਟਿੰਗ ਹੋਈ, ਜਿਸ ਵਿੱਚ ਕਲੋਨੀ ਦੇ ਵਿਕਾਸ, ਪ੍ਰਬੰਧਨ ਅਤੇ ਲੋਕ ਭਲਾਈ ਦੇ ਕੰਮਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਇੱਕ ਸੋਸਾਇਟੀ ਦਾ ਗਠਨ ਕੀਤਾ ਗਿਆ। ਇਸ ਮੌਕੇ ਕਲੋਨੀ ਵਾਸੀਆਂ ਦਾ ਭਾਰੀ ਇਕੱਠ ਦੇਖਣ ਨੂੰ ਮਿਲਿਆ ਅਤੇ ਸਰਬਸੰਮਤੀ ਨਾਲ 21 ਮੈਂਬਰੀ ਕਮੇਟੀ ਦੀ ਚੋਣ ਕੀਤੀ ਗਈ। ਮੀਟਿੰਗ ਦੌਰਾਨ ਸਰਬਸੰਮਤੀ ਨਾਲ ਹਰਚਰਨ ਸਿੰਘ ਮਾਨ ਨੂੰ ਸੋਸਾਇਟੀ ਦਾ ਪ੍ਰਧਾਨ ਚੁਣਿਆ ਗਿਆ। ਇਸ ਤੋਂ ਇਲਾਵਾ ਵਰਿੰਦਰ ਕੁਮਾਰ ਜਿੰਦਲ ਨੂੰ ਸੀਨੀਅਰ ਉਪ ਪ੍ਰਧਾਨ ਨਿਯੁਕਤ ਕੀਤਾ ਗਿਆ। ਜੀਵਨ ਕੁਮਾਰ, ਭਾਰਤ ਭੂਸ਼ਣ ਕਾਲੀ, ਸਤੀਸ਼ ਕੁਮਾਰ ਧਨੌਲਾ, ਬਲਵੰਤ ਸਿੰਘ ਸਿੱਧੂ ਅਤੇ ਵਿਜੇ ਕੁਮਾਰ ਮਹਿਲ ਕਲਾਂ ਨੂੰ ਮੀਤ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਗਈ। ਕਮੇਟੀ ਵਿੱਚ ਦਰਸ਼ਨ ਸਿੰਘ ਗੁਰੂ ਨੂੰ ਜਨਰਲ ਸਕੱਤਰ, ਜੋਰਾ ਸਿੰਘ ਖਿਆਲੀ ਨੂੰ ਸਕੱਤਰ, ਪਰਦੀਪ ਗਰਗ ਦੀਪੂ ਨੂੰ ਖਜ਼ਾਨਚੀ ਅਤੇ ਸੁਰਿੰਦਰ ਕੁਮਾਰ ਬਿੱਟੂ ਨੂੰ ਸਹਾਇਕ ਖਜ਼ਾਨਚੀ ਨਿਯੁਕਤ ਕੀਤਾ ਗਿਆ। ਇਸ ਤੋਂ ਇਲਾਵਾ ਡਾ. ਰਾਮਪਾਲ ਸ਼ਾਹਪੁਰੀ, ਸਤੀਸ਼ ਕੁਮਾਰ ਕੋਟਦੂਨਾ, ਅਸ਼ੋਕ ਕੁਮਾਰ (ਕੁਮਾਰ ਸਟੂਡੀਓ), ਸ਼ੈਰੀ ਗਰਗ, ਓਪਿੰਦਰ ਸੋਨੀ, ਕੁਲਦੀਪ ਸਿੰਘ ਕਲੌਂਦੀ, ਮਨੋਜ ਕੁਮਾਰ, ਗੋਕਲ ਪ੍ਰਕਾਸ਼, ਰਵਿੰਦਰ ਕੁਮਾਰ ਬਿੱਲੀ ਅਤੇ ਕੇਵਲ ਕ੍ਰਿਸ਼ਨ ਨੂੰ ਕਮੇਟੀ ਦੇ ਮੈਂਬਰ ਚੁਣਿਆ ਗਿਆ। ਨਵੀਂ ਬਣੀ ਸੋਸਾਇਟੀ ਦੇ ਪ੍ਰਧਾਨ ਹਰਚਰਨ ਸਿੰਘ ਮਾਨ ਨੇ ਕਲੋਨੀ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸਮੂਹ ਟੀਮ ਨਾਲ ਮਿਲ ਕੇ ਕਲੋਨੀ ਦੇ ਵਿਕਾਸ, ਸਫ਼ਾਈ, ਸੁਰੱਖਿਆ ਅਤੇ ਬੁਨਿਆਦੀ ਸਹੂਲਤਾਂ ਨੂੰ ਬਿਹਤਰ ਬਣਾਉਣ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ। ਮੀਟਿੰਗ ਦੇ ਅੰਤ 'ਚ ਸਮੂਹ ਕਲੋਨੀ ਵਾਸੀਆਂ ਨੇ ਨਵੀਂ ਚੁਣੀ ਗਈ ਕਮੇਟੀ ਨੂੰ ਵਧਾਈ ਦਿੱਤੀ ਅਤੇ ਕਲੋਨੀ ਦੇ ਸਰਵਪੱਖੀ ਵਿਕਾਸ ਲਈ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

# ਘਰ ਬਾਹਰੋਂ ਮੋਟਰਸਾਇਕਲ ਚੋਰੀ



ਤਪਾ ਮੰਡੀ, 15 ਜੂਨ (ਰਾਜੂ ਮਹਿਰਾ) : ਬੀਤੀ ਰਾਤ ਘਰ ਦੇ ਬਾਹਰੋਂ ਇੱਕ ਮੋਟਰਸਾਇਕਲ ਚੋਰੀ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਅਨੁਸਾਰ ਸ਼ਾਮ ਸਿੰਘ ਪੁੱਤਰ ਜੁਗਰਾਜ ਸਿੰਘ ਵਾਸੀ ਲਾਣੇ ਵਾਲੀ ਗਲੀ, ਤਪਾ, ਜੋ ਵੈਲਡਿੰਗ ਦਾ ਕੰਮ ਕਰਦਾ ਹੈ, ਰੋਜ਼ਾਨਾ ਦੀ ਤਰ੍ਹਾਂ ਆਪਣੀ ਦੁਕਾਨ ਬੰਦ ਕਰਕੇ ਘਰ ਆਇਆ ਅਤੇ ਆਪਣਾ ਮੋਟਰਸਾਈਕਲ ਬਾਹਰ ਖੜ੍ਹਾ ਕਰ ਦਿੱਤਾ।ਰਾਤ ਕਰੀਬ 9:15 ਵਜੇ ਪਰਿਵਾਰਕ ਮੈਂਬਰਾਂ ਨੇ ਜਦੋਂ ਬਾਹਰ ਦੇਖਿਆ ਤਾਂ ਮੋਟਰਸਾਈਕਲ ਆਪਣੀ ਥਾਂ 'ਤੇ ਮੌਜੂਦ ਨਹੀਂ ਸੀ। ਇਸ ਤੋਂ ਬਾਅਦ ਪਰਿਵਾਰ ਅਤੇ ਗੁਆਂਢੀਆਂ ਨੇ ਆਸ-ਪਾਸ ਕਾਫ਼ੀ ਭਾਲ ਕੀਤੀ, ਪਰ ਮੋਟਰਸਾਈਕਲ ਦਾ ਕੋਈ ਸੁਰਾਗ ਨਹੀਂ ਲੱਗ ਸਕਿਆ। ਪੀੜਤ ਸ਼ਾਮ ਸਿੰਘ ਨੇ ਦੱਸਿਆ ਕਿ ਚੋਰਾਂ ਦੀਆਂ ਹਰਕਤਾਂ ਨੇੜੇ ਲੱਗੇ ਸੀਸੀਟੀਵੀ ਕੈਮਰਿਆਂ ਵਿਚ ਕੈਦ ਹੋ ਗਈਆਂ ਹਨ। ਇਸ ਸਬੰਧੀ ਸਿਟੀ ਪੁਲਿਸ ਚੌਂਕੀ ਨੂੰ ਸੂਚਿਤ ਕਰ ਦਿੱਤਾ ਗਿਆ ਹੈ।

# ਨਗਰ ਕੌਂਸਲ ਭਦੌੜ ਦੇ ਸਾਬਕਾ ਪ੍ਰਧਾਨ ਮੁਨੀਸ਼ ਕੁਮਾਰ ਗਰਗ ਨੇ ਸੀਵਰੇਜ ਦੀ ਸਫ਼ਾਈ ਕਰਵਾਈ



ਭਦੌੜ, 15 ਜੂਨ (ਸੁਖਵਿੰਦਰ ਪਲਾਹਾ) : ਕਸਬਾ ਭਦੌੜ ਵਿੱਚ ਅੱਜਕੱਲ੍ਹ ਸੀਵਰੇਜ਼ ਦੀ ਜਗ੍ਹਾ-ਜਗ੍ਹਾ ਤੋਂ ਹੋ ਰਹੀ ਲੀਕਿੰਗ ਕਾਰਨ ਸੜਕਾਂ 'ਤੇ ਗੰਦਾ ਪਾਣੀ ਖੁੱਲ੍ਹੇਆਮ ਫਿਰਦਾ ਨਜ਼ਰ ਆ ਰਿਹਾ ਹੈ, ਜਿਸ ਕਾਰਨ ਗੰਦੇ ਪਾਣੀ ਦੇ ਖੜ੍ਹਨ ਕਾਰਨ ਮੱਛਰ ਵੱਡੀ ਮਾਤਰਾ ਵਿੱਚ ਪੈਦਾ ਹੋ ਗਿਆ ਹੈ। ਇਸੇ ਸਮੱਸਿਆ ਨੂੰ ਮੁੱਖ ਰੱਖਦਿਆਂ ਹੋਇਆਂ ਨਗਰ ਕੌਂਸਲ ਭਦੌੜ ਦੇ ਸਾਬਕਾ ਪ੍ਰਧਾਨ ਮਨੀਸ਼ ਕੁਮਾਰ ਗਰਗ ਵੱਲੋਂ ਵਾਰਡ ਨੰਬਰ 11 ਦੇ ਵਿੱਚ ਮੁਹੱਲਾ ਮਾਨਾਂਵਾਲਾ ਅਤੇ ਮੁਹੱਲਾ ਨਿੰਮ ਵਾਲਾ ਵਿਖੇ ਵੱਡੀ ਮਸ਼ੀਨ ਦੀ ਮੱਦਦ ਨਾਲ ਸੀਵਰੇਜ ਦੀ ਸਫਾਈ ਕਰਵਾਈ ਗਈ ਤਾਂ ਕਿ ਲੋਕਾਂ ਨੂੰ ਲੰਘਣ ਵਿੱਚ ਕੋਈ ਮੁਸ਼ਕਿਲ ਨਾ ਪੈਦਾ ਹੋਵੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਨੀਸ਼ ਕੁਮਾਰ ਗਰਗ ਨੇ ਦੱਸਿਆ ਕਿ ਵਾਰਡ ਨੰਬਰ 11 ਵਿੱਚੋਂ ਉਹਨਾਂ ਦੀ ਧਰਮ ਪਤਨੀ ਸਿਰਾਜ ਗਰਗ ਕੌਂਸਲਰ ਬਣੇ ਹਨ। ਉਹਨਾਂ ਕਿਹਾ ਕਿ ਬੇਸ਼ੱਕ ਅਜੇ ਤੱਕ ਨਗਰ ਕੌਂਸਲ ਦੇ ਪ੍ਰਧਾਨ ਦੀ ਨਿਯੁਕਤੀ ਨਹੀਂ ਹੋ ਸਕੀ ਅਤੇ ਕੌਂਸਲਰਾਂ ਦਾ ਸਹੁੰ ਚੁੱਕ ਸਮਾਗਮ ਵੀ ਨਹੀਂ ਹੋਇਆ, ਪਰ ਲੋਕਾਂ ਦੀ ਮੰਗ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਸਾਡੇ ਵੱਲੋਂ ਇਹ ਕਾਰਜ਼ ਕਰਵਾਉਣ ਨੂੰ ਪਹਿਲ ਦਿੱਤੀ ਗਈ, ਤਾਂ ਕਿ ਸ਼ਹਿਰ ਵਿੱਚ ਕੋਈ ਭਿਆਨਕ ਬਿਮਾਰੀ ਨਾ ਫੈਲ ਸਕੇ। ਉਹਨਾਂ ਕਿਹਾ ਕਿ ਪੰਜ ਸਾਲ ਪ੍ਰਧਾਨਗੀ ਕਰਨ 'ਤੇ ਸਮੁੱਚਾ ਭਦੌੜ ਮੈਨੂੰ ਮੇਰੇ ਪਰਿਵਾਰ ਵਰਗਾ ਲੱਗਦਾ ਹੈ, ਜਿਸ ਕਰਕੇ ਮੈਂ ਭਦੌੜ ਦੇ ਕਿਸੇ ਵੀ ਵਿਕਾਸ ਕਾਰਜ ਵਿੱਚ ਵਧ ਚੜ੍ਹ ਕੇ ਹਿੱਸਾ ਲਵਾਂਗਾ ਅਤੇ ਕੋਈ ਵੀ ਕਸਰ ਬਾਕੀ ਨਹੀਂ ਛੱਡਾਂਗਾ।

# ਆਰੀਆਭੱਟਾ ਕਾਲਜ ਵਿਖੇ '**ਨਸ਼ਿਆਂ ਨੂੰ ਨਾ ਕਹੋ**' ਜਾਗਰੂਕਤਾ ਤੇ ਕਾਊਂਸਲਿੰਗ ਸੈਸ਼ਨ

## ਵਿਦਿਆਰਥੀਆਂ ਨੇ ਲਿਆ ਨਸ਼ਾ-ਮੁਕਤ ਜੀਵਨ ਦਾ ਸੰਕਲਪ



ਬਰਨਾਲਾ, 15 ਜੂਨ (ਹਮੀਰ ਸਿੰਘ) : ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਆਰੀਆਭੱਟਾ ਕਾਲਜ, ਬਰਨਾਲਾ ਵਿਖੇ ਨਸ਼ਿਆਂ ਨੂੰ ਨਾ ਕਹੋ ਮੁਹਿੰਮ ਤਹਿਤ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਅਤੇ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਵਿਸ਼ੇਸ਼ ਕਾਊਂਸਲਿੰਗ ਅਤੇ ਜਾਗਰੂਕਤਾ ਸੈਸ਼ਨ ਕਰਵਾਇਆ ਗਿਆ। ਪ੍ਰੋਗਰਾਮ ਕਾਲਜ ਦੇ ਚੇਅਰਮੈਨ ਰਾਕੇਸ਼ ਗੁਪਤਾ ਦੀ ਸਰਪ੍ਰਸਤੀ ਅਤੇ ਕੈਂਪਸ ਡਾਇਰੈਕਟਰ ਡਾ. ਅਜੈ ਮਿੱਤਲ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ। ਇਸ ਦੀ ਕੋਆਰਡੀਨੇਸ਼ਨ ਨੋਡਲ ਅਫਸਰ ਪ੍ਰੋ. ਸੁਖਪ੍ਰੀਤ ਸਿੰਘ ਨੇ ਡੀਨ ਅਕੈਡਮਿਕ ਅਫੇਅਰਜ਼ ਡਾ. ਭਾਵੇਤ ਗਰਗ ਦੇ ਸਹਿਯੋਗ ਨਾਲ ਕੀਤੀ। ਸੈਸ਼ਨ ਦੌਰਾਨ ਸਹਾਇਕ ਪ੍ਰੋਫੈਸਰ ਅਤੇ ਐਚਓਡੀ ਆਰਟਸ ਐਂਡ ਹਿਊਮੈਨਿਟੀਜ਼ ਸ਼੍ਰੀਮਤੀ ਭਾਵੁਕਤਾ ਸ਼ਰਮਾ ਨੇ ਮੁੱਖ ਲੈਕਚਰ ਦਿੰਦਿਆਂ ਨਸ਼ਿਆਂ ਦੇ ਸਰੀਰਕ, ਮਾਨਸਿਕ, ਸਮਾਜਿਕ ਅਤੇ ਆਰਥਿਕ ਨੁਕਸਾਨਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਚੇਅਰਮੈਨ ਰਾਕੇਸ਼ ਗੁਪਤਾ ਨੇ ਕਿਹਾ ਕਿ ਸਿੱਖਿਆ ਸੰਸਥਾਵਾਂ ਦੀ ਜ਼ਿੰਮੇਵਾਰੀ ਕੇਵਲ ਅਕਾਦਮਿਕ ਸਿੱਖਿਆ ਤੱਕ ਸੀਮਿਤ ਨਹੀਂ, ਸਗੋਂ ਵਿਦਿਆਰਥੀਆਂ ਵਿੱਚ ਨੈਤਿਕ ਮੁੱਲਾਂ ਅਤੇ ਸਮਾਜਿਕ ਜ਼ਿੰਮੇਵਾਰੀਆਂ ਦੀ ਭਾਵਨਾ ਪੈਦਾ ਕਰਨਾ ਵੀ ਹੈ। ਕੈਂਪਸ ਡਾਇਰੈਕਟਰ ਡਾ. ਅਜੈ ਮਿੱਤਲ ਨੇ ਕਿਹਾ ਕਿ ਨਸ਼ਿਆਂ ਦੀ ਸਮੱਸਿਆ ਦਾ ਹੱਲ ਜਾਗਰੂਕਤਾ, ਸਹੀ ਮਾਰਗਦਰਸ਼ਨ ਅਤੇ ਪਰਿਵਾਰਕ ਸਹਿਯੋਗ ਨਾਲ ਹੀ ਸੰਭਵ ਹੈ। ਡੀਨ ਅਕੈਡਮਿਕ ਅਫੇਅਰਜ਼ ਡਾ. ਭਾਵੇਤ ਗਰਗ ਨੇ ਕਿਹਾ ਕਿ ਅਜਿਹੇ ਜਾਗਰੂਕਤਾ ਪ੍ਰੋਗਰਾਮ ਸਮੇਂ ਦੀ ਲੋੜ ਹਨ ਅਤੇ ਨੌਜਵਾਨਾਂ ਨੂੰ ਸਹੀ ਦਿਸ਼ਾ ਪ੍ਰਦਾਨ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਸ ਮੌਕੇ ਪ੍ਰੋ. ਜਸਵੀਰ, ਪ੍ਰੋ. ਵੀਰਪਾਲ, ਪ੍ਰੋ. ਮਨਜੀਤ ਕੌਰ, ਡਾ. ਜਸ਼ਨਜੋਤ ਗੋਇਲ, ਪ੍ਰੋ. ਰਜਨੀਸ਼ ਨਰੂਲਾ ਸਮੇਤ ਸਮੂਹ ਅਧਿਆਪਕ ਸਟਾਫ਼ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ। ਅੰਤ ਵਿੱਚ ਨੋਡਲ ਅਫਸਰ ਪ੍ਰੋ. ਸੁਖਪ੍ਰੀਤ ਸਿੰਘ ਨੇ ਸਾਰੇ ਹਾਜ਼ਰ ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਪ੍ਰੋਗਰਾਮ ਦੇ ਅੰਤ ਵਿੱਚ ਵਿਦਿਆਰਥੀਆਂ ਨੇ ਨਸ਼ਾ-ਮੁਕਤ ਜੀਵਨ ਜਿਊਣ ਅਤੇ ਹੋਰਨਾਂ ਨੂੰ ਵੀ ਇਸ ਪ੍ਰਤੀ ਜਾਗਰੂਕ ਕਰਨ ਦਾ ਸੰਕਲਪ ਲਿਆ।

# ਬੀ.ਵੀ.ਐਮ. ਇੰਟਰਨੈਸ਼ਨਲ ਸਕੂਲ ਵਿੱਚ 'ਬਾਲ ਡੈਸ਼ ਫਨ' ਕਰਵਾਇਆ



ਬਰਨਾਲਾ,15 ਜੂਨ (ਹਮੀਰ ਸਿੰਘ) : ਬੀਵੀਐਮ ਇੰਟਰਨੈਸ਼ਨਲ ਸਕੂਲ ਵਿੱਚ ਪਲੇਅ-ਵੇਅ ਕਲਾਸ ਦੇ ਵਿਦਿਆਰਥੀਆਂ ਲਈ ਬਾਲ ਡੈਸ਼ ਫਨ ਗਤੀਵਿਧੀ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਨੰਨ੍ਹੇ ਬੱਚਿਆਂ ਨੇ ਇੱਕ-ਦੂਜੇ ਨੂੰ ਗੇਂਦ ਪਾਸ ਕਰਦੇ ਹੋਏ ਖੇਡ ਦਾ ਭਰਪੂਰ ਆਨੰਦ ਮਾਣਿਆ। ਗਤੀਵਿਧੀ ਨੇ ਬੱਚਿਆਂ ਵਿੱਚ ਸਹਿਯੋਗ, ਸਾਂਝੀਵਾਲਤਾ ਅਤੇ ਟੀਮ ਭਾਵਨਾ ਨੂੰ ਉਤਸ਼ਾਹਿਤ ਕੀਤਾ।ਖੇਡ ਦੌਰਾਨ ਬੱਚਿਆਂ ਦੀ ਉਤਸ਼ਾਹ ਭਰੀ ਭਾਗੀਦਾਰੀ ਅਤੇ ਚਿਹਰਿਆਂ 'ਤੇ ਖਿੜੀਆਂ ਮੁਸਕਾਨਾਂ ਨੇ ਸਮਾਗਮ ਨੂੰ ਯਾਦਗਾਰ ਬਣਾ ਦਿੱਤਾ। ਅਧਿਆਪਕਾਂ ਨੇ ਬੱਚਿਆਂ ਨੂੰ ਖੇਡਾਂ ਰਾਹੀਂ ਸਿੱਖਣ ਲਈ ਪ੍ਰੇਰਿਤ ਕੀਤਾ ਅਤੇ ਦੱਸਿਆ ਕਿ ਖੇਡਾਂ ਨਾਲ ਨਾ ਸਿਰਫ਼ ਮਨੋਰੰਜਨ ਹੁੰਦਾ ਹੈ, ਸਗੋਂ ਅਨੁਸ਼ਾਸਨ, ਧੀਰਜ ਅਤੇ ਦੋਸਤੀ ਵਰਗੇ ਗੁਣ ਵੀ ਵਿਕਸਿਤ ਹੁੰਦੇ ਹਨ। ਸਕੂਲ ਪ੍ਰਬੰਧਨ ਅਤੇ ਪ੍ਰਿੰਸੀਪਲ ਨੇ ਕਿਹਾ ਕਿ ਖੇਡ-ਆਧਾਰਿਤ ਸਿੱਖਿਆ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਬਹੁਤ ਮਹੱਤਵਪੂਰਨ ਹੈ ਅਤੇ ਅਜਿਹੀਆਂ ਗਤੀਵਿਧੀਆਂ ਬੱਚਿਆਂ ਦਾ ਆਤਮਵਿਸ਼ਵਾਸ ਵਧਾਉਣ ਵਿੱਚ ਸਹਾਇਕ ਸਾਬਤ ਹੁੰਦੀਆਂ ਹਨ।

# ਧਨੌਲਾ ਦੇ ਬਾਜ਼ਾਰ 'ਚ ਨੌਜਵਾਨ ਨੂੰ ਕੁੱਟਿਆ

# ਸਰਕਾਰੀ ਹਸਪਤਾਲ ਵਿੱਚ ਦੁਪਹਿਰ 1 ਵਜੇ ਤੋਂ ਬਾਅਦ ਐਮਰਜੈਂਸੀ ਸੇਵਾਵਾਂ ਠੱਪ : ਸੰਜੀਵ ਗਰਗ ਕਾਲੀ



ਧਨੌਲਾ, 15 ਜੂਨ (ਚਮਕੌਰ ਸਿੰਘ ਗੱਗੀ) : ਪੰਜਾਬ ਵਿੱਚ ਹਰ ਰੋਜ਼ ਵੱਧ ਰਹੀ ਗੁੰਡਾਗਰਦੀ ਦੀ ਤਸਵੀਰ ਧਨੌਲਾ ਬਾਜ਼ਾਰ ਸ਼ਰੇਆਮ ਦੇਖਣ ਨੂੰ ਮਿਲੀ, ਜਦੋਂ ਤਿੰਨ ਅਣਪਛਾਤੇ ਨੌਜਵਾਨਾਂ ਨੇ ਇੱਕ ਨੌਜਵਾਨ ਜਸ਼ਨਪ੍ਰੀਤ ਸਿੰਘ ਪੁੱਤਰ ਜਗਰਾਜ ਸਿੰਘ ਪਿੰਡ ਦਾਨਗੜ੍ਹ ਦੀ ਭਰੇ ਬਾਜ਼ਾਰ ਵਿੱਚ ਖੁਰਚਣਿਆਂ ਨਾਲ ਕੁੱਟਮਾਰ ਕੀਤੀ। ਅਤੇ ਉਸਨੇ ਮਸਾਂ ਹੀ ਆਪਣੀ ਭੱਜ ਕੇ ਜਾਨ ਬਚਾਈ। ਹਮਲਾਵਰ ਉਸ ਨੌਜਵਾਨ ਨੂੰ ਕੁੱਟ ਕੇ ਮੌਕੇ ਤੋਂ ਫਰਾਰ ਹੋ ਗਏ।ਇਸ ਸਬੰਧੀ ਜਦੋਂ ਥਾਣਾ ਧਨੌਲਾ ਦੇ ਇੰਚਾਰਜ ਇੰਸਪੈਕਟਰ ਗੁਰਵਿੰਦਰ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਕਿ ਧਨੌਲਾ ਪੁਲਿਸ ਵੱਲੋਂ ਮਾਮਲਾ ਦਰਜ ਕਰ ਲਿਆ ਗਿਆ ਹੈ ਤੇ ਜਲਦੀ ਹੀ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਜ਼ਿਕਰਯੋਗ ਹੈ ਕਿ ਸਰਕਾਰੀ ਹਸਪਤਾਲ ਧਨੌਲਾ ਦੇ ਇੱਕੋ ਇੱਕ ਡਾਕਟਰ ਦੀ ਬਦਲੀ ਹੋਣ ਕਾਰਨ ਧਨੌਲਾ ਦਾ ਸਰਕਾਰੀ ਹਸਪਤਾਲ ਇੱਕ ਸਫੈਦ ਹਾਥੀ ਬਣ ਕੇ ਰਹਿ ਗਿਆ ਹੈ, ਕਿਉਂਕਿ ਇੱਥੇ ਦਿਨੇ ਇੱਕ ਵਜੇ ਤੋਂ ਲੈ ਕੇ ਸਾਰੀ ਰਾਤ ਤੱਕ ਐਮਰਜੈਂਸੀ ਵਿੱਚ ਕੋਈ ਵੀ ਡਾਕਟਰ ਨਹੀਂ ਹੁੰਦਾ ਸਿਰਫ ਫਾਰਮਾਸਿਸਟ ਹੀ ਹੁੰਦੇ ਹਨ ਜੋ ਕਿ ਮੁਢਲੀ ਸਹਾਇਤਾ ਦੇ ਕੇ ਸਿਰਫ ਰੈਫਰ ਹੀ ਕਰਦੇ ਹਨ।



# ਪਟਿਆਲਾ-ਆਸ/ਪਾਸ



## ਸਿਮਰਪ੍ਰੀਤ ਕੌਰ ਨੇ ਨਗਰ ਨਿਗਮ ਪਟਿਆਲਾ ਦੇ ਵਧੀਕ ਕਮਿਸ਼ਨਰ ਵਜੋਂ ਅਹੁਦਾ ਸੰਭਾਲਿਆ

ਪਟਿਆਲਾ, 15 ਜੂਨ (ਰੁਪਾਣਾ) : 2014 ਬੈਚ ਦੇ ਸੀਨੀਅਰ ਪੀ.ਸੀ.ਐਸ. ਅਧਿਕਾਰੀ ਸਿਮਰਪ੍ਰੀਤ ਕੌਰ ਨੇ ਨਗਰ ਨਿਗਮ ਪਟਿਆਲਾ ਦੇ ਵਧੀਕ ਕਮਿਸ਼ਨਰ ਦਾ ਅਹੁਦਾ ਸੰਭਾਲ ਲਿਆ ਹੈ। ਸਿਮਰਪ੍ਰੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਦੀਆਂ ਤਰਜੀਹਾਂ ਮੁਤਾਬਕ ਅਤੇ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ ਤੇ ਕਮਿਸ਼ਨਰ ਪੂਜਾ ਸਿਆਲ ਗਰੇਵਾਲ ਦੇ ਨਿਰਦੇਸ਼ਾਂ ਮੁਤਾਬਕ ਸ਼ਹਿਰ ਵਾਸੀਆਂ ਨੂੰ ਬਿਹਤਰ ਨਾਗਰਿਕ ਸੇਵਾਵਾਂ ਪਹਿਲ ਦੇ ਅਧਾਰ ’ਤੇ ਪ੍ਰਦਾਨ ਕਰਵਾਉਣਾ ਅਤੇ ਸ਼ਹਿਰ ਦੇ ਵਿਕਾਸ ਕਾਰਜਾਂ ਨੂੰ ਸਮੇਂ ਸਿਰ ਮੁਕੰਮਲ ਕਰਵਾਉਣਾ ਉਨ੍ਹਾਂ ਦੀ ਮੁਢਲੀ ਤਰਜੀਹ ਹੋਵੇਗੀ। ਵਧੀਕ ਕਮਿਸ਼ਨਰ ਸਿਮਰਪ੍ਰੀਤ ਕੌਰ ਨੇ ਕਿਹਾ ਕਿ ਸ਼ਹਿਰ ਵਿੱਚ ਜਿਸ ਤਰ੍ਹਾਂ ਸਥਾਨਕ



ਸਰਕਾਰਾਂ ਵਿਭਾਗ ਦੇ ਮੰਤਰੀ ਸ. ਹਰਜੋਤ ਸਿੰਘ ਬੈਂਸ ਵੱਲੋਂ ਪਿਛਲੇ ਦਿਨੀਂ ਹਾਈਬ੍ਰਿਡ ਸਫ਼ਾਈ ਸ਼ੁਰੂ ਕਰਵਾਈ ਗਈ ਸੀ, ਉਸੇ ਨੂੰ ਅੱਗੇ ਵਧਾਉਂਦੇ ਹੋਏ ਪਟਿਆਲਾ ਨੂੰ ਸਫ਼ਾਈ ਪੱਖੋਂ ਮਾਡਲ ਸ਼ਹਿਰ ਬਣਾਇਆ ਜਾਵੇਗਾ। ਸਿਮਰਪ੍ਰੀਤ ਕੌਰ ਵੱਲੋਂ ਅਹੁਦਾ ਸੰਭਾਲਣ ਸਮੇਂ ਸੰਯੁਕਤ ਕਮਿਸ਼ਨਰ ਮਨਰੀਤ ਰਾਣਾ ਅਤੇ ਨਗਰ ਨਿਗਮ ਦੀਆਂ ਵੱਖ-ਵੱਖ ਬ੍ਰਾਂਚਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਸਵਾਗਤ ਕੀਤਾ ਗਿਆ। ਜ਼ਿਕਰਯੋਗ ਹੈ ਕਿ 2014 ਬੈਚ ਦੇ ਪੀ.ਸੀ.ਐਸ ਅਧਿਕਾਰੀ ਸਿਮਰਪ੍ਰੀਤ ਕੌਰ ਪਟਿਆਲਾ ਅਤੇ ਮਾਨਸਾ ਵਿਖੇ ਏ.ਡੀ.ਸੀ ਸਮੇਤ ਪਟਿਆਲਾ ਦੇ ਸਹਾਇਕ ਕਮਿਸ਼ਨਰ ਜਨਰਲ ਅਤੇ ਏ.ਸੀ. ਸ਼ਿਕਾਇਤਾਂ ਸਮੇਤ ਪੀ.ਡੀ.ਏ ਦੇ ਏ.ਸੀ.ਏ, ਪੀ.ਪੀ.ਐਸ.ਸੀ. ਦੇ ਸਕੱਤਰ, ਨਾਭਾ, ਦਿੜਬਾ, ਦੂਧਨਸਾਧਾਂ ਤੇ ਤਪਾ ਵਿਖੇ ਐਸ.ਡੀ.ਐਮ. ਵਜੋਂ ਸੇਵਾਵਾਂ ਨਿਭਾਉਣ ਸਮੇਤ ਆਬਕਾਰੀ, ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਲੋਕ ਨਿਰਮਾਣ ਵਿਭਾਗਾਂ ਵਿੱਚ ਵੀ ਸੇਵਾ ਨਿਭਾ ਚੁੱਕੇ ਹਨ।

## ਇੰਗਲੈਂਡ ’ਚ ਨੌਜਵਾਨ ਦੀ ਮੌਤ, ਪਰਿਵਾਰ ਵੱਲੋਂ ਮ੍ਰਿਤਕ ਦੇਹ ਭਾਰਤ ਲਿਆਉਣ ਲਈ ਗੁਹਾਰ

ਸਮਾਣਾ, 15 ਜੂਨ (ਵਿਜੇ ਕੁਮਾਰ): ਪੁਰਾਣੀ ਸਟੇਟ ਬੈਂਕ ਕਲੋਨੀ ਦੇ ਰਹਿਣ ਵਾਲੇ 27 ਸਾਲਾ ਅਰਵਿੰਦਰ ਕੁਮਾਰ ਪੁੱਤਰ ਕਮਲੇਸ਼ ਕੁਮਾਰ ਦੀ ਇੰਗਲੈਂਡ ਦੇ ਸ਼ਹਿਰ ਗਲਾਸਗੋ ਵਿੱਚ ਬਰੇਨਸਟੋਕ ਹੋ ਜਾਣ ਕਾਰਨ ਮੌਤ ਹੋ ਗਈ, ਜਿਸ ਕਾਰਨ ਪਰਿਵਾਰ ਅਤੇ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ । ਅਰਵਿੰਦਰ ਕੁਮਾਰ ਕਰੀਬ ਤਿੰਨ ਸਾਲ ਪਹਿਲਾਂ ਚੰਗੇ ਭਵਿੱਖ ਅਤੇ ਰੁਜ਼ਗਾਰ ਦੀ ਭਾਲ ਵਿੱਚ ਇੰਗਲੈਂਡ ਗਿਆ ਸੀ। ਮ੍ਰਿਤਕ ਦੀ ਮਾਤਾ ਹਰਜੀਤ ਕੌਰ ਨੇ ਦੱਸਿਆ ਕਿ ਇੰਗਲੈਂਡ ਵਿੱਚ ਅਰਵਿੰਦਰ ਕੁਮਾਰ ਨੂੰ ਰੁਜ਼ਗਾਰ ਸਬੰਧੀ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਜਦੋਂ ਉਹ ਕੰਮ ਤੋਂ ਵਾਪਸ ਆ ਰਿਹਾ ਸੀ ਤਾਂ ਅਚਾਨਕ ਉਸ ਨੂੰ ਬ੍ਰੇਨ ਅਟੈਕ ਆ ਗਿਆ। ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪੁੱਤਰ ਦੀ ਮੌਤ ਦੀ ਖ਼ਬਰ ਮਿਲਦੇ ਹੀ ਪਰਿਵਾਰ ਗਹਿਰੇ ਸਦਮੇ ਵਿੱਚ ਹੈ। ਪਰਿਵਾਰਕ ਮੈਂਬਰਾਂ ਨੇ ਕੇਂਦਰ ਸਰਕਾਰ, ਪੰਜਾਬ ਸਰਕਾਰ ਅਤੇ ਭਾਰਤੀ ਦੂਤਾਵਾਸ ਕੋਲੋਂ ਮੰਗ ਕੀਤੀ ਹੈ ਕਿ ਅਰਵਿੰਦਰ ਕੁਮਾਰ ਦੀ ਮ੍ਰਿਤਕ ਦੇਹ ਨੂੰ ਜਲਦ ਤੋਂ ਜਲਦ ਭਾਰਤ ਲਿਆਉਣ ਲਈ ਪ੍ਰਬੰਧ ਕੀਤੇ ਜਾਣ ।



## ਡਾ.ਬਲਬੀਰ ਸਿੰਘ ਵੱਲੋਂ ਐਸ.ਐਸ.ਟੀ. ਨਗਰ ਤੋਂ ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਬੱਸ ਰਵਾਨਾ

### ➢ਯਾਤਰੀਆਂ ਨੇ ਕੀਤਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ

ਪਟਿਆਲਾ, 15 ਜੂਨ (ਰੁਪਾਣਾ) : ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਪਟਿਆਲਾ ਦੇ ਐਸ ਐਸ ਟੀ ਨਗਰ ਤੋਂ ਇੱਕ ਬੱਸ ਅੰਮ੍ਰਿਤਸਰ ਲਈ ਰਵਾਨਾ ਕੀਤੀ। ਇਸ ਮੌਕੇ ਉਨ੍ਹਾਂ ਦੇ ਨਾਲ ਪਟਿਆਲਾ ਦੇ ਡਿਪਟੀ ਮੇਅਰ ਹਰਿੰਦਰ ਕੋਹਲੀ ਵੀ ਮੌਜੂਦ ਸਨ। ਸਿਹਤ ਮੰਤਰੀ ਨੇ ਸ਼ਰਧਾਲੂਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਇਹ ਵਿਲੱਖਣ ਉਪਰਾਲਾ ਕੀਤਾ ਗਿਆ ਹੈ। ਡਾ.ਬਲਬੀਰ ਸਿੰਘ ਨੇ ਦੱਸਿਆ ਕਿ ਇਹ ਸ਼ਰਧਾਲੂ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਦੁਰਗਿਆਣਾ ਮੰਦਿਰ ਵਿਖੇ ਮੱਥਾ ਟੇਕਣਗੇ। ਇਸ ਤੋਂ ਇਲਾਵਾ ਯਾਤਰੀਆਂ ਨੂੰ ਭਗਵਾਨ ਵਾਲਮੀਕਿ ਤੀਰਥ ਸਥਲ, ਜਲ੍ਹਿਆਂਵਾਲਾ ਬਾਗ, ਪਾਰਟੀਸ਼ਨ ਮਿਊਜ਼ੀਅਮ ਅਤੇ ਵਾਹਘਾ ਬਾਰਡਰ ਸਮੇਤ ਅੰਮ੍ਰਿਤਸਰ ਦੇ ਹੋਰ ਧਾਰਮਿਕ ਅਤੇ ਇਤਿਹਾਸਕ ਸਥਾਨਾਂ ਦੇ ਦਰਸ਼ਨ ਵੀ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕ ਭਲਾਈ ਲਈ ਲਗਾਤਾਰ ਕਾਰਜ ਕਰ ਰਹੀ ਹੈ।ਸਿਹਤ ਮੰਤਰੀ ਨੇ ਕਿਹਾ ਕਿ ਕਈ ਲੋਕ ਆਰਥਿਕ ਜਾਂ ਪਰਿਵਾਰਕ ਕਾਰਨਾਂ ਕਰਕੇ ਲੰਮੇ ਸਮੇਂ ਤੋਂ ਆਪਣੇ ਮਨਪਸੰਦ ਧਾਰਮਿਕ ਸਥਾਨਾਂ ਦੇ ਦਰਸ਼ਨ ਨਹੀਂ ਕਰ ਸਕਦੇ ਸਨ, ਪਰ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਉਨ੍ਹਾਂ ਲਈ ਇੱਕ ਵੱਡੀ ਸਹੂਲਤ ਸਾਬਤ ਹੋ ਰਹੀ ਹੈ। ਸਰਕਾਰ ਵੱਲੋਂ ਯਾਤਰਾ, ਰਹਿਣ ਅਤੇ ਹੋਰ ਲੋੜੀਂਦੇ ਪ੍ਰਬੰਧ ਯਕੀਨੀ ਬਣਾਏ ਜਾ ਰਹੇ ਹਨ ਤਾਂ ਜੋ ਸ਼ਰਧਾਲੂ ਬਿਨਾਂ ਕਿਸੇ ਮੁਸ਼ਕਲ ਦੇ ਆਪਣੀ ਯਾਤਰਾ ਸੰਪੂਰਨ ਕਰ ਸਕਣ। ਯਾਤਰਾ ’ਤੇ ਜਾਣ ਵਾਲੇ ਸ਼ਰਧਾਲੂਆਂ ਨੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਯੋਜਨਾ ਨੇ ਉਨ੍ਹਾਂ ਨੂੰ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨ ਦਾ ਸੁਨਹਿਰੀ ਮੌਕਾ ਦਿੱਤਾ ਹੈ। ਇਸ ਮੌਕੇ ਇਲਾਕਾ ਨਿਵਾਸੀ ਅਤੇ ਹੋਰ ਪਤਵੰਤੇ ਹਾਜ਼ਰ ਸਨ।



## ਪਟਿਆਲਾ ਸ਼ੋਸ਼ਲ ਵੈਲਫੇਅਰ ਸੁਸਾਇਟੀ ਵੱਲੋਂ ਚੇਅਰਮੈਨ ਤੇਜਿੰਦਰ ਮਹਿਤਾ ਦਾ ਸਨਮਾਨ



ਪਟਿਆਲਾ, 15 ਜੂਨ (ਚ.ਨ.ਸ) : ਪਟਿਆਲਾ ਸ਼ੋਸ਼ਲ ਵੈਲਫੇਅਰ 25 ਸਾਲਾਂ ਤੋਂ ਲੋਕ ਸੇਵਾ ਦੇ ਕਾਰਜ ਕਰ ਰਹੀ ਹੈ ਅਤੇ ਆਪਣਾ ਸਿਲਵਰ ਜੁਬਲੀ ਸਾਲ ਮਨਾ ਰਹੀ ਹੈ ਜੋ ਸ਼ਲਾਘਾਯੋਗ ਕਦਮ ਹੈ। ਅੱਜ ਸਵੇਰੇ ਸੈਰ ਕਰਨ ਸਮੇਂ ਸ੍ਰੀ ਜਗਦੀਸ਼ ਅਹੂਜਾ ਸਮਾਜ ਸੇਵਕ ਜੋ ਲਗਾਤਾਰ ਸੇਵਾ ਦੇ ਕਾਰਜ ਕਰ ਰਹੇ ਹਨ । ਇਸ ਲਈ ਅੱਜ ਸੁਸਾਇਟੀ ਵੱਲੋਂ ਮੁੱਖ ਮਹਿਮਾਨ ਤੇਜਿੰਦਰ ਮਹਿਤਾ ਚੇਅਰਮੈਨ ਜ਼ਿਲ੍ਹਾ ਪਲੈਨਿੰਗ ਬੋਰਡ ਅਤੇ ਸੁਸਾਇਟੀ ਦੇ ਪ੍ਰਧਾਨ ਵਿਜੈ ਗੋਇਲ ਵੱਲੋਂ ਉਨ੍ਹਾਂ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਇਸ ਦੇ ਨਾਲ ਨਾਲ ਗੁਰਬਖਸ਼ ਸਿੰਘ ਉਬਰਾਏ ਜ਼ਿਲ੍ਹਾ ਖਤਰੀ ਸਭਾ ਦਾ ਚੇਅਰਮੈਨ ਬਣਾਉਣ ਹਿੱਤ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਇਸ ਅਵਸਰ ਤੇਜਿੰਦਰ ਮਹਿਤਾ ਵੱਲੋਂ ਸੋਸਾਇਟੀ ਦੇ ਕੰਮਾਂ ਦੀ ਸ਼ਲਾਘਾ ਕੀਤੀ ਗਈ। ਉਨ੍ਹਾਂ ਨੇ ਦੱਸਿਆ ਕਿ ਸੁਸਾਇਟੀ ਵੱਲੋਂ ਮੁਫ਼ਤ ਮੈਡੀਕਲ ਕੈਂਪ, ਪਲਾਸਟਿਕ ਨੂੰ ਖਤਮ ਕਰਨ ਲਈ ਹੁਣ ਤੱਕ ਡੇਢ ਲੱਖ ਤੋਂ ਉਪਰ ਕੱਪੜੇ ਦੇ ਥੈਲੇ ਵੰਡੇ ਗਏ। ਇਸ ਅਵਸਰ ’ਤੇ ਲੱਕੀ ਉਬਰਾਏ, ਵਿਜੇ ਕੁਮਾਰ ਗੋਇਲ ਪ੍ਰਧਾਨ ਪਟਿਆਲਾ ਸ਼ੋਸ਼ਨ ਵੈਲਫੇਅਰ, ਮਹਿੰਦਰ ਭਾਟਿਆ, ਅਮਿਤ ਕੁਮਾਰ ਗੋਇਲ, ਬਲਰਾਜ ਸ਼ਰਮਾ, ਜਸਵੰਤ ਸਿੰਘ ਕੋਹਲੀ, ਐਡਵੋਕੇਟ ਤਾਰਾ ਸਿੰਘ ਭੰਵਰਾ, ਗੁਰਮੀਤ ਸਿੰਘ, ਲਵਲੀ, ਅਸ਼ੋਕ ਮਲਹੋਤਰਾ, ਵਿਜੇ ਜਨੇਜਾ ਆਦਿ ਹਾਜ਼ਰ ਸਨ।

## ਹਰਮੀਤ ਸਿੰਘ ਪਠਾਨਮਾਜਰਾ ਦੇ ਨਿੱਜੀ ਸਮਾਗਮ ’ਚ ਸੁਖਬੀਰ ਸਿੰਘ ਬਾਦਲ ਅਤੇ ਮਨਜਿੰਦਰ ਸਿੰਘ ਸਿਰਸਾ ਸਮੇਤ ਵੱਖ-ਵੱਖ ਰਾਜਸੀ ਪਾਰਟੀਆਂ ਦੇ ਆਗੂ ਪਹੁੰਚੇ

ਦੇਵੀਗੜ੍ਹ, 15 ਜੂਨ (ਗੁਰਜੀਤ ਸਿੰਘ ਢੌਟ) : ਹਲਕਾ ਸਨੌਰ ਤੋਂ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ ਆਪਣੇ ਨਵੇਂ ਬਣੇ ਘਰ ਦੀ ਖੁਸ਼ੀ ਵਿੱਚ ਆਪਣੇ ਗ੍ਰਹਿ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਅਨਾਜ ਮੰਡੀ ਘੜਾਮ ਵਿਖੇ ਰਾਗੀ ਜਥਿਆਂ ਵੱਲੋਂ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਗਿਆ। ਇਸ ਧਾਰਮਿਕ ਸਮਾਗਮ ਵਿੱਚ ਜਿੱਥੇ ਹਲਕੇ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਲੋਕਾਂ ਨੇ ਹਾਜ਼ਰੀ ਲਵਾਈ, ਉੱਥੇ ਹੀ ਸੰਤ ਸਮਾਜ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਦਿੱਲੀ ਤੋਂ ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ ਵੀ ਵਿਸ਼ੇਸ਼ ਤੌਰ ’ਤੇ ਸ਼ਾਮਲ ਹੋਏ, ਜਿਨ੍ਹਾਂ ਨੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੂੰ ਨਵੇਂ ਬਣੇ ਘਰ ਦੀ ਮੁਬਾਰਕਬਾਦ ਦਿੱਤੀ ।ਇਸ ਮੌਕੇ ਵਿਧਾਇਕ ਪਠਾਨਮਾਜਰਾ ਅਤੇ ਉਹਨਾਂ ਦੇ ਸਪੁੱਤਰ ਹਰਜਸ਼ਨ ਸਿੰਘ ਪਠਾਣਮਾਜਰਾ ਨੇ ਆਈਆਂ ਸੰਗਤਾਂ ਅਤੇ ਸੰਤ ਸਮਾਜ ਦਾ ਪਹੁੰਚਣ ’ਤੇ ਕੋਟਿ



ਕੋਟਿ ਧੰਨਵਾਦ ਕੀਤਾ। ਇਸ ਮੌਕੇ ਬਾਬਾ ਕਸ਼ਮੀਰ ਸਿੰਘ ਜੀ ਭੂਰੀ ਵਾਲੇ, ਪੀਰ ਭੀਖਮ ਸ਼ਾਹ ਦੀ ਦਰਗਾਹ ਦੇ ਗੱਦੀ ਨਸ਼ੀਨ ਬੀਬੀ ਭੋਲੂ ਸ਼ਾਹ ਜੀ, ਬਾਬਾ ਹੰਸਾਲੀ ਵਾਲੇ, ਸੰਤ ਬਾਬਾ ਹਰਦੇਵ ਸਿੰਘ, ਬਾਬਾ ਸੁਖਦੇਵ ਸਿੰਘ, ਬਾਬਾ ਰਾਮ ਦੱਤ ਗਿਰੀ ਮਾਰਕੰਡਾ ਵਾਲੇ ਤੋਂ ਇਲਾਵਾ ਲਾਡੀ ਡੱਬਰੀ, ਸਾਬਕਾ ਵਿਧਾਇਕ ਹਰਦਿਆਲ ਸਿੰਘ ਕੰਬੋਜ, ਸਾਬਕਾ ਵਿਧਾਇਕ ਮਦਨ ਲਾਲ ਜਲਾਲਪੁਰ, ਜਗਰੂਪ ਸਿੰਘ ਵਿਧਾਇਕ ਬਠਿੰਡਾ, ਸਰਵਨ ਸਿੰਘ ਧੁਨ ਵਿਧਾਇਕ ਖੇਮਕਰਨ, ਲਾਡੀ ਧੌਂਸ ਵਿਧਾਇਕ ਧਰਮਕੋਟ, ਬੀਬੀ ਗੁਰਸ਼ਰਨ ਕੌਰ ਰੰਧਾਵਾ, ਹਰਵਿੰਦਰ ਸਿੰਘ ਹਰਪਾਲਪੁਰ, ਸੰਦੀਪ ਸਿੰਘ ਰਾਜਾ ਤੁੜ, ਗੁਰਬਚਨ ਸਿੰਘ ਵਿਰਕ, ਜਸਪਾਲ ਸਿੰਘ ਗਗਰੌਲੀ, ਰਜਿੰਦਰ ਸਿੰਘ ਵਿਰਕ, ਕ੍ਰਿਸ਼ਨ ਸਿੰਘ ਸਨੌਰ, ਜਗਮੀਤ ਸਿੰਘ ਹਰਿਆਊ, ਜਸਪਾਲ ਸਿੰਘ ਬਿੱਟੂ ਚੱਠਾ, ਬਲਜਿੰਦਰ ਸਿੰਘ ਨੰਦਗੜ੍ਹ, ਗੁਰਪ੍ਰੀਤ ਗੁਰੀ ਪੀ.ਏ., ਜਗਦੀਸ਼ ਪੰਡਤ, ਪ੍ਰਭਜਿੰਦਰ ਸਿੰਘ ਭੋਲਾ ਮਲਕਪੁਰ ਕੰਬੋਆਂ, ਸੱਜਣ ਸਿੰਘ ਉਪਲੀ, ਕਰਮਜੀਤ ਸਿੰਘ ਖੇੜੀ ਰਨਵਾਂ, ਹਰਦੇਵ ਸਿੰਘ ਘੜਾਮ, ਡਾ. ਕਰਮ ਸਿੰਘ, ਬੀਬੀ ਸਵਿੰਦਰ ਕੌਰ ਧੰਜੂ, ਰਾਜਾ ਧੰਜੂ, ਹੈਪੀ ਸਰਪੰਚ, ਬੂਟਾ ਸਿੰਘ ਬਿੰਦ, ਪ੍ਰੇਮ ਸਿੰਘ ਖਨੇਜਾ ਤੋਂ ਇਲਾਵਾ ਵੱਡੀ ਗਿਣਤੀ ’ਚ ਪੰਚ ਸਰਪੰਚ, ਸਾਕ ਸਬੰਧੀ ਅਤੇ ਇਲਾਕਾ ਨਿਵਾਸੀ ਮੌਜੂਦ ਸਨ।

## ਸੜਕ ਹਾਦਸੇ ’ਚ ਭੱਠਾ ਮਜ਼ਦੂਰ ਦੀ ਮੌਤ

ਭੁਨਰਹੇੜੀ , 15 ਜੂਨ ( ਗੁਰਜੀਤ ਸਿੰਘ ਢੌਟ) : ਪਿੰਡ ਡੰਡੋਆ ਦੇ 55 ਸਾਲਾ ਇੱਟ ਭੱਠਾ ਮਜ਼ਦੂਰ ਅਮਰਜੀਤ ਸਿੰਘ ਦੇ ਸੜਕ ਹਾਦਸੇ ’ਚ ਲੱਗੀਆਂ ਗੰਭੀਰ ਸੱਟਾਂ ਕਾਰਨ ਅੱਜ ਸਵੇਰੇ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਮੌਤ ਹੋ ਗਈ। ਹਾਦਸਾ 10 ਜੂਨ ਨੂੰ ਵਾਪਰਿਆ ਸੀ। ਮ੍ਰਿਤਕ ਅਮਰਜੀਤ ਸਿੰਘ ਪੁੱਤਰ ਪੰਛੀ ਰਾਮ 10 ਜੂਨ ਨੂੰ ਸ਼ਾਮ 3 ਵਜੇ ਪਿੰਡ ਪੰਜੇਟਾ ਦੇ ਇੱਟਾਂ ਵਾਲੇ ਭੱਠੇ ਤੋਂ ਕੰਮ ਮੁਕਾ ਕੇ ਸਕੂਟਰੀ ’ਤੇ ਆਪਣੇ ਪਿੰਡ ਡੰਡੋਆ ਜਾ ਰਿਹਾ ਸੀ। ਮਰਦਾਹੇੜੀ ਅੱਡੇ ਨੇੜੇ ਪਟਿਆਲਾ ਵੱਲੋਂ ਤੇਜ਼ ਰਫ਼ਤਾਰ ਆ ਰਹੀ ਨੀਲੇ ਰੰਗ ਦੀ ਬਲੀਨੋ ਕਾਰ ਨੇ ਉਸ ਦੀ ਸਕੂਟਰੀ ਨੂੰ ਟੱਕਰ ਮਾਰ ਦਿੱਤੀ। ਹਾਦਸੇ ਤੋਂ ਬਾਅਦ ਕਾਰ ਚਾਲਕ ਮੌਕੇ ਤੋਂ ਫਰਾਰ ਹੋ ਗਿਆ ਸੀ। ਹਾਦਸੇ ਤੋਂ ਬਾਅਦ ਅਮਰਜੀਤ ਸਿੰਘ ਨੂੰ ਗੰਭੀਰ ਹਾਲਤ ’ਚ ਸਰਕਾਰੀ ਰਾਜਿੰਦਰਾ ਹਸਪਤਾਲ ਦਾਖਲ ਕਰਵਾਇਆ ਗਿਆ। 5 ਦਿਨ ਜ਼ਿੰਦਗੀ ਤੇ ਮੌਤ ਨਾਲ ਲੜਨ ਤੋਂ ਬਾਅਦ ਅੱਜ ਸਵੇਰੇ ਉਸ ਨੇ ਦਮ ਤੋੜ ਦਿੱਤਾ। ਇਸ ਸਬੰਧੀ ਚੌਕੀ ਇੰਚਾਰਜ ਬਲਬੇੜਾ ਰਾਮ ਕਰਨ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਾਰ ਨੰਬਰ ਦੇ ਆਧਾਰ ’ਤੇ ਚਾਲਕ ਦੀ ਪਛਾਣ ਕਰ ਲਈ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਕਾਰ ਚਾਲਕ ਸਰਕਾਰੀ ਰਾਜਿੰਦਰਾ ਹਸਪਤਾਲ ਦਾ ਹੀ ਡਾਕਟਰ ਹੈ। ਪੁਲਿਸ ਨੇ ਮੁਕਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਲਾਸ਼ ਦਾ ਪੋਸਟਮਾਰਟਮ ਕਰਵਾ ਕੇ ਵਾਰਸਾਂ ਹਵਾਲੇ ਕਰ ਦਿੱਤੀ ਗਈ ਹੈ। ਮ੍ਰਿਤਕ ਅਮਰਜੀਤ ਸਿੰਘ ਘਰ ਦਾ ਇਕਲੌਤਾ ਕਮਾਉਣ ਵਾਲਾ ਸੀ। ਉਹ ਆਪਣੇ ਪਿੱਛੇ ਪਤਨੀ ਤੇ 5 ਬੱਚੇ ਛੱਡ ਗਿਆ ਹੈ। ਉਸ ਦੀ ਮੌਤ ਨਾਲ ਪਰਿਵਾਰ ’ਤੇ ਦੁੱਖਾਂ ਦਾ ਪਹਾੜ ਟੁੱਟ ਪਿਆ ਹੈ। ਪਿੰਡ ਡੰਡੋਆ ’ਚ ਸੋਗ ਦੀ ਲਹਿਰ ਹੈ।



## ਮੁੱਖ ਮੰਤਰੀ ਮਾਂਵਾਂ-ਧੀਆਂ ਸਤਿਕਾਰ ਯੋਜਨਾ ਦੇ ਸੁਚਾਰੂ ਲਾਗੂ ਕਰਨ ਲਈ ਜ਼ਿਲ੍ਹੇ ਵਿੱਚ ਸਿਖਲਾਈ ਕੈਂਪਾਂ ਦੀ ਸ਼ੁਰੂਆਤ



ਮਲੇਰਕੋਟਲਾ, 15 ਜੂਨ (ਬਲਜੀਤ ਸਿੰਘ ਟਿੱਬਾ): ਪੰਜਾਬ ਸਰਕਾਰ ਦੀ ਲੋਕ-ਭਲਾਈ ਅਤੇ ਮਹਿਲਾ ਸਸ਼ਕਤੀਕਰਨ ਪ੍ਰਤੀ ਵਚਨਬੱਧਤਾ ਨੂੰ ਹੋਰ ਮਜ਼ਬੂਤੀ ਦੇਣ ਲਈ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਮਾਂਵਾਂ-ਧੀਆਂ ਸਤਿਕਾਰ ਯੋਜਨਾ ਦੇ ਪ੍ਰਭਾਵਸ਼ਾਲੀ ਅਤੇ ਪਾਰਦਰਸ਼ੀ ਲਾਗੂਕਰਨ ਲਈ ਜ਼ਿਲ੍ਹਾ ਮਾਲੇਰਕੋਟਲਾ ਵਿੱਚ ਸਿਖਲਾਈ ਕੈਂਪਾਂ ਦੀ ਸ਼ੁਰੂਆਤ ਕੀਤੀ ਗਈ ਹੈ। ਇਨ੍ਹਾਂ ਕੈਂਪਾਂ ਰਾਹੀਂ ਯੋਜਨਾ ਨਾਲ ਸਬੰਧਤ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਵਿਸ਼ੇਸ਼ ਸਿਖਲਾਈ ਦਿੱਤੀ ਜਾ ਰਹੀ ਹੈ ਤਾਂ ਜੋ ਯੋਜਨਾ ਦਾ ਲਾਭ ਹਰ ਯੋਗ ਮਹਿਲਾ ਤੱਕ ਸਮੇਂ-ਸਿਰ ਪਹੁੰਚਾਇਆ ਜਾ ਸਕੇ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਪਰਦੀਪ ਸਿੰਘ ਗਿੱਲ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਭਰ ਵਿੱਚ ਟ੍ਰੇਨਿੰਗ ਸੈਸ਼ਨ ਆਯੋਜਿਤ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਿਖਲਾਈ ਦੌਰਾਨ ਭਾਗੀਦਾਰਾਂ ਨੂੰ ਯੋਜਨਾ ਦੇ ਉਦੇਸ਼ਾਂ, ਯੋਗਤਾ ਮਾਪਦੰਡਾਂ, ਲਾਭਪਾਤਰੀਆਂ ਦੀ ਰਜਿਸਟ੍ਰੇਸ਼ਨ ਪ੍ਰਕਿਰਿਆ, ਲੋੜੀਂਦੇ ਦਸਤਾਵੇਜ਼ਾਂ, ਆਨਲਾਈਨ ਅਰਜ਼ੀ ਵਿਧੀ ਅਤੇ ਵਿੱਤੀ ਸਹਾਇਤਾ ਦੀ ਪ੍ਰਕਿਰਿਆ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਜਾ ਰਹੀ ਹੈ। ਉਨ੍ਹਾਂ ਸਬੰਧਤ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਸਿਖਲਾਈ ਦੌਰਾਨ ਪ੍ਰਾਪਤ ਜਾਣਕਾਰੀ ਨੂੰ ਪੂਰੀ ਤਨਦੇਹੀ ਨਾਲ ਅਮਲ ਵਿੱਚ ਲਿਆਉਣ ਅਤੇ ਪਿੰਡਾਂ ਅਤੇ ਸ਼ਹਿਰੀ ਖੇਤਰਾਂ ਵਿੱਚ ਵੱਧ ਤੋਂ ਵੱਧ ਯੋਗ ਮਹਿਲਾਵਾਂ ਨੂੰ ਇਸ ਯੋਜਨਾ ਬਾਰੇ ਜਾਗਰੂਕ ਕਰਨ। ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਯੋਜਨਾ ਸਬੰਧੀ ਸਹੀ ਜਾਣਕਾਰੀ ਪ੍ਰਾਪਤ ਕਰਨ ਅਤੇ ਯੋਗਤਾ ਪੂਰੀ ਕਰਨ ਦੀ ਸੂਰਤ ਵਿੱਚ ਇਸ ਦਾ ਲਾਭ ਲੈਣ ਲਈ ਅੱਗੇ ਆਉਣ।

## ਜ਼ਿਲ੍ਹੇ ’ਚ ਤਿੰਨ-ਦਿਨਾ ਪਲਸ ਪੋਲੀਓ ਮੁਹਿੰਮ 28 ਤੋਂ : ਡਾ.ਸ਼ੈਲੀ ਜੇਤਲੀ

ਪਟਿਆਲਾ, 15 ਜੂਨ (ਰੁਪਾਣਾ) : ਜ਼ਿਲ੍ਹਾ ਪਟਿਆਲਾ ਵਿੱਚ 28, 29 ਅਤੇ 30 ਜੂਨ ਨੂੰ ਤਿੰਨ ਦਿਨਾ ਪਲਸ ਪੋਲੀਓ ਮੁਹਿੰਮ ਚਲਾਈ ਜਾਵੇਗੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ.ਸ਼ੈਲੀ ਜੇਤਲੀ ਨੇ ਦੱਸਿਆ ਕਿ ਮੁਹਿੰਮ ਦੌਰਾਨ ਜ਼ਿਲ੍ਹੇ ਦੇ 0-5 ਸਾਲ ਤੱਕ ਦੇ ਸਾਰੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਜਾਣਗੀਆਂ। ਉਹਨਾਂ ਦੱਸਿਆ ਕਿ ਭਾਰਤ ਨੂੰ ਪੋਲੀਓ ਮੁਕਤ ਬਣਾਈ ਰੱਖਣ ਲਈ ਹਰ ਬੱਚੇ ਨੂੰ ਪੋਲੀਓ ਰੋਕੂ ਬਣਾਉਣਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਮੁਹਿੰਮ ਦੀਆ ਸਾਰੀਆਂ ਤਿਆਰੀਆਂ ਕੀਤੀਆ ਜਾ ਰਹੀਆਂ ਹਨ ਅਤੇ ਇਸ ਦੀ ਸਫਲਤਾ ਲਈ ਲੋੜੀਂਦੀਆਂ ਟੀਮਾਂ ਤਾਇਨਾਤ ਕੀਤੀ ਜਾ ਰਹੀਆਂ ਹਨ। ਜ਼ਿਲ੍ਹਾ ਟੀਕਾਕਰਨ ਅਫਸਰ ਡਾ.ਕੁਸ਼ਲਦੀਪ ਗਿੱਲ ਨੇ ਦੱਸਿਆ ਕਿ ਮੁਹਿੰਮ ਦੇ ਪਹਿਲੇ ਦਿਨ 28 ਜੂਨ ਨੂੰ ਜ਼ਿਲ੍ਹੇ ਭਰ ਵਿੱਚ ਸਥਾਪਤ ਪਲਸ ਪੋਲੀਓ ਬੂਥਾਂ ’ਤੇ ਬੱਚਿਆਂ ਨੂੰ ਪੋਲਿਓ ਰੋਕੂ ਬੂੰਦਾਂ ਪਿਲਾਈਆਂ ਜਾਣਗੀਆਂ। 29 ਅਤੇ 30 ਜੂਨ ਨੂੰ ਸਿਹਤ ਵਿਭਾਗ ਦੀਆਂ ਟੀਮਾਂ ਘਰ-ਘਰ ਜਾ ਕੇ ਉਹਨਾਂ ਬੱਚਿਆਂ ਨੂੰ ਬੂੰਦਾਂ ਪਿਲਾਉਣਗੇ ਜੋ ਕਿਸੇ ਕਾਰਨ ਬੂਥਾਂ ਤੱਕ ਨਹੀਂ ਪਹੁੰਚ ਸਕਣਗੇ। ਸਿਹਤ ਅਧੀਕਾਰੀਆਂ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਮੁਹਿੰਮ ਨੂੰ ਸਫਲ ਬਣਾਉਣ ਵਿੱਚ ਸਿਹਤ ਵਿਭਾਗ ਦਾ ਪੂਰਾ ਸਹਿਯੋਗ ਕਰਨ ਤਾਂ ਕਿ ਜ਼ਿਲ੍ਹੇ ਦਾ ਕੋਈ ਵੀ ਬੱਚਾ ਪੋਲਿਓ ਰੋਕੂ ਬੂੰਦਾਂ ਤੋਂ ਵਾਂਝਾ ਨਾ ਰਿਹ ਜਾਵੇ।



## ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਨੌਜਵਾਨਾਂ ਵੱਲੋਂ ਨਸ਼ਿਆਂ ਵਿਰੁੱਧ ਲਾਮਬੰਦ ਹੋ ਕੇ ਅੱਗੇ ਆਉਣਾ ਸ਼ਲਾਘਾਯੋਗ ਉਪਰਾਲਾ: ਵਰਿੰਦਰ ਟਿਵਾਣਾ

ਪਟਿਆਲਾ, 15 ਜੂਨ (ਚ.ਨ.ਸ) : ਜ਼ਿਲ੍ਹਾ ਸਮਾਜਿਕ ਸੁਰੱਖਿਆ ਦਫ਼ਤਰ ਪਟਿਆਲਾ ਵੱਲੋਂ ਸਮਾਜਿਕ ਨਿਆਂ ਤੇ ਅਧਿਕਾਰਤਾ ਮੰਤਰਾਲਾ ਭਾਰਤ ਸਰਕਾਰ ਵੱਲੋਂ ਭਾਰਤ ਦੇ 372 ਜ਼ਿਲਿਆਂ ਵਿੱਚ ਸ਼ੁਰੂ ਕੀਤੀ ਨਸ਼ਾ ਮੁਕਤ ਭਾਰਤ ਅਭਿਆਨ ਮੁਹਿੰਮ ਤਹਿਤ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ,ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਹਿਯੋਗ ਨਾਲ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਮੁੱਖ ਮਹਿਮਾਨ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਪਟਿਆਲਾ ਵਰਿੰਦਰ ਸਿੰਘ ਟਿਵਾਣਾ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ। ਇਸ ਮੌਕੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਵੱਲੋਂ ਸਾਰੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ।ਵਿਸ਼ੇਸ਼ ਤੌਰ ’ਤੇ ਉਪਕਾਰ ਸਿੰਘ, ਰੁਦਰਪ੍ਰਤਾਪ ਸਿੰਘ ਬੀ ਸੀ ਏ ਵਿਦਿਆਰਥੀ ਗੋਰਮਿੰਟ ਬਿਕਰਮ ਕਾਲਜ਼ ਆਫ ਕਾਮਰਸ, ਤੇਜਿੰਦਰ ਮਡੋੜ, ਜੁਗਰਾਜ ਚਹਿਲ, ਠੇਕੇਦਾਰ ਗੁਰਬਚਨ ਸਿੰਘ,ਅਮਰਜੀਤ ਲੰਗ, ਕੁਲਦੀਪ ਸਿੰਘ,ਗੁਰਇੰਦਰ ਸਿੰਘ ਸਿੱਧੂ, ਖੁਸ਼ਪ੍ਰੀਤ ਕੌਰ, ਗਗਨਪ੍ਰੀਤ ਕੌਰ ਤੋਂ ਇਲਾਵਾ ਪ੍ਰਨੀਤ ਕੌਰ, ਸ਼ਰਨਦੀਪ ਕੌਰ, ਹਸਨਦੀਪ ਕੌਰ, ਰਾਜਦੀਪ ਕੌਰ, ਨਵਜੋਤ ਕੌਰ, ਮਨਦੀਪ ਕੌਰ, ਅਰਹਮ ਸ਼ੌਕਤ,ਨੀਮਕਾ, ਪ੍ਰਨੀਤ ਕੌਰ ਵਿਦਿਆਰਥੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਸ਼ਿਰਕਤ ਕੀਤੀ। ਇਸ ਮੌਕੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਪਟਿਆਲਾ ਵਰਿੰਦਰ ਸਿੰਘ ਟਿਵਾਣਾ ਨੇ ਕਿਹਾ ਕਿ ਪਟਿਆਲਾ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵੱਖ ਵੱਖ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਅਤੇ ਵੱਖ ਵੱਖ ਪਿੰਡਾਂ ਕਸਬਿਆਂ ਵਿੱਚ ਜਾ ਕੇ ਨੌਜਵਾਨਾਂ ਨੂੰ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ ਜਾ ਰਿਹਾ ਹੈ। ਉਹਨਾਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਦੇ ਅਹੁੱਦੇਦਾਰਾਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਬਹੁਤ ਹੀ ਸ਼ਲਾਘਾਯੋਗ ਹੈ।



## ਪੇਂਡੂ ਚੌਕੀਦਾਰਾਂ ਨੇ ਸਰਕਾਰ ਅੱਗੇ ਰੱਖੀਆਂ ਮੰਗਾਂ, ਸਮੇਂ-ਸਿਰ ਤਨਖਾਹ ਜਾਰੀ ਕਰਨ ਦੀ ਮੰਗ

ਘਨੌਰ, 15 ਜੂਨ (ਮਦਨ ਲਾਲ): ਪੇਂਡੂ ਚੌਕੀਦਾਰ ਯੂਨੀਅਨ ਪੰਜਾਬ ਸਬ ਤਹਿਸੀਲ ਘਨੌਰ ਦੀ ਇਕ ਅਹਿਮ ਮੀਟਿੰਗ ਸੂਬਾ ਪ੍ਰਧਾਨ ਰਾਮ ਮੂਰਤੀ ਸੋਗਲਪੁਰ ਦੀ ਅਗਵਾਈ ਹੇਠ ਹੋਈ। ਮੀਟਿੰਗ ਦੌਰਾਨ ਪੰਜਾਬ ਸਰਕਾਰ ਵੱਲੋਂ ਪੇਂਡੂ ਚੌਕੀਦਾਰਾਂ ਦੀ ਤਨਖਾਹ ਵਿੱਚ ਵਾਧਾ ਨਾ ਕਰਨ ਅਤੇ ਸਮੇਂ ਸਿਰ ਤਨਖਾਹ ਜਾਰੀ ਨਾ ਕਰਨ ਦੀ ਤਿੱਖੀ ਨਿਖੇਧੀ ਕੀਤੀ ਗਈ। ਇਸ ਮੌਕੇ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਰਾਮ ਮੂਰਤੀ ਸੋਗਲਪੁਰ ਨੇ ਕਿਹਾ ਕਿ ਪੇਂਡੂ ਚੌਕੀਦਾਰ ਪਿੰਡਾਂ ਵਿੱਚ ਦਿਨ-ਰਾਤ 24 ਘੰਟੇ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ, ਪਰ ਉਨ੍ਹਾਂ ਨੂੰ ਸਿਰਫ਼ 1500 ਰੁਪਏ ਮਹੀਨਾਵਾਰ ਤਨਖਾਹ ਦਿੱਤੀ ਜਾ ਰਹੀ ਹੈ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੇਂਡੂ ਚੌਕੀਦਾਰਾਂ ਦੀ ਤਨਖਾਹ ਵਿੱਚ ਤੁਰੰਤ ਵਾਧਾ ਕੀਤਾ ਜਾਵੇ ਅਤੇ ਹਰ ਮਹੀਨੇ ਦੀ 10 ਤਰੀਕ ਤੱਕ ਤਨਖਾਹ ਜਾਰੀ ਕਰਨੀ ਯਕੀਨੀ ਬਣਾਈ ਜਾਵੇ। ਮੀਟਿੰਗ ਵਿੱਚ ਮੀਤ ਪ੍ਰਧਾਨ ਧੰਨਾ ਸਿੰਘ ਜੰਡਮੰਘੋਲੀ, ਸੀਨੀਅਰ ਮੀਤ ਪ੍ਰਧਾਨ ਨਿਰਮੈਲ ਸਿੰਘ ਮੰਡਿਆਣਾ, ਪ੍ਰਚਾਰ ਸਕੱਤਰ ਕਰਮ ਸਿੰਘ ਸੂਹਰੋਂ ਅਤੇ ਰਮੇਸ਼ਵਰ ਸਿੰਘ ਉਲਾਨਾ ਸਮੇਤ ਹੋਰ ਚੌਕੀਦਾਰ ਵੀ ਹਾਜ਼ਰ ਸਨ।



## 21 ਨੂੰ ਕੌਮਾਂਤਰੀ ਯੋਗ ਦਿਵਸ ਮੌਕੇ ਕਰਵਾਏ ਜਾਣ ਵਾਲੇ ਸਮਾਗਮ ਦੀਆਂ ਤਿਆਰੀਆਂ

### ਏ.ਡੀ.ਸੀ. ਵੱਲੋਂ ਸਮੂਹ ਨਾਗਰਿਕਾਂ ਨੂੰ ਭਰਵੀਂ ਸ਼ਮੂਲੀਅਤ ਕਰਨ ਦੀ ਅਪੀਲ

ਪਟਿਆਲਾ, 15 ਜੂਨ (ਰੁਪਾਣਾ/ ਅਮਰਜੀਤ) ਮੁੱਖ ਮੰਤਰੀ ਸ੍ਰ: ਭਗਵੰਤ ਸਿੰਘ ਮਾਨ ਦੀ ਗਤੀਸ਼ੀਲ ਅਗਵਾਈ ਵਿੱਚ ਪਟਿਆਲਾ ਸ਼ਹਿਰ ਦੇ ਵੱਖ-ਵੱਖ ਪਾਰਕਾਂ ਵਿੱਚ ਸੀ.ਐਮ.ਦੀ ਯੋਗਸ਼ਾਲਾ ਤਹਿਤ ਯੋਗ ਕਰਵਾਏ ਜਾ ਰਹੇ ਹਨ , ਇਸੇ ਲੜੀ ਤਹਿਤ 21 ਜੂਨ ਨੂੰ ਕੌਮਾਂਤਰੀ ਯੋਗ ਦਿਵਸ ਮੌਕੇ ਕਰਵਾਏ ਜਾਣ ਵਾਲੇ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਸਬੰਧੀ ਵਧੀਕ ਡਿਪਟੀ ਕਮਿਸ਼ਨਰ ਅਨੁਪ੍ਰਿਤਾ ਜੌਹਲ ਦੀ ਪ੍ਰਧਾਨਗੀ ਹੇਠ ਇਕ ਬੈਠਕ ਕੀਤੀ ਗਈ। ਉਹਨਾਂ ਆਮ ਲੋਕਾਂ ਨੂੰ ਜ਼ਿਲ੍ਹਾ ਪੱਧਰੀ ਸਮਾਰੋਹ ਵਿੱਚ ਭਰਵੀਂ ਸ਼ਮੂਲੀਅਤ ਕਰਨ ਦੀ ਅਪੀਲ ਕਰਦਿਆਂ ਦੱਸਿਆ ਕਿ 21 ਜੂਨ ਨੂੰ ਥਾਪਰ ਯੂਨੀਵਰਸਿਟੀ ਵਿਖੇ ਸਵੇਰੇ 6 ਵਜੇ ਅੰਤਰ ਰਾਸ਼ਟਰੀ ਯੋਗ ਦਿਵਸ ਮਨਾ ਕੇ ਲੋਕਾਂ ਨੂੰ ਸਿਹਤਮੰਦ ਜੀਵਨ ਜੀਊਣ ਦਾ ਸੰਦੇਸ਼ ਦਿੱਤਾ ਜਾਵੇਗਾ। ਮੀਟਿੰਗ ਦੌਰਾਨ ਅਨੁਪ੍ਰਿਤਾ ਜੌਹਲ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਸਿਹਤਮੰਦ ਜੀਵਨ ਅਤੇ ਮਨ ਦੀ ਸ਼ਾਤੀ ਸਭ ਤੋਂ ਵੱਡੀ ਜ਼ਰੂਰਤ ਬਣ ਚੁੱਕੀ ਹੈ। ਸਾਡੀ ਆਸ ਹੈ ਕਿ ਇਸ ਦਿਵਸ ਨਾਲ ਲੋਕ ਯੋਗਾ ਦੀ ਮਹੱਤਤਾ ਨੂੰ ਸਮਝ ਕੇ ਆਪਣੇ ਜੀਵਨ ਵਿੱਚ ਸਿਹਤਮੰਦ ਬਦਲਾਅ ਲਿਆਉਣਗੇ। ਉਹਨਾਂ ਕਿਹਾ ਕਿ ਯੋਗ ਸਿਰਫ ਸਰੀਰਕ ਵਰਕਆਊਟ ਨਹੀ ਬਲਕਿ ਮਨ ਅਤੇ ਆਤਮਾ ਦੀ ਸ਼ਾਂਤੀ ਲਈ ਵੀ ਜ਼ਰੂਰੀ ਹੈ। ਉਹਨਾਂ ਸਾਰੇ ਨਾਗਰਿਕਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਇਸ ਯੋਗਸ਼ਾਲਾ ਦਾ ਲਾਭ ਉਠਾਉਣ ਅਤੇ ਆਪਣੀ ਸਿਹਤ ਲਈ ਯੋਗਾ ਅਭਿਆਸ ਨੂੰ ਅਪਨਾਉਣ। ਅਨੁਪ੍ਰਿਤਾ ਜੌਹਲ ਨੇ ਯੋਗ ਦਿਵਸ ਦੀਆਂ ਤਿਆਰੀਆਂ ਸਬੰਧੀ ਚਰਚਾ ਕਰਦਿਆਂ ਸਬੰਧਤ ਅਧਿਕਾਰੀਆਂ ਨੂੰ ਜਿੰਮੇਵਾਰੀਆਂ ਸੌਂਪੀਆਂ। ਉਹਨਾਂ ਪਟਿਆਲਾ ਵਾਸੀਆਂ ਨੂੰ ਯੋਗ ਦਿਵਸ ’ਚ ਸ਼ਾਮਲ ਹੋਣ ਦਾ ਸੱਦਾ ਦਿੰਦਿਆਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਸਿਹਤਮੰਦ ਜੀਵਨ ਅਤੇ ਮਨ ਦੀ ਸ਼ਾਂਤੀ ਸਭ ਤੋਂ ਵੱਡੀ ਜ਼ਰੂਰਤ ਬਣ ਗਈ ਹੈ। ਉਹਨਾਂ ਕਿਹਾ ਕਿ ਯੋਗਾ ਦਾ ਮੂਲ ਮੰਤਵ ਸਰੀਰਕ ਤਾਕਤ, ਲਚਕੀਲਾਪਨ ਅਤੇ ਮਨ ਨੂੰ ਸ਼ਾਂਤ ਕਰਨ ਦੇ ਨਾਲ-ਨਾਲ ਅੰਦਰੂਨੀ ਸ਼ਕਤੀ ਨੂੰ ਵਧਾਉਣਾ ਹੈ। ਉਹਨਾਂ ਕਿਹਾ ਕਿ ਅੱਜ ਦੀ ਤੇਜ਼ ਰਫ਼ਤਾਰ ਅਤੇ ਦਬਾਅ ਭਰੀ ਜ਼ਿੰਦਗੀ ਵਿੱਚ ਤਣਾਅ, ਚਿੰਤਾ ਅਤੇ ਸਰੀਰਿਕ ਰੋਗ ਆਮ ਗੱਲ ਬਣ ਗਏ ਹਨ। ਅਜਿਹੇ ਸਮੇਂ ਵਿੱਚ ਸਾਡੇ ਲਈ ਇਹ ਬਹੁਤ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਆਪਣੇ ਦਿਮਾਗ ਅਤੇ ਸਰੀਰਕ ਸਿਹਤ ਦੀ ਸੰਭਾਲ ਲਈ ਕਿਸੇ ਕੁਦਰਤੀ ਅਤੇ ਪ੍ਰਭਾਵਸ਼ਾਲੀ ਢੰਗ ਨੂੰ ਅਪਨਾਈਏ। ਯੋਗਾ ਇਹਨਾਂ ਸਾਰੀਆਂ ਸਮੱਸਿਆਵਾਂ ਦਾ ਇਕ ਪ੍ਰਭਾਵਸ਼ਾਲੀ ਹੱਲ ਹੈ। ਇਸ ਲਈ ਸਾਨੂੰ ਦਵਾਈਆਂ ਤੇ ਨਿਰਭਰ ਹੋਣ ਦੀ ਬਜਾਏ ਯੋਗਾ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਇਸ ਮੌਕੇ ਰੈਡ ਕਰਾਸ ਸੋਸਾਇਟੀ ਦੇ ਸਕੱਤਰ ਡਾ: ਪੀ.ਐਸ.ਸਿੱਧੂ , ਆਯੂਰਵੈਦਿਕ ਕਾਲਜ ਤੋਂ ਡਾ: ਰਜਨੀਸ਼, ਡਾ: ਯੋਗੇਸ਼ ਭਾਟੀਆ,ਡਾ: ਮਨੀਸ਼ਾ ਸਿੰਗਲਾ, ਡਾ: ਅਨੂ ਸ਼ਾਰਦਾ, ਜ਼ਿਲ੍ਹਾ ਖੇਡ ਅਫ਼ਸਰ , ਹੋਰਟੀਕਲਚਰ ਅਫ਼ਸਰ ਹਰਿਦਰਪਾਲ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।



## ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਏ.ਡੀ.ਸੀ. ਵੱਲੋਂ ਟਰੇਡਰਜ਼ ਕਮਿਸ਼ਨ ਨਾਲ ਬੈਠਕ

ਪਟਿਆਲਾ, 15 ਜੂਨ (ਰੁਪਾਣਾ) : ਪਟਿਆਲਾ ਜ਼ਿਲ੍ਹੇ ਦੇ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਤੁਰੰਤ ਅਤੇ ਪ੍ਰਭਾਵਸ਼ਾਲੀ ਹੱਲ ਨੂੰ ਯਕੀਨੀ ਬਣਾਉਣ ਸਮੇਤ ਟਰੇਡਰਜ਼ ਕਮਿਸ਼ਨ ਵੱਲੋਂ ਸਾਹਮਣੇ ਲਿਆਦੀਆਂ ਸਮੱਸਿਆਵਾਂ ਦਾ ਜਾਇਜ਼ਾ ਲੈਣ ਲਈ ਪਟਿਆਲਾ ਦੇ ਵਧੀਕ ਡਿਪਟੀ ਕਮਿਸ਼ਨਰ (ਜ) ਅਨੁਪ੍ਰਿਤਾ ਜੌਹਲ ਨੇ ਪੰਜਾਬ ਟ੍ਰੇਡ ਕਮਿਸ਼ਨ ਪਟਿਆਲਾ ਦੇ ਚੇਅਰਮੈਨ ਐਡਵੋਕੇਟ ਵਿਨੋਦ ਕੁਮਾਰ ਸਿੰਗਲਾ ਅਤੇ ਪੰਜਾਬ ਦੇ ਵਾਈਸ ਚੇਅਰਮੈਨ ਗੁਰਪ੍ਰੀਤ ਸਿੰਘ ਧਮੋਲੀ ਸਮੇਤ ਹੋਰ ਮੈਂਬਰਾਂ ਨਾਲ ਇੱਕ ਬੈਠਕ ਕੀਤੀ। ਏਡੀਸੀ ਅਨੁਪ੍ਰਿਤਾ ਜੌਹਲ ਨੇ ਦੱਸਿਆ ਕਿ ਅੱਜ ਦੀ ਬੈਠਕ ਦੌਰਾਨ ਪੋਰਟਲ ਉਪਰ ਆਈਆਂ ਸ਼ਿਕਾਇਤਾਂ ਦਾ ਨਿਪਟਾਰਾ ਪੂਰੀ ਗੰਭੀਰਤਾ ਨਾਲ ਕੀਤਾ ਜਾ ਰਿਹਾ ਹੈ, ਜਦਕਿ 18 ਸ਼ਿਕਾਇਤਾਂ ਦਾ ਨਿਪਟਾਰਾ ਕਰ ਦਿੱਤਾ ਗਿਆ ਹੈ ਤੇ 35 ਸ਼ਿਕਾਇਤਾਂ ਓਪਨ ਹਨ, ਜਿਨ੍ਹਾਂ ਉਪਰ ਵਿਚਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਮੌਕੇ ਚੇਅਰਮੈਨ ਐਡਵੋਕੇਟ ਵਿਨੋਦ ਸਿੰਗਲਾ ਨੇ ਕਿਹਾ ਕਿ ਪਟਿਆਲਾ ਜ਼ਿਲ੍ਹੇ ਦੇ ਵਪਾਰੀਆਂ ਨੂੰ ਮਿਲਣ ਜਲਦ ਨੈਸ਼ਨਲ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪਹੁੰਚ ਰਹੇ ਹਨ। ਵਾਈਸ ਚੇਅਰਮੈਨ ਗੁਰਪ੍ਰੀਤ ਸਿੰਘ ਧਮੋਲੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਪਾਰੀਆਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ, ਜਿਸ ਲਈ ਕਮਿਸ਼ਨ ਵਪਾਰੀਆਂ ਦੇ ਨਾਲ ਖੜ੍ਹਾ ਹੈ ਅਤੇ ਲਗਾਤਾਰ ਉਨ੍ਹਾਂ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਕਰ ਰਿਹਾ ਹੈ। ਚੇਅਰਮੈਨ ਨੇ ਅੱਗੇ ਕਿਹਾ ਕਿ ਵਪਾਰੀਆਂ ਵੱਲੋਂ ਉਠਾਈ ਜਾਣ ਵਾਲੀ ਹਰ ਸਮੱਸਿਆ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ। ਉਨ੍ਹਾਂ ਵਪਾਰੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਟਰੇਡਰਜ਼ ਕਮਿਸ਼ਨ ਨਾਲ ਸਿੱਧਾ ਰਾਬਤਾ ਕਰਨ, ਤਾਂ ਜੋ ਉਨ੍ਹਾਂ ਦੀਆਂ ਮੰਗਾਂ ਦਾ ਤੁਰੰਤ ਨਿਪਟਾਰਾ ਕੀਤਾ ਜਾ ਸਕੇ। ਇਸ ਦੌਰਾਨ ਟ੍ਰੇਡਰਜ ਕਮਿਸ਼ਨ ਦੇ ਮੈਂਬਰਜ ਸੰਜੀਵ ਗੁਪਤਾ, ਭੁਪਿੰਦਰ ਕੌਸ਼ਲ, ਵੇਦ ਪ੍ਰਕਾਸ਼ ਗਰਗ, ਪੁਨੀਤ ਬੁੱਧੀਰਾਜਾ ਤੇ ਕੀਰਤ ਸਿੰਘ ਸਿਹਰਾ, ਐਸ.ਡੀ.ਐਮਜ, ਸਹਾਇਕ ਕਮਿਸ਼ਨਰ ਜੀਐਸਟੀ ਗੁਰਸਿਮਰਨ ਕੌਰ, ਡੀ.ਐਸ.ਪੀ. ਜੰਗਜੀਤ ਸਿੰਘ ਰੰਧਾਵਾ ਸਮੇਤ ਨਗਰ ਨਿਗਮ ਤੇ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

## ਵਿਸ਼ਵਕਰਮਾ ਸੇਵਾ ਸੰਮਤੀ ਨੇ ਚਾਵਲਾਂ ਤੇ ਮਿੱਠੇ-ਠੰਡੇ ਪਾਣੀ ਦੀ ਛਬੀਲ ਲਗਾਈ



ਨਾਭਾ, 15 ਜੂਨ (ਬਲਜਿੰਦਰ ਮਾਨ/ ਚੌਧਰੀਮਾਜਰਾ) : ਵਿਸ਼ਵਕਰਮਾ ਸੇਵਾ ਸੰਮਤੀ ਸ੍ਰੀ ਵਿਸ਼ਵਕਰਮਾ ਮੰਦਿਰ ਕ੍ਰਿਸ਼ਨਾ ਪੁਰੀ ਨਾਭਾ ਵੱਲੋਂ ਮਹੀਨੇ ਵਾਰ ਮੱਸਿਆ ਨੂੰ ਚਾਵਲਾਂ ਦਾ ਭੰਡਾਰਾ ਸਮੂਹ ਵਿਸ਼ਵਕਰਮਾ ਸੇਵਾ ਸੰਮਤੀ ਦੇ ਪ੍ਰਧਾਨ ਆਹੁਦੇਦਾਰ ਮੈਂਬਰਾਂ ਵੱਲੋਂ ਜਗਤਗੁਰੂ ਭਗਵਾਨ ਸ੍ਰੀ ਵਿਸ਼ਵਕਰਮਾ ਮਹਾਰਾਜ ਜੀ ਨੂੰ ਤਿਆਰ ਕੀਤੇ ਚਾਵਲਾਂ ਰੂਪ ਪ੍ਰਸ਼ਾਦ ਨੂੰ ਭੋਗ ਲਵਾਇਆ ਗਿਆ ਉਪਰੰਤ ਸ੍ਰੀ ਵਿਸ਼ਵਕਰਮਾ ਚੌਕ ਵਿੱਚ ਸਮੂਹ ਸੰਗਤਾਂ ਨੂੰ ਪ੍ਰਸ਼ਾਦ ਰੂਪ ਲੰਗਰ ਅਤੁੱਟ ਵਰਤਾਇਆ ਗਿਆ ਅਤੇ ਰਾਹਗੀਰਾਂ ਲਈ ਮਿੱਠੇ ਠੰਡੇ ਪਾਣੀ ਦੀ ਸਬੀਲ ਲਗਈ ਗਈ। ਇਸ ਮੌਕੇ ਹਾਜ਼ਰ ਪ੍ਰਧਾਨ ਕੰਬਾਈਨ ਐਸੋਸੀਏਸ਼ਨ ਅਵਤਾਰ ਸਿੰਘ ਨੰਨੜੇ, ਹਰਵਿੰਦਰ ਸਿੰਘ ਐਮ.ਡੀ. ਸੁਰਿੰਦਰਾ ਕੰਬਾਈਨ,ਸਰਬਜੀਤ ਸਿੰਘ ਰਾਮਗੜ੍ਹੀਆ, ਜਸਵਿੰਦਰਪਾਲ ਸਿੰਘ ਮਠਾੜੂ, ਅਵਤਾਰ ਸਿੰਘ ਟਿੰਡ, ਪ੍ਰਦੀਪ ਸਿੰਘ ਦੇਵ, ਨਰਿੰਦਰ ਸਿੰਘ ਦੇਵ, ਬਲਜਿੰਦਰ ਸਿੰਘ ਧੰਮੂ, ਪਰਮਜੀਤ ਸਿੰਘ ਮਨੂੰਰ, ਠੇਕੇਦਾਰ ਕੁਲਦੀਪ ਸਿੰਘ ਚਾਨੀ, ਗਿਆਨ ਚੰਦ ਵਿਰਦੀ, ਇਸਰ ਸਿੰਘ, ਜੋਰਾ ਸਿੰਘ ਧੰਮੂ, ਮੱਘਰ ਸਿੰਘ, ਸੰਜੀਵ ਕੁਮਾਰ, ਕਰਨੈਲ ਸਿੰਘ ਵਿਰਦੀ ਹਾਜ਼ਰ ਸਨ।

## ਕਾਰ ਸਵਾਰ 40 ਗ੍ਰਾਮ ਚਿੱਟੇ ਸਮੇਤ ਕਾਬੂ

ਸਮਾਣਾ, 15 ਜੂਨ (ਵਿਜੇ ਕੁਮਾਰ) : ਪਸਿਆਣਾ ਪੁਲਸ ਨੇ ਇੱਕ ਕਾਰ ਸਵਾਰ ਨੌਜਵਾਨ ਨੂੰ 40 ਗ੍ਰਾਮ ਚਿੱਟੇ ਸਣੇ ਕਾਬੂ ਕਰ ਉਸ ਖਿਲਾਫ ਨਸ਼ਾ ਵਿਰੋਧੀ ਐਕਟ ਦੀਆਂ ਧਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਹਿਚਾਣ ਅਮਨਦੀਪ ਸਿੰਘ ਵਾਸੀ ਪਿੰਡ ਸਮੁੰਦਗੜ ਛੰਨਾ ਵਜੋਂ ਹੋਈ। ਮਾਮਲੇ ਦੇ ਜਾਂਚ ਅਧਿਕਾਰੀ ਪਸਿਆਣਾ ਪੁਲਸ ਦੇ ਏ.ਐਸ.ਆਈ. ਨਿਰਮਲ ਸਿੰਘ ਨੇ ਦੱਸਿਆ ਕਿ ਉਹ ਪੁਲਸ ਪਾਰਟੀ ਸਣੇ ਪਿੰਡ ਸ਼ੇਰ ਮਾਜਰਾ ਨੇੜੇ ਨਾਕਾਬੰਦੀ ਕਰਕੇ ਵਾਹਨਾਂ ਦੀ ਚੈਕਿੰਗ ਕਰ ਰਹੇ ਸੀ, ਕਿ ਚੈਕਿੰਗ ਦੌਰਾਨ ਇਕ ਕਾਰ ਵਿੱਚੋਂ 40 ਗ੍ਰਾਮ ਚਿੱਟਾ ਬਰਾਮਦ ਹੋਣ ਤੇ ਮੁਲਜ਼ਮ ਨੂੰ ਵਾਹਨ ਸਣੇ ਮੌਕੇ ਤੇ ਹੀ ਕਾਬੂ ਕਰ ਲਿਆ। ਅਧਿਕਾਰੀ ਅਨੁਸਾਰ ਮੁਲਜ਼ਮ ਨੂੰ ਮਾਨਯੋਗ ਅਦਾਲਤ ’ਚ ਪੇਸ਼ ਕਰ ਮਿਲੇ ਹੁਕਮਾਂ ਅਨੁਸਾਰ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥
ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਅੱਜ ਤੱਕ ਦੇ ਸ਼ਹੀਦਾਂ ਦੀ ਯਾਦ ਵਿੱਚ



ਡਾ. ਸਰਬ ਸਿੰਘ
ਬਾਨੀ ਗੁਰੂ ਅਰਜਨ ਕੀਰਤਨ ਮੰਡਲ

ਸ਼ਹੀਦੀ ਜੋੜ-ਮੇਲ
ਅੱਜ ਦਾ ਪ੍ਰੋਗਰਾਮ
16-6-2026
ਦਿਨ-ਮੰਗਲਵਾਰ



ਭਾਈ ਤਖਤ ਸਿੰਘ ਜੀ
ਸਾਬਕਾ ਪ੍ਰਧਾਨ ਗੁਰੂ ਅਰਜਨ ਕੀਰਤਨ ਮੰਡਲ

ਗੁਰੂ ਤੇਗ਼ ਬਹਾਦਰ ਕਲੋਨੀ (ਬੈਕ ਸਾਈਡ ਗੁਰਦੁਆਰਾ ਮੋਤੀ ਬਾਗ਼ ਸਾਹਿਬ) ਪਟਿਆਲਾ।
ਕੀਰਤਨ ਰਾਤ 7.00 ਵਜੇ ਤੋਂ 9.00 ਵਜੇ ਤੱਕ।
ਸੰਪਰਕ ਕਰੋ : 98887-42047, 99157-70074
ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਭਾ ਕਮੇਟੀਆਂ ਦੇ ਸਹਿਯੋਗ ਨਾਲ ਗੁਰੂ ਅਰਜਨ ਕੀਰਤਨ ਮੰਡਲ (ਰਜਿ.) ਪਟਿਆਲਾ



# ਪਟਿਆਲਾ-ਆਸ/ਪਾਸ



# ਪੁਲਿਸ ਵੱਲੋਂ ਲੁੱਟਾਂ-ਖੋਹਾਂ ਕਰਨ ਵਾਲੇ ਗਿਰੋਹ ਦੇ 5 ਮੈਂਬਰ 10 ਪਿਸਤੌਲਾਂ ਸਮੇਤ ਕਾਬੂ

## ➢ਕਿਸੇ ਵੱਡੀ ਘਟਨਾ ਨੂੰ ਅੰਜਾਮ ਦੇਣ ਦੀ ਫ਼ਿਰਾਕ 'ਚ ਸਨ ਮੁਲਜ਼ਮ : ਵਰੁਣ ਸ਼ਰਮਾ



ਪਟਿਆਲਾ, 15 ਜੂਨ (ਰੁਪਾਣਾ/ ਵਿਨੋਦ ਸ਼ਰਮਾ/ਅਮਰਜੀਤ) : ਐਸ.ਐਸ.ਪੀ. ਪਟਿਆਲਾ ਵਰੁਣ ਸ਼ਰਮਾ ਨੇ ਪ੍ਰੈਸ ਕਾਨਫਰੰਸ ਰਾਹੀਂ ਦੱਸਿਆ ਕਿ ਗੌਰਵ ਯਾਦਵ ਡਾਇਰੈਕਟਰ ਜਨਰਲ ਪੁਲਿਸ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਿਕ ਗੈਂਗਸਟਰਾਂ 'ਤੇ ਵਾਰ ਚਲਾਈ ਗਈ ਮੁਹਿੰਮ ਦੌਰਾਨ ਉਸ ਵਕਤ ਕਾਮਯਾਬੀ ਮਿਲੀ ਜਦੋਂ ਵੈਭਵ ਚੌਧਰੀ ਐਸਪੀ (ਹੈਡਕੁਆਰਟਰ), ਸੁਖਅੰਮ੍ਰਿਤ ਸਿੰਘ ਰੰਧਾਵਾ ਡੀਐਸਪੀ (ਡੀ) ਅਤੇ ਇੰਸਪੈਕਟਰ ਪ੍ਰਦੀਪ ਸਿੰਘ ਬਾਜਵਾ ਇੰਚਾਰਜ ਸੀ.ਆਈ.ਏ ਪਟਿਆਲਾ ਦੀ ਟੀਮ ਵੱਲੋਂ ਲੁੱਟਾਂਖੋਹਾਂ ਕਰਨ ਵਾਲੇ ਗਿਰੋਹ ਦੇ ਮੈਬਰਾਂ ਨੂੰ ਭਾਰੀ ਮਾਤਰਾ ਅਸਲਾ ਐਮੋਨੀਸ਼ਨ ਸਮੇਤ ਗ੍ਰਿਫਤਾਰ ਕੀਤਾ, ਜਿਨ੍ਹਾਂ ਵਿਚ ਅਰਸ਼ਦੀਪ ਸਿੰਘ ਵਾਸੀ ਨੇੜੇ 16 ਫਾਟਕ ਪਿੰਡ ਰਸੂਲਪੁਰਸੈਦਾ, ਜਤਿੰਦਰ ਗੁਪਤਾ ਵਾਸੀ ਗੋਪਾਲ ਕਲੋਨੀ, ਯਸ਼ਵੇਦ ਉਰਫ ਯੋਧਾ ਵਾਸੀ ਨੇੜੇ ਅਜੂਬਾ ਪੈਲੇਸ ਸੰਗਰੂਰ ਰੋਡ, ਅਭਿਸ਼ੇਕ ਵਾਸੀ ਪਿੰਡ ਸਿਹਸਰ ਤਹਿਸੀਲ ਨਰਵਾਨਾ ਜ਼ਿਲ੍ਹਾ ਜੀਂਦ ਹਰਿਆਣਾ ਅਤੇ ਅਖਿਲ ਅਹਿਮਦ ਵਾਸੀ ਰਿਸ਼ੀ ਕਲੋਨੀ ਪਟਿਆਲਾ ਨੂੰ ਸਾਧੂ ਬੇਲਾ ਰੋਡ ਨੇੜੇ ਬੇਅਬਾਦ ਜਗ੍ਹਾ ਤੋਂ ਗ੍ਰਿਫਤਾਰ ਕੀਤਾ ਗਿਆ ਹੈ, ਜਿਹਨਾ ਪਾਸੋਂ 10 ਪਿਸਟਲ ਸਮੇਤ 20 ਰੌਂਦ ਬਰਾਮਦ ਕਰਨ ਦੀ ਸਫਲਤਾ ਹਾਸਲ ਕੀਤੀ ਗਈ ਹੈ।ਐਸ.ਐਸ.ਪੀ.ਨੇ ਦੱਸਿਆ ਕਿ ਮਿਤੀ 14.6.2026 ਨੂੰ ਸੀ.ਆਈ.ਏ. ਪਟਿਆਲਾ ਦੀ ਪੁਲਿਸ ਪਾਰਟੀ ਥਾਣਾ ਅਰਬਨ ਅਸਟੇਟ ਦੇ ਏਰੀਆਂ ਵਿੱਚ ਪੈਟਰੋਲਿੰਗ ਕਰ ਰਹੀ ਸੀ ਜਿਹਨਾ ਨੂੰ ਗੁਪਤ ਸੂਚਨਾ ਮਿਲੀ ਕਿ ਉਕਤ ਵਿਅਕਤੀ ਆਪਸ ਵਿੱਚ ਰਲਕੇ ਲੁੱਟਖੋਹ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੰਦੇ ਹਨ ਜੋ ਕਿਸੇ ਵੱਡੀ ਵਾਰਦਾਤ ਕਰਨ ਦੀ ਯੋਜਨਾ ਬਣਾ ਰਹੇ ਹਨ, ਦੇ ਖਿਲਾਫ ਮੁਕੱਦਮਾ ਨੰਬਰ 127 ਅਧੀਨ ਧਾਰਾ 310(4), 310(5), 111,3(5) ਬੀ.ਐਨ.ਐਸ ਅਤੇ 25, 54, 59 ਅਸਲਾ ਐਕਟ ਥਾਣਾ ਅਰਬਨ ਅਸਟੇਟ ਪਟਿਆਲਾ ਦਰਜ ਕਰਕੇ ਦੋਸ਼ੀਆਂ ਉਕਤਾਨ ਨੂੰ ਸਾਧੂ ਬੇਲਾ ਰੋਡ ਨੇੜੇ ਬੇਅਬਾਦ ਜਗ੍ਹਾ ਤੋਂ ਗ੍ਰਿਫਤਾਰ ਕੀਤਾ ਗਿਆ,ਜਿਹਨਾ ਦੀ ਤਲਾਸੀ ਕਰਨ ਪਰ 5 ਪਿਸਟਲ 32 ਬੋਰ ,4 ਪਿਸਤੌਲ 315 ਬੋਰ ਅਤੇ ਇਕ ਰਿਵਾਲਵਰ 32 ਬੋਰ (ਕੁਲ 10 ਪਿਸਟਲ ਸਮੇਤ 20 ਰੋਂਦ) ਬਰਾਮਦ ਹੋਏ ਹਨ। ਵਰੁਣ ਸ਼ਰਮਾ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਦੋਸੀਆਂ ਦਾ ਅਪਰਾਧਿਕ ਪਿਛੋਕੜ ਹੈ,ਜਿਹਨਾਂ ਖਿਲਾਫ ਕਤਲ, ਇਰਾਦਾ ਕਤਲ, ਲੁੱਟਖੋਹ ਅਤੇ ਅਸਲਾ ਐਕਟ ਦੇ ਮੁਕੱਦਮੇ ਦਰਜ ਹਨ ਜਿਹਨਾ ਵਿੱਚ ਇਹ ਗ੍ਰਿਫਤਾਰ ਹੋਕਰ ਕਈ ਵਾਰ ਜੇਲਾਂ ਵਿੱਚ ਜਾ ਚੁੱਕੇ ਹਨ। ਇੱਥੇ ਇਹ ਵੀ ਸਾਹਮਣੇ ਆਇਆ ਹੈ ਕਿ ਗ੍ਰਿਫਤਾਰ ਕੀਤੇ ਗਏ ਦੋਸੀਆਂ ਉਪਰ ਪਹਿਲਾ ਵੀ ਕਤਲ, ਇਰਾਦਾ ਕਤਲ, ਲੁੱਟਖੋਹ ਅਤੇ ਅਸਲਾ ਐਕਟ ਦੇ ਮੁਕੱਦਮਾਤ ਦਰਜ ਹਨ, ਜੋ ਕਿ ਇਹ ਅਸਲਾ ਉਕਤਾਨ ਗ੍ਰਿਫਤਾਰ ਕੀਤੇ ਗਏ ਦੋਸੀਆਨ ਵੱਲੋਂ ਆਪਸੀ ਗੈਂਗਵਾਰ ਅਤੇ ਗੁੱਟਬਾਜੀ ਦੌਰਾਨ ਵਾਰਦਾਤਾਂ ਕਰਨ ਹਿੱਤ ਅਤੇ ਆਪਣੇ ਵਿਰੋਧੀ ਧਿਰ ਦੇ ਵਿਅਕਤੀਆਂ ਜਾਨੀ ਮਾਲੀ ਨੁਕਸਾਨ ਕਰਨ ਹਿੱਤ ਮੰਗਵਾਏ ਗਏ ਸਨ. ਪਟਿਅਲਾ ਪੁਲਿਸ ਵੱਲੋਂ ਇਸ ਗੱਲ ਦੀ ਪੁਸ਼ਟੀ ਵੀ ਕੀਤੀ ਜਾ ਰਹੀ ਹੈ ਕਿ ਉਕਤਾਨ ਵਿਅਕਤੀਆਂ ਵੱਲੋਂ ਇਹ ਹਥਿਆਰਾਂ ਦੀ ਖੇਪ ਮੰਗਵਾਉਣ ਹਿੱਤ ਪੈਸਿਆ ਦਾ ਅਦਾਨ ਪ੍ਰਦਾਨ ਕਰਨ ਹਿੱਤ ਕਿਸੇ ਹਵਾਲਾ ਵਿਉਪਾਰੀ ਜਾਂ ਕਿਸੇ ਹੋਰ ਵਿੱਤੀ ਅਦਾਨ ਪ੍ਰਦਾਨ ਦੇ ਮਾਧਿਅਮ ਦੀ ਵਰਤੋ ਕੀਤੀ ਗਈ ਹੈ ਜਿਸ ਸਬੰਧੀ ਦੌਰਾਨ ਪੁਲਿਸ ਰਿਮਾਂਡ ਗ੍ਰਿਫਤਾਰ ਕੀਤੇ ਦੋਸੀਆਨ ਨਾਲ ਤਾਲਮੇਲ ਵਿੱਚ ਰਹੇ ਵਿਅਕਤੀਆਂ ਦੀ ਪੁੱਛਗਿੱਛ ਵੀ ਕੀਤੀ ਜਾਵੇਗੀ।

# ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਨੇ ਸਰਬੱਤ ਦੇ ਭਲੇ ਲਈ ਗੁਰਮਤਿ ਸਮਾਗਮ ਕਰਵਾਇਆ

## ਸੰਗਰਾਂਦ ਅਤੇ ਮੱਸਿਆ ਦੇ ਦਿਹਾੜੇ ਮੌਕੇ 38 ਦੇ ਕਰੀਬ ਪ੍ਰਾਣੀਆਂ ਨੇ ਖੰਡੇ ਬਾਟੇ ਦੀ ਪਾਹੁਲ ਲਈ



ਪਟਿਆਲਾ, 15 ਜੂਨ (ਰੁਪਾਣਾ/ ਅਮਰਜੀਤ) : ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨਛੋਹ ਅਸਥਾਨ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਨੇ ਸਰਬੱਤ ਦੇ ਭਲੇ ਲਈ ਗੁਰਮਤਿ ਸਮਾਗਮ ਕਰਵਾਇਆ। ਇਸ ਮੌਕੇ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਅਤੇ ਹਜ਼ੂਰੀ ਰਾਗੀ ਕੀਰਤਨੀ ਜੱਥਿਆਂ ਨੇ ਗੁਰਬਾਣੀ ਕੀਰਤਨ ਨਾਲ ਨਿਹਾਲ ਕੀਤਾ। ਗੁਰਮਤਿ ਸਮਾਗਮ ਦੌਰਾਨ ਹੈੱਡ ਗ੍ਰੰਥੀ ਭਾਈ ਪ੍ਰਨਾਮ ਸਿੰਘ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਇਸ ਮੌਕੇ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਦੇ ਪ੍ਰਬੰਧਕ ਮੈਨੇਜਰ ਭਾਗ ਸਿੰਘ ਨੇ ਦੱਸਿਆ ਕਿ ਸਮੂਹ ਮੁਲਾਜ਼ਮਾਂ ਨੇ ਆਪਣੀ ਕਿਰਤ ਕਮਾਈ ਵਿਚੋਂ ਯੋਗਦਾਨ ਪਾ ਕਰਕੇ ਸਰਬੱਤ ਦੇ ਭਲੇ ਅਤੇ ਕੌਮ ਦੀ ਚੜ੍ਹਦੀਕਲਾ ਲਈ ਗੁਰਮਤਿ ਸਮਾਗਮ ਕਰਵਾਇਆ। ਉਨ੍ਹਾਂ ਦੱਸਿਆ ਕਿ ਸਮੂਹ ਮੁਲਾਜ਼ਮਾਂ ਨੇ ਗੁਰੂ ਸਾਹਿਬ ਅੱਗੇ ਅਰਦਾਸ ਕੀਤੀ ਹੈ ਕਿ ਜਿਹੜੇ ਕਾਰਜਾਂ ਵਿਚ ਉਹ ਲੱਗੇ ਹਨ ਪਾਤਸ਼ਾਹ ਆਪਣੀ ਕਿਰਪਾ ਬਣਾ ਕੇ ਰੱਖਣ ਅਤੇ ਪਰਿਵਾਰਾਂ ਵਿਚ ਵੀ ਸੁੱਖ ਸ਼ਾਂਤੀ ਪ੍ਰਦਾਨ ਕਰਨ। ਇਸ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਅਧਿਕਾਰੀ ਅਤੇ ਸਮੂਹ ਸਟਾਫ ਮੈਂਬਰ ਸ਼ਾਮਲ ਸਨ।ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਦੇ ਦੀਵਾਨ ਹਾਲ ਵਿਖੇ ਸੰਗਰਾਂਦ ਅਤੇ ਮੱਸਿਆ ਦਿ ਪਵਿੱਤਰ ਦਿਹਾੜੇ ਮੌਕੇ ਅੰਮ੍ਰਿਤ ਸੰਚਾਰ ਕਰਵਾਇਆ ਗਿਆ। ਇਸ ਮੌਕੇ ਪੰਜ ਪਿਆਰਿਆਂ ਪਾਸੋਂ 38 ਦੇ ਕਰੀਬ ਪ੍ਰਾਣੀਆਂ ਨੇ ਖੰਡੇ ਬਾਟੇ ਦੀ ਪ੍ਰਾਹੁਲ ਪ੍ਰਾਪਤ ਕੀਤੀ। ਅੰਮ੍ਰਿਤ ਦੀ ਦਾਤ ਲੈਣ ਵਾਲਿਆਂ ਵਿਚ ਮਹਿਲਾਵਾਂ, ਬਜ਼ੁਰਗ, ਛੋਟੇ ਬੱਚਿਆਂ ਆਦਿ ਸ਼ਾਮਲ ਸਨ। ਇਸ ਮੌਕੇ ਪੰਜ ਪਿਆਰਿਆਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਵਾਲਿਆਂ ਨੂੰ ਗੁਰੂ ਸਾਹਿਬ ਪ੍ਰਤੀ ਸਮਰਪਿਤ ਰਹਿਣ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਪ੍ਰਾਣੀਆਂ ਨੂੰ ਦੱਸਿਆ ਕਿ ਗੁਰੂ ਸਾਹਿਬ ਆਖਦੇ ਹਨ ਕਿ ਰਹਿਤ ਪਿਆਰੀ ਮੁਝ ਕੋ ਸਿੱਖ ਪਿਆਰਾ ਨਾ ਹੀ ਇਸ ਕਰਕੇ ਸਾਰੇ ਹੀ ਖੰਡੇ ਬਾਟੇ ਦੀ ਪਾਹੁਲ ਪ੍ਰਾਪਤ ਕਰਨ ਵਾਲੇ ਗੁਰੂ ਸਾਹਿਬ ਦੇ ਜਹਜ਼ੇ ਚੜ੍ਹੇ ਹਨ ਅਤੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ 'ਤੇ ਚੱਲਣਾ ਹੀ ਮਨੁੱਖਤਾ ਦਾ ਪਹਿਲਾ ਕਰਤੱਵ ਹੈ।

*ਸਮਾਣਾ ਨੂੰ ਮਿਲੇਗੀ ਆਧੁਨਿਕ ਖੇਡ ਸੂਹੂਲਤਾਂ ਦੀ ਵੱਡੀ ਸੌਗਾਤ*

# ਮੁੱਖ ਮੰਤਰੀ ਮਾਨ 26 ਨੂੰ ਸਮਾਣਾ ਵਿੱਚ ਅਤਿ-ਆਧੁਨਿਕ ਖੇਡ ਸਟੇਡੀਅਮ ਦਾ ਰੱਖਣਗੇ ਨੀਂਹ ਪੱਥਰ : ਸੁਰਜੀਤ ਸਿੰਘ ਰੱਖੜਾ




ਸਮਾਣਾ, 15 ਜੂਨ (ਵਿਜੇ ਕੁਮਾਰ/ਜਵੰਦਾ/ਸੁਖਜਿੰਦਰ) : ਸਾਬਕਾ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸੁਰਜੀਤ ਸਿੰਘ ਰੱਖੜਾ ਨੇ ਸਮਾਣਾ ਵਿਖੇ ਮਾਨ ਸਰਕਾਰ ਵੱਲੋਂ 23 ਏਕੜ ਰਕਬੇ ਵਿੱਚ ਤਿਆਰ ਕੀਤੇ ਜਾਣ ਵਾਲੇ ਅਤਿ-ਆਧੁਨਿਕ ਸਟੇਡੀਅਮ ਲਈ ਨਿਰਧਾਰਿਤ ਸਥਾਨ ਦਾ ਸੰਬੰਧਿਤ ਅਧਿਕਾਰੀਆਂ ਨਾਲ ਦੌਰਾ ਕਰਕੇ ਜਾਇਜ਼ਾ ਲਿਆ। ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਸ. ਰੱਖੜਾ ਨੇ ਦੱਸਿਆ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ 26 ਜੂਨ ਨੂੰ ਸਮਾਣਾ ਵਿਖੇ ਪਹੁੰਚ ਕੇ ਇਸ ਅਤਿ-ਆਧੁਨਿਕ ਸਟੇਡੀਅਮ ਦਾ ਨੀਂਹ ਪੱਥਰ ਰੱਖਣਗੇ। ਉਨ੍ਹਾਂ ਕਿਹਾ ਕਿ ਇਹ ਪ੍ਰਾਜੈਕਟ ਸਮਾਣਾ ਦੇ ਵਿਕਾਸ ਨੂੰ ਨਵੀਂ ਦਿਸ਼ਾ ਦੇਣ ਦੇ ਨਾਲ-ਨਾਲ ਖੇਡ ਖੇਤਰ ਦੇ ਨੌਜਵਾਨਾਂ ਨੂੰ ਆਧੁਨਿਕ ਖੇਡ ਸਹੂਲਤਾਂ ਮੁਹੱਈਆ ਕਰਵਾਉਣ ਵਿੱਚ ਮੀਲ ਪੱਥਰ ਸਾਬਿਤ ਹੋਵੇਗਾ। ਸ. ਰੱਖੜਾ ਨੇ ਕਿਹਾ ਕਿ ਮਾਨ ਸਰਕਾਰ ਸੂਬੇ ਦੇ ਸਰਬਪੱਖੀ ਵਿਕਾਸ ਅਤੇ ਲੋਕਾਂ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ, ਜਿਸ ਦੇ ਮੱਦੇਨਜ਼ਰ ਪੰਜਾਬ ਭਰ ਵਿੱਚ ਵੱਡੇ ਪੱਧਰ @ਤੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਨਗਰ ਕੌਂਸਲ ਚੋਣਾਂ ਦੌਰਾਨ ਸਮਾਣਾ ਦੇ ਲੋਕਾਂ ਨਾਲ ਕੀਤੇ ਵਿਕਾਸ ਦੇ ਵਾਅਦਿਆਂ ਨੂੰ ਪੂਰਾ ਕਰਨ ਦੀ ਸ਼ੁਰੂਆਤ ਹੁਣ ਅਮਲੀ ਰੂਪ ਧਾਰ ਰਹੀ ਹੈ। ਸਮਾਣਾ ਨੂੰ ਵਿਕਸਿਤ ਸ਼ਹਿਰਾਂ ਦੀ ਤਰਜ਼ 'ਤੇ ਵਿਕਸਤ ਕਰਨ ਦੇ ਸੰਕਲਪ ਤਹਿਤ ਇਹ ਸਟੇਡੀਅਮ ਇੱਕ ਮਹੱਤਵਪੂਰਨ ਕਦਮ ਦਰਜ ਹੋਵੇਗਾ, ਜਿਸ ਦਾ ਆਗਾਜ਼ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਆਪਣੇ ਕਰ-ਕਮਲਾਂ ਨਾਲ ਕਰਨਗੇ। ਇਸ ਮੌਕੇ ਕਪੂਰ ਚੰਦ ਬਾਂਸਲ,ਅਸ਼ੋਕ ਮੋਦਗਿੱਲ, ਰਾਣਾ ਸੇਖੋਂ, ਹਰਿੰਦਰ ਸਿੰਘ ਕੁਲਬੁਰਛਾਂ, ਪੱਪੀ, ਸੋਨੀ ਕਿੰਗ, ਨਿਸ਼ਾਨ ਸਿੰਘ ਚੀਮਾ, ਜਗਤਾਰ ਸੰਧੂ, ਕੋਮਲ ਮਹੰਤ, ਸ਼ੈਂਕੀ ਟਕੇਜਾ, ਗੁਰਦੀਪ ਬੰਮਣਾਂ, ਗੁਰਦੀਪ ਗਾਜੇਵਾਸ, ਮੋਹਤਬਰ ਸਾਥੀ ਅਤੇ ਹੋਰ ਪਾਰਟੀ ਵਰਕਰ ਹਾਜ਼ਰ ਰਹੇ।

# ਨਗਰ ਨਿਗਮ ਦੀ ਐਫ ਐਂਡ ਸੀ.ਸੀ. ਮੀਟਿੰਗ 'ਚ ਕਰੋੜਾਂ ਦੇ ਵਿਕਾਸ ਕਾਰਜਾਂ ਨੂੰ ਹਰੀ ਝੰਡੀ, ਲਾਪ੍ਰਵਾਹ ਫਰਮ 'ਬਲੈਕਲਿਸਟ'

## ➢ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਪਰਮਜੀਤ ਸਿੰਘ ਦੀ ਅਗਵਾਈ ਹੇਠ ਸ਼ਹਿਰ ਦੇ ਸਰਵਪੱਖੀ ਵਿਕਾਸ ਲਈ ਪਾਸ ਕੀਤੇ ਅਹਿਮ ਮਤੇ



ਪਟਿਆਲਾ, 15 ਜੂਨ (ਰੁਪਾਣਾ) : ਨਗਰ ਨਿਗਮ ਪਟਿਆਲਾ ਦੇ ਦਫ਼ਤਰ ਵਿਖੇ ਅੱਜ ਵਿੱਤ ਅਤੇ ਠੇਕਾ ਕਮੇਟੀ ਐਫ ਐਂਡ ਸੀ ਸੀ ਦੀ ਇੱਕ ਉੱਚ ਪੱਧਰੀ ਰਿਵਾਇਜਡ ਮੀਟਿੰਗ ਹੋਈ, ਜਿਸ ਵਿੱਚ ਸ਼ਹਿਰ ਦੀ ਨੁਹਾਰ ਬਦਲਣ ਅਤੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਕਰੋੜਾਂ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ ਗਈ. ਮਾਨਯੋਗ ਮੇਅਰ ਕੁੰਦਨ ਗੋਗੀਆ ਅਤੇ ਨਗਰ ਨਿਗਮ ਦੇ ਕਮਿਸ਼ਨਰ ਪਰਮਜੀਤ ਸਿੰਘ ਦੀ ਸਾਂਝੀ ਅਗਵਾਈ ਹੇਠ ਹੋਈ ਇਸ ਮੀਟਿੰਗ ਵਿੱਚ ਡਿਪਟੀ ਮੇਅਰ ਜਗਦੀਪ ਸਿੰਘ ਜੱਗਾ, ਸਿਮਰਪ੍ਰੀਤ ਕੌਰ ਐਡੀਸ਼ਨਲ ਕਮਿਸ਼ਨਰ, ਮਨਰੀਤ ਰਾਣਾ ਜੁਆਇੰਟ ਕਮਿਸ਼ਨਰ, ਐਸ ਸੀ ਜੇ ਪੀ ਸਿੰਘ, ਐਸ ਡੀ ਓ ਰਾਜਦੀਪ ਸਿੰਘ, ਡੀ ਸੀ ਐਫ ਏ ਨੀਰਜ ਰਹੇਜਾ ਅਤੇ ਹੋਰ ਉੱਚ ਅਧਿਕਾਰੀ ਸ਼ਾਮਲ ਸਨ। ਮੀਟਿੰਗ ਦੇ ਫੈਸਲਿਆਂ ਸਬੰਧੀ ਜਾਣਕਾਰੀ ਦਿੰਦਿਆਂ ਮੇਅਰ ਕੁੰਦਨ ਗੋਗੀਆ ਨੇ ਦੱਸਿਆ ਕਿ ਵਿਕਾਸ ਕਾਰਜਾਂ ਵਿੱਚ ਦੇਰੀ ਅਤੇ ਲਾਪਰਵਾਹੀ ਬਿਲਕੁਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ 'ਬੀ.ਐਸ. ਬਿਲਡਰਜ਼ ਪ੍ਰਾਈਵੇਟ ਲਿਮਿਟਿਡ ਫਰਮ' ਨੂੰ ਗ੍ਰੀਨ ਪਾਰਕ ਕਲੋਨੀ, ਪ੍ਰਤਾਪ ਨਗਰ ਅਤੇ ਬਡੂੰਗਰ ਖੇਤਰ ਵਿੱਚ ਸੜਕਾਂ ਦੀ ਰਿਪੇਅਰ ਦੇ ਕੰਮ ਅਲਾਟ ਕੀਤੇ ਗਏ ਸਨ। ਵਾਰ-ਵਾਰ ਨੋਟਿਸ ਦੇਣ ਦੇ ਬਾਵਜੂਦ ਫਰਮ ਨੇ ਕੰਮ ਸ਼ੁਰੂ ਨਹੀਂ ਕੀਤਾ, ਜਿਸ ਕਾਰਨ ਜਨਤਾ ਨੂੰ ਪ੍ਰੇਸ਼ਾਨੀ ਝੱਲਣੀ ਪਈ. ਕਮੇਟੀ ਨੇ ਸਖ਼ਤ ਰੁਖ ਅਖਤਿਆਰ ਕਰਦਿਆਂ ਉਕਤ ਫਰਮ ਨੂੰ 02 ਸਾਲਾਂ ਲਈ ਬਲੈਕਲਿਸਟ ਕਰ ਦਿੱਤਾ ਹੈ ਅਤੇ ਫਰਮ ਦੀ ਬੈਂਕ ਗਰੰਟੀ/ਈ.ਐਮ.ਡੀ ਜਬਤ ਕਰਕੇ ਇਨ੍ਹਾਂ ਕੰਮਾਂ ਦੇ ਦੁਬਾਰਾ ਟੈਂਡਰ ਲਗਾਉਣ ਦੇ ਹੁਕਮ ਦਿੱਤੇ ਹਨ. ਮਾਡਲ ਟਾਊਨ ਡਰੇਨ (ਅਬਲੋਵਾਲ ਪੁਲੀ ਤੋਂ ਰੇਲਵੇ ਲਾਈਨ ਤੱਕ) ਦੀ ਸਫ਼ਾਈ ਅਤੇ ਡੀਸਿਲਟਿੰਗ ਲਈ 24.55 ਲੱਖ ਰੁਪਏ ਦੇ ਟੈਂਡਰ ਨੂੰ ਪ੍ਰਵਾਨਗੀ ਦਿੱਤੀ ਗਈ. ਜੈਕਬ ਡਰੇਨ (ਕਾਲੇ ਮੂਹ ਦੀ ਬਗੀਚੀ ਤੋਂ ਸੂਲਰ ਪੁਲੀ ਤੱਕ) ਦੀ ਸਫ਼ਾਈ ਲਈ 19.02 ਲੱਖ ਰੁਪਏ ਦੀ ਰਾਸ਼ੀ ਪ੍ਰਵਾਨ ਕੀਤੀ ਗਈ ਹੈ. ਇਸ ਤੋਂ ਇਲਾਵਾ, ਅਬਲੋਵਾਲ ਤੋਂ ਟਿਵਾਣਾ ਚੌਕ ਤੱਕ ਮੁੱਖ ਸੀਵਰ ਲਾਈਨ ਦੀ ਸੁਪਰ ਸਕਸ਼ਨ ਮਸ਼ੀਨ ਰਾਹੀਂ ਡੀਸਿਲਟਿੰਗ ਦਾ ਕੰਮ (ਲਾਗਤ ਲਗਭਗ 49.30 ਲੱਖ) ਅਤੇ ਸ਼ਹਿਰ ਦੇ ਹੋਰ ਹਿੱਸਿਆਂ ਵਿੱਚ ਸਫ਼ਾਈ ਦਾ ਕੰਮ ਹੁਣ ਮੈਸ. ਮਾਲਵਾ ਐਂਡ ਕੰਪਨੀ ਨੂੰ ਸੌਂਪਿਆ ਗਿਆ ਹੈ, ਤਾਂ ਜੋ ਕੰਮ ਤੁਰੰਤ ਸ਼ੁਰੂ ਹੋ ਸਕੇ। ਨਗਰ ਨਿਗਮ ਦੇ ਕਮਿਸ਼ਨਰ ਪਰਮਜੀਤ ਸਿੰਘ ਨੇ ਦੱਸਿਆ ਕਿ ਸ਼ਹਿਰ ਦੀ ਸੁੰਦਰਤਾ ਅਤੇ ਲਾਈਟਿੰਗ ਵਿਵਸਥਾ ਨੂੰ ਬਿਹਤਰ ਬਣਾਉਣ ਲਈ ਕਈ ਮਤੇ ਪਾਸ ਕੀਤੇ ਗਏ ਹਨ ਜਿਸ ਤਹਿਤ ਗੁਰਦੁਆਰਾ ਮੋਤੀ ਬਾਗ ਸਾਹਿਬ ਦੇ ਨਜ਼ਦੀਕ ਡੈਕੋਰੇਟਿਵ (ਸਜਾਵਟੀ) ਲਾਈਟਾਂ ਲਗਾਉਣ ਲਈ 39.65 ਲੱਖ ਰੁਪਏ ਦੇ ਟੈਂਡਰ ਨੂੰ ਪ੍ਰਵਾਨਗੀ ਦਿੱਤੀ ਗਈ ਹੈ. ਗੁਰਦੁਆਰਾ ਦੁਖਨਿਵਾਰਨ ਸਾਹਿਬ ਵਿਖੇ ਨਵੀਆਂ ਸਟ੍ਰੀਟ ਲਾਈਟਾਂ ਲਗਾਉਣ ਲਈ 44.92 ਲੱਖ ਰੁਪਏ ਦੀ ਰਾਸ਼ੀ ਪ੍ਰਵਾਨ ਕੀਤੀ ਗਈ ਹੈ. ਇਸੇ ਤਰ੍ਹਾਂ ਰਾਜਪੁਰਾ ਰੋਡ ਤੋਂ ਸਰਹਿੰਦ ਬਾਈਪਾਸ (ਵੱਡੀ ਨਦੀ ਦੇ ਨਾਲ-ਨਾਲ) ਸਟ੍ਰੀਟ ਲਾਈਟਾਂ ਲਈ 31.26 ਲੱਖ ਰੁਪਏ ਅਤੇ ਛੋਟੀ ਨਦੀ ਤੋਂ ਵੱਡੀ ਨਦੀ ਸਨੌਰ ਰੋਡ ਤੱਕ ਨਵੀਆਂ ਲਾਈਟਾਂ ਲਈ 11.80 ਲੱਖ ਰੁਪਏ ਦੇ ਟੈਂਡਰ ਪਾਸ ਕੀਤੇ ਗਏ ਹਨ. ਤਫ਼ਜ਼ਲਪੁਰਾ ਪਾਰਕ ਵਿਖੇ ਸਟ੍ਰੀਟ ਲਾਈਟਾਂ ਲਗਾਉਣ ਲਈ 10.86 ਲੱਖ ਰੁਪਏ ਖ਼ਰਚ ਕੀਤੇ ਜਾਣਗੇ। ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਪਰਮਜੀਤ ਸਿੰਘ ਨੇ ਕਿਹਾ ਕਿ ਆਊਟ ਆਫ਼ ਏਜੰਡਾ ਵਿੱਚ ਲਿਆਂਦੇ ਗਏ ਇਹ ਸਾਰੇ ਕੰਮ ਪਬਲਿਕ ਹਿੱਤ ਅਤੇ ਸ਼ਹਿਰ ਦੀਆਂ ਹੰਗਾਮੀ ਲੋੜਾਂ ਨਾਲ ਜੁੜੇ ਹੋਏ ਸਨ, ਜਿਨ੍ਹਾਂ ਨੂੰ ਬਿਨਾਂ ਕਿਸੇ ਦੇਰੀ ਦੇ ਪੂਰਾ ਕਰਨਾ ਨਿਗਮ ਪ੍ਰਸ਼ਾਸਨ ਦਾ ਮੁੱਖ ਫ਼ਰਜ਼ ਹੈ।

# ਡਾ. ਰਤਨ ਸਿੰਘ ਜੱਗੀ ਯਾਦਗਾਰੀ ਭਾਸ਼ਣ ਅੱਜ



ਪਟਿਆਲਾ, 15 ਜੂਨ (ਰੁਪਾਣਾ) : ਭਾਸ਼ਾ ਵਿਭਾਗ ਪੰਜਾਬ ਵੱਲੋਂ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ ਡਾ. ਰਤਨ ਸਿੰਘ ਜੱਗੀ ਯਾਦਗਾਰੀ ਭਾਸ਼ਣ ਅੱਜ ਭਾਸ਼ਾ ਵਿਭਾਗ ਪੰਜਾਬ ਵਿਖੇ ਸਵੇਰੇ 10 ਵਜੇ ਕਰਵਾਇਆ ਜਾ ਰਿਹਾ ਹੈ। ਇਸ ਭਾਸ਼ਣ ਦਾ ਵਿਸ਼ਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭਾਸ਼ਾ ਪ੍ਰਸੰਗ ਹੈ। ਇਸ ਮੌਕੇ ਡਾ ਚਰਨਜੀਤ ਕੌਰ ਬਰਾੜ ਜਾਣ ਪਹਿਚਾਣ ਕਰਾਉਣਗੇ, ਜਦਕਿ ਪ੍ਰੋਫੈਸਰ ਬਲਕਾਰ ਸਿੰਘ ਮੁੱਖ ਭਾਸ਼ਣਕਾਰ ਹੋਣਗੇ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਸ੍ਰੀ ਬੀਐਸ ਰਤਨ ਰਿਟਾਇਰਡ ਆਈਆਰਐਸ ਹੋਣਗੇ। ਇਸ ਪ੍ਰੋਗਰਾਮ ਵਿੱਚ ਹੋਰ ਕਈ ਸ਼ਖਸੀਅਤਾਂ ਵੀ ਸ਼ਾਮਿਲ ਹੋਣਗੀਆਂ।

# ਪਿੰਡ ਹਸਨਪੁਰ ਵਿਖੇ ਗੁਰਦੁਆਰਾ ਸਾਹਿਬ ਵਿਖੇ ਸ਼ੁਕਰਾਨੇ ਦਾ ਸਮਾਗਮ ਕਰਵਾਇਆ



ਨਾਭਾ, 15 ਜੂਨ (ਬਲਜਿੰਦਰ ਮਾਨ/ਚੌਧਰੀਮਾਜਰਾ) : ਨਾਭਾ ਦੇ ਨਜ਼ਦੀਕ ਪਿੰਡ ਹਸਨਪੁਰ ਦੇ ਸਮੂਹ ਨਗਰ ਨਿਵਾਸੀ ਸੰਗਤਾਂ ਵੱਲੋਂ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਨਵੇਂ ਗੁਰਦੁਆਰਾ ਸਾਹਿਬ ਦੀ ਉਸਾਰੀ ਰਿਕਾਰਡ ਸਮੇਂ ਵਿੱਚ ਕਰਵਾ ਕੇ ਸ਼ੁਕਰਾਨੇ ਵਜੋਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਕਥਾਵਾਚਕ ਰਾਜਿੰਦਰਪਾਲ ਸਿੰਘ ਨਾਭਾ ਨੇ ਸੰਗਤਾਂ ਨੂੰ ਗੁਰਬਾਣੀ ਦੇ ਪ੍ਰਮੁੱਖ ਸਿਧਾਂਤ ਸੇਵਾ ਤੇ ਸਿਮਰਨ ਦੀ ਮਹਾਨਤਾ ਨੂੰ ਇਤਿਹਾਸਕ ਪ੍ਰਮਾਣਾਂ ਰਾਹੀਂ ਗੁਰਦੁਆਰਾ ਸਾਹਿਬ ਦੀ ਮਹਾਨਤਾ ਬਾਰੇ ਸੰਗਤਾਂ ਨੂੰ ਗੁਰਮਤਿ ਵਿਚਾਰਾਂ ਦੁਆਰਾ ਨਿਹਾਲ ਕੀਤਾ ਅਤੇ ਗੁਰਬਾਣੀ ਨਾਲ ਜੋੜਿਆ। ਜਿਕਰ ਯੋਗ ਹੈ ਕਿ ਕਾਰ ਸੇਵਾ ਵਾਲੇ ਬਾਬਾ ਹਰਦੀਪ ਸਿੰਘ ਜੀ, ਜਥੇਦਾਰ ਬਾਬਾ ਕਸ਼ਮੀਰਾ ਸਿੰਘ ਜੀ ਅਲੋਹਰਾਂ ਸਾਹਿਬ ਵਾਲਿਆਂ, ਬਾਬਾ ਸਾਹਿਬ ਸਿੰਘ ਅਤੇ ਬਾਬਾ ਜੋਗਿੰਦਰ ਸਿੰਘ ਸ੍ਰੀ ਅਨੰਦਪੁਰ ਸਾਹਿਬ ਵਾਲਿਆਂ ਨੇ ਵੀ ਇਸ ਮਹਾਨ ਕਾਰਜ ਵਿੱਚ ਹਰ ਪੱਖੋਂ ਸਹਿਯੋਗ ਦਿੱਤਾ ਅਤੇ ਦਰਬਾਰ ਸਾਹਿਬ ਦੀ ਸੇਵਾ ਵਿੱਚ ਅਹਿਮ ਭੂਮਿਕਾ ਨਿਭਾਈ। ਹੈਡ ਗ੍ਰੰਥੀ ਭਾਈ ਰੇਸ਼ਮ ਸਿੰਘ ਜੀ ਦੀ ਪ੍ਰੇਰਨਾ ਸਦਕਾ ਸਮੂਹ ਨਗਰ ਵਾਸੀਆਂ ਅਤੇ ਨੌਜਵਾਨਾਂ ਨੇ ਬਹੁਤ ਸ਼ਰਧਾ ਤੇ ਉਤਸ਼ਾਹ ਨਾਲ ਤਨ ਮਨ ਅਤੇ ਧਨ ਕਰਕੇ ਸਹਿਯੋਗ ਦਿੱਤਾ। ਇਲਾਕੇ ਦੀਆਂ ਪ੍ਰਮੁੱਖ ਹਸਤੀਆਂ ਅਤੇ ਬਹੁਤ ਹੀ ਨਜ਼ਦੀਕੀ ਰਿਸ਼ਤੇਦਾਰਾਂ ਨੇ ਹੀ ਇਸ ਮਹਾਨ ਸੇਵਾ ਵਿੱਚ ਆਪਣਾ ਯੋਗਦਾਨ ਪਾਇਆ।ਭੋਗ ਮੌਕੇ ਹੋਰਨਾਂ ਤੋਂ ਇਲਾਵਾ ਸ. ਮੱਖਣ ਸਿੰਘ ਲਾਲਕਾ ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ ਗੁਰਮੀਤ ਸਿੰਘ ਕੋਟ ਸੀਨੀਅਰ ਅਕਾਲੀ ਲੀਡਰ ਨੇ ਵੀ ਆਪਣੀ ਹਾਜ਼ਰੀ ਲਗਵਾਈ। ਸਮੁੱਚੇ ਨਗਰ ਅਤੇ ਪ੍ਰਬੰਧਕਾਂ ਵੱਲੋਂ ਗਿਆਨੀ ਰਾਜਿੰਦਰਪਾਲ ਸਿੰਘ ਬਾਬਾ ਹਰਦੀਪ ਸਿੰਘ ਕਾਰ ਸੇਵਾ ਵਾਲੇ ਅਤੇ ਹੈਡ ਗ੍ਰੰਥੀ ਭਾਈ ਰੇਸ਼ਮ ਸਿੰਘ ਦਾ ਕੀਤਾ ਵਿਸ਼ੇਸ਼ ਸਨਮਾਨ ਇਸ ਮੌਕੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਹਲਕਾ ਸਨੌਰ ਦੇ 30-40 ਪਿੰਡਾਂ ਨੂੰ ਹੜ੍ਹਾਂ ਤੋਂ ਬਚਾਉਣ ਲਈ ਅਦਾਲਤੀ ਵਾਲਾ ਚੋਏ ਦੀ ਹੋਵੇਗੀ ਪੁਟਾਈ: ਰਣਜੋਧ ਸਿੰਘ ਹਡਾਣਾ



ਦੇਵੀਗੜ੍ਹ, 15 ਜੂਨ (ਗੁਰਜੀਤ ਸਿੰਘ ਢੋਟ) : ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਵੱਲੋਂ ਹਲਕਾ ਸਨੌਰ ਦੇ ਲੋਕਾਂ ਨੂੰ ਹੜ੍ਹਾਂ ਦੀ ਮਾਰ ਤੋਂ ਹਮੇਸ਼ਾ ਲਈ ਨਿਜਾਤ ਦਿਵਾਉਣ ਵਾਸਤੇ ਇੱਕ ਬਹੁਤ ਹੀ ਮਹੱਤਵਪੂਰਨ ਯੋਜਨਾ ਉੱਤੇ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਹਲਕਾ ਇੰਚਾਰਜ ਸਰਦਾਰ ਰਣਜੋਧ ਸਿੰਘ ਹਡਾਣਾ ਨੇ ਹੋਰ ਖੁਲਾਸਾ ਕਰਦਿਆਂ ਦੱਸਿਆ ਕਿ ਟਾਂਗਰੀ ਖੇਤਰ ਦੇ ਤਕਰੀਬਨ 30 ਤੋਂ 40 ਪਿੰਡਾਂ ਨੂੰ ਹੜ੍ਹ ਦੇ ਖ਼ਤਰੇ ਤੋਂ ਸੁਰੱਖਿਅਤ ਕਰਨ ਲਈ ਅਦਾਲਤੀ ਵਾਲਾ ਚੋਏ ਦੀ ਸਰਕਾਰੀ ਤੌਰ 'ਤੇ ਨਿਸ਼ਾਨਦੇਹੀ ਕਰਵਾ ਕੇ ਇਸ ਦੀ ਜਲਦੀ ਹੀ ਪੁਟਾਈ ਕਰਵਾਈ ਜਾਵੇਗੀ। ਚੇਅਰਮੈਨ ਰਣਜੋਧ ਸਿੰਘ ਹਡਾਣਾ ਨੇ ਦੱਸਿਆ ਕਿ ਅਦਾਲਤੀ ਵਾਲਾ ਚੋਏ ਦੀ ਪੁਟਾਈ ਦੇ ਨਾਲ-ਨਾਲ ਟਾਂਗਰੀ ਨਦੀ ਦੀ ਖੁਦਾਈ ਕਰਕੇ ਇਸ ਨੂੰ ਹੋਰ ਡੂੰਘਾ ਕੀਤਾ ਜਾਵੇਗਾ। ਇਸ ਦੇ ਨਾਲ ਹੀ ਨਦੀ ਵਿੱਚ ਜਮ੍ਹਾਂ ਹੋਈ ਵਾਧੂ ਮਿੱਟੀ ਅਤੇ ਗਾਰ ਨੂੰ ਬਾਹਰ ਕੱਢਣ ਲਈ ਵਿਸ਼ੇਸ਼ ਡੀਸਲਟਿੰਗ ਦੇ ਪ੍ਰੋਜੈਕਟ ਪਾਸ ਕਰਵਾਏ ਜਾਣਗੇ। ਇਸ ਵਿਸ਼ੇਸ਼ ਕਦਮ ਦਾ ਮੁੱਖ ਮਕਸਦ ਇਹ ਹੈ ਕਿ ਆਉਣ ਵਾਲੇ ਬਰਸਾਤ ਦੇ ਦਿਨਾਂ ਵਿੱਚ ਪਾਣੀ ਦਾ ਵਹਾਅ ਬਿਲਕੁਲ ਸਹੀ ਰਹੇ ਅਤੇ ਹੜ੍ਹ ਦਾ ਪਾਣੀ ਖੇਤਾਂ ਅਤੇ ਲੋਕਾਂ ਦੇ ਘਰਾਂ ਵਿੱਚ ਨਾ ਵੜੇ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਦਾ ਨਿਸ਼ਾਨਾ ਇਲਾਕਾ ਨਿਵਾਸੀਆਂ ਦੇ ਜਾਨ-ਮਾਲ ਦੀ ਰਾਖੀ ਕਰਨਾ ਹੈ, ਤਾਂ ਜੋ ਲੋਕਾਂ ਨੂੰ ਪਹਿਲਾਂ ਵਾਂਗ ਹੜ੍ਹਾਂ ਕਾਰਨ ਭਾਰੀ ਆਰਥਿਕ ਅਤੇ ਮਾਨਸਿਕ ਨੁਕਸਾਨ ਨਾ ਝੱਲਣਾ ਪਵੇ। ਸ. ਹਡਾਣਾ ਨੇ ਪਿਛਲੇ ਵਿਕਾਸ ਕਾਰਜਾਂ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਹਲਕੇ ਦੇ ਲੋਕ ਭਲੀਭਾਂਤ ਜਾਣਦੇ ਹਨ ਕਿ ਸਰਕਾਰ ਵੱਲੋਂ ਇਸ ਤੋਂ ਪਹਿਲਾਂ ਟਾਂਗਰੀ ਨਦੀ ਦੇ ਬੰਨ੍ਹਾਂ ਨੂੰ ਤਕਰੀਬਨ 16 ਕਰੋੜ ਰੁਪਏ ਦੀ ਭਾਰੀ ਲਾਗਤ ਨਾਲ ਪੱਕਾ ਅਤੇ ਮਜ਼ਬੂਤ ਕੀਤਾ ਗਿਆ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਪਿਛਲੀਆਂ ਸਰਕਾਰਾਂ ਵਾਂਗ ਸਿਰਫ਼ ਲਾਰੇ ਨਹੀਂ ਲਗਾਏ ਜਾਣਗੇ, ਬਲਕਿ ਹੁਣ ਅੱਗੇ ਵੀ ਸਾਫ਼ ਨੀਅਤ, ਦੂਰਅੰਦੇਸ਼ੀ ਅਤੇ ਇਮਾਨਦਾਰੀ ਨਾਲ ਹਲਕੇ ਦੇ ਹਰ ਮਸਲੇ ਦਾ ਜ਼ਮੀਨੀ ਪੱਧਰ 'ਤੇ ਪੱਕਾ ਹੱਲ ਕੀਤਾ ਜਾਵੇਗਾ। ਇਸ ਮੌਕੇ ਹਲਕੇ ਦੇ ਪਤਵੰਤੇ ਸੱਜਣ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ, ਵੱਖ-ਵੱਖ ਪਿੰਡਾਂ ਦੇ ਪੰਚ-ਸਰਪੰਚ ਅਤੇ ਭਾਰੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ, ਜਿਨ੍ਹਾਂ ਨੇ ਇਸ ਇਤਿਹਾਸਕ ਅਤੇ ਵੱਡੇ ਫੈਸਲੇ ਲਈ ਪੰਜਾਬ ਸਰਕਾਰ ਅਤੇ ਰਣਜੋਧ ਹਡਾਣਾ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਅਕਾਲੀ ਦਲ ਨੂੰ ਝਟਕਾ, ਸੁਖਵਿੰਦਰਪਾਲ ਸਿੰਘ ਮਿੰਟਾ ਵੱਲੋਂ ਸਾਰੇ ਅਹੁਦਿਆਂ ਤੋਂ ਅਸਤੀਫਾ

ਪਟਿਆਲਾ, 15 ਜੂਨ (ਰੁਪਾਣਾ) : ਨਗਰ ਨਿਗਮ ਪਟਿਆਲਾ ਤੋਂ ਲਗਾਤਾਰ ਤਿੰਨ ਵਾਰ ਕੌਂਸਲਰ ਰਹੇ ਸ਼੍ਰੋਮਣੀ ਅਕਾਲੀ ਦਲ ਦੇ ਪੀ.ਏ.ਸੀ. ਮੈਂਬਰ ਅਤੇ ਸੀਨੀਅਰ ਆਗੂ ਸੁਖਵਿੰਦਰਪਾਲ ਸਿੰਘ ਮਿੰਟਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਹੈ। ਸੁਖਵਿੰਦਰਪਾਲ ਸਿੰਘ ਮਿੰਟਾ ਇੱਕ ਸੀਨੀਅਰ ਆਗੂ ਹਨ ਅਤੇ ਉਨ੍ਹਾਂ ਦਾ ਪਟਿਆਲਾ ਦਿਹਾਤੀ ਅਤੇ ਸ਼ਹਿਰੀ ਹਲਕਿਆਂ 'ਚ ਵੱਡੀ ਪੈਂਠ ਹੈ। ਖੁਦ ਕੌਂਸਲਰ ਤੋਂ ਇਲਾਵਾ ਉਨ੍ਹਾਂ ਦੇ ਧਰਮਪਤਨੀ ਹਰਪ੍ਰੀਤ ਕੌਰ ਵੀ ਕੌਂਸਲਰ ਰਹੇ ਹਨ ਅਤੇ ਉਨ੍ਹਾਂ ਦੇ ਪਿਤਾ ਰਜਿੰਦਰ ਸਿੰਘ ਕਾਹਲੋਂ ਇਸ ਖੇਤਰ ਤੋਂ ਚੋਣ ਲੜ ਚੁੱਕੇ ਹਨ। ਸੁਖਵਿੰਦਰਪਾਲ ਸਿੰਘ ਮਿੰਟਾ ਸੂਬਾ ਜਥੇਬੰਦਕ ਸਕੱਤਰ, ਡੇਲੀਗੇਟ ਰਹੇ ਹਨ ਅਤੇ ਹੁਣ ਅਕਾਲੀ ਦਲ ਰਾਜਸੀ ਮਾਮਲਿਆਂ ਦੀ ਕਮੇਟੀ ਦੇ ਮੈਂਬਰ ਵੀ ਹਨ। ਮਿੰਟਾ ਉਨ੍ਹਾਂ ਆਗੂਆਂ 'ਚੋਂ ਜਿਨ੍ਹਾਂ ਨੇ ਪਾਰਟੀ ਦਾ ਝੰਡਾ ਹਰ ਚੰਗੇ ਅਤੇ ਮਾੜੇ ਸਮੇਂ ਵਿਚ ਬੁਲੰਦ ਰੱਖਿਆ ਪਰ ਪਾਰਟੀ ਵੱਲੋਂ ਲਗਾਤਾਰ ਕੀਤੀ ਗਈ ਅਣਦੇਖੀ ਦੇ ਕਾਰਨ ਉਨ੍ਹਾਂ ਨੇ ਆਖਰ ਪਾਰਟੀ ਨੂੰ ਅਲਵਿਦਾ ਹੀ ਆਖ ਦਿੱਤਾ।

# ਸ੍ਰੀ ਸੁਖਮਨੀ ਸਾਹਿਬ ਦੇ ਪਾਠਾਂ ਦੀ ਲੜੀ ਦਾ ਸੰਪੂਰਨਤਾ ਸਮਾਗਮ

## ਸ਼ਹੀਦੀ ਦਿਹਾੜੇ ਨੂੰ ਸਮਰਪਿਤ ਅੱਜ ਸਜਾਇਆ ਜਾਵੇਗਾ ਵਿਸ਼ਾਲ ਨਗਰ ਕੀਰਤਨ



ਭਾਦਸੋਂ, 15 ਜੂਨ (ਭਰਪੂਰ ਸਿੰਘ ਮੱਟਰਾਂ) : ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ 420ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਬੋਹੜ ਸਾਹਿਬ ਚਾਸਵਾਲ ਵਿਖੇ ਪਿਛਲੇ ਇੱਕ ਮਹੀਨੇ ਤੋਂ ਲਗਾਤਾਰ ਸੁਖਮਨੀ ਸਾਹਿਬ ਸੇਵਾ ਸੋਸਾਇਟੀ ਬੀਬੀਆਂ ਵੱਲੋਂ ਸ਼ੁਰੂ ਕੀਤੇ ਗਏ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੀ ਲੜੀ ਦਾ ਸੰਪੂਰਨਤਾ ਸਮਾਗਮ ਕਰਵਾਇਆ ਗਿਆ। ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਬੀਬੀਆਂ ਵੱਲੋਂ ਗੁਰੂ ਜੀ ਦੀ ਸ਼ਹਾਦਤ ਨੂੰ ਸਮਰਪਿਤ ਸ਼ਬਦ ਕੀਰਤਨ ਕਰਦੇ ਹੋਏ ਗੁਰੂ ਦੀ ਸ਼ਹਾਦਤ ਸਬੰਧੀ ਚਾਨਣਾ ਪਾਇਆ ਅਤੇ ਉਹਨਾਂ ਵੱਲੋਂ ਦਰਸਾਏ ਮਾਰਗ ਤੇ ਚੱਲਣ ਲਈ ਪ੍ਰੇਰਤ ਕੀਤਾ ਗਿਆ। ਇਸ ਦੌਰਾਨ ਸਰਬੱਤ ਦੇ ਭਲੇ ਦੀ ਅਰਦਾਸ ਬੇਨਤੀ ਵੀ ਕੀਤੀ ਗਈ ।ਇਸ ਮੌਕੇ ਲੰਗਰ ਵੀ ਛਕਾਇਆ ਗਿਆ। ਇਸ ਦੌਰਾਨ ਪਰਮਜੀਤ ਕੌਰ, ਗੁਰਮੀਤ ਕੌਰ , ਪ੍ਰਦੀਪ ਕੌਰ ,ਸੁਖਵਿੰਦਰ ਕੌਰ, ਭੁਪਿੰਦਰ ਕੌਰ, ਨਵਪ੍ਰੀਤ ਕੌਰ, ਅਮਨਦੀਪ ਕੌਰ ,ਹਰਪ੍ਰੀਤ ਕੌਰ,ਮਨਜੀਤ ਕੌਰ ,ਸਰਬਜੀਤ ਕੌਰ, ਬਲਵੀਰ ਕੌਰ, ਸੁਖਵੰਤ ਕੌਰ, ਦਲਜੀਤ ਕੌਰ, ਸੁਖਵੀਰ ਕੌਰ ,ਜਸਬੀਰ ਕੌਰ , ਕੁਲਵਿੰਦਰ ਕੌਰ, ਹਰਜਿੰਦਰ ਕੌਰ, ਕਮਲਜੀਤ ਕੌਰ ,ਸਤਵੰਤ ਕੌਰ, ਜਸਪ੍ਰੀਤ ਕੌਰ, ਹਰਜੀਤ ਕੌਰ ਵੀ ਹਾਜ਼ਰ ਸਨ। ਪ੍ਰਬੰਧਕਾਂ ਵੱਲੋਂ ਦੱਸਿਆ ਗਿਆ ਕਿ ਅੱਜ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਸਿੰਘ ਸਭਾ ਭਾਦਸੋਂ ਤੋਂ ਅੱਜ ਵਿਸ਼ਾਲ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ, ਜਿਸਦਾ ਗੁਰਦੁਆਰਾ ਬੋਹੜ ਸਾਹਿਬ ਚਾਸਵਾਲ ਵਿਖੇ ਭਰਵਾਂ ਸਵਾਗਤ ਹੋਵੇਗਾ ।

# ਨਾਇਬ ਤਹਿਸੀਲਦਾਰ ਹਰੀਸ਼ ਕੁਮਾਰ ਨੇ ਘਨੌਰ ਸਬ-ਤਹਿਸੀਲ ਦਾ ਸੰਭਾਲਿਆ, ਅਸ਼ਟਾਮ ਫਰੋਸ਼ਾਂ ਤੇ ਸਟਾਫ ਵੱਲੋਂ ਸਵਾਗਤ



ਘਨੌਰ, 15 ਜੂਨ (ਰਾਜਿੰਦਰ ਸਿੰਘ ਕੰਬੋਜ/ਮਦਨ ਲਾਲ): ਪੰਜਾਬ ਸਰਕਾਰ ਦੇ ਮਾਲ, ਪੁਨਰਵਾਸ ਅਤੇ ਆਫ਼ਤ ਪ੍ਰਬੰਧਨ ਵਿਭਾਗ (ਮਾਲ ਅਮਲਾ-3 ਸ਼ਾਖਾ), ਚੰਡੀਗੜ੍ਹ ਦੇ ਸੁਪਰਡੰਟ ਵੱਲੋਂ ਜਾਰੀ ਹੁਕਮਾਂ ਅਨੁਸਾਰ ਨਾਇਬ ਤਹਿਸੀਲਦਾਰ ਹਰੀਸ਼ ਕੁਮਾਰ ਦਾ ਤਬਾਦਲਾ ਅਮਰਗੜ੍ਹ ਤੋਂ ਸਬ-ਤਹਿਸੀਲ ਘਨੌਰ ਵਿਖੇ ਕੀਤਾ ਗਿਆ ਹੈ। ਉਨ੍ਹਾਂ ਨੇ ਅੱਜ ਘਨੌਰ ਵਿਖੇ ਆਪਣੇ ਅਹੁਦੇ ਦਾ ਕਾਰਜਭਾਰ ਸੰਭਾਲ ਲਿਆ। ਇਸ ਮੌਕੇ ਸਬ-ਤਹਿਸੀਲ ਘਨੌਰ ਦੇ ਅਸਟਾਮ ਫਰੋਸ਼ਾਂ, ਟਾਈਪਿਸਟਾਂ, ਵਸੀਕਾ ਨਵੀਸਾਂ ਅਤੇ ਸਮੂਹ ਸਟਾਫ ਵੱਲੋਂ ਨਾਇਬ ਤਹਿਸੀਲਦਾਰ ਹਰੀਸ਼ ਕੁਮਾਰ ਦਾ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਨਿੱਘਾ ਅਤੇ ਭਰਵਾਂ ਸਵਾਗਤ ਕੀਤਾ ਗਿਆ। ਸਵਾਗਤ ਸਮਾਗਮ ਦੌਰਾਨ ਕਪਤਾਨ ਸਿੰਘ ਵਸੀਕਾ ਨਵੀਸ, ਰਜਿਸਟਰੀ ਕਲਰਕ ਗੁਰਵਿੰਦਰ ਸਿੰਘ, ਰੀਡਰ ਭੁਪਿੰਦਰ ਸਿੰਘ, ਰਾਜੀਵ ਕੁਮਾਰ ਨੰਬਰਦਾਰ, ਰਾਕੇਸ਼ ਕੁਮਾਰ ਵਿੱਕੀ, ਸੰਦੀਪ ਸਿੰਘ ਸੇਵਾਦਾਰ, ਕਾਨੂੰਨਗੋ ਅਵਤਾਰ ਸਿੰਘ, ਓਮਕਾਰ ਸ਼ਰਮਾ ਸੋਗਲਪੁਰ, ਸੁਖਦੇਵ ਸਿੰਘ ਸੁੱਖੀ, ਜਸਬੀਰ ਸਿੰਘ ਹਰੀਗੜ੍ਹ, ਬਲਜੀਤ ਸਿੰਘ ਹਰੀਮਾਜਰਾ, ਦਲਜੀਤ ਸਿੰਘ, ਹੰਸ ਰਾਜ, ਮਨਜੀਤ ਸਿੰਘ ਰੁੜਕੀ, ਜਸਪ੍ਰੀਤ ਸਿੰਘ ਸਿਆਲੂ, ਸੁਖਦੇਵ ਸਿੰਘ ਸੂਦਨ, ਲਖਵਿੰਦਰ ਸਿੰਘ ਸਰਾਲਾ, ਸੌਰਵ ਸ਼ਰਮਾ, ਗੁਰਪ੍ਰੀਤ ਸਿੰਘ ਸੀਲ, ਪਵਨ ਕੁਮਾਰ ਮਹਿਦੂਦਾਂ, ਸਤਨਾਮ ਸਿੰਘ ਜੰਡਮੰਘੋਲੀ, ਗੁਰਵਿੰਦਰ ਸਿੰਘ ਬੱਬੂ, ਰਾਜੇਸ਼ ਕੁਮਾਰ ਅਤੇ ਬਚਿੱਤਰ ਸਿੰਘ ਹਾਜ਼ਰ ਸਨ।

# ਪਟਿਆਲਾ 'ਚ ਕਈ ਥਾਣਿਆਂ ਤੇ ਚੌਕੀ ਦੇ ਇੰਚਾਰਜ ਬਦਲੇ

ਪਟਿਆਲਾ, 15 ਜੂਨ (ਰੁਪਾਣਾ/ ਵਿਨੋਦ ਸ਼ਰਮਾ) : ਪਟਿਆਲਾ ਦੇ ਐਸ.ਐਸ.ਪੀ. ਵੱਲੋਂ ਜ਼ਿਲ੍ਹੇ ਪੁਲਿਸ ਪ੍ਰਸ਼ਾਸਨ ਵਿੱਚ ਇੱਕ ਵੱਡਾ ਫੇਰਬਦਲ ਕਰਦਿਆਂ 9 ਪੁਲਿਸ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਤਬਾਦਲੇ ਕੀਤੇ ਗਏ ਹਨ। ਇਸ ਨਵੇਂ ਫੇਰਬਦਲ ਤਹਿਤ ਕਈ ਮੁੱਖ ਥਾਣਿਆਂ ਦੇ ਮੁੱਖ ਅਫਸਰ ਅਤੇ ਚੌਕੀ ਇੰਚਾਰਜਾਂ ਨੂੰ ਇੱਧਰ-ਉੱਧਰ ਕੀਤਾ ਗਿਆ ਹੈ। ਸੂਚੀ ਅਨੁਸਾਰ ਇੰਸਪੈਕਟਰ ਗੁਰਪ੍ਰੀਤ ਸਿੰਘ ਹਾਂਡਾ ਮੁੱਖ ਅਫਸਰ ਥਾਣਾ ਪਸਿਆਣਾ ਤੋਂ ਮੁੱਖ ਅਫਸਰ ਥਾਣਾ ਕੋਤਵਾਲੀ ਪਟਿਆਲਾ, ਇੰਸਪੈਕਟਰ ਜਸਪ੍ਰੀਤ ਸਿੰਘ ਕਾਹਲੋਂ ਨੂੰ ਮੁੱਖ ਅਫਸਰ ਥਾਣਾ ਕੋਤਵਾਲੀ ਤੋਂ ਪੁਲਿਸ ਲਾਈਨ ਪਟਿਆਲਾ, ਇੰਸਪੈਕਟਰ ਸੌਰਭ ਸਭਰਵਾਲ ਨੂੰ ਪੁਲਿਸ ਲਾਈਨ ਪਟਿਆਲਾ ਤੋਂ ਮੁੱਖ ਅਫਸਰ ਥਾਣਾ ਲਾਹੌਰੀ ਗੇਟ ਪਟਿਆਲਾ, ਇੰਸਪੈਕਟਰ ਰਣਦੀਪ ਕੁਮਾਰ ਨੂੰ ਮੁੱਖ ਅਫਸਰ ਥਾਣਾ ਲਾਹੌਰੀ ਗੇਟ ਪਟਿਆਲਾ ਤੋਂ ਪੁਲਿਸ ਲਾਈਨ ਪਟਿਆਲਾ, ਇੰਸਪੈਕਟਰ ਵਿਨਰਪ੍ਰੀਤ ਸਿੰਘ ਨੂੰ ਇੰਚਾਰਜ ਲਿਟੀਗੇਸ਼ਨ ਬ੍ਰਾਂਚ ਪਟਿਆਲਾ ਤੋਂ ਮੁੱਖ ਅਫਸਰ ਥਾਣਾ ਸਿਵਲ ਲਾਈਨ, ਇੰਸਪੈਕਟਰ ਅਮਨਦੀਪ ਸਿੰਘ ਨੂੰ ਮੁੱਖ ਅਫਸਰ ਥਾਣਾ ਸਿਵਲ ਲਾਈਨ ਪਟਿਆਲਾ ਤੋਂ ਪੁਲਿਸ ਲਾਈਨ, ਥਾਣੇਦਾਰ ਗੁਰਪਿੰਦਰ ਸਿੰਘ ਨੂੰ ਇੰਚਾਰਜ ਚੌਕੀ ਮਾਡਲ ਟਾਊਨ ਪਟਿਆਲਾ ਤੋਂ ਪੁਲਿਸ ਲਾਈਨ ਪਟਿਆਲਾ, ਥਾਣੇਦਾਰ ਲਵਦੀਪ ਸਿੰਘ ਨੂੰ ਚੌਕੀ ਅਫ਼ਸਰ ਕਲੋਨੀ ਤੋਂ ਚੌਕੀ ਮਾਡਲ ਟਾਊਨ ਪਟਿਆਲਾ ਅਤੇ ਬਲਦੇਵ ਸਿੰਘ ਨੂੰ ਥਾਣਾ ਕੋਤਵਾਲੀ ਨਾਭਾ ਤੋਂ ਇੰਚਾਰਜ ਚੌਕੀ ਅਫਸਰ ਕਲੋਨੀ ਪਟਿਆਲਾ ਵਿਖੇ ਤਾਇਨਾਤ ਕੀਤਾ ਗਿਆ ਹੈ।

# ਜ਼ਿਲ੍ਹਾ ਕਨੂੰਨੀ ਸੇਵਾਵਾਂ ਅਥਾਰਿਟੀ ਨੇ ਵੱਖ-ਵੱਖ ਆਸ਼ਰਮਾਂ 'ਚ ਵਿਸ਼ਵ ਐਲਡਰ ਦਿਵਸ ਮਨਾਇਆ



ਪਟਿਆਲਾ, 15 ਜੂਨ (ਚ.ਨ.ਸ) : ਮਾਨਯੋਗ ਸੈਸ਼ਨਜ਼ ਜੱਜ ਸ੍ਰੀ ਅਵਤਾਰ ਸਿੰਘ, ਚੇਅਰਮੈਨ ਜ਼ਿਲ੍ਹਾ ਕਨੂੰਨੀ ਸੇਵਾਵਾਂ ਅਥਾਰਿਟੀ ਪਟਿਆਲਾ ਜੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਸੀ.ਜੇ.ਐਮ.-ਕਮ-ਸਕੱਤਰ, ਜ਼ਿਲ੍ਹਾ ਕਨੂੰਨੀ ਸੇਵਾਵਾਂ ਅਥਾਰਿਟੀ ਪਟਿਆਲਾ ਜੀ ਦੀ ਯੋਗ ਸਰਪ੍ਰਸਤੀ ਹੇਠ 'ਵਿਸ਼ਵ ਐਲਡਰ ਦਿਵਸ' ਬੜੀ ਸਰਗਰਮੀ ਨਾਲ ਮਨਾਇਆ ਗਿਆ।ਇਸ ਵਿਸ਼ੇਸ਼ ਮੁਹਿੰਮ ਤਹਿਤ ਪਟਿਆਲਾ ਸ਼ਹਿਰ,ਪਿੰਡ ਰੋਂਗਲਾ ਅਤੇ ਚੌਰਾ ਵਿਖੇ ਸਥਿਤ ਵੱਖ-ਵੱਖ ਬਿਰਧ ਆਸ਼ਰਮਾਂ ਵਿੱਚ ਜਾਗਰੂਕਤਾ ਅਤੇ ਸੇਵਾ ਸਮਾਗਮ ਉਲੀਕੇ ਗਏ। ਇਸ ਪੂਰੇ ਪ੍ਰੋਗਰਾਮ ਦੌਰਾਨ ਜ਼ਿਲ੍ਹਾ ਕਨੂੰਨੀ ਸੇਵਾਵਾਂ ਅਥਾਰਿਟੀ ਦੇ ਪੈਰਾ ਲੀਗਲ ਵਲੰਟੀਅਰਜ਼ ਗੁਰਕੀਰਤ ਸਿੰਘ ਐਵਾਰਡੀ,ਪਰਮਜੀਤ ਸਿੰਘ ਸਟੇਟ ਐਵਾਰਡੀ, ਭਜਨ ਪ੍ਰਕਾਸ਼,ਕੁਲਵੰਤ ਧੀਮਾਨ ਅਤੇ ਸਿਮਰਨ ਧੀਮਾਨ ਵੱਲੋਂ ਬਤੌਰ ਮੁੱਖ ਪ੍ਰਬੰਧਕ ਬਹੁਤ ਹੀ ਜ਼ਿੰਮੇਵਾਰੀ ਨਾਲ ਆਪਣੀ ਡਿਊਟੀ ਨਿਭਾਈ ਗਈ। ਬਜ਼ੁਰਗਾਂ ਨੂੰ ਦੱਸਿਆ ਗਿਆ ਕਿ ਕਾਨੂੰਨ ਮੁਤਾਬਕ ਉਹ ਸਨਮਾਨ ਭਰੀ ਜ਼ਿੰਦਗੀ ਜਿਉਣ ਦੇ ਪੂਰੇ ਹੱਕਦਾਰ ਹਨ ਅਤੇ ਕਿਸੇ ਵੀ ਮੁਸ਼ਕਿਲ ਵੇਲੇ ਜਿਲ੍ਹਾ ਕਨੂੰਨੀ ਸੇਵਾਵਾਂ ਅਥਾਰਿਟੀ ਤੋਂ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਾਪਤ ਕਰ ਸਕਦੇ ਹਨ।ਉਹਨਾਂ ਕਿਹਾ ਕਿ ਕਿ ਮਾਨਯੋਗ ਸੈਸ਼ਨ ਜੱਜ ਸ੍ਰੀ ਅਵਤਾਰ ਸਿੰਘ ਦੀ ਅਗਵਾਈ ਹੇਠ ਸਾਡਾ ਮੁੱਖ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਸਮਾਜ ਦੇ ਇਸ ਅਨਮੋਲ ਸਰਮਾਏ (ਬਜ਼ੁਰਗਾਂ) ਨੂੰ ਕਿਸੇ ਵੀ ਕਾਨੂੰਨੀ ਜਾਂ ਸਮਾਜਿਕ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਬਜ਼ੁਰਗਾਂ ਨੇ ਆਪਣੀ ਜ਼ਿੰਦਗੀ ਦੇ ਤਜ਼ਰਬੇ ਸਾਂਝੇ ਕੀਤੇ ਪੀਐਲਵੀਜ਼ ਪਰਮਜੀਤ ਸਿੰਘ, ਗੁਰਕੀਰਤ ਸਿੰਘ, ਭਜਨ ਪ੍ਰਕਾਸ਼ ਅਤੇ ਸਿਮਰਨ ਧੀਮਾਨ ਨੇ ਵਿਸ਼ਵਾਸ ਦਿਵਾਇਆ ਕਿ ਅਥਾਰਿਟੀ ਹਮੇਸ਼ਾ ਉਨ੍ਹਾਂ ਦੀ ਸੇਵਾ ਅਤੇ ਸੁਰੱਖਿਆ ਲਈ ਤਿਆਰ ਹੈ।